ਸ਼ੁੱਕਰਵਾਰ, 16 ਮਈ, 2025
3 ਜੇਠ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 345

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • FRIDAY, 16 MAY, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 14

ਯੁੱਧ ਨਸ਼ਿਆਂ ਵਿਰੁੱਧ

## ਨਸ਼ਾ ਮੁਕਤੀ

## — ਯਾਤਰਾ —

### ਹੁਣ ਹਰ ਪਿੰਡ, ਹਰ ਸ਼ਹਿਰ ਹੋਵੇਗਾ ਨਸ਼ਾ ਮੁਕਤ

"ਪਿਛਲੀਆਂ ਸਰਕਾਰਾਂ ਨੇ ਨਸ਼ਾ ਤਸਕਰਾਂ ਨਾਲ ਮਿਲ ਕੇ ਪੰਜਾਬ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਪਰ ਹੁਣ ਤੁਹਾਡੀ ਆਪਣੀ ਸਰਕਾਰ ਨੇ ਨਸ਼ਿਆਂ ਵਿਰੁੱਧ ਯੁੱਧ ਛੇੜ ਦਿੱਤਾ ਹੈ। ਅਸੀਂ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਕੇ ਹੀ ਦਮ ਲਵਾਂਗੇ। ਤੁਸੀਂ ਵੀ ਆਪਣੇ ਪਿੰਡ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਸ਼ਾਮਲ ਹੋ ਕੇ ਆਪਣਾ ਫਰਜ਼ ਜ਼ਰੂਰ ਨਿਭਾਓ ਅਤੇ ਨਸ਼ਾ ਮੁਕਤ ਪੰਜਾਬ ਬਣਾਓ।"

**ਸ. ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ



ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

## ਜ਼ਿੰਦਗੀ ਦੀ ਲੜਾਈ ਲੜਦਾ ਗਗਨਦੀਪ ਮੌਤ ਅੱਗੇ ਹਾਰਿਆ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿਛਲੇ ਦਿਨੀਂ ਅੱਗ ਲੱਗਣ ਦੀਆਂ ਹੋਈਆਂ ਘਟਨਾਵਾਂ ਦਾ ਸ਼ਿਕਾਰ ਹੋਇਆ ਮੁਲਾਜ਼ਮ ਗਗਨਦੀਪ ਸਿੰਘ, ਜੋ ਅੱਗ ਬੁਝਾਉਣ ਲਈ ਗਿਆ, ਜਦ ਉਹ ਅੱਗ ਬੁਝਾ ਰਿਹਾ ਸੀ ਤਾਂ ਅਚਾਨਕ ਹਵਾ ਦਾ ਰੁੱਖ ਬਦਲ ਗਿਆ, ਜਿਸ ਕਾਰਨ ਤੇਜ਼ ਅੱਗ ਉਸ ਨੂੰ ਪੈ ਗਈ, ਜਿਸ ਕਾਰਨ ਗਗਨਦੀਪ ਦਾ ਸਰੀਰ ਬੁਰੀ ਤਰ੍ਹਾਂ ਅੱਗ ਵਿੱਚ ਝੁਲਸਿਆ ਗਿਆ ਸੀ, ਜਿਸਨੂੰ ਹਸਪਤਾਲ ਭਰਤੀ ਕਰਾਇਆ ਗਿਆ ਸੀ ਜਿਸ ਕਰਕੇ ਗਗਨਦੀਪ ਸਿੰਘ ਲੁਧਿਆਣਾ ਦੇ ਕਿਸੇ ਨਿੱਜੀ ਹਸਪਤਾਲ ਵਿੱਚ ਜ਼ਿੰਦਗੀ ਦੀ ਜੰਗ ਅੱਜ ਹਾਰ ਗਿਆ। ਇਹ ਫਾਇਰ ਬ੍ਰਿਗੇਡ 'ਤੇ ਮੁਲਾਜ਼ਮ ਵਜੋਂ ਤਾਇਨਾਤ ਸੀ।ਪਿਛਲੇ ਦਿਨੀਂ ਮੋਗਾ ਜ਼ਿਲ੍ਹੇ ਦੇ ਪਿੰਡ ਮੋਹਨਾ ਸਿੰਘ ਵਾਲੇ ਨੇੜੇ ਹੁਣ ਮੋਗਾ ਨਗਰ ਨਿਗਮ ਦਾ ਵਾਰਡ ਨੰਬਰ 18 ਵਜੋਂ ਜਾਣਿਆ ਜਾਂਦਾ ਹੈ।ਪਿੰਡ ਮੋਹਨਾ ਸਿੰਘ ਵਾਲੇ ਕਿਸੇ ਜ਼ਿਮੀਦਾਰ ਦੇ ਖੇਤਾਂ ਵਿੱਚ ਕਣਕ ਦੇ ਨਾੜ ਨੂੰ ਅੱਗ ਲਗ ਗਈ ਸੀ।ਗਗਨਦੀਪ ਆਪਣੀ ਡਿਊਟੀ ਸਮਝਦਾ ਹੋਇਆ, ਸਰਕਾਰੀ ਪਾਈ ਵਰਦੀ ਦੀ ਇੱਜ਼ਤ ਰੱਖਦਾ ਹੋਇਆ।ਫਾਇਰ ਬ੍ਰਿਗੇਡ ਨਾਲ ਖੇਤਾਂ ਵਿੱਚ ਲੱਗੀ ਅੱਗ ਬੁਝਾਉਣ ਲਈ ਅੱਗੇ ਵਧਿਆ ਤਾਂ ਪਤਾ ਲੱਗਾ ਇੱਕ ਦਮ ਹਵਾ ਦਾ ਰੁਖ ਬਦਲ ਗਿਆ ਅਤੇ ਇਹ ਵੀਰ ਅੱਗ ਦੀ ਲਪਟ ਵਿੱਚ ਆ ਗਿਆ। ਕੁੱਝ ਦਿਨ ਲੁਧਿਆਣਾ ਦੇ ਹਸਪਤਾਲ 'ਚ ਚੱਲਦੇ ਇਲਾਜ ਦੌਰਾਨ ਮੌਤ ਹੋ ਗਈ।ਨਗਰ ਨਿਗਮ ਮੋਗਾ ਦੇ ਮੇਅਰ ਬਲਜੀਤ ਸਿੰਘ ਚਾਨੀ ਨੇ ਸੰਵਾਦਾਤਾ ਵੀਰਾਂ ਤਾਂ ਆਰਥਿਕ ਮੱਦਦ ਮੰਗਾ ਕੇ ਇਲਾਜ ਕਰਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਅਸਫ਼ਲ ਰਹੀ।ਪਤਾ ਲੱਗਾ ਕਿ ਇਹ ਵੀਰ ਸਧਾਰਨ ਪਰਵਾਰ ਵਿੱਚੋਂ ਸੀ।ਇਹ ਵੀਰ 11 ਕੁ ਹਜ਼ਾਰ ਰੁਪਏ ਦੀ ਨੌਕਰੀ ਕਰਦਾ ਸੀ ਅਤੇ ਕਰੀਬ ਦੋ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ।

# ਸੀ ਪੀ ਆਈ ਦੀ 25ਵੀਂ ਕੌਮੀ ਕਾਨਫਰੰਸ ਦੀ ਸਫ਼ਲਤਾ ਲਈ ਰਣਧੀਰ ਗਿੱਲ ਦੇ ਪਰਵਾਰ ਵੱਲੋਂ ਇੱਕ ਲੱਖ ਦੀ ਸਹਾਇਤਾ



**ਮੋਗਾ** : ਭਾਰਤੀ ਕਮਿਊਨਿਸਟ ਪਾਰਟੀ ਦੀ 25ਵੀਂ ਕੌਮੀ ਕਾਨਫਰੰਸ ਇਸ ਵਾਰ ਚੰਡੀਗੜ੍ਹ ਵਿੱਚ ਹੋ ਰਹੀ ਹੈ।ਕਾਨਫਰੰਸ ਦੀ ਸਫਲਤਾ ਲਈ ਫੰਡ ਉਗਰਾਹੀ ਮੁਹਿੰਮ ਅਤੇ ਹੋਰ ਤਿਆਰੀਆਂ ਸਾਰੇ ਪੰਜਾਬ ਵਿੱਚ ਜੋਸ਼-ਖਰੋਸ਼ ਨਾਲ ਚੱਲ ਰਹੀਆਂ ਹਨ। ਇਸੇ ਮੁਹਿੰਮ ਤਹਿਤ ਵੀਰਵਾਰ ਮਰਹੂਮ ਕਮਿਊਨਿਸਟ ਆਗੂ ਕਾਮਰੇਡ ਰਣਧੀਰ ਗਿੱਲ ਦੇ 90ਵੇਂ ਜਨਮ ਦਿਨ ਮੌਕੇ ਉਹਨਾਂ ਦੀ ਪਤਨੀ ਹਰਪਾਲ ਕੌਰ ਦੀ ਅਗਵਾਈ ਵਿੱਚ ਡਾਕਟਰ ਇੰਦਰ ਵੀਰ ਗਿੱਲ ਤੇ ਡਾਕਟਰ ਜਸਜੀਤ ਕੌਰ ਗਿੱਲ (ਡਾਕਟਰ ਜਸਜੀਤ ਦਾ ਸੰਬੰਧ ਉੱਘੇ ਕਿਸਾਨ ਆਗੂ ਕਾਮਰੇਡ ਨਾਜਰ ਸਿੰਘ ਤਾਰੇਵਾਲਾ ਦੇ ਪਰਵਾਰ ਨਾਲ ਹੈ) ਵੱਲੋਂ ਇੱਕ ਲੱਖ ਰੁਪਏ ਦਾ ਚੈੱਕ ਕਾਮਰੇਡ ਜਗਰੂਪ ਮੈਂਬਰ ਕੌਮੀ ਕੌਂਸਲ ਸੀ ਪੀ ਆਈ ਤੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਨੂੰ ਸੌਂਪਿਆ ਗਿਆ।ਯਾਦ ਰਹੇ ਬੀਬੀ ਹਰਪਾਲ ਕੌਰ ਉੱਘੇ ਆਜ਼ਾਦੀ ਘੁਲਾਟੀਏ ਬਾਬਾ ਉਜਾਗਰ ਸਿੰਘ ਬੁੱਧ ਸਿੰਘ ਵਾਲਾ ਦੀ ਬੇਟੀ ਤੇ ਸ਼ਹੀਦ ਕਾਮਰੇਡ ਗੁਰਦੇਵ ਸਿੰਘ ਬੁੱਧ ਸਿੰਘ ਵਾਲਾ ਦੀ ਛੋਟੇ ਭੈਣ ਜੀ ਹਨ। ਕਾਮਰੇਡ ਰਣਧੀਰ ਗਿੱਲ ਦੇ ਜਾਣਕਾਰ ਜਾਣਦੇ ਹਨ ਕਿ ਉਹਨਾ ਦਾ ਪਿੰਡ ਬਹੋਨਾ (ਮੋਗਾ) ਹੈ। ਬਹੋਨੇ ਪਿੰਡ ਦੇ ਭਾਈਕਿਆਂ ਵਜੋਂ ਜਾਣੇ ਜਾਂਦੇ ਇਸ ਟੱਬਰ ਦਾ ਕਮਿਊਨਿਸਟ ਲਹਿਰ ਅੰਦਰ ਉੱਘਾ ਯੋਗਦਾਨ ਰਿਹਾ ਹੈ। ਕਾਮਰੇਡ ਗਿੱਲ ਹੁਰਾਂ ਦੇ ਪਿਤਾ ਜੀ ਕਿਸਾਨ ਆਗੂ ਕਾਮਰੇਡ ਸ਼ੇਰ ਸਿੰਘ ਅਤੇ ਚਾਚਾ ਜੀ ਕਾਮਰੇਡ ਅਜਮੇਰ ਸਿੰਘ ਉੱਘੇ ਕਮਿਊਨਿਸਟ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਨੇੜਲੇ ਸਾਥੀਆਂ ਵਿੱਚੋਂ ਰਹੇ ਹਨ।ਕਾਮਰੇਡ ਗਿੱਲ ਦੇ ਚਚੇਰੇ ਭਰਾ ਕਾਮਰੇਡ ਕਰਮਜੀਤ ਸਿੰਘ ਬਹੋਨਾ ਵਿਦੇਸ਼ ਜਾਣ ਤੋਂ ਪਹਿਲਾਂ ਮੋਗਾ-1 ਬਲਾਕ ਦੇ ਸਕੱਤਰ ਵਜੋਂ ਜ਼ਿੰਮੇਵਾਰੀ ਨਿਭਾਉਂਦੇ ਰਹੇ ਹਨ।ਇੱਕ ਹੋਰ ਭਰਾ ਮਰਹੂਮ ਅਰਜਨ ਸਿੰਘ ਪੀ ਆਰ ਟੀ ਸੀ ਵਰਕਰਜ਼ ਯੂਨੀਅਨ (ਏਟਕ) ਵਿੱਚ ਆਗੂ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਇੱਕ ਭਰਾ ਕਾਮਰੇਡ ਵੀਰ ਸਿੰਘ ਪਾਰਟੀ ਦੇ ਇਲਾਕਾ ਕਮੇਟੀ ਮੈਂਬਰ ਹਨ।ਕਾਮਰੇਡ ਗੁਰਮੇਲ ਬਹੋਨਾ ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਰਹੇ। ਜਿੱਥੇ ਪਰਵਾਰ ਦਾ ਕਿਸਾਨ, ਮਜ਼ਦੂਰ, ਮੁਲਾਜ਼ਮ ਘੋਲਾਂ ਲਈ ਪੀੜ੍ਹੀ-ਦਰ-ਪੀੜ੍ਹੀ ਅਗਵਾਨੂੰ ਰੋਲ ਰਿਹਾ ਹੈ, ਉੱਥੇ ਪਰਵਾਰ ਵੱਲੋਂ ਪਾਰਟੀ ਦੀ ਹਰ ਮੁਹਿੰਮ ਲਈ ਸਮੇਂ-ਸਮੇਂ 'ਤੇ ਆਰਥਕ ਪੱਖੋਂ ਵੀ ਭਰਵਾਂ ਸਹਿਯੋਗ ਦਿੱਤਾ ਜਾਂਦਾ ਰਿਹਾ ਹੈ।

ਵਰਨਣਯੋਗ ਹੈ ਕਿ ਕਾਮਰੇਡ ਗਿੱਲ ਦਾ ਛੋਟਾ ਪੁੱਤਰ ਵਿੱਕੀ ਗਿੱਲ ਵੀ ਹਮੇਸ਼ਾ ਪਾਰਟੀ ਦੀ ਹਰ ਗਤੀਵਿਧੀ ਨਾਲ ਵਿਦੇਸ਼ ਰਹਿੰਦਾ ਹੋਇਆ ਵੀ ਜੁੜਿਆ ਰਹਿੰਦਾ ਹੈ। ਭਾਈਕਾ ਪਰਵਾਰ ਨੇ ਇਸ ਇੱਕ ਲੱਖ ਰੁਪਏ ਤੋਂ ਇਲਾਵਾ ਵੀ ਪਾਰਟੀ ਕਾਂਗਰਸ ਦੇ ਮਹਾਨ ਕਾਰਜ ਲਈ ਹੋਰ ਵੀ ਵੱਧ ਤੋਂ ਵੱਧ ਫੰਡ ਦੇਣ ਦਾ ਕਾਮਰੇਡ ਜਗਰੂਪ ਸਿੰਘ ਨਾਲ ਵਾਅਦਾ ਕੀਤਾ ਹੈ।

## ਕਾਂਗਰਸ ਵੱਲੋਂ ਪਿੰਡ ਪੱਧਰ 'ਤੇ 21 ਮੈਂਬਰੀ ਕਮੇਟੀਆਂ ਦਾ ਗਠਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਗਾਮੀ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਥਿਤੀ ਮਜ਼ਬੂਤ ਬਣਾਉਣ ਲਈ ਕਾਂਗਰਸ ਵੱਲੋਂ ਪਿੰਡ ਪਿੰਡ ਨਵੀਆਂ ਇਕਾਈਆਂ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ।ਕਾਂਗਰਸ ਦੇ ਬਲਾਕ ਪ੍ਰਧਾਨ ਪ੍ਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਦੀ ਅਗਵਾਈ ਹੇਠ ਪਿੰਡ ਚੁਹਾਣਕੇ ਕਲਾਂ, ਰਾਏਸਰ ਪੰਜਾਬ, ਰਾਏਸਰ ਪਟਿਆਲਾ ਆਦਿ ਪਿੰਡਾਂ 'ਚ ਮੀਟਿੰਗਾਂ ਕਰਕੇ ਵਰਕਰਾਂ ਨੂੰ ਲਾਮਬੰਦ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਬਰਨਾਲਾ ਦੇ ਕਾਂਗਰਸ ਪ੍ਰਧਾਨ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਤੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਿੰਡ ਪੱਧਰ 'ਤੇ ਨਵੀਆਂ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ।ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਤਿੰਨ ਸਾਲਾਂ 'ਚ ਇਹ ਸਰਕਾਰ ਪੰਜਾਬ ਨੂੰ ਬਰਬਾਦੀ ਦੇ ਕੰਢੇ ਲੈ ਆਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਪਿੰਡਾਂ ਦਾ ਵਿਕਾਸ, ਤਰੱਕੀ ਸਿਰਫ਼ ਕਾਂਗਰਸ ਦੇ ਰਾਜ ਭਾਗ ਦੌਰਾਨ ਹੀ ਹੋਇਆ ਹੈ। ਇਸ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਤੋਂ ਅੱਕੇ ਹੋਏ ਲੋਕ ਆਉਣ ਵਾਲੀਆਂ ਚੋਣਾਂ 'ਚ ਕਾਂਗਰਸ ਦੇ ਹੱਕ ਵਿੱਚ ਭੁਗਤਣਗੇ।ਬਲਾਕ ਪ੍ਰਧਾਨ ਪ੍ਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਨੇ ਕਿਹਾ ਕਿ ਪਿੰਡ ਪੱਧਰ 'ਤੇ 21 ਮੈਂਬਰੀ ਕਮੇਟੀਆਂ ਗਠਨ ਕਰਕੇ ਮਿਹਨਤੀ ਵਰਕਰਾਂ ਨੂੰ ਮਾਣ ਸਤਿਕਾਰ ਦਿੱਤਾ ਜਾਵੇਗਾ।

## ਜੋ ਖੁਦ ਨਸ਼ਿਆਂ ਦਾ ਆਦੀ ਹੋਵੇ, ਉਸ ਤੋਂ ਨਸ਼ਾ ਖਤਮ ਕਰਨ ਦੀ ਉਮੀਦ ਕਰਨਾ ਬੇਕਾਰ : ਰਜਨੀਸ਼ ਧੀਮਾਨ



**ਲੁਧਿਆਣਾ (ਜਸਵੀਰ ਵਰਤੀਆ)**-ਭਾਜਪਾ ਲੁਧਿਆਣਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਸਬ-ਡਵੀਜ਼ਨ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 16 ਨਿਰਦੋਸ਼ ਲੋਕਾਂ ਦੀ ਮੌਤ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੀ ਦਿੱਲੀ ਲੀਡਰਸ਼ਿਪ ਨੂੰ ਜ਼ਿੰਮੇਵਾਰ ਠਹਿਰਾਇਆ। ਰਜਨੀਸ਼ ਧੀਮਾਨ ਨੇ ਕੀ ਮੁੱਖ ਮੰਤਰੀ ਭਗਵੰਤ ਮਾਨ ਦੇ ਮਈ 2025 ਤੱਕ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦੇ ਦਾਅਵੇ ਨੂੰ ਰੱਦ ਕਰਦੇ ਹੋਏ ਕਿਹਾ ਕਿ ਇੱਕ ਅਜਿਹੇ ਵਿਅਕਤੀ ਤੋਂ ਨਸ਼ਾ ਖਤਮ ਹੋਣ ਦੀ ਉਮੀਦ ਕਰਨਾ ਵਿਅਰਥ ਹੈ, ਜੋ ਖੁਦ ਨਸ਼ੇ ਦਾ ਆਦੀ ਹੋਵੇ।ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਦੋਸ਼ ਲਗਾਇਆ ਕਿ 'ਆਪ' ਦੀ ਦਿੱਲੀ ਲੀਡਰਸ਼ਿਪ ਨੇ ਪੰਜਾਬ ਨੂੰ ਆਪਣੇ ਸ਼ਰਾਬ ਘੁਟਾਲੇ ਦੇ ਮਾਡਲ ਦਾ ਨਵਾਂ ਸ਼ਿਕਾਰ ਬਣਾਇਆ ਹੈ।ਉਨ੍ਹਾਂ ਕਿਹਾ ਕਿ ਦਿੱਲੀ ਨੂੰ ਸ਼ਰਾਬ ਘੁਟਾਲੇ ਵਿੱਚ ਡੁਬਾਉਣ ਤੋਂ ਬਾਅਦ, ਹੁਣ ਉਹੀ ਪ੍ਰਯੋਗ ਪੰਜਾਬ ਵਿੱਚ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਿਸ ਵਿਭਾਗ ਦੇ ਅਧੀਨ ਕਰੋੜਾਂ ਦੀ ਨਕਲੀ ਸ਼ਰਾਬ ਬਣਾਈ ਜਾ ਰਹੀ ਹੈ ਤੇ ਆਮ ਲੋਕ ਮਰ ਰਹੇ ਹਨ।ਉਸ ਵਿਭਾਗ ਦੇ ਮੰਤਰੀ ਅਸਤੀਫਾ ਕਿਉਂ ਨਹੀਂ ਦਿੰਦੇ ?

## ਹੋਣਹਾਰ ਵਿਦਿਆਰਥੀਆਂ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਵਿਖੇ ਦਸਵੀਂ ਸ਼੍ਰੇਣੀ ਦੇ ਸੀ ਬੀ ਐਸ ਈ ਬੋਰਡ ਵੱਲੋ ਐਲਾਨੇ ਨਤੀਜੇ 'ਚੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਡਾਕਟਰ ਹਿਮਾਂਸ਼ੂ ਦੱਤ ਨੇ ਹੋਣਹਾਰ ਵਿਦਿਆਰਥੀਆਂ ਤੇ ਉਨ੍ਹਾਂ ਮਾਤਾ-ਪਿਤਾ ਦਾ ਮੂੰਹ ਮਿੱਠਾ ਕਰਾਉਂਦੇ ਹੋਏ ਵਧਾਈ ਦਿੰਦਿਆਂ ਸੁਨਾਹਿਰੇ ਭਵਿੱਖ ਦੀ ਕਾਮਨਾ ਕੀਤੀ। ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕਰਕੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਪ੍ਰਿੰਸੀਪਲ ਵੱਲੋਂ ਪਹੁੰਚੇ ਹੋਏ ਮਾਪਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਕਿੰਡਰ ਗਾਰਟਨ ਸਕੂਲ ਦਾ ਨਤੀਜਾ ਸ਼ਾਨਦਾਰ




**ਸਮਰਾਲਾ (ਸੁਰਜੀਤ ਸਿੰਘ)**-ਹਰ ਸਾਲ ਦੀ ਤਰ੍ਹਾਂ ਕਿੰਡਰ ਗਾਰਟਨ ਐਂਡ ਸੀ.ਸੈ. ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ।ਮੌਜੂਦਾ ਸੈਸ਼ਨ ਲਈ 60 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ।ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਦੱਸਿਆ ਕਿ ਸਾਰੇ ਹੀ ਵਿਦਿਆਰਥੀ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ।ਉਨ੍ਹਾਂ ਦੱਸਿਆ ਕਿ ਕਾਮਰਸ ਗਰੁੱਪ ਵਿੱਚੋਂ ਨਵਦੀਪ ਕੌਰ ਨੇ 500 ਵਿਚੋਂ 474(94.8%) ਅੰਕ ਲੈ ਪਹਿਲਾ ਸਥਾਨ ਹਾਸਲ ਕੀਤਾ, ਹਰਲੀਨ ਕੌਰ ਨੇ 456 ਅੰਕ (91.2%) ਲੈ ਕੇ ਦੂਜਾ ਸਥਾਨ, ਪਵਨਦੀਪ ਕੌਰ ਨੇ 450 ਅੰਕ (90%) ਲੈ ਕੇ ਜਮਾਤ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ, ਅਮ੍ਰਿਤਦੀਪ ਕੌਰ ਨੇ 447 ਅੰਕ (89%) ਲੈ ਕੇ ਜਮਾਤ ਵਿੱਚੋਂ ਚੌਥਾ ਸਥਾਨ ਹਾਸਲ ਕੀਤਾ। ਆਰਟਸ ਗਰੁੱਪ ਵਿੱਚੋਂ ਕੋਮਲਪ੍ਰੀਤ ਕੌਰ ਨੇ 500 ਵਿਚੋਂ 476(95.2%) ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ, ਸ਼ਰਨਦੀਪ ਨੇ 450 ਅੰਕ(90%) ਲੈ ਕੇ ਦੂਜਾ ਸਥਾਨ ਹਾਸਿਲ ਕੀਤਾ, ਮਨਜਿੰਦਰ ਸਿੰਘ ਨੇ 447 ਅੰਕ(89.4%) ਲੈ ਕੇ ਜਮਾਤ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ, ਸਿਮਰਨਜੋਤ ਸਿੰਘ ਨੇ 446 ਅੰਕ(89.2%) ਲੈ ਕੇ ਜਮਾਤ ਵਿੱਚੋਂ ਚੌਥਾ ਸਥਾਨ ਹਾਸਲ ਕੀਤਾ।5 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 20 ਵਿਦਿਆਰਥੀਆਂ ਨੇ 80% ਅੰਕ ਪ੍ਰਾਪਤ ਕੀਤੇ।

## ਨਮਨ ਗਰਗ ਟੌਪਰ ਲਿਸਟ 'ਚ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਦੁਆਰਾ ਦਸਵੀਂ ਕਲਾਸ ਦੇ ਨਤੀਜੇ ਐਲਾਨੇ ਗਏ ਸੀ।ਮੰਡੀ ਦੇ ਨਮਨ ਗਰਗ ਸਪੁੱਤਰ ਸ੍ਰੀ ਮਨੀਸ਼ ਗਰਗ ਮਜੂਕੇ ਵਾਲੇ ਨੇ 99.6 ਅੰਕ ਲੈ ਕੇ ਟੌਪਰ ਲਿਸਟ ਵਿੱਚ ਨਾਂਅ ਦਰਜ ਕਰਾਇਆ ਹੈ।ਨਮਨ ਗਰਗ ਨੇ ਦੱਸਿਆ ਹੈ ਕਿ ਉਹ ਪੰਜਾਬ ਸਟੇਟ ਵਿੱਚ ਪਹਿਲੇ ਨੰਬਰ 'ਤੇ ਰਿਹਾ ਹੈ ਅਤੇ ਪੂਰੇ ਦੇਸ਼ ਵਿੱਚ ਤੀਜੇ ਨੰਬਰ 'ਤੇ ਰਿਹਾ ਹੈ।ਇਸ ਸਭ ਲਈ ਮੇਰੇ ਮਾਪੇ ਹੱਕਦਾਰ ਹਨ।ਮੁਨੀਸ਼ ਗਰਗ ਨੇ ਪ੍ਰਿੰਸੀਪਲ ਤੇ ਸਟਾਫ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੱਤੀ ਹੈ।ਹੈਪੀ ਬਾਂਸਲ ਨੇ ਦੱਸਿਆ ਕਿ ਇਹ ਉਨ੍ਹਾਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਨਮਨ ਗਰਗ ਨੇ ਮਜੂਕੇ ਪਰਵਾਰ ਦਾ ਹੀ ਨਹੀਂ, ਸਗੋਂ ਪੂਰੀ ਮੰਡੀ ਦਾ ਮਾਣ ਵਧਾਇਆ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਸ੍ਰੀ ਬਾਲਾ ਜੀ ਮੰਦਰ, ਨਿਹਾਲ ਸਿੰਘ ਵਾਲਾ ਵੱਲੋਂ ਨਮਨ ਗਰਗ ਨੂੰ ਸਨਮਾਨਤ ਕੀਤਾ ਜਾਵੇਗਾ ਅਤੇ ਉਸਦੀ ਹੌਸਲਾ ਅਫ਼ਜ਼ਾਈ ਕੀਤੀ ਜਾਵੇਗੀ।

## ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਕੀਤੀ ਕਮਾਲ




**ਦਿੜ੍ਹਬਾ (ਜਸਵੀਰ ਲਾਡੀ)**-ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੇ ਵਿਦਿਆਰਥੀਆਂ ਨੇ ਸੀ.ਬੀ.ਐਸ.ਈ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਉੱਤਮਤਾ ਸਾਬਤ ਕੀਤੀ ਹੈ।ਬਾਰ੍ਹਵੀਂ ਦੇ ਨਤੀਜਿਆਂ ਵਿੱਚ ਕੁਲਦੀਪ ਸਿੰਘ ਨੇ 95.4 %, ਮਹਿਕਪ੍ਰੀਤ ਕੌਰ ਨੇ 93.2%, ਨਵਜੋਤ ਕੌਰ ਨੇ 92%, ਰਵੀ ਸਿੰਘ ਨੇ 91%, ਹਰਮਨਪ੍ਰੀਤ ਕੌਰ ਨੇ 89%, ਸੁਮਨਦੀਪ ਕੌਰ ਨੇ 88.2%, ਗਗਨਦੀਪ ਸਿੰਘ ਨੇ 87.2%, ਜਸਪ੍ਰੀਤ ਕੌਰ ਨੇ 87% ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ ਦਸਵੀਂ ਦੇ ਨਤੀਜਿਆਂ ਵਿੱਚ ਜਸ਼ਨਦੀਪ ਕੌਰ ਨੇ 94.2% , ਪਰਨੀਤ ਕੌਰ ਨੇ 93%, ਕਾਮਨਾ ਜੋਸ਼ੀ ਨੇ 92%, ਹੁਸਨਦੀਪ ਕੌਰ ਨੇ 91%, ਕਮਲਪ੍ਰੀਤ ਕੌਰ ਨੇ 90.4%, ਸਮਨਦੀਪ ਕੌਰ ਨੇ 90.4%, ਮਾਂਸ਼ੂ ਬਾਂਸਲ ਨੇ 90.2% ਸ਼ਿਮੋਨ ਮਿਸ਼ਰਾ ਨੇ 90.2, ਖੁਸ਼ਨੂਰ ਕੌਰ ਨੇ 90%, ਬਵਨਜੋਤ ਸਿੰਘ ਨੇ 90%, ਦੀਕਸ਼ਾ ਸ਼ਰਮਾ ਨੇ 89.2%, ਸਿਮਰਨ ਨੇ 88.2% ਤੇ ਜਸ਼ਨਪ੍ਰੀਤ ਕੌਰ ਨੇ 88.2% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਦੇ ਚੇਅਰਮੈਨ ਮਨਦੀਪ ਚੱਠਾ, ਡਾਇਰੈਕਟਰ ਅਮ੍ਰਿਤਪਾਲ ਸਿੰਘ ਨੇ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਕਾਰਗੁਜ਼ਾਰੀ ਲਈ ਵਧਾਈ ਦਿੱਤੀ।ਸਕੂਲ ਦੀ ਪ੍ਰਿੰਸੀਪਲ ਮੈਡਮ ਮਮਤਾ ਅਨੰਦ ਨੇ ਸਾਰੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਅਧਿਆਪਕਾਂ ਦੀ ਅਥੱਕ ਮਿਹਨਤ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।

## ਹੋਲੀ ਹਾਰਟ ਸਕੂਲ ਦੇ ਵਿਦਿਆਰਥੀ ਛਾਏ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਨੇ 10ਵੀਂ ਕਲਾਸ ਦੇ ਨਤੀਜਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂਅ ਰੌਸ਼ਨ ਕੀਤਾ।ਮੈਨੇਜਿੰਗ ਡਾਇਰੈਕਟਰ ਸ਼੍ਰੀ. ਸੁਸ਼ੀਲ ਗੋਇਲ ਦੀ ਅਗਵਾਈ ਹੇਠ ਸਕੂਲ ਨੇ ਸਿਰਫ਼ ਅਕਾਦਮਿਕ ਖੇਤਰ ਵਿੱਚ ਹੀ ਨਹੀਂ, ਸਗੋਂ ਚਰਿੱਤਰ ਨਿਰਮਾਣ ਤੇ ਵਿਅਕਤੀਗਤ ਵਿਕਾਸ ਵਿੱਚ ਵੀ ਵਿਦਿਆਰਥੀਆਂ ਨੂੰ ਮਜ਼ਬੂਤ ਬੁਨਿਆਦ ਦਿੱਤੀ।ਸਕੂਲ ਦੇ ਨਿਤਪ੍ਰੀਤ ਸਿੰਘ ਨੇ 95% ਅੰਕ ਲੈ ਕੇ ਸਕੂਲ 'ਚ ਪਹਿਲਾ ਸਥਾਨ ਹਾਸਲ ਕੀਤਾ।ਜਸਮਨਜੀਤ ਕੌਰ ਨੇ 93%, ਜਗਰੀਤ ਕੌਰ ਅਤੇ ਸੁਖਮਨਪ੍ਰੀਤ ਕੌਰ ਨੇ 92%, ਰਿਪਨਪਰੀਤ ਕੌਰ ਨੇ 91.4%, ਅਤੇ ਪ੍ਰਭਲੀਨ ਕੌਰ ਨੇ 90% ਅੰਕ ਹਾਸਲ ਕਰਕੇ ਆਪਣੇ ਅਭਿਆਸ ਤੇ ਸੰਘਰਸ਼ ਦੀ ਅਸਲ ਤਾਕਤ ਦਰਸਾਈ।ਇਹ ਨਤੀਜੇ ਨਾ ਸਿਰਫ਼ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹਨ, ਸਗੋਂ ਉਹਨਾਂ ਦੇ ਮਾਪਿਆਂ ਦੇ ਸਹਿਯੋਗ, ਅਧਿਆਪਕਾਂ ਦੀ ਲਗਨ ਅਤੇ ਸਕੂਲ ਦੇ ਸਰਗਰਮ ਅਤੇ ਸ਼ਿਸ਼ਤਬੱਧ ਸਿੱਖਣ ਵਾਲੇ ਵਾਤਾਵਰਨ ਦਾ ਪਰਿਣਾਮ ਹਨ।ਡਾਇਰੈਕਟਰ ਸ਼੍ਰੀ. ਰਾਕੇਸ਼ ਬਾਂਸਲ, ਵਾਈਸ ਪ੍ਰਿੰਸੀਪਲ ਸ੍ਰੀਮਤੀ ਪੂਜਾ ਸ਼ਰਮਾ ਤੇ ਕੋਆਰਡੀਨੇਟਰ ਮੈਡਮ ਪਰਦੀਪ ਕੌਰ ਗਰੇਵਾਲ ਨੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਇਹ ਨਤੀਜੇ ਹੋਰ ਬੱਚਿਆਂ ਲਈ ਪ੍ਰੇਰਣਾ ਬਣਨਗੇ।

## ਨਸ਼ੇੜੀਆਂ ਵੱਲੋਂ 108 ਐਂਬੂਲੈਂਸ 'ਤੇ ਹਮਲਾ

**ਬਠਿੰਡਾ (ਰਾਜੀਵ ਗੋਇਲ)**-ਇੱਕ ਪਾਸੇ ਸਰਕਾਰ 'ਨਸ਼ਿਆਂ ਵਿਰੁੱਧ ਯੁੱਧ' ਕੀਤੇ ਜਾਣ ਦੀਆਂ ਗੱਲਾਂ ਕਰ ਰਹੀ ਹੈ ਤੇ ਦੂਜੇ ਪਾਸੇ ਨਸ਼ੇੜੀਆਂ ਵੱਲੋਂ ਸਰਕਾਰ ਦੀ 108 ਨੰਬਰ ਐਬੂਲੈਂਸ ਨੂੰ ਨਿਸ਼ਾਨਾ ਬਣਾ ਲਿਆ ਗਿਆ। ਸੀਨੀਅਰ ਮੈਡੀਕਲ ਅਫਸਰ ਭਗਤਾ ਦੇ ਦੱਸਣ ਮੁਤਾਬਕ ਨੇੜਲੇ ਪਿੰਡ ਦਿਆਲਪੁਰਾ ਮਿਰਜ਼ਾ ਦੇ ਦੋ ਨਸ਼ੇੜੀ ਆਪਸ ਵਿੱਚ ਲੜ ਪਏ ਸਨ, ਜਿਨ੍ਹਾਂ ਨੇ 108 ਨੰਬਰ ਐਂਬੂਲੈਂਸ ਨੂੰ ਹਸਪਤਾਲ 'ਚ ਮਰੀਜ਼ ਲੈ ਕੇ ਜਾਣ ਲਈ ਫੋਨ ਕੀਤਾ ਤਾਂ ਜਦੋਂ 108 ਨੰਬਰ ਐਬੂਲੈਂਸ ਮਰੀਜ ਲੈਣ ਪਹੁੰਚੀ ਤਾਂ ਉਹਨਾਂ ਨਸ਼ੇੜੀਆਂ ਨੇ ਐਬੂਲੈਂਸ ਨੂੰ ਹੀ ਨਿਸ਼ਾਨਾ ਬਣਾ ਲਿਆ। ਇਹ ਮਾਮਲਾ ਭਾਵੇਂ ਹੀ ਥਾਣਾ ਦਿਆਲਪੁਰਾ ਵਿਖੇ ਪਹੁੰਚ ਗਿਆ, ਪਰ ਪ੍ਰਸ਼ਾਸਨ ਵੱਲੋਂ ਸਿਰਫ ਗੋਗਲੂਆਂ ਤੋਂ ਮਿੱਟੀ ਝਾੜਨ ਦੀ ਬਜਾਏ ਕੁਝ ਨਹੀਂ ਕੀਤਾ ਗਿਆ ਤੇ ਇਹ ਕਹਿ ਦਿੱਤਾ ਗਿਆ ਕਿ ਸੰਬੰਧਤ ਨਸ਼ੇੜੀਆਂ ਵੱਲੋਂ ਮੁਆਫੀ ਮੰਗ ਲਈ ਗਈ ਹੈ, ਪਰ ਮਾਮਲਾ ਮੀਡਿਆ ਦੇ ਧਿਆਨ ਵਿੱਚ ਆਉਣ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਵੱਲੋਂ ਕਾਰਵਾਈ ਆਰੰਭ ਦਿੱਤੀ ਗਈ ਹੈ ਅਤੇ ਮੁਕੱਦਮਾ ਦਰਜ ਕੀਤੇ ਜਾਣ ਦੀ ਗੱਲ ਸੰਬੰਧਤ ਮੁੱਖ ਥਾਣਾ ਅਫਸਰ ਦਿਆਲਪੁਰਾ ਵੱਲੋਂ ਕਬੂਲੀ ਗਈ ਹੈ।




## ਜੀਵਨ ਪੱਧਰ 'ਚ ਬਦਲਾਅ ਸਿੱਖਿਆ ਕ੍ਰਾਂਤੀ ਦਾ ਟੀਚਾ : ਵਿਧਾਇਕ ਬੁੱਧ ਰਾਮ



**ਬੋਹਾ (ਨਿਰੰਜਣ ਬੋਹਾ)**-ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਸਰਕਾਰੀ ਸਕੂਲਾਂ ਦੇ ਵਿਚ 51.19 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਸਿੱਖਿਆਂ ਕ੍ਰਾਂਤੀ ਦਾ ਮੁੱਖ ਟੀਚਾ ਜੀਵਨ ਪੱਧਰ ਵਿੱਚ ਬਦਲਾਅ ਲੈ ਕੇ ਆਉਣਾ ਹੈ।ਉਨ੍ਹਾਂ ਕਿਹਾ ਕਿ ਪੜ੍ਹ-ਲਿਖ ਕੇ ਹੀ ਮਨੁੱਖ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕਦਾ ਹੈ।ਇਸ ਦੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਸਿੱਖਿਆ ਕਰਾਂਤੀ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਸਮੇਂ ਦਾ ਹਾਣੀ ਬਣਾਉਣ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਤੋਂ ਲੈ ਕੇ ਨਵੇਂ ਸਮਾਰਟ ਕਲਾਸ ਰੂਮ, ਲਾਇਬ੍ਰੇਰੀਆਂ ਤੇ ਸਾਇੰਸ ਲੈਬਜ਼ ਦਾ ਨਿਰਮਾਣ ਕੀਤਾ ਗਿਆ ਹੈ।ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਮੁਹੱਈਆ ਕਰਾਉਣ ਲਈ ਵਧੀਆ ਅਧਿਆਪਕ ਲਗਾਏ ਗਏ ਹਨ।ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲ ਕਿਸੇ ਵੀ ਪੱਖ ਤੋਂ ਘੱਟ ਨਹੀਂ ਹਨ।

ਮਾਪਿਆਂ ਦਾ ਸਰਕਾਰੀ ਸਕੂਲਾਂ ਵਿਚ ਵਿਸਵਾਸ਼ ਪੈਦਾ ਕਰਨ ਲਈ ਤੇ ਉਨ੍ਹਾਂ ਨਾਲ ਰਾਬਤਾ ਬਣਾਉਣ ਲਈ ਸਿੱਖਿਆ ਕ੍ਰਾਂਤੀ ਸਮਾਰੋਹ ਬਹੁਤ ਹੀ ਕਾਰਗਰ ਸਿੱਧ ਹੋ ਰਹੇ ਹਨ।ਵਿਧਾਇਕ ਨੇ ਕਿਹਾ ਕਿ ਸਿੱਖਿਆ ਰੋਜ਼ਗਾਰ, ਤਰੱਕੀ ਤੇ ਮਨੁੱਖੀ ਅਧਿਕਾਰਾਂ ਤੋਂ ਜਾਣੂ ਹੋਣ ਦਾ ਰਾਹ ਹੈ।ਵਿਧਾਇਕ ਨੇ ਸਰਕਾਰੀ ਪ੍ਰਾਇਮਰੀ ਸਕੂਲ ਗਾਦੜਪੱਤੀ ਬੋਹਾ ਵਿਖੇ 13.22 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਬਾਜ਼ੀਗਰ ਬਸਤੀ ਬੋਹਾ ਵਿਖੇ 16.65 ਲੱਖ ਤੇ ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ) ਬੋਹਾ ਵਿਖੇ 21.32 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

## 20 ਦੀ ਦੇਸ਼-ਵਿਆਪੀ ਆਮ ਹੜਤਾਲ ਮੁਲਤਵੀ

**ਲੁਧਿਆਣਾ, (ਐੱਮ ਐੱਸ ਭਾਟੀਆ)**-ਕੇਂਦਰੀ ਟਰੇਡ ਯੂਨੀਅਨਾਂ ਅਤੇ ਸੁਤੰਤਰ ਖੇਤਰੀ ਫੈਡਰੇਸ਼ਨਾਂ/ ਐਸੋਸੀਏਸ਼ਨਾਂ ਦੇ ਸਾਂਝੇ ਪਲੇਟਫਾਰਮ ਦੀ ਮੀਟਿੰਗ ਵੀਰਵਾਰ ਨਵੀਂ ਦਿੱਲੀ ਵਿੱਚ ਹੋਈ, ਜਿਸ ਵਿਚ 20 ਮਈ ਨੂੰ ਦੇਸ਼ ਵਿਆਪੀ ਆਮ ਹੜਤਾਲ ਦੀਆਂ ਤਿਆਰੀਆਂ ਦੀਆਂ ਗਤੀਵਿਧੀਆਂ ਦੀ ਸਮੀਖਿਆ ਕੀਤੀ ਗਈ। ਮੀਟਿੰਗ ਤੋਂ ਬਾਅਦ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਇਸ ਨੇ ਪਹਿਲਗਾਮ ਵਿੱਚ ਹੋਏ ਘਿਨਾਉਣੇ ਅੱਤਵਾਦੀ ਹਮਲੇ ਤੋਂ ਬਾਅਦ ਦੇਸ਼ ਵਿੱਚ ਵਾਪਰ ਰਹੀਆਂ ਰਾਜਨੀਤਕ ਗਤੀਵਿਧੀਆਂ ਅਤੇ ਭਾਰਤੀ ਹਥਿਆਰਬੰਦ ਸੈਨਾਵਾਂ ਦੀਆਂ ਕਾਰਵਾਈਆਂ ਵਿੱਚ ਪ੍ਰਤੀਕਿਰਿਆ ਦਾ ਵੀ ਨੋਟਿਸ ਲਿਆ।ਜਾਇੰਟ ਪਲੇਟਫਾਰਮ ਨੇ 9 ਮਈ ਨੂੰ ਆਪਣੇ ਪ੍ਰੈੱਸ ਬਿਆਨ ਵਿੱਚ ਪਹਿਲਗਾਮ ਵਿੱਚ ਨਿਰਦੋਸ਼ ਲੋਕਾਂ 'ਤੇ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਸੀ। ਇਸ ਨੇ ਸਰਕਾਰ ਨੂੰ ਇਹ ਵੀ ਅਪੀਲ ਕੀਤੀ ਸੀ ਕਿ ਅਜਿਹੇ ਨਾਜ਼ੁਕ ਸਮੇਂ 'ਤੇ ਦੇਸ਼ ਦੇ ਅੰਦਰ ਫੁੱਟ ਪਾਊ ਨਫ਼ਰਤ ਮੁਹਿੰਮ ਚਲਾਉਣ ਵਾਲਿਆਂ ਵਿਰੁੱਧ ਕਾਰਵਾਈ ਯਕੀਨੀ ਬਣਾਈ ਜਾਵੇ। ਅਸੀਂ ਜੰਮੂ-ਕਸ਼ਮੀਰ ਸਮੇਤ ਦੇਸ਼ ਭਰ ਦੇ ਮਿਹਨਤਕਸ਼ ਲੋਕਾਂ ਵੱਲੋਂ ਅੱਤਵਾਦ ਅਤੇ ਨਫ਼ਰਤੀ ਮੁਹਿੰਮ ਦੀ ਨਿੰਦਾ ਕਰਦੇ ਹੋਏ ਤੁਰੰਤ ਸਮੂਹਿਕ ਪ੍ਰਤੀਕਿਰਿਆ ਦੀ ਵੀ ਸ਼ਲਾਘਾ ਕੀਤੀ ਸੀ, ਜਿਸ ਵਿੱਚ ਅੱਤਵਾਦ ਵਿਰੁੱਧ ਸੰਪੂਰਨ ਲੜਾਈ ਵਿੱਚ ਆਪਣੀ ਏਕਤਾ ਦਾਅਵਾ ਕੀਤਾ ਗਿਆ ਸੀ।

ਦੇਸ਼ ਭਰ ਵਿੱਚ ਮੌਜੂਦਾ ਸਥਿਤੀ 'ਤੇ ਵਿਚਾਰ ਕਰਨ ਤੋਂ ਬਾਅਦ 20 ਮਈ ਵਾਲੀ ਹੜਤਾਲ ਹੁਣ 9 ਜੁਲਾਈ ਨੂੰ ਮੁੜ ਤਹਿ ਕਰਨ ਦਾ ਫੈਸਲਾ ਕੀਤਾ ਗਿਆ। ਇਹ ਫੈਸਲਾ ਕੀਤਾ ਗਿਆ ਕਿ 20 ਮਈ ਨੂੰ ਰਾਜ ਦੀ ਰਾਜਧਾਨੀ/ ਜ਼ਿਲ੍ਹਾ/ ਉਦਯੋਗ ਪੱਧਰ/ ਕਾਰਜ ਸਥਾਨ 'ਤੇ ਵਿਸ਼ਾਲ ਪ੍ਰਦਰਸ਼ਨ/ ਲਾਮਬੰਦੀ ਕੀਤੀ ਜਾਵੇ।

## ਆਰ.ਓ. ਸਿਸਟਮ ਲਾਉਣ ਲਈ ਦਿੱਤਾ ਸੈਂਕਸ਼ਨ ਲੈਟਰ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਸ੍ਰੀ ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਨੇ ਪਿੰਡ ਬਾਂਮ ਵਿਖੇ ਪੀਣ ਵਾਲੇ ਪਾਣੀ ਲਈ ਸਟੀਲ ਵਾਟਰ ਟੈਂਕ ਲਈ ਸੈਂਕਸ਼ਨ ਲੈਟਰ ਜਾਰੀ ਕੀਤਾ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਪਿੰਡ ਲਈ ਹੁਣ ਜਲਦੀ ਹੀ ਸਟੀਲ ਵਾਟਰ ਟੈਂਕ ਮੁਹੱਈਆ ਕਰਾਇਆ ਜਾਵੇਗਾ।ਇਸ ਤੋਂ ਇਲਾਵਾ ਪਿੰਡ ਬੱਲਮਗੜ੍ਹ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ 250 ਲੀਟਰ ਸਮਰੱਥਾ ਵਾਲਾ ਆਰ.ਓ. ਸਿਸਟਮ ਲਵਾਉਣ ਲਈ ਆਪਣੇ ਦਫ਼ਤਰ ਵਿੱਚ ਸੈਂਕਸ਼ਨ ਲੈਟਰ ਦਿੱਤਾ।ਉਨ੍ਹਾਂ ਕਿਹਾ ਕਿ ਇਸ ਨਾਲ ਸਕੂਲੀ ਬੱਚਿਆਂ ਤੇ ਸਟਾਫ਼ ਨੂੰ ਸਾਫ਼ ਪੀਣ ਵਾਲੇ ਪਾਣੀ ਸਬੰਧੀ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਭਰ ਦੇ ਪਿੰਡਾਂ ਵਿੱਚ ਉਹਨਾਂ ਵੱਲੋਂ ਲੋਕਾਂ ਦੀ ਸੇਵਾ ਲਈ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ।

## ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਟ ਨੇ ਨੈਸ਼ਨਲ ਟੈਕਨਾਲੋਜੀ ਡੇਅ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰੁੱਪ ਆਫ਼ ਇਸਟੀਚਿਊਸ਼ਨਜ਼ ਢੱਡੇ ਵੱਲੋਂ ਸੰਸਥਾ ਦੀ ਇਨੋਵੇਸ਼ਨ ਕੌਂਸਲ ਦੇ ਸਬੰਧ ਵਿੱਚ ਨੈਸ਼ਨਲ ਟੈਕਨਾਲੋਜੀ ਡੇਅ ਮਨਾਇਆ ਗਿਆ।ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਨੇ ਕਿਹਾ ਕਿ ਇਹ ਟੈਕਨਾਲੋਜੀ ਦੇ ਨਵੇ ਸਰੋਤਾਂ ਤੇ ਖੋਜਾਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਕਤ ਸੰਸਥਾਂ ਵਿੱਚ ਵਿਦਿਆਰਥਣਾਂ ਨੂੰ ਪੜ੍ਹਾਈ ਦੇ ਨਾਲ-ਨਾਲ ਟੈਕਨਾਲੋਜੀ ਨਾਲ ਜੁੜਨ ਲਈ ਪ੍ਰੇਰਿਆ ਜਾਂਦਾ ਹੈ, ਜਿਨ੍ਹਾਂ ਨਾਲ ਵਿਦਿਆਰਥਣਾਂ ਦਾ ਸਬਰਪੱਖੀ ਵਿਕਾਸ ਹੁੰਦਾ ਹੈ।ਸੰਸਥਾ ਦੇ ਐਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਕਿਹਾ ਕਿ ਟੈਕਨਾਲੋਜੀ ਦੇ ਇਸ ਯੁੱਗ ਵਿੱਚ ਏ.ਆਈ ਨੇ ਹਰ ਕੰਮ ਨੂੰ ਬਹੁਤ ਸੌਖਾ ਕਰ ਦਿੱਤਾ ਹੈ, ਇਸਦੀ ਸੁਚੱਜੀ ਵਰਤੋਂ ਨਾਲ ਵਿਦਿਆਰਥਣਾਂ ਆਪਣੇ ਗੁਝਲਦਾਰ ਸੁਆਲਾਂ ਦੇ ਜਵਾਬ ਵੀ ਅਸਾਨੀ ਨਾਲ ਦੇਖ ਸਕਦੀਆਂ ਹਨ।ਕੌਂਸਲ ਦੇ ਪ੍ਰੈਜੀਡੈਂਟ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਇਹ ਹਵਾਈ ਰੱਖਿਆ ਪ੍ਰਣਾਲੀ ਰੂਸ ਤੋਂ ਖਰੀਦੀ ਸੀ, ਜਿਸ ਦੀ ਬਦੌਲਤ ਅੱਜ ਪੰਜਾਬ ਦੇ ਵਾਸੀ ਸੁਰੱਖਿਅਤ ਮਹਿਸੂਸ ਕਰ ਰਹੇ ਹਨ।ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਅਤੇ ਕੌਂਸਲ ਦੇ ਵਾਈਸ-ਪ੍ਰੈਜੀਡੈਂਟ ਰਾਜ ਸਿੰਘ ਬਾਘਾ ਨੇ ਦੱਸਿਆ ਕਿ ਕੌਂਸਲ ਦੇ ਕਨਵੀਨਰ ਪ੍ਰੋ. ਰਣਜੀਤ ਕੌਰ ਦੀ ਦੇਖ-ਰੇਖ ਵਿੱਚ ਵਿਦਿਆਥਣਾਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਾਏ, ਜਿਸ ਵਿੱਚ ਕੰਪਿਊਟਰ ਵਿਭਾਗ ਦੀਆਂ ਵਿਦਿਆਰਥਣਾਂ ਦੁਆਰਾ ਟੈਕਨਾਲੋਜੀ ਨਾਲ ਜੁੜੀਆਂ ਤਸਵੀਰਾਂ ਤੇ ਪੋਸਟਰ ਬਣਾਏ ਗਏ।ਇਸ ਉਪਰਾਲੇ ਲਈ ਸੰਸਥਾ ਦੇ ਡਾਇਰੈਕਟਰ ਸਿੰਬਲਜੀਤ ਕੌਰ ਤੇ ਖ਼ਜ਼ਾਨਚੀ ਪ੍ਰਸ਼ੋਤਮ ਕੌਰ ਨੇ ਭਰਪੂਰ ਸਲਾਘਾ ਕੀਤੀ।

## ਡੀ ਵੀ ਐੱਮ ਸਕੂਲ ਦਾ ਨਤੀਜਾ ਸ਼ਾਨਦਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸੀ ਬੀ ਐੱਸ ਈ ਬੋਰਡ ਵੱਲੋਂ ਐਲਾਨੇ ਗਏ 10ਵੀਂ ਤੇ 12ਵੀਂ ਦੇ ਨਤੀਜੇ ਵਿੱਚ ਡੀ.ਵੀ.ਐੱਮ.ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਉਦੇਕਰਨ (ਸ੍ਰੀ ਮੁਕਤਸਰ ਸਾਹਿਬ) ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਪ੍ਰਿੰਸੀਪਲ ਡਾ. ਰਾਜ ਕੁਮਾਰੀ ਨੇ ਦੱਸਿਆ ਕਿ 12ਵੀਂ ਵਿੱਚੋਂ ਆਦਿਤਿਆ ਕੁਮਾਰ ਸੁੰਦਰਾਏ (ਸਪੁੱਤਰ ਅਸ਼ੋਕ ਕੁਮਾਰ ਸੁੰਦਰਾਏ) ਨੇ ਮੈਡੀਕਲ ਗਰੁੱਪ ਵਿੱਚੋਂ 89% ਅੰਕ ਨਾਲ ਪਹਿਲਾ ਸਥਾਨ, ਮੈਡੀਕਲ ਗਰੁੱਪ ਵਿੱਚੋਂ ਗੁਰਜੋਤਪ੍ਰੀਤ ਸਿੰਘ (ਸਪੁੱਤਰ ਗੁਰਵਿੰਦਰ ਸਿੰਘ) ਨੇ 80% ਅੰਕ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ।ਨਾਨ-ਮੈਡੀਕਲ ਗਰੁੱਪ ਵਿੱਚੋਂ ਬੀਰਜੋਤ ਕੌਰ (ਸਪੁੱਤਰੀ ਰਮਿੰਦਰਜੀਤ ਸਿੰਘ ਬੇਦੀ) ਨੇ 82% ਅੰਕ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ।ਕਾਮਰਸ ਗਰੁੱਪ ਵਿੱਚੋਂ ਅਨੁਰੀਤ ਕੌਰ (ਸਪੁੱਤਰੀ ਮਨਪ੍ਰੀਤ ਸਿੰਘ) ਨੇ 87.4% ਅੰਕ ਨਾਲ ਪਹਿਲਾ ਸਥਾਨ ਅਤੇ ਸ਼ਰਨਜੀਤ ਕੌਰ (ਸਪੁੱਤਰੀ ਗੁਰਮੀਤ ਸਿੰਘ) ਨੇ 84.4% ਅੰਕ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ।ਆਰਟਸ ਗਰੁੱਪ ਵਿੱਚੋਂ ਰਿਸ਼ਤਿਕਾ ਕੰਵਰ (ਸਪੁੱਤਰੀ ਸਮੇ ਸਿੰਘ ਰਾਜਪੂਤ) ਨੇ 85% ਅੰਕ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ 10ਵੀਂ ਦੇ ਵਿਦਿਆਰਥੀਆਂ ਵਿੱਚੋਂ ਹਰਪ੍ਰੀਤ ਕੌਰ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਵਿਕਰਮਜੀਤ ਸਿੰਘ ਮਾਨੇਸ ਨੇ 89% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਯੁਵਰਾਜ ਨੇ 88.2 % ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਵੱਡੀ ਉਪਲੱਬਧੀ ਤੇ ਸਕੂਲ ਚੇਅਰਮੈਨ ਡਾ. ਮਦਨ ਮੋਹਨ ਤੇ ਪ੍ਰਿੰਸੀਪਲ ਡਾ. ਰਾਜ ਕੁਮਾਰੀ ਅਤੇ ਸਮੂਹ ਸਟਾਫ਼ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਦਿਹਾਤੀ ਖੇਤਰਾਂ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਮੋਬਾਇਲ ਮੈਡੀਕਲ ਬੱਸ ਸੇਵਾ

**ਸੰਗਰੂਰ, (ਪ੍ਰਵੀਨ ਸਿੰਘ)**-ਰਾਜ ਦੇ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਲਈ ਰਾਜ ਸਰਕਾਰ ਵੱਲੋਂ ਵਿਆਪਕ ਉਪਰਾਲੇ ਕਰਦਿਆਂ ਜਿਥੇ ਸਿਹਤ ਦੇ ਖੇਤਰ ਵਿੱਚ ਮਹੱਤਵਪੂਰਨ ਭਲਾਈ ਸਕੀਮਾਂ ਨੂੰ ਸਫ਼ਲਤਾ ਨਾਲ ਲਾਗੂ ਕੀਤਾ ਜਾ ਰਿਹਾ ਹੈ, ਉਥੇ ਹੀ ਪਿੰਡਾਂ ਦੇ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨਜ਼ਦੀਕ ਹੀ ਮੈਡੀਕਲ ਸਹੂਲਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ।

ਸਿਵਲ ਸਰਜਨ ਡਾ. ਸੰਜੈ ਕਾਮਰਾ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਮੋਬਾਈਲ ਮੈਡੀਕਲ ਬੱਸ ਚਲਾਈ ਜਾ ਰਹੀ ਹੈ, ਜਿਸ 'ਤੇ ਤਾਇਨਾਤ ਸਟਾਫ ਵੱਲੋਂ ਪਿੰਡਾਂ ਦੇ ਦੌਰੇ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।ਉਨ੍ਹਾਂ ਦੱਸਿਆ ਕਿ ਇਸ ਮੈਡੀਕਲ ਸੁਵਿਧਾ ਰਾਹੀਂ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇਣ ਦੇ ਨਾਲ-ਨਾਲ ਈ.ਸੀ.ਜੀ., ਲੈਬ ਟੈਸਟ ਆਦਿ ਵੀ ਮੌਕੇ 'ਤੇ ਮੁਫ਼ਤ ਕੀਤੇ ਜਾਂਦੇ ਹਨ।ਇਸ ਮੈਡੀਕਲ ਬੱਸ ਰਾਹੀਂ ਲੋੜਵੰਦਾਂ ਤੱਕ ਪਹੁੰਚ ਕਰਕੇ ਸਿਹਤ ਸੇਵਾਵਾਂ ਦੇਣ ਨਾਲ ਜ਼ਿਲ੍ਹੇ ਦੇ ਦੂਰ-ਦੁਰਾਜ ਖੇਤਰਾਂ ਦੇ ਲੋਕਾਂ ਨੂੰ ਵੱਡਾ ਲਾਭ ਮਿਲਦਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਪਿੰਡਾਂ ਵਿੱਚ ਰਹਿੰਦੇ ਬਜ਼ੁਰਗ, ਦਿਵਿਆਂਗ, ਬੱਚੇ ਤੇ ਹੋਰ ਲੋੜਵੰਦ ਵਿਅਕਤੀ ਜਿਹੜੇ ਹਸਪਤਾਲ ਤੱਕ ਦਵਾਈ ਲੈਣ ਲਈ ਨਹੀਂ ਪਹੁੰਚ ਸਕਦੇ, ਅਜਿਹੇ ਮਰੀਜ਼ਾਂ ਨੂੰ ਦਵਾਈ ਪੁਚਾਉਣ ਲਈ ਇਹ ਬੱਸ ਲਾਹੇਵੰਦ ਸਾਬਿਤ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮੈਡੀਕਲ ਬੱਸ ਰਾਹੀਂ ਮਰੀਜ਼ਾਂ ਨੂੰ ਰੋਗ ਮੁਕਤ ਕਰਨ ਲਈ ਮੁਫ਼ਤ ਦਵਾਈ ਵੀ ਦਿੱਤੀ ਜਾਂਦੀ ਹੈ।ਮੋਬਾਈਲ ਮੈਡੀਕਲ ਬੱਸ ਸੇਵਾ ਦਿਹਾਤੀ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ।ਪੰਜਾਬ ਸਰਕਾਰ ਦਾ ਸਿਹਤ ਵਿਭਾਗ ਜਿਥੇ ਸਾਰੇ ਕਸਬਿਆਂ ਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਾਉਂਦਾ ਹੈ, ਉਥੇ ਸਿਹਤ ਵਿਭਾਗ ਦੇ ਮੋਬਾਇਲ ਮੈਡੀਕਲ ਯੂਨਿਟ ਵੱਲੋਂ ਗਜ਼ਟਿਡ ਛੁੱਟੀਆਂ ਵਾਲੇ ਦਿਨ ਛੱਡ ਕੇ ਪੇਂਡੂ ਵਸਨੀਕਾਂ ਨੂੰ ਰੋਜ਼ਾਨਾ ਸਿਹਤ ਸਹੂਲਤਾਂ ਦਿਤੀਆਂ ਜਾਂਦੀਆਂ ਹਨ।ਇਸ ਮੋਬਾਈਲ ਮੈਡੀਕਲ ਯੂਨਿਟ ਵੱਲੋਂ ਬਲਾਕ ਭਵਾਨੀਗੜ੍ਹ ਦੇ ਪਿੰਡ ਮਹਿਸਮਪੁਰ ਵਿਖੇ 15 ਮਈ, ਸੰਤੋਖਪੁਰਾ ਵਿਖੇ 16 ਮਈ, ਜੌਲੀਆਂ ਵਿਖੇ 17, ਬਾਲਦ ਖੁਰਦ ਵਿਖੇ 19, ਬਲਿਆਲ ਵਿਖੇ 20, ਨਰੈਣਗੜ੍ਹ ਵਿਖੇ 21, ਗਹਿਲਾਂ ਵਿਖੇ 22, ਖੇੜੀ ਚੰਦਵਾਂ ਵਿਖੇ 23, ਰੇਤਗੜ੍ਹ ਵਿਖੇ 24, ਫ਼ਤਹਿਗੜ੍ਹ ਭਾਦਸੋਂ 26, ਦਿਆਲਗੜ੍ਹ 27, ਕਪਿਆਲ 28, ਬਿਰਧ ਆਸ਼ਰਮ ਮਸਤੂਆਣਾ ਸਾਹਿਬ ਬਹਾਦਰਪੁਰ ਵਿਖੇ 29 ਅਤੇ ਹਰਦਿੱਤਪੁਰਾ ਵਿਖੇ 31 ਮਈ ਨੂੰ ਜਾ ਕੇ ਉਥੋਂ ਦੇ ਵਸਨੀਕਾਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ।

## ਨੌਜਵਾਨਾਂ ਨੂੰ ਸਿਵਲ ਡਿਫੈਂਸ ਵਲੰਟੀਅਰਾਂ ਵਜੋਂ ਭਰਤੀ ਹੋਣ ਦਾ ਸੱਦਾ

**ਸੰਗਰੂਰ (ਪ੍ਰਵੀਨ ਸਿੰਘ)**-ਯੁਵਕ ਮਾਮਲਿਆਂ ਤੇ ਖੇਡ ਮੰਤਰਾਲੇ, ਭਾਰਤ ਸਰਕਾਰ ਦੇਸ਼ ਭਰ ਦੇ ਨੌਜਵਾਨਾਂ ਨੂੰ ਮੇਰਾ ਭਾਰਤ ਸਿਵਲ ਡਿਫੈਂਸ ਵਲੰਟੀਅਰਾਂ ਵਜੋਂ ਭਰਤੀ ਹੋਣ ਲਈ ਸਰਗਰਮੀ ਨਾਲ ਲਾਮਬੰਦ ਕਰ ਰਿਹਾ ਹੈ।ਇਹ ਦੇਸ਼ ਵਿਆਪੀ ਸੱਦਾ ਨੌਜਵਾਨ ਨਾਗਰਿਕਾਂ ਨੂੰ ਰਾਸ਼ਟਰੀ ਉਦੇਸ਼ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਣ ਲਈ, ਖਾਸ ਕਰਕੇ ਐਮਰਜੈਂਸੀ ਅਤੇ ਸੰਕਟ ਦੌਰਾਨ, ਸਸ਼ਕਤ ਬਣਾਉਣ ਦੇ ਇੱਕ ਠੋਸ ਯਤਨ ਦਾ ਹਿੱਸਾ ਹੈ।ਇਸ ਪਹਿਲਕਦਮੀ ਦਾ ਉਦੇਸ਼ ਇੱਕ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ, ਜਵਾਬਦੇਹ ਅਤੇ ਲਚਕੀਲਾ ਸਵੈ-ਸੇਵਕ ਬਲ ਬਣਾਉਣਾ ਹੈ, ਜੋ ਕੁਦਰਤੀ ਆਫ਼ਤਾਂ, ਹਾਦਸਿਆਂ, ਜਨਤਕ ਐਮਰਜੈਂਸੀ ਤੇ ਹੋਰ ਅਣਕਿਆਸੀਆਂ ਸਥਿਤੀਆਂ ਦੇ ਸਮੇਂ ਸਿਵਲ ਪ੍ਰਸ਼ਾਸਨ ਦਾ ਸਹਾਈ ਹੋ ਕੇ ਕੰਮ ਕਰ ਸਕੇ।ਜ਼ਿਲ੍ਹਾ ਯੂਥ ਅਫ਼ਸਰ ਸ਼੍ਰੀ ਰਾਹੁਲ ਸੈਣੀ ਨੇ ਦੱਸਿਆ ਕਿ ਮੌਜੂਦਾ ਹਾਲਾਤ ਤੇ ਉੱਭਰ ਰਹੀਆਂ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ, ਇੱਕ ਮਜਬੂਤ, ਭਾਈਚਾਰਾ-ਅਧਾਰਤ ਪ੍ਰਤੀਕਿਰਿਆ ਵਿਧੀ ਸਥਾਪਤ ਕਰਨ ਦੀ ਲੋੜ ਹੈ। ਸਿਵਲ ਡਿਫੈਂਸ ਵਲੰਟੀਅਰ ਇਸ ਸਬੰਧ ਵਿੱਚ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਰਾਹੀਂ ਸਥਾਨਕ ਅਧਿਕਾਰੀਆਂ ਦਾ ਸਮਰਥਨ ਕਰਕੇ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਨ੍ਹਾਂ ਵਿੱਚ ਬਚਾਅ ਤੇ ਨਿਕਾਸੀ ਕਾਰਜ, ਮੁੱਢਲੀ ਸਹਾਇਤਾ ਅਤੇ ਐਮਰਜੈਂਸੀ ਦੇਖਭਾਲ, ਟ੍ਰੈਫ਼ਿਕ ਪ੍ਰਬੰਧਨ, ਭੀੜ ਨਿਯੰਤਰਣ, ਜਨਤਕ ਸੁਰੱਖਿਆ ਤੇ ਆਫ਼ਤ ਪ੍ਰਤੀਕਿਰਿਆ ਅਤੇ ਪੁਨਰਵਾਸ ਯਤਨਾਂ ਵਿੱਚ ਕੀਤੇ ਜਾਣ ਵਾਲੀ ਸਹਾਇਤਾ ਸ਼ਾਮਲ ਹੈ।

## 40 ਸਾਲ ਬਾਅਦ ਸੁਪਨਾ ਹੋਇਆ ਸੱਚ, ਸੁਹੇਲੇ ਵਾਲਾ ਮਾਈਨਰ 'ਚ ਆਇਆ ਪਾਣੀ


**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਲਾਲਾਬਾਦ ਵਿਧਾਨ ਸਭਾ ਹਲਕੇ ਦੇ ਕਿਸਾਨਾਂ ਨੂੰ ਬਣਾ ਕੇ ਦਿੱਤੀ ਸੁਹੇਲੇ ਵਾਲਾ ਮਾਇਨਰ ਨਹਿਰ ਵਿਚ ਪਾਣੀ ਦੀ ਸਪਲਾਈ ਸ਼ੁਰੂ ਹੋ ਗਈ ਹੈ।

ਇਲਾਕੇ ਦੇ ਦਰਜਨ ਪਿੰਡਾਂ ਦੇ ਲੋਕਾਂ ਲਈ ਇਹ ਸੁਪਨੇ ਦੇ ਸੱਚ ਹੋਣ ਬਰਾਬਰ ਹੈ ਕਿਉਂਕਿ 40 ਸਾਲ ਤੋਂ ਅਟਕੇ ਪ੍ਰੋਜੈਕਟ ਨੂੰ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀਆਂ ਕੋਸ਼ਿਸ਼ਾਂ ਸਦਕਾ ਸਾਕਾਰ ਰੂਪ ਮਿਲਿਆ ਤੇ ਪੰਜਾਬ ਸਰਕਾਰ ਨੇ ਇਹ ਨਹਿਰ ਬਣਾਈ ਹੈ।ਇਲਾਕੇ ਦੇ ਕਿਸਾਨ ਲੱਡੂ ਵੰਡ ਕੇ ਇਹ ਖੁਸ਼ੀ ਮਨਾ ਰਹੇ ਹਨ ਅਤੇ ਸਰਕਾਰ ਅਤੇ ਵਿਧਾਇਕ ਦਾ ਧੰਨਵਾਦ ਕਰਦੇ ਥੱਕਦੇ ਨਹੀਂ।

ਨਹਿਰ ਵਿਚ ਪਾਣੀ ਦੀ ਸਪਲਾਈ ਸ਼ੁਰੂ ਹੋਣ ਤੇ ਵਿਧਾਇਕ ਸ੍ਰੀ ਜਗਦੀਪ ਕੰਬੋਜ ਗੋਲਡੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਨੇ ਇਸ ਨਹਿਰ ਦੇ ਨਿਰਮਾਣ 'ਤੇ 23.6 ਕਰੋੜ ਰੁਪਏ ਖਰਚ ਕੀਤੇ ਹਨ।ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਿਹਾ ਕਿ ਸੁਹੇਲੇ ਵਾਲਾ ਰਜਬਾਹਾ ਮੇਨ ਬਰਾਂਚ ਵਿੱਚੋਂ ਨਿਕਲਣ ਵਾਲੀ ਨਹਿਰ ਦੀ ਸਮਰੱਥਾ 36.35 ਕਿਊਸਿਕ ਹੈ।ਇਸ ਦੀ ਲੰਬਾਈ 13.96 ਕਿਲੋਮੀਟਰ ਹੈ।ਇਹ ਪ੍ਰੋਜੈਕਟ 40 ਸਾਲਾਂ ਤੋਂ ਅਟਕਿਆ ਪਿਆ ਸੀ ਤੇ ਪਿਛਲੀਆਂ ਸਰਕਾਰਾਂ ਨੇ ਕਿਸਾਨਾਂ ਦੀ ਇਸ ਵੱਡੀ ਮੰਗ ਤੇ ਕੋਈ ਧਿਆਨ ਨਹੀਂ ਦਿੱਤਾ ਸੀ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਇਸ ਨਹਿਰ ਦਾ ਨਿਰਮਾਣ ਮੁਕੰਮਲ ਕਰਾਇਆ ਹੈ।ਇਸ ਨਾਲ ਵੱਖ-ਵੱਖ ਪਿੰਡਾਂ ਦੀ 5500 ਏਕੜ ਜ਼ਮੀਨ ਦੀ ਸਿੰਚਾਈ ਹੋਵੇਗੀ ਤੇ ਇਸ ਰਜਵਾਹੇ ਨਾਲ ਪਿੰਡ ਚੱਕ ਸੁਹੇਲੇ ਵਾਲਾ, ਚੱਕ ਜਾਨੀਸਰ, ਲੱਧੂ ਵਾਲਾ ਉਤਾੜ, ਚੱਕ ਢਾਬ ਖੁਸ਼ਹਾਲ ਜੋਹੀਆ, ਚੱਕ ਪੰਜ ਕੋਹੀ, ਚੱਕ ਕਬਰ ਵਾਲਾ, ਚੱਕ ਗੁਲਾਮ ਰਸੂਲ ਵਾਲਾ, ਚੱਕ ਬਲੋਚਾਂ ਅਤੇ ਬਾਹਮਣੀ ਵਾਲਾ ਦੇ ਕਿਸਾਨਾਂ ਨੂੰ ਪਾਣੀ ਮਿਲੇਗਾ।

ਇਸ ਨਹਿਰ ਦੇ ਨਿਰਮਾਣ ਦੇ ਨਾਲ ਨਾਲ ਹੀ ਇਸ ਦੇ ਰਸਤੇ ਪੈਂਦੇ ਪੁਲਾਂ, ਸਾਈਫਨਾਂ, ਝਾਲਾਂ, ਹੈਡ ਰੈਗੂਲੇਟਰ ਤੇ ਨਹਿਰੀ ਖਾਲਿਆਂ ਦੀ ਕਰਾਸਿੰਗ ਉੱਪਰ ਅੰਡਰਗਰਾਊਂਡ ਪਾਈਪਲਾਈਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ।

## ਲੁਧਿਆਣਾ 'ਚ ਸੰਯੁਕਤ ਕਿਸਾਨ ਮੋਰਚੇ ਨੇ ਜੰਗ ਦੇ ਵਿਰੁੱਧ ਕੀਤਾ ਅਮਨ ਮਾਰਚ




**ਲੁਧਿਆਣਾ/ਦੋਰਾਹਾ (ਹਰਮਿੰਦਰ ਸੇਠ)**- ਭਾਰਤ ਅਤੇ ਪਾਕਿਸਤਾਨ ਦੇ ਹਾਕਮਾਂ ਵੱਲੋਂ ਅਮਨ ਪਸੰਦ ਲੋਕਾਂ ਉੱਤੇ ਬੇਲੋੜੀ ਥੋਪੀ ਜਾ ਰਹੀ ਜੰਗ ਦੇ ਵਿਰੋਧ ਵਿੱਚ ਅੱਜ ਲੁਧਿਆਣਾ ਸ਼ਹਿਰ ਦੇ ਵਿੱਚ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ ਅਮਨ ਮਾਰਚ ਕੱਢਿਆ ਗਿਆ। ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫਤਰ ਦੇ ਸਾਹਮਣੇ ਇਕੱਠੇ ਹੋਏ ਅਮਨ ਪਸੰਦ ਲੋਕਾਂ ਵੱਲੋਂ ਕੀਤੀ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਰਘਵੀਰ ਸਿੰਘ ਬੈਨੀਪਾਲ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੁਦਾਗਰ ਸਿੰਘ ਘੁਡਾਣੀ, ਆਲ ਇੰਡੀਆ ਕਿਸਾਨ ਸਭਾ (ਹੰਨਨ ਮੁੱਲਾ) ਦੇ ਬਲਦੇਵ ਸਿੰਘ ਲਤਾਲਾ, ਆਲ ਇੰਡੀਆ ਕਿਸਾਨ ਸਭਾ (1936) ਦੇ ਜਸਵੀਰ ਸਿੰਘ ਝੱਜ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਜਗਰੂਪ ਸਿੰਘ ਹਸਨਪੁਰ, ਪੰਜਾਬ ਕਿਸਾਨ ਯੂਨੀਅਨ ਦੇ ਭਾਈ ਸ਼ਮਸ਼ੇਰ ਸਿੰਘ ਆਸੀ ਕਲਾਂ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਮਨਜੀਤ ਸਿੰਘ ਢੀਡਸਾ, ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਕੁਲਦੀਪ ਸਿੰਘ ਗਰੇਵਾਲ, ਕਿਰਤੀ ਕਿਸਾਨ ਯੂਨੀਅਨ ਦੇ ਸਾਧੂ ਸਿੰਘ ਅੱਚਰਵਾਲ, ਨੌਜਵਾਨ ਆਗੂ ਯੁਵਰਾਜ ਸਿੰਘ ਘੁਡਾਣੀ, ਸੀ ਟੀ ਯੂ ਪੰਜਾਬ ਦੇ ਜਗਦੀਸ਼ ਚੰਦ, ਆਲ ਇੰਡਿਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਐਮ ਐਸ ਭਾਟੀਆ, ਬਾਇਓ ਗੈਸ ਫੈਕਟਰੀ ਵਿਰੋਧੀ ਤਾਲਮੇਲ ਐਕਸ਼ਨ ਕਮੇਟੀ ਦੇ ਡਾ. ਸੁਖਦੇਵ ਸਿੰਘ ਭੂੰਦੜੀ, ਮੋਲਡਰ ਐਂਡ ਸਟੀਲ ਵਰਕਰਜ਼ ਦੇ ਹਰਜਿੰਦਰ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਜਸਵੰਤ ਸਿੰਘ ਜੀਰਖ, ਮਹਿਲਾ ਆਗੂ ਹਰਜਿੰਦਰ ਕੌਰ ਨੇ ਆਖਿਆ ਕਿ ਭਾਰਤ ਤੇ ਪਾਕਿਸਤਾਨ ਦੇ ਹਾਕਮ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਲਈ ਕਾਹਲੇ ਪਏ ਹੋਏ ਹਨ। ਉਹ ਲੋਕਾਂ ਦੀਆਂ ਮੁਢਲੀਆਂ ਸਹੂਲਤਾਂ ਸਿਹਤ ਸਿੱਖਿਆ ਅਤੇ ਰੁਜ਼ਗਾਰ ਦੇਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਏ ਹਨ। ਜਿਸ ਕਰਕੇ ਉਹ ਆਪਣੀ ਰਾਜ ਸੱਤਾ ਕਾਇਮ ਰੱਖਣ ਲਈ ਲੋਕਾਂ ਲੋਕਾਂ ਦਾ ਧਿਆਨ ਭਟਕਾਉਣਾ ਚਾਹੁੰਦੇ ਹਨ।ਜਿਸ ਲਈ ਉਹ ਦੇਸ਼ ਵਿੱਚ ਹੁਣ ਜੰਗ ਵਰਗਾ ਮਾਹੌਲ ਸਿਰਜ ਕੇ ਲੋਕਾਂ ਵਿੱਚ ਫੋਕੀ ਦੇਸ਼ ਭਗਤੀ ਪੈਦਾ ਕਰਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ।ਜਿਸ ਨੂੰ ਅਮਨ ਪਸੰਦ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।ਆਗੂਆਂ ਨੇ ਇੱਕ ਸੁਰ ਹੁੰਦਿਆਂ ਭਾਰਤ ਤੇ ਪਾਕਿਸਤਾਨ ਦੇ ਹਾਕਮਾਂ ਨੂੰ ਤਾੜਨਾ ਕੀਤੀ ਕਿ ਜੇ ਉਨ੍ਹਾਂ ਆਮ ਲੋਕਾਂ ਉੱਤੇ ਜਬਰੀ ਜੰਗ ਥੋਪੀ ਤਾਂ ਉਹ ਜੰਗ ਵਿੱਚ ਇਹਨਾਂ ਹਾਕਮਾਂ ਦਾ ਵਿਰੋਧ ਕਰਨਗੇ।ਉਹਨਾਂ ਸਮੂਹ ਲੋਕਾਂ ਅਪੀਲ ਕਰਦਿਆਂ ਆਖਿਆ ਕਿ ਜੰਗ ਦੇ ਵਿਰੋਧ ਦੇ ਵਿੱਚ ਉਹ ਸੜਕਾਂ ਉੱਪਰ ਨਿਤਰਨ।ਰੈਲੀ ਕਰਨ ਉਪਰੰਤ ਹਾਜ਼ਰ ਇਕੱਠ ਵੱਲੋਂ ਜੰਗ ਵਿਰੋਧੀ ਨਾਹਰਿਆਂ ਦੀ ਗੂੰਜ ਵਿੱਚ ਅਮਨ ਮਾਰਚ ਕੀਤਾ ਗਿਆ ਜੋ ਕਿ ਭਾਈ ਬਾਲਾ ਚੌਂਕ ਵਿੱਚ ਹੁੰਦਾ ਹੋਇਆ ਵਾਪਸ ਡਿਪਟੀ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਸਮਾਪਤ ਹੋਇਆ।ਅੱਜ ਦੇ ਪ੍ਰੋਗਰਾਮ ਮੌਕੇ ਸਟੇਜ ਦੀ ਕਾਰਵਾਈ ਹਰਨੇਕ ਸਿੰਘ ਗੁੱਜਰਵਾਲ ਅਤੇ ਚਮਕੌਰ ਸਿੰਘ ਬਰਮੀ ਨੇ ਚਲਾਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਪੂ ਬਲਕੌਰ ਸਿੰਘ, ਡਾ. ਬਲਵਿੰਦਰ ਸਿੰਘ ਔਲਖ, ਜੁਗਿੰਦਰ ਅਜ਼ਾਦ ਸਾਬਕਾ ਅਧਿਆਪਕ ਆਗੂ, ਵਿਜੇ ਕੁਮਾਰ, ਤਹਿਸੀਲਦਾਰ ਯਾਦਵ , ਬਲਰਾਮ ਸਿੰਘ, ਜਗਤਾਰ ਸਿੰਘ ਦੇਹੜਕਾ, ਇੰਦਰਜੀਤ ਸਿੰਘ ਧਾਲੀਵਾਲ, ਰਾਜਵੀਰ ਸਿੰਘ ਕਿਲ੍ਹਾ ਰਾਏਪੁਰ, ਸੁਰਜੀਤ ਸਿੰਘ ਸੀਲੋ, ਸਰਪੰਚ ਹਰਜੀਤ ਸਿੰਘ ਆਸੀ ਕਲਾਂ, ਸਵਰਨ ਸਿੰਘ ਆਸੀ ਕਲਾਂ ਆਦਿ ਹਾਜ਼ਰ ਸਨ।

## ਫਾਈਨਾਂਸਰ ਦੀ ਲੁੱਟ ਖਿਲਾਫ਼ ਲਹਿਰਾਗਾਗਾ 'ਚ ਵਿਸ਼ਾਲ ਰੈਲੀ



**ਦਿੜ੍ਹਬਾ (ਜਸਵੀਰ ਲਾਡੀ)**-ਹਲਕਾ ਲਹਿਰਾਗਾਗਾ ਅੰਦਰ ਫਾਈਨਾਂਸ ਦਾ ਗੋਰਖਧੰਦਾ ਕਰਨ ਵਾਲੇ ਬਲਦੀਪ ਸਿੰਘ ਖਿਲਾਫ ਐਸ ਡੀ ਐਮ ਦਫਤਰ ਵਿਖੇ ਲੱਗਾ ਧਰਨਾ 23ਵੇਂ ਦਿਨ ਵਿੱਚ ਸ਼ਾਮਲ ਹੋ ਚੁੱਕਾ ਹੈ।ਪੁਲਸ ਪ੍ਰਸ਼ਾਸਨ ਦੀ ਮਿਲੀਭੁਗਤ ਕਾਰਨ ਫਾਈਨਾਂਸਰ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ, ਜਿਸ ਤੋਂ ਸਪੱਸ਼ਟ ਹੈ ਕਿ ਸਿਆਸੀ ਦਬਾਅ ਹੋਣ ਕਾਰਨ ਪੀੜਤ ਪਰਿਵਾਰਾਂ ਦਾ ਘਰ ਮੁੜ ਵਸੇਬਾ ਨਹੀਂ ਹੋ ਸਕਿਆ।ਇਸ ਮਸਲੇ ਨੂੰ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ, ਪ੍ਰਗਤੀਸ਼ੀਲ ਇਸਤਰੀ ਸਭਾ ਪੰਜਾਬ ਨੇ ਸਾਂਝੇ ਤੌਰ 'ਤੇ ਐਸ ਡੀ ਐਮ ਦਫਤਰ ਵਿਖੇ ਭਰਵੀਂ ਮੀਟਿੰਗ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਕਿਹਾ ਕਿ ਫਾਈਨਾਂਸਰ ਦੀ ਲੁੱਟ ਦੇ ਖਿਲਾਫ ਵਿਚਾਰ ਵਟਾਂਦਰਾ ਹੋਇਆ ਹੈ ਕਿ ਆਉਣ ਵਾਲੀ 22 ਮਈ ਨੂੰ ਵਿਸ਼ਾਲ ਰੈਲੀ ਕਰਕੇ ਪੀੜਤ ਪਰਵਾਰਾਂ ਲਈ ਇਨਸਾਫ਼ ਦੀ ਮੰਗ ਕੀਤੀ ਜਾਵੇਗੀ।ਛਾਜਲੀ ਨੇ ਅੱਗੇ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਅਜੇ ਤੱਕ ਜਾਂਚ ਨਹੀਂ ਕੀਤੀ ਗਈ ਕਿ ਫਾਈਨਾਂਸਰ ਕੋਲ ਫਾਈਨਾਂਸ ਕੰਪਨੀ ਦਾ ਲਾਇਸੈਂਸ ਹੈ ਜਾਂ ਨਹੀਂ, ਨਾ ਹੀ ਉਸਦੀ ਗ੍ਰਿਫ਼ਤਾਰੀ ਕੀਤੀ ਜਾ ਰਹੀ ਹੈ।ਗਰੀਬ ਲੋਕਾਂ ਦੀਆਂ ਵੋਟਾਂ ਬਟੋਰਨ ਵਾਲਾ ਐਮ.ਐਲ.ਏ ਪੀੜਤ ਪਰਵਾਰਾਂ ਦਾ ਸਾਥ ਦੇਣ ਦੀ ਬਜਾਏ ਫਾਈਨਾਂਸਰ ਨੂੰ ਸਿਆਸੀ ਸ਼ੈਅ ਦੇ ਕੇ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।ਕਾਮਰੇਡ ਨੇ ਕਿਹਾ ਕਿ ਪੀੜਤ ਪਰਿਵਾਰ ਦੇ ਘਰਾਂ ਅੰਦਰ ਸਿਆਸੀ ਸ਼ੈਅ ਤੇ ਨਹਿੰਗ ਸਿੰਘ ਬੈਠਾਏ ਹੋਏ ਹਨ ਜੋ ਨਜਾਇਜ ਹਥਿਆਰਾਂ ਨਾਲ ਲੈਸ ਹੋ ਕੇ ਬੈਠੇ ਹਨ, ਜਿਨ੍ਹਾਂ ਤੋਂ ਪੀੜਤ ਪਰਵਾਰਾਂ ਨੂੰ ਜਾਨ ਮਾਲ ਦਾ ਖਤਰਾ ਹੈ।ਪੀੜਤ ਪਰਵਾਰਾਂ ਅੰਦਰ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।ਚੌਂਕੀ ਇੰਚਾਰਜ ਨੂੰ ਲਿਖਤੀ ਤੌਰ 'ਤੇ ਦਿੱਤਾ ਹੋਇਆ ਹੈ ਕਿ ਜੋ ਅਸਲਾ ਗੈਰ ਕਾਨੂੰਨੀ ਹੈ, ਉਸ ਤੇ ਕਾਰਵਾਈ ਕੀਤੀ ਜਾਵੇ।22 ਮਈ ਨੂੰ ਹੋਣ ਵਾਲੀ ਵਿਸ਼ਾਲ ਰੈਲੀ ਅੰਦਰ ਜੇਕਰ ਕੋਈ ਵੀ ਵਧੀਕੀ ਹੁੰਦੀ ਹੈ, ਉਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਹੋਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com * Web : www.nawanzamana.in**

CMYK

ਸ਼ੁੱਕਰਵਾਰ, 16 ਮਈ, 2025
3 ਜੇਠ { ਨਾਨਕਸ਼ਾਹੀ 557, ਬਿਕਰਮੀ 2082
ਜਿਲਦ/VOL. : 73
ਅੰਕ/NO. : 345

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 16 MAY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

## ਸੁਪਰੀਮ ਕੋਰਟ ਦੇ ਹੁਕਮਾਂ 'ਤੇ ਰਾਸ਼ਟਰਪਤੀ ਦਾ ਕਿੰਤੂ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਅੱਠ ਅਪਰੈਲ ਨੂੰ ਕਿਹਾ ਸੀ ਕਿ ਸੂਬਿਆਂ ਵੱਲੋਂ ਭੇਜੇ ਬਿੱਲਾਂ 'ਤੇ ਰਾਜਪਾਲ ਤੈਅ ਕੀਤੇ ਗਏ ਸਮੇਂ ਵਿੱਚ ਫੈਸਲਾ ਲੈਣ ਤੇ ਰਾਜਪਾਲ ਵਲੋਂ ਭੇਜੇ ਬਿੱਲਾਂ 'ਤੇ ਰਾਸ਼ਟਰਪਤੀ ਤਿੰਨ ਮਹੀਨਿਆਂ ਅੰਦਰ ਫੈਸਲਾ ਲੈਣ। ਇਨ੍ਹਾਂ ਹੁਕਮਾਂ ਦੀ ਵੈਧਤਾ 'ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਵੀਰਵਾਰ ਸਵਾਲ ਚੁੱਕਦਿਆਂ ਕਿਹਾ ਹੈ ਕਿ ਸੰਵਿਧਾਨ ਵਿੱਚ ਕਿਤੇ ਵੀ ਇਨ੍ਹਾਂ ਬਿੱਲਾਂ ਬਾਰੇ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ।

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੁਪਰੀਮ ਕੋਰਟ ਤੋਂ 14 ਸਵਾਲ ਪੁੱਛਦਿਆਂ ਉਸ ਦੀ ਰਾਏ ਮੰਗੀ ਹੈ। ਇਹ ਸਵਾਲ 200, 201, 361, 143, 142, 145 (3), 131 ਆਰਟੀਕਲ ਤਹਿਤ ਪੁੱਛੇ ਗਏ ਹਨ। ਰਾਸ਼ਟਰਪਤੀ ਨੇ ਪੁੱਛਿਆ ਹੈ ਕਿ ਰਾਜਪਾਲ ਕੋਲ ਕੀ ਵਿਕਲਪ ਹੁੰਦਾ ਹੈ, ਜਦ ਕੋਈ ਬਿੱਲ ਉਸ ਕੋਲ ਆਉਂਦਾ ਹੈ। ਕੀ ਰਾਜਪਾਲ ਨੂੰ ਮੰਤਰੀ ਪ੍ਰੀਸ਼ਦ ਦੀ ਸਲਾਹ ਮੰਨਣੀ ਪੈਣੀ ਹੈ, ਕੀ ਰਾਜਪਾਲ ਦੇ ਕੰਮਾਂ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ।

ਰਾਸ਼ਟਰਪਤੀ ਦਾ ਸਵਾਲ ਸਪੱਸ਼ਟ ਕਰਦਾ ਹੈ ਕਿ ਭਾਰਤ ਦੇ ਸੰਵਿਧਾਨ ਦਾ ਆਰਟੀਕਲ 200 ਰਾਜਪਾਲ ਦੀਆਂ ਸ਼ਕਤੀਆਂ ਅਤੇ ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਰੋਕਣ ਦੀਆਂ ਪ੍ਰਕਿਰਿਆਵਾਂ ਨੂੰ ਦਰਸਾਉਂਦਾ ਹੈ। ਇਸ ਦੇ ਨਾਲ ਹੀ ਇਹ ਬਿੱਲ ਰਾਸ਼ਟਰਪਤੀ ਦੇ ਵਿਚਾਰ ਲਈ ਰਾਖਵਾਂ ਰੱਖਣ ਦੀ ਗੱਲ ਵੀ ਕਰਦਾ ਹੈ। ਹਾਲਾਂਕਿ ਆਰਟੀਕਲ 200 ਰਾਜਪਾਲ ਲਈ ਇਨ੍ਹਾਂ ਸੰਵਿਧਾਨਕ ਵਿਕਲਪਾਂ ਦੀ ਵਰਤੋਂ ਕਰਨ ਲਈ ਕੋਈ ਸਮਾਂ-ਸੀਮਾ ਨਿਰਧਾਰਤ ਨਹੀਂ ਕਰਦਾ।

ਇਸੇ ਤਰ੍ਹਾਂ ਆਰਟੀਕਲ 201 ਬਿੱਲਾਂ ਨੂੰ ਮਨਜ਼ੂਰੀ ਦੇਣ ਜਾਂ ਇਸ ਨੂੰ ਰੋਕਣ ਲਈ ਰਾਸ਼ਟਰਪਤੀ ਦੇ ਅਧਿਕਾਰ ਅਤੇ ਪ੍ਰਕਿਰਿਆ ਦੀ ਰੂਪਰੇਖਾ ਉਲੀਕਦਾ ਹੈ ਤੇ ਇਹ ਵੀ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਲਈ ਕੋਈ ਸਮਾਂ ਸੀਮਾ ਜਾਂ ਪ੍ਰਕਿਰਿਆਵਾਂ ਲਾਗੂ ਨਹੀਂ ਕਰਦਾ।

ਇਸ ਤੋਂ ਪਹਿਲਾਂ ਆਪਣੀ ਤਰ੍ਹਾਂ ਦੇ ਪਹਿਲੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ 12 ਅਪਰੈਲ ਨੂੰ ਦੇਸ਼ ਦੇ ਰਾਸ਼ਟਰਪਤੀ ਲਈ ਵੀ ਸਮਾਂ ਸੀਮਾ ਨਿਰਧਾਰਤ ਕਰ ਦਿੱਤੀ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਜਪਾਲ ਵੱਲੋਂ ਭੇਜੇ ਗਏ ਬਿੱਲ 'ਤੇ ਰਾਸ਼ਟਰਪਤੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਫੈਸਲਾ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਅੱਠ ਅਪਰੈਲ ਨੂੰ ਸੁਪਰੀਮ ਕੋਰਟ ਨੇ ਤਾਮਿਲਨਾਡੂ ਸਰਕਾਰ ਤੇ ਰਾਜਪਾਲ ਦੇ ਮਾਮਲੇ ਵਿਚ ਇਤਿਹਾਸਕ ਫੈਸਲਾ ਸੁਣਾਉਂਦਿਆਂ ਕਿਹਾ ਸੀ ਕਿ ਰਾਜਪਾਲ ਨੂੰ ਵਿਧਾਨ ਸਭਾ ਵੱਲੋਂ ਭੇਜੇ ਗਏ ਬਿੱਲ 'ਤੇ ਇਕ ਮਹੀਨੇ ਅੰਦਰ ਫੈਸਲਾ ਲੈਣਾ ਪਵੇਗਾ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਜਪਾਲਾਂ ਵੱਲੋਂ ਭੇਜੇ ਗਏ ਬਿੱਲਾਂ ਦੇ ਮਾਮਲੇ ਵਿੱਚ ਰਾਸ਼ਟਰਪਤੀ ਕੋਲ ਵੀਟੋ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਦੇ ਫੈਸਲੇ ਦੀ ਨਿਆਂਇਕ ਸਮੀਖਿਆ ਕੀਤੀ ਜਾ ਸਕਦੀ ਹੈ।

ਸੁਪਰੀਮ ਕੋਰਟ ਨੇ ਨਿਵੇਕਲੀ ਪਹਿਲ ਕਰਦਿਆਂ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਗਏ ਬਿੱਲਾਂ ਸੰਬੰਧੀ ਰਾਜਪਾਲਾਂ ਦੇ ਫੈਸਲਾ ਲੈਣ ਲਈ ਇੱਕ ਮਹੀਨੇ ਤੋਂ ਤਿੰਨ ਮਹੀਨਿਆਂ ਦੀ ਸਮਾਂ-ਸੀਮਾ ਨਿਰਧਾਰਤ ਕੀਤੀ ਸੀ। ਬੈਂਚ ਨੇ ਕਿਹਾ ਇਨ੍ਹਾਂ ਬਿੱਲਾਂ ਨੂੰ ਉਸੇ ਤਰੀਕ ਤੋਂ ਮਨਜ਼ੂਰ ਮੰਨਿਆ ਜਾਵੇਗਾ, ਜਿਸ ਦਿਨ ਇਨ੍ਹਾਂ ਨੂੰ ਮੁੜ ਮਨਜ਼ੂਰੀ ਲਈ ਰਾਜਪਾਲ ਅੱਗੇ ਰੱਖਿਆ ਗਿਆ ਹੋਵੇ। ਅਦਾਲਤ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 200 ਤਹਿਤ ਰਾਜਪਾਲ ਵੱਲੋਂ ਆਪਣੇ ਕੰਮ ਸੰਪੂਰਨ ਕਰਨ ਲਈ ਕੋਈ ਸਪੱਸ਼ਟ ਸੀਮਾ ਤੈਅ ਨਹੀਂ ਹੈ। ਸਮਾਂ-ਸੀਮਾ ਤੈਅ ਕਰਦਿਆਂ ਬੈਂਚ ਨੇ ਕਿਹਾ ਕਿ ਕਿਸੇ ਬਿੱਲ 'ਤੇ ਮਨਜ਼ੂਰੀ ਰੋਕ ਕੇ ਉਸ ਨੂੰ ਮੰਤਰੀ ਪ੍ਰੀਸ਼ਦ ਦੀ ਸਹਾਇਤਾ ਤੇ ਸਲਾਹ ਨਾਲ ਰਾਸ਼ਟਰਪਤੀ ਲਈ ਰਾਖਵਾਂ ਰੱਖਣ ਦੀ ਵੱਧ ਤੋਂ ਵੱਧ ਮਿਆਦ ਇੱਕ ਮਹੀਨਾ ਹੋਵੇਗੀ। ਜੇ ਰਾਜਪਾਲ ਨੇ ਮੰਤਰੀ ਪ੍ਰੀਸ਼ਦ ਦੀ ਸਹਾਇਤਾ ਤੇ ਸਲਾਹ ਤੋਂ ਬਿਨਾਂ ਸਹਿਮਤੀ ਨੂੰ ਰੋਕਣ ਦਾ ਫੈਸਲਾ ਕੀਤਾ ਹੈ ਤਾਂ ਬਿੱਲਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਵਿਧਾਨ ਸਭਾ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ।

ਸੁਪਰੀਮ ਕੋਰਟ ਨੇ ਕਿਹਾ ਸੀ ਕਿ ਵਿਧਾਨ ਸਭਾ ਵੱਲੋਂ ਬਿੱਲ ਨੂੰ ਮੁੜ ਪਾਸ ਕਰਨ ਤੋਂ ਬਾਅਦ ਉਸ ਨੂੰ ਪੇਸ਼ ਕਰਨ 'ਤੇ ਰਾਜਪਾਲ ਨੂੰ ਇੱਕ ਮਹੀਨੇ 'ਚ ਬਿੱਲਾਂ ਨੂੰ ਮਨਜ਼ੂਰੀ ਦੇਣੀ ਹੋਵੇਗੀ।

## ਮੌਜੂਦਾ ਹਾਲਾਤ ਨੂੰ ਮੋੜਾ ਦੇਣ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਪੈਣੈ : ਡੀ. ਰਾਜਾ

### ਵਿਸ਼ਾਲ ਰੈਲੀ ਨਾਲ ਏ ਆਈ ਵਾਈ ਐੱਫ ਦੇ 17ਵੇਂ ਕੌਮੀ ਡੈਲੀਗੇਟ ਅਜਲਾਸ ਦਾ ਆਗਾਜ਼



**ਤਿਰੂਪਤੀ (ਚਰਨਜੀਤ ਛਾਂਗਾ ਰਾਏ)**

ਸਰਬ ਭਾਰਤ ਨੌਜਵਾਨ ਸਭਾ ਦੇ 17ਵੇਂ ਕੌਮੀ ਡੈਲੀਗੇਟ ਅਜਲਾਸ ਦਾ ਵੀਰਵਾਰ ਆਗਾਜ਼ ਇਥੇ ਸਥਾਨਕ ਇੰਦਰਾ ਮੈਦਾਨਮ ਵਿਖੇ ਹੋਇਆ। ਜਨਤਕ ਰੈਲੀ ਵਿੱਚ ਚੁਣੀਦਾ ਡੈਲੀਗੇਟਾਂ ਤੋਂ ਇਲਾਵਾ ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਦੇ ਹਜ਼ਾਰਾਂ ਨੌਜਵਾਨਾਂ ਅਤੇ ਆਮ ਲੋਕਾਂ ਨੇ ਸ਼ਮੂਲੀਅਤ ਕੀਤੀ।

ਜਨਤਕ ਰੈਲੀ ਦੀ ਪ੍ਰਧਾਨਗੀ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਆਗੂ ਲੈਨਿਨ ਬਾਬੂ ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੋਂ ਭਾਰਤੀ, ਤੇਲੰਗਾਨਾ ਵਲੀ ਉਲ੍ਹਾ ਕਾਦਰੀ ਅਤੇ ਟੀ ਟੀ ਜਿਸਮਨ ਕੇਰਲਾ ਆਦਿ ਆਗੂਆਂ ਨੇ ਕੀਤੀ। ਵਿਸ਼ਾਲ ਰੈਲੀ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਜਨਰਲ ਸਕੱਤਰ ਡੀ ਰਾਜਾ, ਨਾਰਾਇਣਾ ਅਤੇ ਰਾਜ ਸਭਾ ਮੈਂਬਰ ਪੀ. ਸੰਤੋਸ਼ ਕੁਮਾਰ, ਕੇ. ਰਾਮਾਕ੍ਰਿਸ਼ਨਾ ਸੂਬਾ ਸਕੱਤਰ ਸੀ ਪੀ ਆਈ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਹਨਾਂ ਨਾਲ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਅਤੇ ਕੌਮੀ ਜਨਰਲ ਸਕੱਤਰ ਥਿਰਮਲਾਈ ਰਮਨ ਵੀ ਸਨ। ਜਨਤਕ ਰੈਲੀ ਦੀ ਸ਼ੁਰੂਆਤ ਦੱਖਣੀ ਭਾਰਤ ਦੀਆਂ ਪ੍ਰਸਿੱਧ ਸੱਭਿਆਚਾਰਕ ਵੰਨਗੀਆਂ ਅਤੇ ਇਨਕਲਾਬੀ ਵੰਨਗੀਆਂ ਨਾਲ ਕੀਤੀ ਗਈ, ਜਿਸ ਵਿੱਚ ਦੱਖਣੀ ਭਾਰਤ ਦੇ ਪ੍ਰਸਿੱਧ ਟੀ ਵੀ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ।

ਰੈਲੀ ਨੂੰ ਸੰਬੋਧਨ ਕਰਦਿਆਂ ਡੀ ਰਾਜਾ ਨੇ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਦਾ ਮਹਾਨ ਇਨਕਲਾਬੀ ਜਿੱਤਾਂ ਦਾ ਸ਼ਾਨਾਮੱਤਾ ਇਤਿਹਾਸ ਹੈ ਅਤੇ ਸ਼ਹੀਦ ਭਗਤ ਸਿੰਘ, ਸ਼ਹੀਦ ਵਿਰਸਾ ਮੁੰਡਾ ਅਤੇ ਸੈਂਕੜੇ ਮਹਾਨ ਸ਼ਹੀਦਾਂ ਅਤੇ ਇਨਕਲਾਬੀਆਂ ਦੀ ਵਿਚਾਰਧਾਰਾ ਨੂੰ ਪ੍ਰਣਾਈ ਇਨਕਲਾਬੀ ਜਥੇਬੰਦੀ ਹੈ, ਜੋ ਦੇਸ਼ ਦੀ ਜਵਾਨੀ ਦੀਆਂ ਮੁਸ਼ਕਲਾਂ ਦੇ ਹੱਲ ਲਈ ਸੰਘਰਸ਼ ਦੇ ਮੈਦਾਨ ਵਿੱਚ ਹੈ। ਉਹਨਾ ਦੇਸ਼ ਦੇ ਮੌਜੂਦਾ ਹਾਲਾਤ ਬਾਰੇ ਬੋਲਦਿਆਂ ਕਿਹਾ ਕਿ ਜਿਹਨਾਂ ਹਾਲਾਤ ਵਿੱਚੋਂ ਅੱਜ ਸਾਡਾ ਦੇਸ਼ ਗੁਜ਼ਰ ਰਿਹਾ ਹੈ, ਉਸ ਵੇਲੇ ਸਰਬ ਭਾਰਤ ਨੌਜਵਾਨ ਸਭਾ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਦੀ ਜਵਾਨੀ ਨੂੰ ਸਹੀ ਰਾਹ ਦਿਖਾ ਕੇ ਮੌਜੂਦਾ ਹਾਲਾਤ ਨੂੰ ਬਦਲਣ ਲਈ ਸੰਘਰਸ਼ ਲਈ ਤਿਆਰ ਕਰਨ। ਇਹਨਾਂ ਮੌਜੂਦਾ ਹਾਲਾਤ ਨੂੰ ਮੋੜਾ ਦੇਣ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

ਉਹਨਾ ਸਰਬ ਭਾਰਤ ਨੌਜਵਾਨ ਸਭਾ ਦੀ 17ਵੀਂ ਕੌਮੀ ਕਾਨਫਰੰਸ ਦੀ ਇਨਕਲਾਬੀ ਸ਼ੁਰੂਆਤ ਲਈ ਸ਼ੁੱਭ ਕਾਮਨਾਵਾਂ ਅਤੇ ਮੁਬਾਰਕਬਾਦ ਦਿੱਤੀ ਤੇ ਕਾਨਫਰੰਸ ਦੀ ਸਫਲਤਾ ਲਈ ਆਸ ਪ੍ਰਗਟ ਕੀਤੀ। ਰੈਲੀ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਨੇ ਕਿਹਾ ਕਿ ਸਾਡੇ ਦੇਸ਼ ਦੇ ਲੋਕ ਆਗੂਆਂ ਨੂੰ ਵੋਟਾਂ ਪਾ ਕੇ ਜਿਤਾ ਕੇ ਪਾਰਲੀਮੈਂਟ ਜਾਂ ਵਿਧਾਨ ਸਭਾ ਵਿੱਚ ਭੇਜ ਕੇ ਉਹਨਾਂ ਲਈ ਉਮਰ ਭਰ ਜ਼ਿੰਦਗੀ ਦੀ ਗਰੰਟੀ ਕਰ ਦਿੰਦੇ ਹਨ, ਪਰ ਦੇਸ਼ ਦੇ ਨੌਜਵਾਨ, ਵਿਦਿਆਰਥੀ, ਕਿਸਾਨ ਅਤੇ ਆਮ ਲੋਕਾਂ ਲਈ ਜ਼ਿੰਦਗੀ ਦੀ ਕੋਈ ਗਰੰਟੀ ਨਹੀਂ, ਉਹਨਾਂ ਲਈ ਰੁਜ਼ਗਾਰ ਦੀ ਕੋਈ ਗਰੰਟੀ ਨਹੀਂ। ਉਹਨਾ ਕਿਹਾ ਕਿ ਨੌਜਵਾਨਾਂ ਦੀ ਇਹ ਕੌਮੀ ਕਾਨਫਰੰਸ 4 ਦਿਨ ਇਹਨਾਂ ਮੁੱਦਿਆਂ 'ਤੇ ਚਰਚਾ ਕਰੇਗੀ ਅਤੇ ਇੱਕ ਦੇਸ਼-ਵਿਆਪੀ ਮੁਹਿੰਮ ਦੀ ਸ਼ੁਰੂਆਤ ਕਰੇਗੀ, ਜੋ ਬਨੇਗਾ ਦੀ ਪ੍ਰਾਪਤੀ ਲਈ ਦੇਸ਼ ਦੀ ਜਵਾਨੀ ਨੂੰ ਲਾਮਬੰਦ ਕਰੇਗੀ।

ਰੈਲੀ ਵਿੱਚ ਪੰਜਾਬ ਦੇ ਡੈਲੀਗੇਸ਼ਨ ਨੇ ਬਨੇਗਾ ਦੀਆਂ ਵਰਦੀਆਂ ਪਾ ਕੇ ਸ਼ਮੂਲੀਅਤ ਕੀਤੀ। ਪੰਜਾਬ ਦੇ ਡੈਲੀਗੇਸ਼ਨ ਵਿੱਚ ਸੂਬਾ ਸਕੱਤਰ ਚਰਨਜੀਤ ਛਾਂਗਾ ਰਾਏ, ਸੀਨੀਅਰ ਮੀਤ ਪ੍ਰਧਾਨ ਹਰਭਜਨ ਛੱਪੜੀ ਵਾਲਾ, ਗੁਰਜੀਤ ਕੌਰ ਸਰਦੂਲਗੜ੍ਹ, ਨਵਜੀਤ ਸੰਗਰੂਰ, ਗੁਰਜੰਟ ਪਟਿਆਲਾ, ਸੁਖਵਿੰਦਰ ਸੂਬਾ ਸਕੱਤਰ ਏ ਆਈ ਐੱਸ ਐੱਫ, ਸਵਰਾਜ ਖੋਸਾ, ਹਰਮੇਲ ਉਭਾ, ਚਰਨਜੀਤ ਚਮੇਲੀ ਆਦਿ ਡੈਲੀਗੇਟ ਸ਼ਾਮਲ ਹਨ।

## ਅਗਨੀਵੀਰ ਅਕਾਸ਼ਦੀਪ ਸਿੰਘ ਸ੍ਰੀਨਗਰ 'ਚ ਸ਼ਹੀਦ



**ਕੋਟਕਪੂਰਾ** : ਜ਼ਿਲ੍ਹੇ ਦੇ ਪਿੰਡ ਚਾਹਿਲ ਦਾ ਅਗਨੀਵੀਰ ਅਕਾਸ਼ਦੀਪ ਸਿੰਘ ਸ੍ਰੀਨਗਰ ਵਿੱਚ ਗੋਲੀ ਲੱਗਣ ਕਾਰਨ ਸ਼ਹੀਦ ਹੋ ਗਿਆ। ਪਿਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੌਣੇ ਦੋ ਸਾਲ ਪਹਿਲਾਂ ਉਹ ਭਾਰਤੀ ਫੌਜ ਵਿੱਚ ਬਤੌਰ ਅਗਨੀਵੀਰ ਭਰਤੀ ਹੋਇਆ ਸੀ ਅਤੇ ਕੁਝ ਸਮਾਂ ਹਿਸਾਰ ਡਿਊਟੀ 'ਤੇ ਰਹਿਣ ਮਗਰੋਂ ਉਸ ਨੂੰ ਹੁਣ ਸ੍ਰੀਨਗਰ ਡਿਊਟੀ 'ਤੇ ਭੇਜ ਦਿੱਤਾ। ਬੁੱਧਵਾਰ ਸ਼ਾਮ ਨੂੰ ਅਕਾਸ਼ਦੀਪ ਨਾਲ ਪਰਵਾਰ ਦੀ ਗੱਲ ਹੋਈ ਸੀ ਅਤੇ ਸਭ ਠੀਕ-ਠਾਕ ਸੀ, ਪਰ ਵੀਰਵਾਰ ਸਵੇਰ ਤੋਂ ਉਸ ਨਾਲ ਸੰਪਰਕ ਨਹੀਂ ਸੀ ਹੋ ਰਿਹਾ। 12 ਅਪਰੈਲ ਨੂੰ ਅਕਾਸ਼ਦੀਪ ਛੁੱਟੀ ਆਇਆ ਸੀ ਅਤੇ 27 ਅਪਰੈਲ ਨੂੰ ਹੀ ਵਾਪਸ ਗਿਆ ਸੀ। ਕੰਪਨੀ ਕਮਾਂਡਰ ਨੇ ਫੋਨ 'ਤੇ ਸੂਚਨਾ ਦਿੱਤੀ ਕਿ ਅਕਾਸ਼ਦੀਪ ਦੇ ਸਿਰ ਵਿੱਚ ਗੋਲੀ ਲੱਗਣ ਕਰਕੇ ਉਸ ਦੀ ਮੌਤ ਹੋ ਗਈ ਹੈ।

## ਤਿੰਨ ਦਹਿਸ਼ਤਗਰਦ ਮਾਰੇ

**ਜੰਮੂ** : ਪੁਲਵਾਮਾ ਜ਼ਿਲ੍ਹੇ ਵਿੱਚ ਆਵੰਤੀਪੋਰਾ ਦੇ ਤਰਾਲ ਖੇਤਰ ਵਿੱਚ ਵੀਰਵਾਰ ਸਵੇਰੇ ਮੁਕਾਬਲੇ 'ਚ ਤਿੰਨ ਦਹਿਸ਼ਤਗਰਦ ਮਾਰੇ ਗਏ। ਸੁਰੱਖਿਆ ਬਲਾਂ ਨੂੰ ਤਰਾਲ ਦੇ ਨਾਦੇਰ ਪਿੰਡ ਵਿੱਚ ਤਿੰਨ ਦੇ ਕਰੀਬ ਦਹਿਸ਼ਤਗਰਦਾਂ ਦੇ ਲੁਕੇ ਹੋਣ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਇਸ ਤੋਂ ਪਹਿਲਾਂ 13 ਮਈ ਨੂੰ ਸ਼ੋਪੀਆਂ ਜ਼ਿਲ੍ਹੇ ਦੇ ਕੇਲਰ ਵਿੱਚ ਲਸ਼ਕਰ-ਏ-ਤਈਬਾ ਦੇ ਤਿੰਨ ਦਹਿਸ਼ਤਗਰਦ ਮਾਰੇ ਗਏ ਸਨ।

## ਮਨੀਪੁਰ 'ਚ 10 ਅੱਤਵਾਦੀ ਮਾਰੇ

**ਇੰਫਾਲ** : ਵੀਰਵਾਰ ਸਵੇਰ ਅਸਾਮ ਰਾਈਫਲਜ਼ ਨੇ ਮਨੀਪੁਰ ਦੇ ਚੰਦੇਲ ਜ਼ਿਲ੍ਹੇ ਵਿੱਚ ਮੁਕਾਬਲੇ ਦੌਰਾਨ 10 ਅੱਤਵਾਦੀਆਂ ਨੂੰ ਮਾਰ ਦਿੱਤਾ। ਮੁਕਾਬਲੇ ਵਾਲੀ ਥਾਂ ਪਹਾੜੀ ਖੇਤਰ ਵਿੱਚ ਭਾਰਤ-ਮਿਆਂਮਾਰ ਕੌਮਾਂਤਰੀ ਸਰਹੱਦ ਦੇ ਨੇੜੇ ਹੈ ਤੇ ਰਾਜਧਾਨੀ ਇੰਫਾਲ ਤੋਂ 130 ਕਿਲੋਮੀਟਰ ਦੂਰ ਹੈ। ਇੱਥੇ ਬਹੁਤ ਘੱਟ ਮਨੁੱਖੀ ਆਬਾਦੀ ਹੈ।

## ਉਡਾਣਾਂ ਬਹਾਲ, ਲੋਕਾਂ ਨੂੰ ਕਸ਼ਮੀਰ ਆਉਣ ਦਾ ਸੱਦਾ

**ਸ੍ਰੀਨਗਰ** : ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਨੇ ਵੀਰਵਾਰ ਦੱਸਿਆ ਕਿ ਸ੍ਰੀਨਗਰ ਲਈ ਸਾਰੀਆਂ ਉਡਾਣਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ। ਉਨ੍ਹਾ ਭਾਰਤ ਵਾਸੀਆਂ ਨੂੰ ਕਸ਼ਮੀਰ ਘਾਟੀ 'ਚ ਆਉਣ ਦੀ ਅਪੀਲ ਵੀ ਕੀਤੀ ਹੈ। ਉਨ੍ਹਾ ਕਿਹਾ, 'ਇਸ ਵੇਲੇ ਇੱਥੋਂ ਦੇ ਲੋਕ ਸੈਰ-ਸਪਾਟਾ, ਆਰਥਕਤਾ ਅਤੇ ਕਾਰੋਬਾਰ ਦੇ ਲਿਹਾਜ਼ ਨਾਲ ਔਖੇ ਸਮੇਂ ਵਿੱਚੋਂ ਗੁਜ਼ਰ ਰਹੇ ਹਨ, ਪਰ ਹੁਣ ਕਸ਼ਮੀਰ ਸੁਰੱਖਿਅਤ ਹੈ। ਲੋਕ ਇੱਥੇ ਦੁਬਾਰਾ ਆਉਣ। ਸਾਨੂੰ ਕਸ਼ਮੀਰ ਦੇ ਅਰਥਚਾਰੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ। ਮੈਂ ਇੱਥੇ ਸਥਾਨਕ ਲੋਕਾਂ ਨੂੰ ਮਿਲਿਆ, ਜਿਨ੍ਹਾਂ ਆਵਾਜ਼ ਉਠਾਈ ਕਿ ਸੈਰ-ਸਪਾਟੇ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਇਸ ਦਿਸ਼ਾ ਵਿੱਚ ਸਾਰੇ ਲੋੜੀਂਦੇ ਕਦਮ ਚੁੱਕੇਗੀ।'

## ਟਰੰਪ ਦੀ ਐੱਪਲ ਨੂੰ ਭਾਰਤ 'ਚ ਕੰਮ ਨਾ ਵਧਾਉਣ ਦੀ ਮੱਤ



**ਨਵੀਂ ਦਿੱਲੀ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐੱਪਲ ਦੇ ਸੀ ਈ ਓ ਟਿਮ ਕੁੱਕ ਨੂੰ ਕਿਹਾ ਹੈ ਕਿ ਉਸ ਨੂੰ ਭਾਰਤ ਵਿੱਚ ਫੈਕਟਰੀਆਂ ਲਾਉਣ ਦੀ ਲੋੜ ਨਹੀਂ। ਉਹ ਨਹੀਂ ਚਾਹੁੰਦੇ ਕਿ ਐੱਪਲ ਦੇ ਪ੍ਰੋਡਕਟ ਭਾਰਤ ਵਿੱਚ ਬਣਨ। ਇੰਡੀਆ ਆਪਣਾ ਖਿਆਲ ਖੁਦ ਰੱਖ ਸਕਦਾ ਹੈ। ਕੁੱਕ ਨਾਲ ਹੋਈ ਗੱਲਬਾਤ ਦੀ ਜਾਣਕਾਰੀ ਟਰੰਪ ਨੇ ਵੀਰਵਾਰ ਕਤਰ ਦੀ ਰਾਜਧਾਨੀ ਦੋਹਾ ਵਿੱਚ ਬਿਜ਼ਨਸ ਲੀਡਰਾਂ ਨਾਲ ਇੱਕ ਪ੍ਰੋਗਰਾਮ ਵਿੱਚ ਦਿੱਤੀ। ਟਰੰਪ ਨੇ ਕਿਹਾ ਕਿ ਐੱਪਲ ਨੂੰ ਹੁਣ ਅਮਰੀਕਾ ਵਿੱਚ ਉਤਪਾਦਨ ਵਧਾਉਣਾ ਪਵੇਗਾ। ਟਰੰਪ ਨੇ ਕਿਹਾ, 'ਮੈਨੂੰ ਕੱਲ੍ਹ ਟਿਮ ਕੁੱਕ ਨਾਲ ਥੋੜ੍ਹੀ ਪ੍ਰੇਸ਼ਾਨੀ ਹੋਈ। ਮੈਂ ਉਸ ਨੂੰ ਕਿਹਾ, ਟਿਮ, ਤੂੰ ਮੇਰਾ ਦੋਸਤ ਏਂ, ਮੈਂ ਤੇਰੇ ਨਾਲ ਬਹੁਤ ਚੰਗਾ ਸਲੂਕ ਕੀਤਾ, ਤੂੰ 500 ਅਰਬ ਡਾਲਰ ਲੈ ਕੇ ਆ ਰਿਹਾ ਏਂ, ਪਰ ਮੈਂ ਹੁਣ ਸੁਣ ਰਿਹਾ ਹਾਂ ਕਿ ਤੂੰ ਪੂਰੇ ਭਾਰਤ ਵਿੱਚ ਫੈਕਟਰੀਆਂ ਲਾ ਰਿਹਾ ਏਂ। ਮੈਂ ਨਹੀਂ ਚਾਹੁੰਦਾ ਕਿ ਤੂੰ ਭਾਰਤ ਵਿੱਚ ਪ੍ਰੋਡਕਸ਼ਨ ਕਰੇਂ। ਜੇ ਤੂੰ ਭਾਰਤ ਦਾ ਖਿਆਲ ਰੱਖਣਾ ਚਾਹੁੰਦਾਂ ਏਂ ਤਾਂ ਤੂੰ ਭਾਰਤ ਵਿੱਚ ਪ੍ਰੋਡਕਸ਼ਨ ਕਰ ਸਕਦਾ ਏਂ, ਕਿਉਂਕਿ ਭਾਰਤ ਦੁਨੀਆ ਵਿੱਚ ਸਭ ਤੋਂ ਵੱਧ ਟੈਰਿਫ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਵਿੱਚ ਵੇਚਣਾ ਬਹੁਤ ਮੁਸ਼ਕਲ ਹੈ ਅਤੇ ਉਨ੍ਹਾਂ ਇੱਕ ਡੀਲ ਦੀ ਪੇਸ਼ਕਸ਼ ਕੀਤੀ ਹੈ, ਜਿਸ ਦੇ ਤਹਿਤ ਉਹ ਸਾਥੋਂ ਕੋਈ ਟੈਰਿਫ ਨਹੀਂ ਵਸੂਲਣ ਲਈ ਤਿਆਰ ਹਨ। ਮੈਂ ਟਿਮ ਨੂੰ ਕਿਹਾ, ਟਿਮ, ਦੇਖ, ਅਸੀਂ ਤੇਰੇ ਨਾਲ ਬਹੁਤ ਚੰਗਾ ਸਲੂਕ ਕੀਤਾ ਹੈ, ਅਸੀਂ ਵਰ੍ਹਿਆਂ ਤੱਕ ਚੀਨ ਵਿੱਚ ਤੇਰੇ ਵੱਲੋਂ ਲਾਏ ਗਏ ਸਾਰੇ ਪਲਾਂਟਾਂ ਨੂੰ ਸਹਿਣ ਕੀਤਾ, ਹੁਣ ਤੈਨੂੰ ਅਮਰੀਕਾ ਵਿੱਚ ਪ੍ਰੋਡਕਸ਼ਨ ਕਰਨੀ ਪਵੇਗੀ, ਅਸੀਂ ਨਹੀਂ ਚਾਹੁੰਦੇ ਕਿ ਤੂੰ ਭਾਰਤ ਵਿੱਚ ਪ੍ਰੋਡਕਸ਼ਨ ਕਰੇਂ। ਇੰਡੀਆ ਆਪਣਾ ਖਿਆਲ ਖੁਦ ਰੱਖ ਸਕਦਾ ਹੈ।' ਐੱਪਲ ਦੇ ਸੀ ਈ ਓ ਟਿਮ ਕੁੱਕ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਅਮਰੀਕੀ ਬਾਜ਼ਾਰ ਵਿੱਚ ਵਿਕਣ ਵਾਲੇ 50 ਫੀਸਦੀ ਆਈ ਫੋਨ ਭਾਰਤ ਵਿੱਚ ਬਣ ਰਹੇ ਹਨ। ਏਅਰਪੌਡ, ਐੱਪਲ ਵਾਚ ਵਰਗੇ ਹੋਰ ਪ੍ਰੋਡਕਟ ਜ਼ਿਆਦਾਤਰ ਵੀਅਤਨਾਮ ਵਿੱਚ ਬਣਾਏ ਜਾ ਰਹੇ ਹਨ।

## ਪੰਜ ਲੱਖ ਏਕੜ 'ਚ ਸਿੱਧੀ ਬਿਜਾਈ ਦਾ ਟੀਚਾ : ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਧਰਤੀ ਹੇਠਲੇ ਬੇਸ਼ਕੀਮਤੀ ਪਾਣੀ ਦੀ 15 ਤੋਂ 20 ਫੀਸਦੀ ਬੱਚਤ ਕਰਨ ਦੇ ਮੰਤਵ ਨਾਲ ਇਕ ਹੋਰ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵੀਰਵਾਰ ਝੋਨੇ ਦੀ ਸਿੱਧੀ ਬਿਜਾਈ ਦੀ ਸ਼ੁਰੂਆਤ ਕੀਤੀ, ਜਿਹੜੀ ਕਿਸਾਨਾਂ ਦੀ ਆਮਦਨ ਵਿੱਚ ਵੱਡੇ ਵਾਧੇ ਤੋਂ ਇਲਾਵਾ ਧਰਤੀ ਹੇਠਲਾ ਡਿੱਗਦਾ ਪਾਣੀ ਬਚਾਉਣ ਲਈ ਪ੍ਰੇਰਕ ਵਜੋਂ ਕੰਮ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਟੀਚਾ ਇਸ ਸਾਉਣੀ ਸੀਜ਼ਨ ਦੌਰਾਨ ਪੰਜ ਲੱਖ ਏਕੜ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ ਅਧੀਨ ਲਿਆਉਣ ਦਾ ਹੈ। ਸੂਬਾ ਸਰਕਾਰ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਵਿੱਤੀ ਮਦਦ ਦੇ ਰਹੀ ਹੈ।

## ਸੂਡਾਨੀ ਵਿਦਿਆਰਥੀ ਦੀ ਹੱਤਿਆ, 6 ਗ੍ਰਿਫਤਾਰ

**ਫਗਵਾੜਾ** : ਵੀਰਵਾਰ ਤੜਕੇ ਫਗਵਾੜਾ ਵਿੱਚ ਇਕ ਨਿੱਜੀ ਯੂਨੀਵਰਸਿਟੀ ਨੇੜੇ ਹੋਏ ਹਿੰਸਕ ਝਗੜੇ 'ਚ 25 ਸਾਲਾ ਸੂਡਾਨੀ ਵਿਦਿਆਰਥੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਅਤੇ ਇੱਕ ਹੋਰ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਗਿਆ।

ਐੱਸ ਐੱਸ ਪੀ ਕਪੂਰਥਲਾ ਗੌਰਵ ਤੂਰਾ ਨੇ ਦੱਸਿਆ ਕਿ ਇਸ ਤੇਜ਼ੀ ਨਾਲ ਕਾਰਵਾਈ ਕਰਦਿਆਂ ਐੱਸ ਪੀ ਰੁਪਿੰਦਰ ਭੱਟੀ ਅਤੇ ਐੱਸ ਪੀ (ਜਾਂਚ) ਦੀ ਅਗਵਾਈ ਹੇਠ ਫਗਵਾੜਾ ਪੁਲਸ ਦੀ ਟੀਮ ਨੇ ਪੰਜ ਘੰਟਿਆਂ ਬਾਅਦ ਹੀ ਸਾਰੇ ਛੇ ਮੁਲਜ਼ਮਾਂ ਨੂੰ ਹਿਮਾਚਲ ਪ੍ਰਦੇਸ਼ ਤੋਂ ਗ੍ਰਿਫਤਾਰ ਕਰ ਲਿਆ। ਉਨ੍ਹਾ ਦੱਸਿਆ ਕਿ ਇਹ ਘਟਨਾ ਸਵੇਰੇ 4 ਵਜੇ ਤੋਂ ਪਹਿਲਾਂ ਲਾਅ ਗੇਟ ਨੇੜੇ ਗ੍ਰੀਨ ਵੈਲੀ ਇਲਾਕੇ ਵਿੱਚ ਵਾਪਰੀ, ਜੋ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ, ਖਾਸ ਕਰਕੇ ਅਫਰੀਕੀ ਦੇਸ਼ਾਂ ਦੇ ਵਿਦਿਆਰਥੀਆਂ ਲਈ ਰਿਹਾਇਸ਼ੀ ਕੇਂਦਰ ਹੈ। ਜ਼ਖਮੀ ਵਿਦਿਆਰਥੀ ਅਹਿਮਦ ਮੁਹੰਮਦ ਨੂਰ ਅਹਿਮਦ ਹੁਸੈਨ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ ਉਹ ਅਤੇ ਮੁਹੰਮਦ ਵਾਦਾ ਬਾਲਾ ਯੂਸਫ ਅਹਿਮਦ ਦੋ ਸੂਡਾਨੀ ਵਿਦਿਆਰਥਣਾਂ ਦੇ ਨਾਲ ਸਵੇਰ ਦੀ ਨਮਾਜ਼ ਤੋਂ ਵਾਪਸ ਆ ਰਹੇ ਸਨ। ਇਸ ਦੌਰਾਨ ਉਨ੍ਹਾਂ ਨੂੰ ਭਾਰਤੀ ਮੁੰਡਿਆਂ ਦੇ ਗਰੁੱਪ ਨੇ ਰੋਕਿਆ। ਕਥਿਤ ਤੌਰ 'ਤੇ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਇਸ ਗਰੁੱਪ ਨੇ ਵਿਦਿਆਰਥਣਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਦੇ ਫੋਨ ਨੰਬਰ ਮੰਗੇ। ਪ੍ਰੇਸ਼ਾਨ ਕਰਨ ਤੋਂ ਰੋਕੇ ਜਾਣ ਤੇ ਉਹ ਹਿੰਸਕ ਹੋ ਗਏ। ਦੋ ਹਮਲਾਵਰ ਚਾਕੂਆਂ ਨਾਲ ਲੈਸ ਸਨ ਅਤੇ ਦੋਹਾਂ ਦੀ ਛਾਤੀ ਵਿੱਚ ਚਾਕੂ ਮਾਰ ਕੇ ਭੱਜ ਗਏ।

ਸਥਾਨਕ ਨਿਵਾਸੀ ਪ੍ਰਭਾਤ ਦੂਬੇ ਨੇ ਜ਼ਖਮੀਆਂ ਨੂੰ ਜਲੰਧਰ ਛਾਉਣੀ ਦੇ ਜੌਹਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਮੁਹੰਮਦ ਵਾਡਾ ਨੂੰ ਮ੍ਰਿਤਕ ਐਲਾਨ ਦਿੱਤਾ, ਜਦੋਂ ਕਿ ਅਹਿਮਦ ਨੂੰ ਗੰਭੀਰ ਹਾਲਤ ਵਿੱਚ ਡਾਕਟਰੀ ਨਿਗਰਾਨੀ ਹੇਠ ਰੱਖਿਆ ਗਿਆ ਹੈ।

ਪੁਲਸ ਨੇ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕਰ ਕਾਰਵਾਈ ਅਮਲ ਵਿਚ ਲਿਆਂਦੀ ਹੈ। ਜ਼ਖਮੀ ਅਹਿਮਦ ਨੇ ਪੁਲਸ ਨੂੰ ਛੇ ਕਥਿਤ ਹਮਲਾਵਰਾਂ ਦੇ ਨਾਂਅ ਵੀ ਦੱਸੇ, ਜਿਨ੍ਹਾਂ 'ਚ ਕਰਨਾਟਕ ਦੇ ਚਿਕਮੰਗਲੁਰੂ ਤੋਂ ਅਬਦੁਲ ਅਹਦ ਅਤੇ ਯੂ ਪੀ ਤੇ ਬਿਹਾਰ ਤੋਂ ਕੁਵਰ ਅਮਰ ਪ੍ਰਤਾਪ ਸਿੰਘ, ਆਦਿਤਿਆ ਗਰਗ, ਮੁਹੰਮਦ ਸ਼ੋਇਬ, ਸੁਸ਼ਾਂਕ ਉਰਫ ਸ਼ੈਗੀ ਅਤੇ ਯਸ਼ ਵਰਧਨ ਰਾਜਪੂਤ ਸ਼ਾਮਲ ਹਨ ਅਤੇ ਫਗਵਾੜਾ 'ਚ ਪੇਇੰਗ ਗੈਸਟ ਵਜੋਂ ਰਹਿ ਰਹੇ ਸਨ।

## ਨਸ਼ਾ ਤਸਕਰੀ ਦੇ ਦੋਸ਼ 'ਚ ਡੀ ਐੱਸ ਪੀ ਗ੍ਰਿਫਤਾਰ

**ਸੰਗਰੂਰ** : ਪੁਲਸ ਨੇ ਸੰਗਰੂਰ ਜੇਲ੍ਹ ਦੇ ਡੀ ਐੱਸ ਪੀ ਸੁਰੱਖਿਆ ਗੁਰਪ੍ਰੀਤ ਸਿੰਘ ਨੂੰ ਨਸ਼ਾ ਤਸਕਰੀ ਤੇ ਜੇਲ੍ਹ ਦੇ ਅੰਦਰ ਮੋਬਾਇਲ ਫੋਨਾਂ ਦੀ ਸਪਲਾਈ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਨਸ਼ਾ ਤਸਕਰੀ ਦੇ ਇਵਜ਼ ਵਿੱਚ ਉਸ ਦੇ ਪਰਵਾਰਕ ਮੈਂਬਰਾਂ ਨੂੰ ਯੂ ਪੀ ਆਈ ਖਾਤਿਆਂ ਰਾਹੀਂ ਭੁਗਤਾਨ ਕੀਤਾ ਗਿਆ ਸੀ। ਪੁਲਸ ਨੇ ਨਸ਼ੀਲੇ ਪਦਾਰਥ, ਅਸਲਾ ਅਤੇ ਨਕਦੀ ਵੀ ਜ਼ਬਤ ਕੀਤੀ ਹੈ। ਪਿਛਲੇ ਕਈ ਦਿਨਾਂ ਤੋ ਜਾਂਚ ਕਰ ਰਹੀ ਪੁਲਸ ਨੇ ਇਸ ਤੋਂ ਪਹਿਲਾਂ ਜੇਲ੍ਹ ਦੇ ਦਰਜਾ ਚਾਰ ਮੁਲਾਜ਼ਮ ਨੂੰ ਗ੍ਰਿਫਤਾਰ ਕੀਤਾ ਸੀ। ਜਾਂਚ ਦੌਰਾਨ ਪੁਲਸ ਨੇ ਅੱਠ ਹਵਾਲਾਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਮੋਬਾਇਲ ਫੋਨ, 50 ਗ੍ਰਾਮ ਅਫੀਮ ਆਦਿ ਬਰਾਮਦ ਕੀਤੀ ਸੀ। ਪੁੱਛਗਿੱਛ ਤੋਂ ਬਾਅਦ ਅੰਮ੍ਰਿਤਸਰ ਤੋਂ ਮਨਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ 4 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਸੀ। ਐੱਸ ਐੱਸ ਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਨੂੰ ਜੇਲ੍ਹ ਦੇ ਅੰਦਰ ਨਸ਼ੀਲੇ ਪਦਾਰਥਾਂ ਅਤੇ ਮੋਬਾਇਲ ਫੋਨਾਂ ਦੀ ਤਸਕਰੀ ਵਿੱਚ ਸਰਗਰਮੀ ਨਾਲ ਸ਼ਾਮਲ ਪਾਇਆ ਗਿਆ ਸੀ ਅਤੇ ਉਸ ਨੂੰ ਆਪਣੇ ਪਰਵਾਰਕ ਮੈਂਬਰਾਂ ਨਾਲ ਜੁੜੇ ਯੂ ਪੀ ਆਈ ਖਾਤਿਆਂ ਰਾਹੀਂ ਭੁਗਤਾਨ ਮਿਲ ਰਹੇ ਸਨ। ਹੁਣ ਤੱਕ ਇਸ ਮਾਮਲੇ ਵਿੱਚ ਕੁਲ 19 ਜਣਿਆਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ।

## ਡੁੱਬਣ ਕਾਰਨ ਨੌਜਵਾਨ ਦੀ ਮੌਤ



**ਖੰਨਾ (ਸੁਖਵਿੰਦਰ ਸਿੰਘ ਭਾਦਲਾ/ ਪਰਮਿੰਦਰ ਸਿੰਘ ਮੋਨੂੰ)**-ਵੀਰਵਾਰ ਦੁਪਹਿਰੇ ਪਿੰਡ ਲਲੌੜੀ ਕਲਾਂ ਦੇ ਟੋਬੇ ਵਿੱਚ ਡੁੱਬਣ ਕਾਰਨ ਨੌਜਵਾਨ ਦੀ ਮੌਤ ਹੋ ਗਈ। ਜਗਦੀਸ਼ ਸਿੰਘ ਪੁੱਤਰ ਸਤੀਸ਼ ਕੁਮਾਰ, ਜਿਹੜਾ ਕਿ ਨਾਨਕੇ ਪਿੰਡ ਲਲੌੜੀ ਕਲਾਂ ਵਿਖੇ ਹੀ ਰਹਿ ਰਿਹਾ ਸੀ, ਦੁਪਹਿਰੇ ਟੋਬੇ ਦੇ ਕੰਢੇ ਬੈਠੇ ਕਬੂਤਰ ਨੂੰ ਫੜਨ ਗਿਆ ਤਾਂ ਅਚਾਨਕ ਪੈਰ ਤਿਲਕਣ ਕਾਰਨ ਉਹ ਟੋਬੇ ਵਿੱਚ ਹੀ ਡਿੱਗ ਗਿਆ। ਡਿੱਗਦੇ ਸਾਰ ਹੀ ਉਹ ਦਲਦਲ ਵਿੱਚ ਫਸ ਗਿਆ ਤੇ ਡੁੱਬਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਚੌਕੀ ਬਰਧਾਲਾ ਦੇ ਇੰਚਾਰਜ ਹਰਜਿੰਦਰ ਸਿੰਘ ਘਲੋਟੀ ਨੇ ਮ੍ਰਿਤਕ ਸਰੀਰ ਟੋਬੇ ਵਿੱਚੋਂ ਪਿੰਡ ਦੇ ਲੋਕਾਂ ਦੀ ਮਦਦ ਨਾਲ ਬਾਹਰ ਕਢਵਾਇਆ।

## ਮੱਧ ਪ੍ਰਦੇਸ਼ ਦੇ ਮੰਤਰੀ ਨੂੰ ਚੀਫ ਜਸਟਿਸ ਨੇ ਵੀ ਝਾੜਿਆ

**ਨਵੀਂ ਦਿੱਲੀ** : ਕਰਨਲ ਸੋਫੀਆ ਕੁਰੈਸ਼ੀ ਬਾਰੇ ਵਿਵਾਦਪੂਰਨ ਟਿੱਪਣੀ ਕਰਨ 'ਤੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਹੁਕਮ 'ਤੇ ਦਰਜ ਹੋਈ ਐੱਫ ਆਈ ਆਰ ਖਿਲਾਫ ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਵੀਰਵਾਰ ਸੁਪਰੀਮ ਕੋਰਟ ਪੁੱਜੇ, ਪਰ ਉਨ੍ਹਾ ਨੂੰ ਰਾਹਤ ਨਹੀਂ ਮਿਲੀ। ਚੀਫ ਜਸਟਿਸ ਬੀ ਆਰ ਗਵਈ ਨੇ ਐੱਫ ਆਈ ਆਰ 'ਤੇ ਰੋਕ ਲਾਉਣ ਦੀ ਮੰਗ ਪ੍ਰਵਾਨ ਨਾ ਕਰਦਿਆਂ ਸੁਣਵਾਈ ਸ਼ੁੱਕਰਵਾਰ 'ਤੇ ਟਾਲਦਿਆਂ ਮੰਤਰੀ ਨੂੰ ਝਾੜ ਵੀ ਪਾਈ। ਚੀਫ ਜਸਟਿਸ ਨੇ ਕਿਹਾ, 'ਤੁਸੀਂ ਕਿਸ ਤਰ੍ਹਾਂ ਦਾ ਬਿਆਨ ਦੇ ਰਹੇ ਹੋ? ਤੁਸੀਂ ਮੰਤਰੀ ਹੋ। ਮੰਤਰੀ ਹੋ ਕੇ ਕਿਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕਰ ਰਹੇ ਹੋ? ਕੀ ਇਹ ਮੰਤਰੀ ਨੂੰ ਸ਼ੋਭਾ ਦਿੰਦਾ ਹੈ? ਸੰਵਿਧਾਨਕ ਅਹੁਦੇ 'ਤੇ ਬੈਠੇ ਸ਼ਖਸ ਤੋਂ ਇਸ ਤਰ੍ਹਾਂ ਦੇ ਬਿਆਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਜਦੋਂ ਦੇਸ਼ ਇਸ ਤਰ੍ਹਾਂ ਦੀ ਸਥਿਤੀ ਵਿੱਚੋਂ ਲੰਘ ਰਿਹਾ ਹੈ, ਤਦ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਬੈਠੇ ਸ਼ਖਸ ਤੋਂ ਇਸ ਤਰ੍ਹਾਂ ਦੇ ਬਿਆਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ।'

ਉਧਰ, ਮੱਧ ਪ੍ਰਦੇਸ਼ ਹਾਈ ਕੋਰਟ ਦੇ ਜਸਟਿਸ ਅਤੁਲ ਸ੍ਰੀਧਰਨ ਤੇ ਜਸਟਿਸ ਅਨੁਰਾਧਾ ਮਲਿਕ ਦੀ ਬੈਂਚ ਨੇ ਮੰਤਰੀ ਖਿਲਾਫ ਦਰਜ ਐੱਫ ਆਈ ਆਰ 'ਤੇ ਮੱਧ ਪ੍ਰਦੇਸ਼ ਸਰਕਾਰ ਦੀ ਖਿਚਾਈ ਕਰਦਿਆਂ ਕਿਹਾ ਕਿ ਸ਼ਾਹ ਵੱਲੋਂ 12 ਮਈ ਨੂੰ ਦਿੱਤੀ ਤਕਰੀਰ ਨੂੰ ਇਸ ਦਾ ਹਿੱਸਾ ਕਿਉਂ ਨਹੀਂ ਬਣਾਇਆ ਗਿਆ। ਬੈਂਚ ਨੇ ਕਿਹਾ ਕਿ ਉਹ ਪੁਲਸ ਜਾਂਚ ਦੀ ਨਿਗਰਾਨੀ ਕਰੇਗੀ। ਬੈਂਚ ਨੇ ਕਿਹਾ ਕਿ ਐੱਫ ਆਈ ਆਰ ਦੀ ਭਾਸ਼ਾ ਇਸ ਤਰ੍ਹਾਂ ਦੀ ਹੈ ਕਿ ਕੋਰਟ ਵਿੱਚ ਟਿਕ ਨਹੀਂ ਸਕਦੀ।

ਮੰਤਰੀ ਨੇ ਇੰਦੌਰ ਦੇ ਮਹੂ ਵਿੱਚ ਇੱਕ ਪ੍ਰੋਗਰਾਮ ਦੌਰਾਨ ਕਿਹਾ ਸੀ—ਜਿਨ੍ਹਾਂ ਨੇ ਸਾਡੀਆਂ ਧੀਆਂ ਦੇ ਸਿੰਧੂਰ ਉਜਾੜੇ, ਉਨ੍ਹਾਂ ਲੋਕਾਂ ਦੀ ਅਸੀਂ ਉਨ੍ਹਾਂ ਦੀ ਭੈਣ ਨੂੰ ਭੇਜ ਕੇ ਐਸੀ-ਤੈਸੀ ਕਰਵਾਈ। ਉਨ੍ਹਾਂ ਕੱਪੜੇ ਉਤਾਰ ਕੇ ਸਾਡੇ ਹਿੰਦੂਆਂ ਨੂੰ ਮਾਰਿਆ, ਮੋਦੀ ਜੀ ਨੇ ਉਨ੍ਹਾਂ ਦੀ ਭੈਣ ਨੂੰ ਉਨ੍ਹਾਂ ਦੀ ਐਸੀ-ਤੈਸੀ ਕਰਨ ਲਈ ਉਨ੍ਹਾਂ ਦੇ ਘਰ ਭੇਜਿਆ।

ਕਰਨਲ ਕੁਰੈਸ਼ੀ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਵੱਲੋਂ ਕੀਤੇ ਗਏ 'ਅਪ੍ਰੇਸ਼ਨ ਸਿੰਧੂਰ' ਦਾ ਵੇਰਵਾ ਮੀਡੀਆ ਕਾਨਫਰੰਸ ਦੌਰਾਨ ਸਾਂਝਾ ਕੀਤਾ ਸੀ, ਜਿਸ ਵਿੱਚ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਸ਼ਾਹ ਵੀ ਸ਼ਾਮਲ ਹੋਏ ਸਨ।

## ਮਿਸੀਸਾਗਾ 'ਚ ਪੰਜਾਬੀ ਕਾਰੋਬਾਰੀ ਦਾ ਕਤਲ



**ਵੈਨਕੂਵਰ** : ਮਿਸੀਸਾਗਾ ਦੀ ਡੈਰੀ ਰੋਡ ਨੇੜੇ ਟੈਲਫੋਰਡ ਵੇਅ 'ਤੇ ਪੰਜਾਬੀ ਕਾਰੋਬਾਰੀ ਹਰਜੀਤ ਸਿੰਘ ਢੱਡਾ (50) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਪੁਲਸ ਨੇ ਮ੍ਰਿਤਕ ਦੀ ਪਛਾਣ ਜ਼ਾਹਰ ਨਹੀਂ ਕੀਤੀ, ਪਰ ਘਟਨਾ ਸਥਾਨ 'ਤੇ ਮੌਜੂਦ ਸੂਤਰਾਂ ਨੇ ਦੱਸਿਆ ਕਿ ਵਾਰਦਾਤ ਮੌਕੇ ਹਰਜੀਤ ਸਿੰਘ ਢੱਡਾ ਆਪਣੇ ਦਫਤਰ ਦੇ ਬਾਹਰ ਖੜ੍ਹੇ ਆਪਣੇ ਵਾਹਨ ਕੋਲ ਆਇਆ ਤਾਂ ਪਹਿਲਾਂ ਤੋਂ ਘਾਤ ਲਾ ਕੇ ਖੜ੍ਹੇ ਅਣਪਛਾਤਿਆਂ ਨੇ ਉਸ 'ਤੇ 15-16 ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਇੱਕ ਚਸ਼ਮਦੀਦ ਨੇ ਦੱਸਿਆ ਕਿ ਉਹ ਥੋੜ੍ਹੀ ਦੂਰ ਖੜ੍ਹਾ ਸੀ, ਜਦੋਂ ਬੰਦੂਕਧਾਰੀ ਪਾਰਕਿੰਗ 'ਚ ਖੜ੍ਹੀ ਕਾਰ 'ਚੋਂ ਨਿਕਲੇ ਅਤੇ ਗੋਲੀਆਂ ਚਲਾ ਕੇ ਵਾਪਸ ਉਸੇ ਕਾਰ ਵਿੱਚ ਫਰਾਰ ਹੋ ਗਏ। ਉਤਰਾਖੰਡ ਦੇ ਬਾਜਪੁਰ ਜ਼ਿਲ੍ਹੇ ਤੋਂ ਕਿਸਾਨੀ ਪਿਛੋਕੜ ਵਾਲਾ ਹਰਜੀਤ ਸਿੰਘ ਢੱਡਾ ਕਰੀਬ 30 ਵਰ੍ਹੇ ਪਹਿਲਾਂ ਕੈਨੇਡਾ ਆਇਆ ਸੀ ਤੇ ਟਰੱਕਾਂ ਨਾਲ ਸੰਬੰਧਤ ਸਹੂਲਤਾਂ ਪ੍ਰਦਾਨ ਕਰਨ ਦਾ ਵੱਡਾ ਕਾਰੋਬਾਰੀ ਸੀ। ਨਜ਼ਦੀਕੀਆਂ ਨੇ ਦੱਸਿਆ ਕਿ ਕੁਝ ਸਮੇਂ ਤੋਂ ਉਸ ਨੂੰ ਖਤਮ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ ਤੇ ਪੀਲ ਪੁਲਸ ਨੇ ਵੀ ਹਰਜੀਤ ਨੂੰ ਖਬਰਦਾਰ ਕੀਤਾ ਹੋਇਆ ਸੀ।

ਹਰਜੀਤ ਸਿੰਘ ਦੇ ਨਜ਼ਦੀਕੀਆਂ ਨੇ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਭਾਰਤੀ ਨੰਬਰਾਂ ਤੋਂ ਆਉਂਦੀਆਂ ਧਮਕੀਆਂ ਕਾਰਨ ਕੁਝ ਸਮੇਂ ਤੋਂ ਉਹ ਪ੍ਰੇਸ਼ਾਨ ਰਹਿਣ ਲੱਗਿਆ ਸੀ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਸ਼ਹਿਰ **ਚੌਕੀਮਾਨ** ਤੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਨ 'ਤੇ 24 ਮਈ ਨੂੰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਇੰਜ. ਬਲਬੀਰ ਸਿੰਘ ਮਾਨ** ਨਾਲ ਮੋਬਾਇਲ 98155-89980, 98147-89980 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

## ਅੱਜ-ਨਾਮਾ

ਰਹਿੰਦਾ ਵਕਤ ਤਾਂ ਭਾਵੇਂ ਈ ਬਹੁਤ ਹਾਲੇ,
ਅਗਲੀ ਚੋਣ ਲਈ ਚੱਲ ਪਈ ਗੱਲ ਬੇਲੀ।
ਕਿਹੜੀ ਪਾਰਟੀ ਨੇ ਕਿਸ ਦੇ ਨਾਲ ਜੁੜਨਾ,
ਪਰਦੇ ਓਹਲੇ ਕੁਝ ਗੱਲ ਪਈ ਚੱਲ ਬੇਲੀ।
ਪਿਛਲੇ ਦਿਨਾਂ ਵਿੱਚ ਚੱਲੇ ਵਿਵਾਦ ਜਿਹੜੇ,
ਲੱਗੇ ਪਏ ਉਨ੍ਹਾਂ ਦੇ ਲੱਭਣ ਨੂੰ ਹੱਲ ਬੇਲੀ।
ਲੱਗੇ ਈ ਖੰਭ ਤੋਲਣ ਲੀਡਰ ਦਲ-ਬਦਲੂ,
ਜਾਣਾ ਕਿੱਦਾਂ ਤੇ ਕਿਹੜੀ ਧਿਰ ਵੱਲ ਬੇਲੀ।
ਸਿਆਸੀ ਮੰਡੀ ਆ ਫੇਰ ਸਰਗਰਮ ਦਿੱਸੀ,
ਜਾਗ ਪਏ ਸੁਣੇ ਆ ਚੁਸਤ ਦਲਾਲ ਬੇਲੀ।
ਖੜਕਦੇ ਫੋਨ ਫਿਰ ਸੁਣੀਂਦੇ ਦਿਨੇ-ਰਾਤੀਂ,
ਕੀਹਨੂੰ ਜੋੜਨਾ ਕੀਹਦੇ ਫਿਰ ਨਾਲ ਬੇਲੀ।

-ਤੀਸ ਮਾਰ ਖਾਂ

## ਮਹਿਲਾ ਕਮਿਸ਼ਨ ਨੇ ਮੇਰੀ ਪੋਸਟ ਨੂੰ ਗਲਤ ਪੜ੍ਹਿਆ : ਮਹਿਮੂਦਾਬਾਦ



**ਸੋਨੀਪਤ** : ਇੱਥੋਂ ਦੀ ਨਿੱਜੀ ਅਸ਼ੋਕਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ, ਜਿਸ ਨੂੰ ਹਰਿਆਣਾ ਰਾਜ ਮਹਿਲਾ ਕਮਿਸ਼ਨ ਨੇ ਅਪ੍ਰੇਸ਼ਨ ਸਿੰਧੂਰ 'ਤੇ ਆਪਣੀ ਸੋਸ਼ਲ ਮੀਡੀਆ ਪੋਸਟ ਨੂੰ ਲੈ ਕੇ ਤਲਬ ਕੀਤਾ ਸੀ, ਨੇ ਵੀਰਵਾਰ ਕਿਹਾ ਕਿ ਕਮਿਸ਼ਨ ਨੇ ਉਸ ਦੀ ਟਿੱਪਣੀ ਨੂੰ ਗਲਤ ਪੜ੍ਹਿਆ ਹੈ। ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਅਲੀ ਖਾਨ ਮਹਿਮੂਦਾਬਾਦ ਨੇ 'ਐੱਕਸ' 'ਤੇ ਪੋਸਟ ਕੀਤੇ ਇੱਕ ਜਨਤਕ ਬਿਆਨ ਵਿੱਚ ਕਿਹਾ, 'ਮੈਂ ਹੈਰਾਨ ਹਾਂ ਕਿ ਮਹਿਲਾ ਕਮਿਸ਼ਨ ਨੇ ਆਪਣੇ ਅਧਿਕਾਰ ਖੇਤਰ ਨੂੰ ਪਾਰ ਕਰਦੇ ਹੋਏ, ਮੇਰੀਆਂ ਪੋਸਟਾਂ ਨੂੰ ਇਸ ਹੱਦ ਤੱਕ ਗਲਤ ਪੜ੍ਹਿਆ ਅਤੇ ਗਲਤ ਸਮਝਿਆ ਹੈ ਕਿ ਸ਼ਬਦਾਂ ਦੇ ਅਰਥ ਹੀ ਬਦਲ ਦਿੱਤੇ ਹਨ।' ਕਮਿਸ਼ਨ ਨੇ 12 ਮਈ ਨੂੰ ਮਹਿਮੂਦਾਬਾਦ ਨੂੰ ਨੋਟਿਸ ਭੇਜ ਕੇ ਕਿਹਾ ਸੀ ਕਿ ਉਨ੍ਹਾ ਦੀਆਂ ਸੋਸ਼ਲ ਮੀਡੀਆ ਪੋਸਟਾਂ ਦੀ ਪਹਿਲੀ ਨਜ਼ਰੇ ਸਮੀਖਿਆ ਵਿੱਚ ਕਈ ਚਿੰਤਾਵਾਂ ਦਾ ਖੁਲਾਸਾ ਹੋਇਆ ਹੈ, ਜਿਸ ਵਿਚ 'ਵਰਦੀ ਵਿਚ ਔਰਤਾਂ ਦਾ ਅਪਮਾਨ ਕਰਨਾ, ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਪੇਸ਼ੇਵਰ ਅਧਿਕਾਰੀਆਂ ਵਜੋਂ ਉਨ੍ਹਾਂ ਦੀ ਭੂਮਿਕਾ ਨੂੰ ਕਮਜ਼ੋਰ ਕਰਨਾ ਸ਼ਾਮਲ ਹੈ।'

ਜ਼ਿਕਰਯੋਗ ਹੈ ਕਿ ਕਰਨਲ ਸੋਫੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਨੇ ਪਿਛਲੇ ਹਫਤੇ ਪਾਕਿਸਤਾਨ 'ਤੇ ਭਾਰਤ ਦੀ ਫੌਜੀ ਕਾਰਵਾਈ ਅਪ੍ਰੇਸ਼ਨ ਸਿੰਧੂਰ ਦੌਰਾਨ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨਾਲ ਮੀਡੀਆ ਬ੍ਰੀਫਿੰਗ ਕੀਤੀ ਸੀ।

ਕਮਿਸ਼ਨ ਮੁਤਾਬਕ ਮਹਿਮੂਦਾਬਾਦ ਨੇ ਕਿਹਾ ਹੈ ਕਿ ਕਰਨਲ ਸੋਫੀਆ ਕੁਰੈਸ਼ੀ ਦੀ ਪ੍ਰਸ਼ੰਸਾ ਕਰਨ ਵਾਲੇ ਸੱਜੇ-ਪੱਖੀ ਲੋਕਾਂ ਨੂੰ ਭੀੜ ਵੱਲੋਂ ਕੀਤੀ ਗਈ ਹੱਤਿਆ ਅਤੇ ਜਾਇਦਾਦਾਂ ਦੀ ਮਨਮਾਨੇ ਢੰਗ ਨਾਲ ਬੁਲਡੋਜ਼ਰਿੰਗ ਦੇ ਪੀੜਤਾਂ ਲਈ ਸੁਰੱਖਿਆ ਦੀ ਮੰਗ ਕਰਨੀ ਚਾਹੀਦੀ ਹੈ। ਉਸ ਨੇ ਕਰਨਲ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਵੱਲੋਂ ਮੀਡੀਆ ਬ੍ਰੀਫਿੰਗਾਂ ਨੂੰ 'ਆਪਟੀਕਸ' ਵੀ ਦੱਸਿਆ। ਉਸ ਨੇ ਕਿਹਾ ਸੀ ਕਿ ਆਪਟੀਕਸ ਨੂੰ ਜ਼ਮੀਨੀ ਹਕੀਕਤ ਵਿਚ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ, ਨਹੀਂ ਤਾਂ ਇਹ ਸਿਰਫ ਪਖੰਡ ਹੈ। ਕਮਿਸ਼ਨ ਨੇ ਮਹਿਮੂਦਾਬਾਦ ਨੂੰ ਬੁੱਧਵਾਰ ਨੂੰ ਤਲਬ ਕੀਤਾ ਸੀ। ਹਾਲਾਂਕਿ ਪੈਨਲ ਦੀ ਚੇਅਰਪਰਸਨ ਰੇਣੂ ਭਾਟੀਆ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾ ਨੂੰ ਮਹਿਮੂਦਾਬਾਦ ਵੱਲੋਂ ਇੱਕ ਈਮੇਲ ਪ੍ਰਾਪਤ ਹੋਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਦੇਰ ਨਾਲ ਸੂਚਿਤ ਕੀਤਾ ਗਿਆ ਸੀ ਅਤੇ ਇਸ ਲਈ ਉਹ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋ ਸਕਦੇ। ਇਸ ਦੌਰਾਨ ਮਹਿਮੂਦਾਬਾਦ ਨੇ ਕਿਹਾ ਕਿ ਉਸ ਦੇ ਵਕੀਲਾਂ ਨੇ ਸੰਮਨਾਂ ਦਾ ਵਿਸਤ੍ਰਿਤ ਜਵਾਬ ਪੇਸ਼ ਕੀਤਾ ਹੈ ਅਤੇ ਬੁੱਧਵਾਰ ਨੂੰ ਕਮਿਸ਼ਨ ਦੇ ਸਾਹਮਣੇ ਉਸ ਦੀ ਪ੍ਰਤੀਨਿਧਤਾ ਕੀਤੀ ਹੈ। ਮਹਿਮੂਦਾਬਾਦ ਨੇ ਆਪਣੇ ਜਨਤਕ ਬਿਆਨ ਵਿਚ ਕਿਹਾ, 'ਕਮਿਸ਼ਨ ਦੇ ਨੋਟਿਸ ਨਾਲ ਜੁੜੇ ਸਕ੍ਰੀਨਸ਼ਾਟ ਇਹ ਸਪੱਸ਼ਟ ਕਰਦੇ ਹਨ ਕਿ ਮੇਰੀਆਂ ਟਿੱਪਣੀਆਂ ਨੂੰ ਪੂਰੀ ਤਰ੍ਹਾਂ ਗਲਤ ਸਮਝਿਆ ਗਿਆ ਹੈ ਅਤੇ ਕਮਿਸ਼ਨ ਦਾ ਇਸ ਮਾਮਲੇ ਵਿੱਚ ਕੋਈ ਅਧਿਕਾਰ ਖੇਤਰ ਨਹੀਂ। ਮਹਿਲਾ ਕਮਿਸ਼ਨ ਇੱਕ ਅਜਿਹੀ ਸੰਸਥਾ ਹੈ, ਜੋ ਇਕ ਮਹੱਤਵਪੂਰਨ ਕਾਰਜ ਕਰਦੀ ਹੈ, ਹਾਲਾਂਕਿ ਮੈਨੂੰ ਜਾਰੀ ਕੀਤੇ ਗਏ ਸੰਮਨ ਇਹ ਉਜਾਗਰ ਕਰਨ ਵਿੱਚ ਅਸਫਲ ਰਹਿੰਦੇ ਹਨ ਕਿ ਮੇਰੀ ਪੋਸਟ ਔਰਤਾਂ ਦੇ ਅਧਿਕਾਰਾਂ ਜਾਂ ਕਾਨੂੰਨਾਂ ਦੇ ਉਲਟ ਕਿਵੇਂ ਹੈ।'

ਆਪਣੀਆਂ ਪੋਸਟਾਂ ਬਾਰੇ ਮਹਿਮੂਦਾਬਾਦ ਨੇ ਕਿਹਾ, 'ਮੈਂ ਸ਼ਾਂਤੀ ਅਤੇ ਸਦਭਾਵਨਾ ਨੂੰ ਉਤਸ਼ਾਹਤ ਕਰਨ ਅਤੇ ਭਾਰਤੀ ਹਥਿਆਰਬੰਦ ਬਲਾਂ ਨੂੰ ਉਨ੍ਹਾਂ ਦੀ ਦ੍ਰਿੜ ਕਾਰਵਾਈ ਲਈ ਪ੍ਰਸ਼ੰਸਾ ਕਰਨ ਲਈ ਸੋਚ ਅਤੇ ਬੋਲਣ ਦੀ ਆਜ਼ਾਦੀ ਦੇ ਆਪਣੇ ਬੁਨਿਆਦੀ ਅਧਿਕਾਰ ਦੀ ਵਰਤੋਂ ਕੀਤੀ ਹੈ, ਜਦੋਂ ਕਿ ਉਨ੍ਹਾਂ ਲੋਕਾਂ ਦੀ ਆਲੋਚਨਾ ਕੀਤੀ ਹੈ, ਜੋ ਨਫਰਤ ਦਾ ਪ੍ਰਚਾਰ ਕਰਦੇ ਹਨ ਅਤੇ ਭਾਰਤ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰਦੇ ਹਨ।'

## ਮੁੰਬਈ ਵਸਦੇ ਪੰਜਾਬੀ ਲੇਖਕ ਐੱਸ ਸਵਰਨ ਸਦੀਵੀ ਵਿਛੋੜਾ ਦੇ ਗਏ



**ਮੁੰਬਈ** : ਮਹਾਂਨਗਰ ਮੁੰਬਈ ਵਸਦੇ ਪੰਜਾਬੀ ਦੇ ਸਿਰਮੌਰ, ਪ੍ਰੋੜ੍ਹ ਅਤੇ ਪ੍ਰਤਾਪੀ ਲੇਖਕ ਐੱਸ ਸਵਰਨ 88 ਸਾਲ ਦੀ ਉਮਰ ਵਿੱਚ 14 ਮਈ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਇਕ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। ਉਹ ਇਕ ਸਤਿਕਾਰਤ ਤੇ ਸਥਾਪਤ ਲੇਖਕ ਤੋਂ ਬਿਨਾਂ ਸਫ਼ਲ ਸੰਪਾਦਕ, ਬਿਜ਼ਨੈੱਸਮੈਨ ਸਨ। 'ਚੇਤਨਾ ਵਾਲਾ ਸਵਰਨ' ਦੇ ਨਾਂਅ ਨਾਲ ਪਹਿਚਾਣ ਬਣਾਉਣ ਵਾਲੇ ਐੱਸ ਸਵਰਨ ਨੂੰ ਬੰਬਈ ਦੀਆਂ ਨਾਮੀ ਫਿਲਮੀ ਸਾਹਿਤਕ ਅਤੇ ਰੰਗ-ਕਰਮੀ ਹਸਤੀਆਂ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। 'ਚੇਤਨਾ' ਰਸਾਲੇ ਰਾਹੀਂ ਐੱਸ ਸਵਰਨ ਦੀ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਵਿਸ਼ੇਸ਼ ਥਾਂ ਬਣੀ ਰਹੀ। ਉਹ ਇੰਡੀਅਨ ਪੀਪਲਜ਼ ਥੀਏਟਰ ਦੀਆਂ ਸਰਗਰਮੀਆਂ ਵਿੱਚ ਖੂਬ ਸਰਗਰਮ ਰਹੇ। ਸਾਲ 1986 ਵਿੱਚ ਉਨ੍ਹਾਂ ਪੰਜਾਬੀ ਦੀ ਇੱਕ ਵੱਡ-ਆਕਾਰੀ ਕਿਤਾਬ 'ਵੰਨਗੀ' ਦਾ ਸੰਪਾਦਨ ਕੀਤਾ। ਉਨ੍ਹਾਂ ਦਾ ਸਮੁੱਚਾ ਕਾਵਿ ਸੰਗ੍ਰਹਿ 'ਸਨਦ' 2021 ਵਿੱਚ ਛਪਿਆ। ਐੱਸ ਸਵਰਨ ਦੇ ਵਿਛੋੜੇ 'ਤੇ ਯੂ ਕੇ ਤੋਂ ਕੇ ਸੀ ਮੋਹਨ, ਗੁਰਪਾਲ ਸਿੰਘ, ਅਮਰ ਜਿਓਤੀ, ਰਣਜੀਤ ਧੀਰ, ਦਰਸ਼ਨ ਬੁਲੰਦਵੀ, ਹਰਜੀਤ ਅਟਵਾਲ, ਰੂਪ ਢਿੱਲੋਂ, ਕੁਲਵੰਤ ਢਿੱਲੋਂ, ਦਰਸ਼ਨ ਢਿੱਲੋਂ, ਜਗਤਾਰ ਢਾਅ, ਹਰੀਸ਼ ਮਲਹੋਤਰਾ, ਰਾਣੋ ਜੰਗ, ਵਿਨੈ ਜੰਗ, ਸਵਰਾਜ ਕੌਰ, ਸੁਖਦੇਵ ਔਜਲਾ ਅਤੇ ਜਰਮਨੀ ਤੋਂ ਅਣਖੀ ਇਬਰਾਹੀਮਪੁਰੀ ਨੇ ਅਫ਼ਸੋਸ ਪ੍ਰਗਟ ਕੀਤਾ ਹੈ।

ਨਵਾਂ ਜ਼ਮਾਨਾ
ਸ਼ੁੱਕਰਵਾਰ, 16 ਮਈ 2025

# ਅੱਧੀ ਕਹਾਣੀ

ਅਪ੍ਰੇਸ਼ਨ ਸਿੰਧੂਰ ਦੇ ਬਾਅਦ ਭਾਜਪਾ ਪੂਰੇ ਦੇਸ਼ ਵਿੱਚ ਮੰਗਲਵਾਰ ਤੋਂ ਤਿਰੰਗਾ ਯਾਤਰਾ ਕੱਢ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੰਘੇ ਮੰਗਲਵਾਰ ਆਦਮਪੁਰ ਏਅਰਬੇਸ ਵਿਖੇ ਜਵਾਨਾਂ ਨੂੰ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਸ਼ਾਬਾਸ਼ ਦੇਣ ਪੁੱਜੇ। ਮੋਦੀ ਤੇ ਭਾਜਪਾ ਦੇ ਆਗੂ ਆਪਣੇ ਭਾਸ਼ਣਾਂ ਵਿੱਚ ਪਹਿਲਗਾਮ ਨੂੰ ਲੈ ਕੇ ਅਪ੍ਰੇਸ਼ਨ ਸਿੰਧੂਰ ਦਾ ਜ਼ਿਕਰ ਜ਼ੋਰ-ਸ਼ੋਰ ਨਾਲ ਕਰ ਰਹੇ ਹਨ, ਪਰ ਪਾਕਿਸਤਾਨੀ ਗੋਲੀਬਾਰੀ ਨਾਲ ਮਾਰੇ ਗਏ ਕਸ਼ਮੀਰੀਆਂ ਲਈ ਕੋਈ ਦੋ ਸ਼ਬਦ ਨਹੀਂ ਬੋਲ ਰਿਹਾ। ਕਸ਼ਮੀਰੀਆਂ ਦਾ ਦੁੱਖ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਸਾਹਮਣੇ ਲਿਆਂਦਾ ਹੈ। ਉਨ੍ਹਾ ਕਿਹਾ ਹੈ ਕਿ ਜਿੱਥੇ ਦੇਸ਼ ਨੇ ਪਹਿਲਗਾਮ ਹਮਲੇ ਵਿੱਚ 26 ਸੈਲਾਨੀਆਂ ਦੇ ਮਾਰੇ ਜਾਣ 'ਤੇ ਵਾਜਬ ਸ਼ੋਕ ਜਤਾਇਆ, ਉਥੇ ਜੰਮੂ-ਕਸ਼ਮੀਰ ਸਰਹੱਦ 'ਤੇ ਪਾਕਿਸਤਾਨੀ ਗੋਲਾਬਾਰੀ ਨਾਲ ਦੋ ਜਵਾਨਾਂ ਸਣੇ 30 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਨੂੰ ਵਿਆਪਕ ਪੱਧਰ 'ਤੇ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਰਾਜੌਰੀ, ਪੁਣਛ, ਉੜੀ ਤੇ ਬਾਰਾਮੂਲਾ ਵਿੱਚ ਪਾਕਿਸਤਾਨੀ ਗੋਲਾਬਾਰੀ ਨਾਲ ਮਾਰੇ ਜਾਣ ਵਾਲਿਆਂ ਵਿੱਚ ਸਿਰਫ ਮੁਸਲਮਾਨ ਹੀ ਨਹੀਂ, ਹਿੰਦੂ ਤੇ ਸਿੱਖ ਵੀ ਹਨ। ਜੇ ਗੁਰਦੁਆਰੇ ਤੇ ਮੰਦਰ ਜ਼ਦ ਵਿੱਚ ਆਏ ਤਾਂ ਪੁਣਛ ਵਿੱਚ ਮਦਰੱਸੇ ਵੀ ਆਏ, ਪਰ ਕਸ਼ਮੀਰ ਵਿੱਚ ਬੇਗੁਨਾਹਾਂ ਦੀਆਂ ਮੌਤਾਂ ਨੂੰ ਮਹਿਜ਼ 'ਰਸਮੀ' ਬਣਾ ਦਿੱਤਾ ਗਿਆ ਹੈ। ਇੰਜ ਲਗਦਾ ਹੈ ਕਿ ਜਿਵੇਂ ਇਹ ਘਟਨਾਵਾਂ ਹੋਈਆਂ ਹੀ ਨਹੀਂ।

ਉਮਰ ਅਬਦੁੱਲਾ ਨੇ ਬੜੇ ਦੁੱਖ ਨਾਲ ਕਿਹਾ ਹੈ ਕਿ ਪਹਿਲਗਾਮ 'ਤੇ ਭਾਰਤ ਦੀ ਜਵਾਬੀ ਕਾਰਵਾਈ ਦੇ ਬਾਅਦ ਦੀਆਂ ਘਟਨਾਵਾਂ ਦੀ ਸਿਰਫ ਅੱਧੀ ਕਹਾਣੀ ਹੀ ਦੱਸੀ ਜਾ ਰਹੀ ਹੈ। ਪਹਿਲਗਾਮ ਦੀ ਕਹਾਣੀ ਤਾਂ ਦੱਸੀ ਜਾ ਰਹੀ ਹੈ, ਪਰ ਪੁਣਛ ਵਿੱਚ ਜਿਹੜੇ ਜੁੜਵਾਂ ਬੱਚੇ ਮਾਰੇ ਗਏ, ਕਸ਼ਮੀਰ ਵਿੱਚ ਜਿਹੜੀ ਮਹਿਲਾ ਮਰੀ, ਏ ਡੀ ਸੀ ਦੀ ਰਾਮਬਨ ਵਿੱਚ ਆਪਣੇ ਘਰ ਡਿੱਗੇ ਗੋਲੇ ਨਾਲ ਮੌਤ ਹੋਈ, ਇਨ੍ਹਾਂ ਕਹਾਣੀਆਂ ਨੂੰ ਬਦਕਿਸਮਤੀ ਨਾਲ ਦੱਸਿਆ ਨਹੀਂ ਜਾ ਰਿਹਾ।

ਗੋਦੀ ਮੀਡੀਆ ਮੋਦੀ ਨੂੰ ਤਾਂ ਨਾਇਕ ਵਜੋਂ ਪੇਸ਼ ਕਰ ਰਿਹਾ ਹੈ, ਪਰ ਕਸ਼ਮੀਰੀਆਂ ਦਾ ਦਰਦ ਨਹੀਂ ਦੱਸ ਰਿਹਾ। ਜੰਮੂ-ਕਸ਼ਮੀਰ ਦੇ ਬਾਰਡਰ ਤੋਂ ਜਿਹੜੀਆਂ ਰਿਪੋਰਟਾਂ ਆ ਰਹੀਆਂ ਹਨ, ਉਹ ਦੱਸਦੀਆਂ ਹਨ ਕਿ ਸਥਾਨਕ ਲੋਕ ਗੁੱਸੇ ਵਿੱਚ ਹਨ ਕਿ ਉਨ੍ਹਾਂ ਨੂੰ ਢੁਕਵੀਂ ਸੁਰੱਖਿਆ ਨਹੀਂ ਦਿੱਤੀ ਗਈ। ਜੰਗਾਂ ਦੀ ਅਸਲ ਮਾਰ ਸਰਹੱਦੀ ਲੋਕਾਂ ਨੂੰ ਸਹਿਣੀ ਪੈਂਦੀ ਹੈ। ਕਸ਼ਮੀਰ ਵਾਂਗ ਪੰਜਾਬ ਦੇ ਸਰਹੱਦੀ ਲੋਕਾਂ ਨੂੰ ਵੀ ਸਰਹੱਦੀ ਪਿੰਡਾਂ ਤੋਂ ਹਿਜ਼ਰਤ ਕਰਨੀ ਪਈ। ਗੋਲੀਬਾਰੀ ਦੇ ਦਿਨਾਂ ਵਿੱਚ ਕੰਮ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਤੇ ਦਿਹਾੜੀਦਾਰ ਮਿਹਨਤਕਸ਼ਾਂ ਦਾ ਕਾਫੀ ਨੁਕਸਾਨ ਹੋਇਆ। ਦਿੱਲੀ ਬੈਠੇ ਹਾਕਮਾਂ ਨੇ ਹਮੇਸ਼ਾ ਸਰਹੱਦੀ ਲੋਕਾਂ ਨੂੰ ਨਜ਼ਰਅੰਦਾਜ਼ ਹੀ ਕੀਤਾ ਹੈ। ਇਸ ਲੜਾਈ ਨੇ ਵੀ ਇਹੀ ਸਾਬਤ ਕੀਤਾ ਹੈ।

## ਪਾਠਕ-ਸੱਥ

### ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤਾਂ

14 ਮਈ ਨੂੰ ਨਵਾਂ ਜ਼ਮਾਨਾ ਵਿੱਚ ਮਜੀਠਾ ਏਰੀਆ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 21 ਮੌਤਾਂ ਹੋਣ ਦੀ ਦਰਦਨਾਕ ਖ਼ਬਰ ਪੜ੍ਹੀ। ਇਸ ਤੋਂ ਪਹਿਲਾਂ ਵੀ ਪਿਛਲੇ ਸਾਲ ਵੀ ਤਰਨ ਤਾਰਨ, ਸ੍ਰੀ ਅੰਮ੍ਰਿਤਸਰ ਸਾਹਿਬ, ਸਮਾਣਾ ਆਦਿ ਵਿੱਚ ਅਤੇ ਹੋਰ ਇਲਾਕਿਆਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਬਹੁਤ ਸਾਰੀਆਂ ਮੌਤਾਂ ਹੋ ਗਈਆਂ ਸਨ। ਭਾਰਤ ਦੇ ਹੋਰ ਸੂਬਿਆਂ ਵਿੱਚ ਵੀ ਅਕਸਰ ਜ਼ਹਿਰੀਲੀ ਸ਼ਰਾਬ ਪੀਣ ਨਾਲ ਮੌਤਾਂ ਹੋਣ ਦੀ ਖ਼ਬਰ ਆਉਂਦੀ ਰਹਿੰਦੀ ਹੈ। ਜਿੰਨੇ ਲੋਕ ਸ਼ਰਾਬ ਦੇ ਨਸ਼ੇ ਦੇ ਦਰਿਆ ਵਿੱਚ ਡੁੱਬ ਕੇ ਮਰਦੇ ਹਨ, ਓਨੇ ਲੋਕ ਦਰਿਆਵਾਂ ਵਿੱਚ ਡੁੱਬ ਕੇ ਨਹੀਂ ਮਰਦੇ। ਸ਼ਰਾਬ ਨੇ ਘਰਾਂ ਦੇ ਘਰ ਤਬਾਹ ਕਰ ਦਿੱਤੇ ਹਨ। ਸ਼ਰਾਬੀ ਨੇ ਆਪ ਤਾਂ ਭੁੱਖਾ ਮਰਨਾ ਹੀ ਹੈ ਜਾਂ ਸ਼ਰਾਬ ਕਰਕੇ ਜੋ ਬਿਮਾਰੀਆਂ ਲੱਗਦੀਆਂ ਹਨ, ਉਹਨਾਂ 'ਤੇ ਬੇਹਿਸਾਬ ਪੈਸਾ ਲੱਗ ਜਾਂਦਾ ਹੈ। ਜ਼ਮੀਨ-ਜਾਇਦਾਦ ਤੱਕ ਵਿੱਕ ਜਾਂਦੀ ਹੈ। ਉਹ ਜਿਉਂਦੇ ਜੀਆਂ ਨੂੰ ਵੀ ਮਾਰ ਦਿੰਦਾ ਹੈ, ਕਿਉਂਕਿ ਘਰੇ ਅਤੇ ਬੱਚਿਆਂ ਕੋਲੇ ਕੁਝ ਨਹੀਂ ਰਹਿੰਦਾ। ਪੰਜਾਬ ਸਾਰੇ ਸੂਬਿਆਂ ਵਿੱਚੋਂ ਸ਼ਰਾਬ ਦੀ ਖ਼ਪਤ ਵਿੱਚ ਮੂਹਰੇ ਹੈ। ਪੰਜਾਬ ਵਿੱਚ ਸਕੂਲ, ਹਸਪਤਾਲ ਓਨੇ ਨਹੀਂ, ਜਿੰਨੇ ਸ਼ਰਾਬ ਦੇ ਠੇਕੇ ਹਨ।ਸ਼ਰਾਬ ਕਈ ਸਮਾਜਿਕ ਬੁਰਾਈਆਂ ਨੂੰ ਜਨਮ ਦਿੰਦੀ ਹੈ, ਜਿਵੇਂ ਬਲਾਤਕਾਰ, ਲੁੱਟ-ਖੋਹ, ਠੱਗੀ-ਠੋਰੀ, ਕਤਲ ਆਦਿ। ਸ਼ਰਾਬੀ ਨੂੰ ਜਦੋਂ ਸ਼ਰਾਬ ਪੀਣ ਲਈ ਪੈਸੇ ਨਹੀਂ ਮਿਲਦੇ ਤਾਂ ਉਹ ਇਹੋ ਜਿਹੀਆਂ ਘਟਨਾਵਾਂ ਨੂੰ ਅੰਜ਼ਾਮ ਦਿੰਦਾ ਹੈ। ਸਰਕਾਰ ਨੂੰ ਸ਼ਰਾਬ ਤੋਂ ਆਮਦਨ ਬਹੁਤ ਹੁੰਦੀ ਹੈ। ਸੜਕਾਂ 'ਤੇ ਠੇਕੇ ਖੋਲ੍ਹੇ ਜਾਂਦੇ ਹਨ, ਜੋ ਕਿ ਮਾਨਯੋਗ ਹਾਈਕੋਰਟ ਦੀਆਂ ਹਦਾਇਤਾਂ ਦੀ ਉਲੰਘਣਾ ਹੈ।ਕਈ ਥਾਂ ਘਰੋ -ਘਰੀ ਸ਼ਰਾਬ ਸਪਲਾਈ ਕੀਤੀ ਜਾਂਦੀ ਹੈ। ਘਰੋ-ਘਰੀ ਸ਼ਰਾਬ ਸਪਲਾਈ ਕਰਨ ਵਿੱਚ ਹੁਣ ਬੱਚੇ ਅਤੇ ਔਰਤਾਂ ਵੀ ਸ਼ਾਮਲ ਹਨ। ਹੁਣ ਪੰਚਾਇਤਾਂ ਅਤੇ ਨਗਰ ਪਾਲਿਕਾਵਾਂ ਨੂੰ ਚਾਹੀਦਾ ਹੈ ਕਿ ਉਹ ਜ਼ਹਿਰੀਲੀ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਸਪਲਾਈ ਰੋਕਣ ਲਈ ਅੱਗੇ ਆਉਣ। ਕਈ ਰਾਜਾਂ ਵਿੱਚ ਸ਼ਰਾਬਬੰਦੀ ਹੋਣ ਨਾਲ ਖੁਸ਼ਹਾਲੀ ਆਈ ਹੈ। ਸਰਕਾਰ ਨੂੰ ਚਾਹੀਦਾ ਹੈ ਤੇ ਉਹ ਸ਼ਰਾਬ ਦੇ ਠੇਕੇ ਖੋਲ੍ਹਣ ਨੂੰ ਏਨਾ ਮਹੱਤਵ ਨਾ ਦੇਣ। ਉਹ ਸਕੂਲ, ਕਾਲਜ, ਹਸਪਤਾਲ ਖੋਲ੍ਹਣ। ਮਨੁੱਖ ਦੀਆਂ ਤਿੰਨ ਮੁੱਢਲੀਆਂ ਲੋੜਾਂ ਕੁੱਲੀ, ਗੁੱਲੀ, ਜੁੱਲੀ ਦਾ ਪ੍ਰਬੰਧ ਕਰੇ। ਜ਼ਹਿਰੀਲੀ ਸ਼ਰਾਬ ਸਪਲਾਈ ਕਰਨ ਵਾਲਿਆਂ ਨੂੰ ਤੁਰੰਤ ਫ਼ੜ ਕੇ ਸਖ਼ਤ ਤੋਂ ਸਖ਼ਤ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇ ਤਾਂ ਕਿ ਆਉਣ ਵਾਲੇ ਭਵਿੱਖ ਵਿੱਚ ਇਹੋ ਜਿਹੀਆਂ ਘਟਨਾਵਾਂ ਦੁਬਾਰਾ ਨਾ ਵਾਪਰਨ।

-ਨਰਿੰਦਰ ਭੱਪਰ, ਝਬੇਲਵਾਲੀ, 62841-45349

### ਬੇਰੁਜ਼ਗਾਰਾਂ ਨਾਲ ਮਜ਼ਾਕ

ਅੱਜ-ਕੱਲ੍ਹ ਉਂਝ ਤਾਂ ਤਕਰੀਬਨ ਵੱਖ-ਵੱਖ ਵਿਭਾਗਾਂ ਵੱਲੋਂ ਆਸਾਮੀਆਂ ਭਰਾਉਣ ਸਮੇਂ ਆਨਲਾਈਨ ਹੀ ਫਾਰਮ ਭਰਵਾਏ ਜਾਂਦੇ ਹਨ, ਪ੍ਰੰਤੂ ਕਈ ਵਾਰ ਕੁੱਝ ਵਿਭਾਗ ਜਾਂ ਅਦਾਰੇ ਵੱਲੋਂ ਆਫ਼ਲਾਈਨ/ਦਸਤੀ ਹੀ ਫਾਰਮ ਮੰਗ ਲਏ ਜਾਂਦੇ ਹਨ। ਜਿਸ ਨਾਲ ਕਈ ਵਾਰ ਫ਼ੀਸ ਵਜੋਂ ਡਰਾਫਟ ਮੰਗ ਲਿਆ ਜਾਂਦਾ ਹੈ। ਜਦੋਂ ਕੋਈ ਬੇਰੁਜ਼ਗਾਰ ਡਰਾਫਟ ਬਣਾਉਣ ਲਈ ਜਾਂਦਾ ਹੈ ਤਾਂ ਅੱਗੋਂ ਜ਼ਿਆਦਾਤਰ ਬੈਂਕਾਂ ਵਾਲੇ ਉਸ ਨੂੰ ਬਹੁਤ ਪ੍ਰੇਸ਼ਾਨ ਤੇ ਜ਼ਲੀਲ ਕਰਦੇ ਹਨ। ਕਦੇ ਆਖਦੇ ਹਨ ਕਿ ਅੱਜ ਸਿਸਟਮ ਨਹੀਂ ਚੱਲਦਾ, ਕਦੇ ਆਖਦੇ ਹਨ ਕਿ ਅੱਜ ਤਾਂ ਪ੍ਰਿੰਟਰ ਖ਼ਰਾਬ ਹੈ, ਕਦੇ ਆਖਦੇ ਹਨ ਕਿ ਉਸ ਬੈਂਕ ਵਿੱਚ ਜਾ ਕੇ ਬਣਾਓ, ਜਿੱਥੇ ਤੁਹਾਡਾ ਖਾਤਾ ਹੈ। ਇਸ ਤਰ੍ਹਾਂ ਕੋਝਾ ਮਜ਼ਾਕ ਹੋਣ ਨਾਲ ਵਿਚਾਰਾ ਬੇਰੁਜ਼ਗਾਰ ਕਈ-ਕਈ ਦਿਨ ਭਟਕਦਾ ਰਹਿੰਦਾ ਹੈ।ਜਦਕਿ ਬੈਂਕ ਵਿੱਚ ਸਭ ਕੁੱਝ ਹੀ ਦਰੁੱਸਤ ਹੁੰਦਾ ਹੈ। ਬੱਸ ਤਰ੍ਹਾਂ-ਤਰ੍ਹਾਂ ਦੇ ਬਹਾਨੇ ਲਗਾ ਕੇ ਦੁਖੀ ਬੇਰੁਜ਼ਗਾਰ ਨੂੰ ਹੋਰ ਦੁਖੀ ਕੀਤਾ ਜਾਂਦਾ ਹੈ। ਇਹ ਕੌੜਾ ਤਜਰਬਾ ਤਕਰੀਬਨ ਹਰ ਬੇਰੁਜ਼ਗਾਰ ਵਿਅਕਤੀ ਦਾ ਜ਼ਰੂਰ ਹੋਇਆ ਹੋਵੇਗਾ। ਬੈਂਕਾਂ ਦੇ ਉੱਚ ਅਧਿਕਾਰੀਆਂ ਨੂੰ ਬੇਰੁਜ਼ਗਾਰਾਂ ਦੇ ਇਸ ਦਰਦ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ। ਉਹਨਾਂ ਨੂੰ ਯਾਦ ਕਰਨਾ ਚਾਹੀਦਾ ਹੈ ਕਿ ਕਿਸੇ ਦਿਨ ਉਹ ਵੀ ਬੇਰੁਜ਼ਗਾਰ ਸਨ ...। ਸਰਕਾਰ ਨੂੰ ਵੀ ਇਸ ਪਾਸੇ ਖ਼ਾਸ ਧਿਆਨ ਦੇਣਾ ਚਾਹੀਦਾ ਹੈ।

-ਅੰਗਰੇਜ ਸਿੰਘ ਵਿੱਕੀ ਕੋਟਗੁਰੂ, 98888-70822

# ਜੰਗ ਨਾਲੋਂ ਜੰਗਬੰਦੀ ਬਿਹਤਰ

ਉਜਾਗਰ ਸਿੰਘ

ਜੰਗ ਸ਼ਬਦ ਹੀ ਖ਼ਤਰਨਾਕ ਹੁੰਦਾ ਹੈ। ਜੰਗ ਦਾ ਤਬਾਹਕੁਨ ਹੋਣਾ ਕੁਦਰਤੀ ਹੈ। ਜੰਗ ਤਬਾਹੀ ਦਾ ਪ੍ਰਤੀਕ ਹੁੰਦਾ ਹੈ। ਜੰਗ ਦੇ ਨਤੀਜੇ ਕਦੀਂ ਵੀ ਸਾਕਾਰਾਤਮਕ ਨਹੀਂ ਹੋ ਸਕਦੇ। ਜੰਗ ਦੇ ਨਤੀਜੇ ਹਮੇਸ਼ਾ ਦਿਲ ਨੂੰ ਦੁਖਾਉਣ, ਦਹਿਲਾਉਣ ਵਾਲੇ ਤੇ ਹਿਰਦੇਵੇਦਿਕ ਹੁੰਦੇ ਹਨ।ਜੰਗ-ਬੰਦੀ ਸਾਕਾਰਾਤਮਕ ਸੋਚ ਦਾ ਪ੍ਰਗਟਾਵਾ ਹੁੰਦੀ ਹੈ। ਜੰਗ-ਬੰਦੀ ਵਿੱਚ ਨਫ਼ਾ ਨੁਕਸਾਨ ਨਹੀਂ ਵੇਖਿਆ ਜਾਣਾ ਚਾਹੀਦਾ। ਜੰਗ ਮਾਨਵਤਾ ਦਾ ਘਾਣ ਕਰਦੀ ਹੈ, ਪ੍ਰੰਤੂ ਜੰਗ-ਬੰਦੀ ਮਾਨਵਤਾ ਦੇ ਭਲੇ ਵਿੱਚ ਹੁੰਦੀ ਹੈ ਤੇ ਮਾਨਵਤਾ ਦਾ ਬਚਾਓ ਕਰਦੀ ਹੈ। ਸ਼ਾਂਤੀ ਦਾ ਪ੍ਰਤੀਕ ਹੁੰਦੀ ਹੈ। ਸੁਹਾਵਣਾ ਜੀਵਨ ਜਿਉਣ ਲਈ ਸ਼ਾਂਤਮਈ ਵਾਤਾਵਰਨ ਜ਼ਰੂਰੀ ਹੁੰਦਾ ਹੈ। ਦੇਸ਼ ਦਾ ਆਰਥਿਕ, ਸਮਾਜਿਕ, ਸੱਭਿਆਚਾਰਕ, ਵਿਗਿਆਨਕ, ਸਰੀਰਕ ਤੇ ਮਾਨਸਿਕ ਵਿਕਾਸ ਸ਼ਾਂਤੀ ਦੇ ਸਮੇਂ ਹੀ ਹੋ ਸਕਦਾ ਹੈ, ਇਸ ਲਈ ਕਿਸੇ ਵੀ ਦੇਸ਼ ਦੇ ਵਿਕਾਸ ਲਈ ਸ਼ਾਂਤੀ ਹੋਣੀ ਜ਼ਰੂਰੀ ਹੁੰਦੀ ਹੈ।

ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈ ਜੰਗਬੰਦੀ ਦਾ ਦੋਹਾਂ ਦੇਸ਼ਾਂ ਦੇ ਅਮਨਪਸੰਦ ਲੋਕਾਂ ਨੇ ਸਵਾਗਤ ਕੀਤਾ ਹੈ। ਜੰਗ-ਬੰਦੀ ਦਾ ਐਲਾਨ ਹੋਣ 'ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਵਿੱਚ 26 ਸੈਰ-ਸਪਾਟਾ ਕਰਨ ਗਏ ਬੇਕਸੂਰ ਮਾਸੂਮ ਲੋਕ ਮਾਰੇ ਗਏ ਸਨ। ਉਸ ਸਮੇਂ ਭਾਰਤ ਵਿੱਚ ਪਾਕਿਸਤਾਨ ਵਿਰੁੱਧ ਰੋਸ ਦੀ ਲਹਿਰ ਉਠ ਖੜ੍ਹੀ ਹੋਈ ਸੀ। ਭਾਰਤ ਦੇ ਲੋਕ ਸਰਕਾਰ ਤੋਂ ਪਾਕਿਸਤਾਨ ਤੋਂ ਬਦਲਾ ਲੈਣ ਲਈ ਕੋਈ ਸਾਰਥਿਕ ਕਾਰਵਾਈ ਉਮੀਦ ਰੱਖਦੇ ਸਨ। ਭਾਰਤ ਨੇ ਪੂਰੀ ਤਿਆਰੀ ਤੋਂ ਬਾਅਦ 6-7 ਮਈ ਦੀ ਰਾਤ ਨੂੰ ਪਾਕਿਸਤਾਨ ਵਿੱਚ ਸਥਿਤ ਅੱਤਵਾਦੀਆਂ ਦੇ 9 ਸਿਖਲਈ ਟਿਕਾਣਿਆਂ 'ਤੇ 'ਅਪ੍ਰੇਸ਼ਨ ਸਿੰਧੂਰ' ਰਾਹੀਂ ਹਮਲਾ ਕਰਕੇ ਸਿਖਲਾਈ ਸੈਂਟਰ ਤਬਾਹ ਕਰ ਦਿੱਤੇ। ਫਿਰ ਪਾਕਿਸਤਾਨ ਦੇ 6 ਏਅਰ ਬੇਸ ਵੀ ਤਬਾਹ ਕਰ ਦਿੱਤੇ। ਪਾਕਿਸਤਾਨ ਨੇ ਵੀ ਭਾਰਤ 'ਤੇ ਡਰੋਨਾਂ ਨਾਲ ਹਮਲੇ ਕੀਤੇ। ਇੱਕ ਕਿਸਮ ਨਾਲ ਦੋਹਾਂ ਦੇਸ਼ਾਂ ਦਰਮਿਆਨ ਲੜਾਈ ਸ਼ੁਰੂ ਹੋ ਗਈ। ਐੱਲ ਓ ਸੀ 'ਤੇ ਵੀ ਗੋਲਾਬਾਰੀ ਹੁੰਦੀ ਰਹੀ। ਪੁਣਛ ਵਿੱਚ ਪਾਕਿਸਤਾਨ ਨੇ ਭਾਰਤ ਦਾ ਨੁਕਸਾਨ ਕੀਤਾ। ਇੱਕ ਕਿਸਮ ਨਾਲ ਦਹਿਸ਼ਤ ਦਾ ਮਾਹੌਲ ਬਣ ਗਿਆ। 'ਅਪ੍ਰੇਸ਼ਨ ਸਿੰਧੂਰ' ਕਰਨਾ ਬਿਲਕੁਲ ਜਾਇਜ਼ ਸੀ, ਪ੍ਰੰਤੂ ਇਸ ਨਾਲ ਬਦਲਾ ਤਾਂ ਲੈ ਲਿਆ, ਪ੍ਰੰਤੂ ਜੇਕਰ ਜੰਗ ਜਾਰੀ ਰਹਿੰਦੀ ਤਾਂ ਬਹੁਤ ਸਾਰੀਆਂ ਇਸਤਰੀਆਂ ਦੇ ਸਿੰਧੂਰ ਲਹਿ ਜਾਣੇ ਸਨ। 10 ਮਈ ਨੂੰ ਸ਼ਾਮ 5-00 ਵਜੇ ਅਮਰੀਕਾ ਦੀ ਵਿਚੋਲਗੀ ਨਾਲ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਨੇ ਐਲਾਨ ਕਰ ਦਿੱਤਾ, ਇਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਦੋਹਾਂ ਦੇਸ਼ਾਂ ਵੱਲੋਂ ਆਪੋ-ਆਪਣੀ ਜਿੱਤ ਦੇ ਦਾਅਵੇ ਹੋਣ ਲੱਗ ਪਏ। ਭਾਰਤ ਵਿੱਚ ਕੁਝ ਲੋਕਾਂ ਨੇ ਜੰਗ-ਬੰਦੀ ਦਾ ਸਵਾਗਤ ਕੀਤਾ, ਪ੍ਰੰਤੂ ਕੁਝ ਲੋਕਾਂ ਨੇ ਭਾਰਤ ਵੱਲੋਂ ਅਮਰੀਕਾ ਦੀ ਵਿਚੋਲਗੀ 'ਤੇ ਸਵਾਲ ਚੁੱਕਦਿਆਂ ਇਸ ਨੂੰ ਭਾਰਤ ਦੇ ਹਿੱਤ ਵਿਰੁੱਧ ਕਿਹਾ, ਸਗੋਂ ਇਸ ਨੂੰ ਭਾਰਤ ਦੀ ਹਾਰ ਦੇ ਰੂਪ ਵਿੱਚ ਪ੍ਰਚਾਰਿਆ ਗਿਆ। ਜੰਗ-ਬੰਦੀ ਦੇਸ਼ ਅਤੇ ਲੋਕਾਂ ਦੇ ਹਿੱਤ ਵਿੱਚ ਹੁੰਦੀ ਹੈ। ਸਰਕਾਰਾਂ ਦਾ ਮੰਤਵ ਵੀ ਲੋਕ ਹਿੱਤਾਂ 'ਤੇ ਪਹਿਰਾ ਦੇਣਾ ਹੁੰਦਾ ਹੈ। ਭਾਰਤ ਲਈ ਜੰਗ-ਬੰਦੀ ਇਸ ਕਰਕੇ ਵੀ ਜ਼ਰੂਰੀ ਹੈ ਕਿ ਉਸ ਦੇ ਲਗਭਗ ਸਾਰੇ ਗੁਆਂਢੀ ਦੇਸ਼ਾਂ ਦੇ ਉਸ ਨਾਲ ਸੰਬੰਧ ਸਾਜ਼ਗਾਰ ਨਹੀਂ ਹਨ।

ਚੀਨ ਹਮੇਸ਼ਾ ਭਾਰਤ ਲਈ ਖ਼ਤਰਾ ਬਣਿਆ ਰਹਿੰਦਾ। ਭਾਰਤ ਖਾਸ ਤੌਰ 'ਤੇ ਪੰਜਾਬ ਨੇ 1947 ਵਿੱਚ ਦੇਸ਼ ਦੀ ਵੰਡ, 1965 ਚੀਨ ਨਾਲ ਜੰਗ, 1971 ਪਾਕਿਸਤਾਨ ਨਾਲ ਲੜਾਈ, ਕਾਰਗਿਲ, ਪੁਲਵਾਮਾ ਤੇ ਹੁਣ ਪਹਿਲਗਾਮ ਦੇ ਭਿਆਨਕ ਨਤੀਜਿਆਂ ਦਾ ਸੰਤਾਪ ਭੋਗਿਆ ਹੈ। ਹਜ਼ਾਰਾਂ ਫੌਜੀਆਂ ਅਤੇ ਸਿਵਲੀਅਨ ਦਾ ਖ਼ੂਨ ਡੁੱਲ੍ਹਿਆ, ਇਸਤਰੀਆਂ ਵਿਧਵਾ ਹੋਈਆਂ, ਮਾਵਾਂ ਦੇ ਪੁੱਤ ਸ਼ਹੀਦ ਹੋਏ, ਭੈਣਾਂ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਤੋਂ ਰਹਿ ਗਈਆਂ ਤੇ ਬੱਚੇ ਮਾਤਾ-ਪਿਤਾ ਤੋਂ ਵਾਂਝੇ ਹੋ ਗਏ। 1971 ਦੀ ਜੰਗ ਵਿੱਚ ਪਾਕਿਸਤਾਨਦਾ ਨੁਕਸਾਨ ਬਹੁਤ ਹੀ ਜ਼ਿਆਦਾ ਹੋਇਆ।ਪਾਕਿਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ।ਬੰਗਲਾਦੇਸ ਪਾਕਿਸਤਾਨ ਨਾਲੋਂ ਵੱਖ ਹੋ ਗਿਆ। ਪਾਕਿਸਤਾਨ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਸ ਦੇ 93000 ਫੌਜੀਆਂ ਨੇ ਜਨਰਲ ਜਗਜੀਤ ਸਿੰਘ ਅਰੋੜਾ ਅੱਗੇ ਹਥਿਆਰ ਸੁੱਟ ਦਿੱਤੇ।

ਜੰਗਾਂ ਅਤੇ ਦੁਰਘਟਨਾਵਾਂ ਦਾ ਸਭ ਤੋਂ ਵੱਧ ਨੁਕਸਾਨ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਹੋਇਆ ਹੈ, ਜਿਨ੍ਹਾਂ ਆਪਣੇ ਪਿੰਡੇ 'ਤੇ ਸਾਰਾ ਕੁਝ ਹੰਢਾਇਆ ਹੈ। ਇਨ੍ਹਾਂ ਪੰਜਾਬੀਆਂ ਨੂੰ ਪੁੱਛੋ ਜੰਗ ਦਾ ਕੀ ਨੁਕਸਾਨ ਹੁੰਦਾ ਹੈ? ਪੰਜਾਬੀ ਜੰਗ-ਬੰਦੀ ਦਾ ਸਵਾਗਤ ਕਰਦੇ ਹਨ। ਉਹ ਦੋਵੇਂ ਦੇਸਾਂ ਦੇ ਸਿਆਸਤਦਾਨਾਂ ਨੂੰ ਪੰਜਾਬੀਆਂ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਕੂਟਨੀਤਕ ਸੰਬੰਧਾਂ ਨਾਲ ਸਾਰੇ ਮਸਲੇ ਹੱਲ ਕਰਨ। ਕਿਸੇ ਵੀ ਦੇਸ਼ ਦੇ ਲੋਕਾਂ ਦਾ ਖ਼ੂਨ ਅਜਾਈਂ ਨਹੀਂ ਡੁੱਲ੍ਹਣਾ ਚਾਹੀਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਪ੍ਰੰਤੂ ਭਾਰਤ ਦੀ ਵੀ ਬਹੁਤੀ ਚੰਗੀ ਨਹੀਂ, ਉਹ ਵੀ ਕਰਜ਼ਈ ਹੋਇਆ ਪਿਆ ਹੈ। ਸੰਸਾਰ ਦੇ ਵੱਡੇ ਦੇਸ਼ ਆਪੋ-ਆਪਣੇ ਹਥਿਆਰ ਵੇਚਣ ਲਈ ਦੋਹਾਂ ਦੇਸਾਂ ਦੀ ਆਰਥਿਕਤਾ ਨੂੰ ਢਾਅ ਲਾ ਰਹੇ ਹਨ। ਰੂਸ ਜਿਸ ਨੂੰ ਭਾਰਤ ਆਪਣਾ ਹਮਦਰਦ ਕਹਿੰਦਾ ਹੈ, ਉਹ ਪਾਕਿਸਤਾਨ ਨੂੰ ਵੀ ਹਥਿਆਰ ਵੇਚਦਾ ਹੈ। ਹੀਰੋਸ਼ੀਮਾ ਤੇ ਨਾਗਾਸਾਕੀ ਦੇ ਪ੍ਰਮਾਣੂ ਹਮਲੇ ਦਾ ਭੂਤ ਅਜੇ ਤੱਕ ਮੰਡਰਾ ਰਿਹਾ ਹੈ, ਡਿਫੈਂਸ ਪੜਚੋਲਕਾਰਾਂ ਦੀ ਰਾਏ ਹੈ ਕਿ ਅਮਰੀਕਾ ਭਾਂਪ ਗਿਆ ਸੀ ਕਿ ਜੇਕਰ ਕਿਸੇ ਇੱਕ ਦੇਸ਼ ਨੇ ਅਣਗਹਿਲੀ ਵਰਤ ਲਈ ਤਾਂ ਸੰਸਾਰ ਜੰਗ ਲੱਗ ਸਕਦੀ ਹੈ, ਸੰਸਾਰ ਆਰਥਿਕ ਮੰਦਹਾਲੀ ਵਿੱਚ ਤਾਂ ਪਹੁੰਚੇਗਾ ਹੀ, ਪ੍ਰੰਤੂ ਪ੍ਰਮਾਣੂ ਖ਼ਤਰਾ ਸਭ ਤੋਂ ਵੱਧ ਨੁਕਸਾਨਦਾਇਕ ਹੋ ਸਕਦਾ ਹੈ, ਕਿਉਂਕਿ ਭਾਰਤ ਤੇ ਪਾਕਿਸਤਾਨ ਦੋਹਾਂ ਦੇਸ਼ਾਂ ਕੋਲ ਪ੍ਰਮਾਣੂ ਸ਼ਕਤੀ ਹੈ। ਰੂਸ ਅਤੇ ਯੂਕਰੇਨ ਦੀ ਲੜਾਈ ਖ਼ਤਮ ਹੋਣ ਵਿੱਚ ਨਹੀਂ ਆ ਰਹੀ। ਇਹ ਅਹੰਕਾਰ ਦੀ ਲੜਾਈ ਨਹੀਂ, ਸਗੋਂ ਸ਼ਾਂਤੀ ਦਾ ਮਸਲਾ ਹੈ। ਜਿਹੜੇ ਲੋਕ ਸੋਸ਼ਲ ਮੀਡੀਆ 'ਤੇ ਬੈਠ ਕੇ ਡੀਂਗਾਂ ਮਾਰ ਰਹੇ ਹਨ ਤੇ ਲੜਾਈ ਜਾਰੀ ਰੱਖਣ ਲਈ ਉਕਸਾ ਰਹੇ ਹਨ, ਉਨ੍ਹਾਂ ਨੂੰ ਜੰਗ ਦੇ ਸੰਤਾਪ ਬਾਰੇ ਤਜਰਬਾ ਨਹੀਂ। ਸਰਹੱਦਾਂ 'ਤੇ ਜਦੋਂ ਸਾਡੇ ਸੈਨਿਕ ਸ਼ਹੀਦ ਹੁੰਦੇ ਹਨ ਤਾਂ ਕਿੰਨੇ ਘਰਾਂ ਵਿੱਚ ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਸੋਸ਼ਲ ਮੀਡੀਆ 'ਤੇ ਪੋਸਟਾਂ ਪਾ ਕੇ ਦਮਗਜ਼ੇ ਮਾਰਨੇ ਸੌਖੇ ਹਨ, ਪ੍ਰੰਤੂ ਸਰਹੱਦਾਂ 'ਤੇ ਜਾ ਕੇ ਲੜਨਾ ਅਤਿ ਮੁਸ਼ਕਲ ਹੁੰਦਾ ਹੈ। ਕੁਝ ਦੇਸ਼ ਵਿਰੋਧੀ ਲੋਕ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ, ਜਿਹੜੀਆਂ ਲੋਕਾਂ ਵਿੱਚ ਡਰ ਪੈਦਾ ਕਰਦੀਆਂ ਹਨ। ਇਸ ਲਈ ਸਾਰਿਆਂ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ। ਪਹਿਲਗਾਮ ਵਿਖੇ ਮਾਰੇ ਗਏ ਸੈਲਾਨੀਆਂ ਦਾ ਦੁੱਖ ਹਰ ਭਾਰਤੀ ਨੂੰ ਹੈ, ਪ੍ਰੰਤੂ ਸਮੇਂ ਦੀ ਨਜ਼ਾਕਤ ਅਤੇ ਦੇਸ ਦੀ ਸਰਕਾਰ ਦੀਆਂ ਹਦਾਇਤਾਂ ਦੀ ਪਹਿਰੇਦਾਰੀ ਕਰਨਾ ਹਰ ਭਾਰਤੀ ਦਾ ਫ਼ਰਜ਼ ਬਣਦਾ ਹੈ।

# ਮੋਬਾਈਲ : 94178 13072

# ਮਹਿਕ ਚਿੱਠੀਆਂ ਦੀ

ਅਮਰਬੀਰ ਸਿੰਘ ਚੀਮਾ

ਕਹਿੰਦੇ ਨੇ ਕਿ ਬਦਲਾਓ ਕੁਦਰਤ ਦਾ ਨਿਯਮ ਹੈ। ਇਹ ਹੋਣਾ ਵੀ ਲਾਜ਼ਮੀ ਚਾਹੀਦਾ ਹੈ, ਨਹੀਂ ਤਾਂ ਜ਼ਿੰਦਗੀ ਨੀਰਸ ਜਿਹੀ ਬਣ ਜਾਵੇਗੀ। ਰਵਾਇਤ ਅਨੁਸਾਰ ਜਦੋਂ ਕਿਸੇ ਨਵੀਂ ਚੀਜ਼ ਦੇ ਆਉਣ ਨਾਲ਼ ਸੰਬੰਧਤ ਪੁਰਾਣੀ ਚੀਜ਼ ਦਾ ਖ਼ਾਤਮਾ ਹੁੰਦਾ ਹੈ ਤਾਂ ਦੁੱਖ ਵੀ ਹੁੰਦਾ ਹੈ। ਫ਼ੋਨ, ਮੋਬਾਈਲ, ਇੰਟਰਨੈੱਟ, ਐੱਸ ਐੱਮ ਐੱਸ, ਵਟਸਐਪ ਆਦਿ ਦੀ ਆਮਦ ਤੋਂ ਪਹਿਲਾਂ ਕੋਈ ਵੀ ਸੁਨੇਹਾ ਪਹੁੰਚਾਉਣ ਲਈ ਚਿੱਠੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਬੇਸ਼ੱਕ ਹੁਣ ਕੋਈ ਵੀ ਸੁਨੇਹਾ ਦੇਸ਼-ਵਿਦੇਸ਼ ਤੱਕ ਮਿੰਟਾਂ-ਸਕਿੰਟਾਂ ਵਿੱਚ ਪਹੁੰਚ ਜਾਂਦਾ ਹੈ, ਪਰ ਜੋ ਕਿਸੇ ਆਪਣੇ ਦੀ ਹੱਥ-ਲਿਖਤ ਚਿੱਠੀ ਪੜ੍ਹ ਕੇ ਆਪਣੇਪਣ ਦਾ ਅਹਿਸਾਸ ਹੁੰਦਾ ਸੀ, ਉਹ ਅਜੋਕੇ ਤਰੀਕਿਆਂ ਵਿੱਚ ਨਹੀਂ ਮਿਲ ਸਕਦਾ। ਪੁਰਾਣੀਆਂ ਫ਼ਿਲਮਾਂ ਵਿੱਚ ਆਪਾਂ ਅਕਸਰ ਦੇਖਦੇ ਹਾਂ, ਕਈ ਵਾਰੀ ਕੋਈ ਆਦਮੀ ਕਿਸੇ ਔਰਤ ਵੱਲੋਂ ਲਿਖੀ ਚਿੱਠੀ ਪੜ੍ਹਦਾ ਸੀ ਤਾਂ ਚਿੱਠੀ ਵਾਲੇ ਕਾਗਜ਼ ਉੱਪਰ ਉਸ ਔਰਤ ਦੀ ਫ਼ੋਟੋ ਦਿਖਾਈ ਜਾਂਦੀ ਸੀ, ਕਿਉਂਕਿ ਚਿੱਠੀ ਪੜ੍ਹਦੇ-ਪੜ੍ਹਦੇ ਲਿਖਣ ਵਾਲੇ ਦੀ ਤਸਵੀਰ ਮਨ ਵਿੱਚ ਛਪ ਜਾਂਦੀ ਸੀ। ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਚਿੱਠੀ ਲਿਖਣ ਵਾਲਾ ਸਾਹਮਣੇ ਹੀ ਬੈਠਾ ਹੈ। ਚਿੱਠੀ ਪੜ੍ਹਨ ਸਮੇਂ ਲਿਖਣ ਵਾਲੇ ਦੇ ਹੱਥਾਂ ਦੀ ਛੋਹ ਮਹਿਸੂਸ ਹੁੰਦੀ ਸੀ।

ਪਹਿਲਾਂ ਸੁੱਖ-ਦੁੱਖ ਦੱਸਣ ਦਾ ਇੱਕ-ਮਾਤਰ ਸਾਧਨ ਚਿੱਠੀਆਂ ਹੀ ਸਨ। ਚਿੱਠੀ-ਪੱਤਰੀ ਦਾ ਅਹਿਸਾਸ ਘਰੋਂ ਬਾਹਰ ਰਹਿੰਦੇ ਜਾਂ ਵਿਦੇਸ਼ ਵੱਸੇ ਲੋਕਾਂ ਨੂੰ ਜ਼ਿਆਦਾ ਹੁੰਦਾ ਹੈ। ਹਰ ਰੋਜ਼ ਚਿੱਠੀ ਦੀ ਉਡੀਕ ਦਾ ਸਵਾਦ ਬਿਆਨ ਨਹੀਂ ਕੀਤਾ ਜਾ ਸਕਦਾ। ਚਿੱਠੀ ਮਿਲ ਜਾਣ 'ਤੇ ਉਸ ਨੂੰ ਪੜ੍ਹਨ ਦਾ ਸਵਾਦ ਉਸ ਤੋਂ ਵੀ ਜ਼ਿਆਦਾ ਹੁੰਦਾ ਹੈ। ਇੱਕੋ ਚਿੱਠੀ ਨੂੰ ਕਈ-ਕਈ ਵਾਰ ਪੜ੍ਹਨ ਦਾ ਵੀ ਆਪਣਾ ਹੀ ਲੁਤਫ਼ ਹੈ। ਫੇਰ ਚਿੱਠੀ ਲਿਖਣ ਦੀ ਵਾਰੀ ਆਉਂਦੀ ਹੈ, ਜੋ ਕਿ ਆਪਣੇ ਆਪ ਵਿਚ ਇੱਕ ਕਲਾ ਹੀ ਹੈ।

ਸਾਡੇ ਦੇਸ਼ ਵਿੱਚ ਰੁਜ਼ਗਾਰ ਦੀ ਅਣਹੋਂਦ ਕਰ ਕੇ ਵਿਦੇਸ਼ ਜਾਣਾ ਨੌਜਵਾਨਾਂ ਦੀ ਮਜਬੂਰੀ ਹੈ। ਵਿਆਹ ਤੋਂ ਬਾਅਦ ਭਰੀ ਜਵਾਨੀ ਵਿੱਚ ਆਪਣੇ ਬਜ਼ੁਰਗ ਮਾਪਿਆਂ ਤੇ ਸੱਜ ਵਿਆਹੀ ਨਾਰ ਨੂੰ ਛੱਡ ਕੇ ਵਿਦੇਸ਼ ਜਾਣ ਕੋਈ ਸੌਖਾ ਨਹੀਂ ਹੁੰਦਾ। ਇਸ ਤੋਂ ਵੱਡਾ ਦਰਦ ਕੀ ਹੋ ਸਕਦਾ ਹੈ, ਜਦੋਂ ਆਪਣੇ ਵਿਦੇਸ਼ੀ ਪੁੱਤ ਦੀ ਚਿੱਠੀ ਪੜ੍ਹ-ਪੜ੍ਹ ਕੇ ਬੁੱਢੇ ਮਾਂ-ਬਾਪ ਦੀਆਂ ਅੱਖਾਂ ਵਿਚਲੇ ਹੰਝੂ ਸੁੱਕ ਜਾਂ ਮੁੱਕ ਗਏ ਹੋਣ। ਇਸ ਤਰ੍ਹਾਂ ਦੇ ਵਿਛੋੜੇ ਦੇ ਦਰਦ ਨੂੰ ਉਹੀ ਬਿਆਨ ਕਰ ਸਕਦੇ ਹਨ, ਜਿਨ੍ਹਾਂ ਨੇ ਇਸ ਨੂੰ ਭੋਗਿਆ ਹੈ। ਵਿਦੇਸ਼ ਵੱਸਦੇ ਮਾਹੀ ਦੀ ਸੁੱਖ-ਸਾਂਦ ਦੀ ਚਿੱਠੀ ਲੈ ਕੇ ਆਉਣ ਵਾਲਾ ਡਾਕੀਆ ਕਿਸੇ ਮਸੀਹੇ ਤੋਂ ਘੱਟ ਨਹੀਂ ਸੀ ਲੱਗਦਾ। ਸੁਆਣੀ ਮਾਹੀ ਦੀਆਂ ਲਿਖੀਆਂ ਚਿੱਠੀਆਂ ਸਾਂਭ-ਸਾਂਭ ਰੱਖਦੀ ਤੇ ਉਨ੍ਹਾਂ ਨੂੰ ਬਾਰ-ਬਾਰ ਪੜ੍ਹਦੀ ਰਹਿੰਦੀ ਕਿ ਸ਼ਾਇਦ ਕਿਸੇ ਚਿੱਠੀ ਵਿੱਚ ਮਾਹੀ ਦੇ ਆਉਣ ਦੀ ਤਰੀਕ ਹੀ ਲਿਖੀ ਹੋਵੇ। ਚਿੱਠੀਆਂ ਨਾਲ਼ ਇੱਕ ਅਲੱਗ ਜਿਹਾ ਰਿਸ਼ਤਾ ਬਣਿਆ ਹੁੰਦਾ ਸੀ, ਜਿਹੜਾ ਕਿ ਅਜੋਕੇ ਈ-ਮੇਲਜ਼ ਜਾਂ ਵਟਸਐਪ ਨਾਲ਼ ਨਹੀਂ ਬਣ ਸਕਦਾ। ਸਮੇਂ-ਸਮੇਂ ਕਿੰਨੇ ਹੀ ਗੀਤਕਾਰਾਂ ਨੇ ਬਿਰਹਾ ਦੇ ਦਰਦ ਨੂੰ ਆਪਣੀ ਕਲਮ ਨਾਲ਼ ਨਿਵਾਜਿਆ ਹੈ ਤੇ ਕਿੰਨੇ ਹੀ ਗਾਇਕਾਂ ਨੇ ਉਸ ਲਿਖੇ ਦਰਦ ਨੂੰ ਆਪਣੀ ਆਵਾਜ਼ ਰਾਹੀਂ ਬਿਆਨ ਕੀਤਾ ਹੈ।

ਮੇਰੇ ਬਿਦਰ ਪੜ੍ਹਦਿਆਂ ਸਾਡੇ ਕਾਲਜ ਦੇ ਹੋਸਟਲ ਵਿੱਚ ਕਰੀਬ ਚਾਰ-ਪੰਜ ਸੌ ਮੁੰਡੇ ਰਹਿੰਦੇ ਸਨ। ਉਦੋਂ ਉੱਥੇ ਡਾਕ ਦਾ ਸਮਾਂ ਦੁਪਹਿਰੇ ਇੱਕ-ਡੇਢ ਵਜੇ ਦਾ ਹੁੰਦਾ ਸੀ। ਮੈਨੂੰ ਯਾਦ ਹੈ ਕਿ ਡਾਕ ਵੰਡਣ ਵਾਲੇ ਡਾਕੀਏ ਦਾ ਨਾਂਅ ਮਿਸ਼ਰਾ ਸੀ ਤੇ ਦੁਪਹਿਰੇ ਜਦੋਂ ਉਹ ਡਾਕ ਲੈ ਕੇ ਆਉਂਦਾ ਸੀ ਤਾਂ ਉਹ ਦੇ ਕੋਲ ਸਾਰੇ ਮੁੰਡਿਆਂ ਦੀਆਂ ਢੇਰਾਂ ਚਿੱਠੀਆਂ ਹੁੰਦੀਆਂ ਸਨ। ਸਾਰੇ ਮੁੰਡੇ ਉਹ ਦੇ ਆਲੇ-ਦੁਆਲੇ ਝੁੰਡ ਬਣਾ ਕੇ ਉਹ ਨੂੰ ਘੇਰ ਹੀ ਲੈਂਦੇ ਸਨ। ਆਪਣੀ ਚਿੱਠੀ ਪਹਿਲਾਂ ਤੇ ਛੇਤੀ ਲੈਣ ਲਈ ਉਹਦੀਆਂ ਮਿੰਨਤਾਂ ਵੀ ਕਰਦੇ ਸਨ। ਉਹ ਵੀ ਫਟਾਫਟ ਕਮਰਾ ਨੰਬਰ ਬੋਲ-ਬੋਲ ਕੇ ਸਾਰੀਆਂ ਚਿੱਠੀਆਂ ਮਿੰਟਾਂ ਵਿੱਚ ਹੀ ਵੰਡ ਦਿੰਦਾ ਸੀ। ਕਈ ਵਾਰੀ ਕਿਸੇ ਮੁੰਡੇ ਦੀ ਚਿੱਠੀ ਉਹ ਦੇ ਦੋਸਤਾਂ ਦੇ ਹੱਥ ਲੱਗ ਜਾਂਦੀ ਤਾਂ ਉਹ ਸ਼ਾਮ ਤੱਕ ਉਹ ਦੀਆਂ ਮਿੰਨਤਾਂ ਕਰਾਉਂਦੇ ਰਹਿੰਦੇ ਤੇ ਪਾਰਟੀ ਲੈਣ ਦੇ ਭਰੋਸੇ ਮਗਰੋਂ ਹੀ ਉਸ ਨੂੰ ਚਿੱਠੀ ਦਿੰਦੇ। ਫੇਰ ਕਿਤੇ ਜਾ ਕੇ ਉਹ ਆਪਣੀ ਚਿੱਠੀ ਪੜ੍ਹਦਾ। ਏਦਾਂ ਕਿਸੇ ਨਾ ਕਿਸੇ ਦੀ ਪਾਰਟੀ ਰੋਜ਼ ਹੀ ਚੱਲਦੀ ਰਹਿੰਦੀ।

ਉਸ ਸਮੇਂ ਬੈਂਕਾਂ ਦੇ ਏ ਟੀ ਐੱਮ ਵਗੈਰਾ ਵੀ ਨਹੀਂ ਹੁੰਦੇ ਸੀ। ਇਸ ਲਈ ਸੁੱਖ-ਸਾਂਦ ਤੋਂ ਇਲਾਵਾ ਘਰੋਂ ਪੈਸੇ ਮੰਗਵਾਉਣ ਦਾ ਵੀ ਇੱਕੋ-ਇੱਕ ਸਾਧਨ ਚਿੱਠੀ ਹੀ ਸੀ। ਚਿੱਠੀ ਵਾਲੇ ਹਲਕੇ ਪੀਲੇ ਰੰਗ ਦੇ ਲਿਫ਼ਾਫ਼ੇ ਵਿੱਚ ਹੀ ਲੋੜੀਂਦੇ ਪੈਸਿਆਂ ਦਾ ਬੈਂਕ-ਡਰਾਫ਼ਟ ਵੀ ਹੁੰਦਾ ਸੀ। ਕਈਆਂ ਨੂੰ ਪੈਸਿਆਂ ਕਰ ਕੇ ਵੀ ਚਿੱਠੀ ਦੀ ਜ਼ਿਆਦਾ ਉਡੀਕ ਰਹਿੰਦੀ ਸੀ। ਜਦੋਂ ਕਿਸੇ ਕੋਲ ਪੈਸੇ ਬਿਲਕੁਲ ਖ਼ਤਮ ਹੋ ਜਾਣ ਵਾਲੇ ਹੋ ਜਾਣੇ ਤਾਂ ਐਮਰਜੈਂਸੀ ਵਰਗੇ ਹਾਲਾਤ ਹੋ ਜਾਂਦੇ। ਇਕਦਮ ਚਿੱਠੀ ਪਾਉਣ ਦਾ ਮਤਲਬ ਪਹਿਲਾਂ ਦਸ-ਬਾਰਾਂ ਦਿਨਾਂ ਵਿੱਚ ਚਿੱਠੀ ਘਰ



ਪਹੁੰਚਣੀ ਤੇ ਫੇਰ ਏਨੇ ਹੀ ਦਿਨਾਂ ਵਿੱਚ ਉਸ ਚਿੱਠੀ ਦਾ ਜਵਾਬ ਆਉਣਾ। ਅਜਿਹੇ ਮੌਕੇ ਟੈਲੀਗਰਾਮ ਦੀ ਸੇਵਾ ਲਈ ਜਾਂਦੀ ਸੀ, ਕਿਉਂਕਿ ਟੈਲੀਗਰਾਮ ਕਰਨ ਲਈ ਪੈਸੇ ਪ੍ਰਤੀ ਸ਼ਬਦ ਦੇ ਹਿਸਾਬ ਨਾਲ ਲੱਗਦੇ ਸਨ, ਇਸ ਲਈ ਜ਼ਿਆਦਾ ਮੁੰਡੇ ਟੈਲੀਗਰਾਮ ਵਿੱਚ ਸਿਰਫ਼ 'ਐਂਡ ਮਨੀ ਸੈਂਡ ਮਨੀ' ਹੀ ਲਿਖਦੇ ਹੁੰਦੇ ਸਨ। ਟੈਲੀਗਰਾਮ ਦੂਜੇ ਦਿਨ ਪਹੁੰਚ ਜਾਂਦੀ ਸੀ।

ਸਾਡੇ ਫ਼ੌਜੀ ਜਵਾਨ ਵੀ ਇਹ ਦਰਦ ਆਪਣੇ ਸੀਨੇ 'ਤੇ ਹੰਢਾਉਂਦੇ ਹਨ। ਉਹ ਦੂਰ ਬਾਰਡਰਾਂ 'ਤੇ ਦੇਸ਼ ਦੀ ਰਾਖੀ ਕਰਨ ਹਿੱਤ ਕਈ-ਕਈ ਮਹੀਨੇ-ਸਾਲ ਆਪਣੇ ਘਰੋਂ ਬਾਹਰ ਰਹਿੰਦੇ ਹਨ। ਫ਼ੌਜੀ ਵੱਲੋਂ ਲਿਖੀ ਹਰ ਚਿੱਠੀ ਉਸ ਦੀ ਜ਼ਿੰਦਗੀ ਦੀ ਸਲਾਮਤੀ ਦੀ ਗਵਾਹੀ ਭਰਦੀ ਸੀ ਤੇ ਚਿੱਠੀ ਮਿਲ ਜਾਣ 'ਤੇ ਉਸਦੀ ਘਰ ਵਾਲੀ ਰੱਬ ਦਾ ਲੱਖ-ਲੱਖ ਸ਼ੁਕਰ ਕਰਦੀ ਸੀ। ਕੁਝ ਦਿਨ ਲੰਘਣ ਤੋਂ ਬਾਅਦ ਫੇਰ ਚਿੱਠੀ ਦੀ ਉਡੀਕ ਸ਼ੁਰੂ ਹੋ ਜਾਂਦੀ ਸੀ। ਬਾਰਡਰ ਉੱਤੇ ਮਾਹੌਲ ਖ਼ਰਾਬ ਹੋਣ ਸਮੇਂ ਕਿਸੇ ਕਾਰਨ ਚਿੱਠੀ ਨਾ ਮਿਲਣ 'ਤੇ ਜਾਂ ਲਿਖਣ ਵਿੱਚ ਦੇਰ ਹੋ ਜਾਣ 'ਤੇ ਕਿਸੇ ਵੀ ਫ਼ੌਜੀ ਦੇ ਘਰਦਿਆਂ ਤੇ ਘਰਵਾਲੀ ਦੀ ਹਾਲਤ ਬਿਨਾਂ ਪਾਣੀਓਂ ਮੱਛੀ ਵਰਗੀ ਹੋ ਜਾਂਦੀ ਸੀ। ਚਿੱਠੀ ਆਉਣ ਦਾ ਮਤਲਬ ਫ਼ੌਜੀ ਮਾਹੀ ਦੇ ਸਾਹ ਚੱਲਣ ਦੀ ਗਾਰੰਟੀ ਮੰਨਿਆ ਜਾਂਦਾ ਸੀ। ਬਾਰਡਰ 'ਤੇ ਬੈਠਾ ਕੋਈ ਫ਼ੌਜੀ ਆਪਣੀ ਫੌਜਨ ਦੇ ਖ਼ਿਆਲਾਂ ਵਿੱਚ ਖੋਇਆ ਹੋਇਆ ਜਿਵੇਂ ਕਹਿ ਰਿਹਾ ਹੋਵੇ:

ਕਦੇ ਨੈਣ ਸੀ ਤੇਰੇ ਨਾਲ਼ ਲੜੇ ਫੌਜਣੇ,
ਅੱਜ ਬਾਰਡਰਾਂ 'ਤੇ ਫ਼ੌਜੀ ਤੇਰਾ ਲੜੇ ਫੌਜਣੇ।

ਚਿੱਠੀਆਂ ਦੀ ਹੋਂਦ ਨੂੰ ਖ਼ਤਰਾ ਤਾਂ ਟੈਲੀਫ਼ੋਨ ਸੇਵਾ ਦੀ ਆਮਦ ਨਾਲ਼ ਹੀ ਹੋ ਗਿਆ ਸੀ, ਪਰ ਫੇਰ ਵੀ ਲੋਕ ਕਿਸੇ ਨਾ ਕਿਸੇ ਤਰ੍ਹਾਂ ਚਿੱਠੀਆਂ ਨਾਲ ਜੁੜੇ ਰਹੇ। ਮੋਬਾਇਲ ਫ਼ੋਨ ਆਉਣ ਨਾਲ ਚਿੱਠੀਆਂ ਦਾ ਰੁਝਾਨ ਹੋਰ ਵੀ ਘਟ ਗਿਆ। ਹੰਸ ਰਾਜ ਹੰਸ ਨੇ ਤਾਂ ਓਦੋਂ ਹੀ ਗੀਤ ਗਾ ਦਿੱਤਾ ਸੀ:

'ਤੁਸੀਂ ਚਿੱਠੀਆਂ ਪਾਉਣੀਆਂ ਭੁੱਲ ਗਏ, ਜਦੋਂ ਦਾ ਟੈਲੀਫ਼ੋਨ ਲੱਗਿਆ।'

ਅੱਜ ਭਾਵੇਂ ਕੋਈ ਵੀ ਸੁਨੇਹਾ ਦੇਸ਼-ਵਿਦੇਸ਼ ਨਾਲ ਦੀ ਨਾਲ ਪਹੁੰਚ ਜਾਂਦਾ ਹੈ ਪਰ ਉਸ ਵਿੱਚ ਉਹ ਅਪਣੱਤ ਤੇ ਨਿੱਘ ਨਹੀਂ ਹੈ। ਚਿੱਠੀਆਂ ਦੀ ਜਗ੍ਹਾ ਈ-ਮੇਲਜ਼ ਨੇ ਲੈ ਲਈ ਹੈ ਅਤੇ ਹੁਣ ਤਾਂ ਹੋਰ ਵੀ ਬਹੁਤ ਸਾਰੀਆਂ ਐਪਸ ਤੇ ਸ਼ੋਸ਼ਲ-ਨੈੱਟਵਰਕਿੰਗ ਸਾਈਟਸ ਆ ਚੁੱਕੀਆਂ ਹਨ। ਚਿੱਠੀਆਂ ਤਾਂ ਹੁਣ ਜ਼ਿਆਦਾਤਰ ਸਰਕਾਰੀ ਦਫ਼ਤਰਾਂ ਤੋਂ ਹੀ ਆਉਂਦੀਆਂ ਹਨ। ਸਰਕਾਰੀ ਵਿਭਾਗ ਵੀ ਹੌਲੀ-ਹੌਲੀ ਆਨ-ਲਾਈਨ ਹੋ ਰਹੇ ਹਨ ਜਾਂ ਹੋ ਚੁੱਕੇ ਹਨ। ਲੱਗਦਾ ਹੈ ਕਿ ਟੈਲੀਗਰਾਮ ਸੇਵਾ ਵਾਂਗ ਚਿੱਠੀਆਂ ਵੀ ਇੱਕ ਦਿਨ ਬੀਤੇ ਸਮੇਂ ਦੀ ਕਹਾਣੀ ਬਣ ਜਾਣਗੀਆਂ, ਪਰ ਜਿਹੜੇ ਲੋਕ ਚਿੱਠੀਆਂ ਪੜ੍ਹਦੇ-ਲਿਖਦੇ ਰਹੇ ਹਨ, ਉਨ੍ਹਾਂ ਦੇ ਮਨਾਂ ਵਿੱਚ ਚਿੱਠੀਆਂ ਦੀਆਂ ਕੌੜੀਆਂ-ਮਿੱਠੀਆਂ ਯਾਦਾਂ ਹਮੇਸ਼ਾ ਬਣੀਆਂ ਰਹਿਣਗੀਆਂ। ਉਨ੍ਹਾਂ ਨੂੰ ਅੱਜ ਵੀ ਕਿਸੇ ਸੱਜਣ-ਮਿੱਤਰ ਦੀ ਮਹਿਕਾਂ ਬਿਖੇਰਦੀ ਹੋਈ ਚਿੱਠੀ ਦੀ ਉਡੀਕ ਹੋਵੇਗੀ।

# ਸੰਪਰਕ : 98889-40211

# ਜਦੋਂ ਸਿਆਸਤਦਾਨ ਦਾ ਦੋਗਲਾਪਨ ਵੇਖ ਕੇ ਨਿਰਾਸ਼ਾ ਹੋਈ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਉਂਜ ਸਿਆਸਤਦਾਨਾਂ ਨਾਲ ਮੇਰਾ ਕਦੇ ਵੀ ਵਾਹ-ਵਾਸਤਾ ਨਹੀਂ ਪਿਆ, ਪਰ ਸਿਆਸਤਦਾਨਾਂ ਬਾਰੇ ਮੇਰੇ ਮਨ ਵਿਚ ਕਦੇ ਵੀ ਬਹੁਤਾ ਸਤਿਕਾਰ ਨਹੀਂ ਰਿਹਾ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਮੈਂ ਆਪਣੇ ਹੁਣ ਤੱਕ ਦੇ 52 ਸਾਲ ਦੇ ਜੀਵਨ ਕਾਲ ਵਿਚ ਅਨੇਕਾਂ ਸਿਆਸਤਦਾਨਾਂ ਨੂੰ ਪਾਰਟੀਆਂ 'ਤੇ ਬਿਆਨ ਬਦਲਣ ਦੇ ਨਾਲ-ਨਾਲ ਸੱਤਾ ਦੀ ਮਲਾਈ ਖਾਂਦਿਆਂ ਆਪਣੇ ਘਰ ਭਰਦਿਆਂ ਹੋਇਆਂ ਵੇਖਿਆ, ਪੜ੍ਹਿਆ ਤੇ ਸੁਣਿਆ ਹੈ। ਖ਼ੈਰ, ਅੱਜ ਮੈਂ ਮਾਝੇ ਦੇ ਇਕ ਵੱਡੇ ਅਸਰ-ਰਸੂਖ਼ ਵਾਲੇ ਸਿਰਕੱਢ ਸਿਆਸਤਦਾਨ ਨਾਲ ਸੰਬੰਧਤ ਆਪਣੀ ਹੱਡ-ਬੀਤੀ ਬਿਆਨ ਕਰਨਾ ਚਾਹੁੰਦਾ ਹਾਂ, ਜਿਸ ਨੇ ਮੇਰੇ ਮਨ ਅੰਦਰ ਸਿਆਸਤਦਾਨਾਂ ਦੇ ਦੋਗਲੇਪਨ ਬਾਰੇ ਅੰਕਿਤ ਚਿੱਤਰ ਨੂੰ ਸੱਚਾ ਸਾਬਿਤ ਕਰ ਦਿੱਤਾ ਸੀ।

ਗੱਲ ਕੋਈ ਪੰਜ ਕੁ ਸਾਲ ਪਹਿਲਾਂ ਦੀ ਹੈ। ਉਦੋਂ ਉਹ ਸਿਆਸਤਦਾਨ ਕੈਬਨਿਟ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਸੀ। ਮਸਲਾ ਇਹ ਸੀ ਕਿ ਮੇਰੀ ਇਕ ਵਾਕਫ਼ਕਾਰ ਬੀਬੀ ਇਕ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਸੀ। ਉਸ ਦੇ ਸਕੂਲ ਵਿਚ ਇਕ ਅਧਿਆਪਕ ਸੀ, ਜੋ ਕਿਸੇ ਸਿਆਸੀ ਪਾਰਟੀ ਦਾ ਅਹੁਦੇਦਾਰ ਵੀ ਸੀ। ਕਿਸੇ ਗੱਲੋਂ ਉਸ ਅਧਿਆਪਕ ਦਾ ਉਸ ਮਹਿਲਾ ਪ੍ਰਿੰਸੀਪਲ ਨਾਲ ਤਕਰਾਰ ਹੋ ਗਿਆ ਤੇ ਉਸ ਨੇ ਸੰਬੰਧਤ ਪਿੰਡ ਦੇ ਸਰਪੰਚ ਨਾਲ ਮਿਲ ਕੇ ਉਸ ਮਹਿਲਾ ਪ੍ਰਿੰਸੀਪਲ ਖ਼ਿਲਾਫ਼ ਝੂਠੀਆਂ ਵਿਭਾਗੀ ਸ਼ਿਕਾਇਤਾਂ ਕਰ ਦਿੱਤੀਆਂ। ਸਿੱਖਿਆ ਵਿਭਾਗ ਨੇ ਆਪਣੀ ਪ੍ਰਕਿਰਿਆ ਅਨੁਸਾਰ ਸ਼ਿਕਾਇਤਾਂ ਦੀ ਪੜਤਾਲ ਲਈ ਉੱਚ-ਅਧਿਕਾਰੀਆਂ ਦੀ ਡਿਊਟੀ ਲਗਾ ਦਿੱਤੀ ਤੇ ਜਾਂਚ ਵੀ ਹੋ ਗਈ, ਪਰ ਕਿਉਂਕਿ ਸਾਰੇ ਦੋਸ਼ ਨਿਰਾਧਾਰ ਤੇ ਮਨਘੜਤ ਸਨ, ਇਸ ਲਈ ਜਾਂਚ ਕਮੇਟੀ ਵੱਲੋਂ ਸੰਬੰਧਤ ਮਹਿਲਾ ਪ੍ਰਿੰਸੀਪਲ ਨੂੰ ਨਿਰਦੋਸ਼ ਕਰਾਰ ਦਿੰਦੇ ਹੋਏ ਵਿਭਾਗ ਨੂੰ ਰਿਪੋਰਟ ਭੇਜ ਦਿੱਤੀ ਗਈ। ਭਾਵੇਂ ਕਿ ਉਹ ਮਹਿਲਾ ਪ੍ਰਿੰਸੀਪਲ ਕੋਈ ਡਰਪੋਕ ਜਾਂ ਦੱਬੂ ਕਿਸਮ ਦੇ ਸੁਭਾਅ ਦੀ ਮਾਲਕ ਨਹੀਂ ਸੀ, ਪਰ ਫਿਰ ਵੀ ਝੂਠੀਆਂ ਸ਼ਿਕਾਇਤਾਂ ਅਤੇ ਵਿਭਾਗੀ ਪੜਤਾਲ ਦੇ ਮਾਮਲੇ ਕਰਕੇ ਉਹ ਮਾਨਸਿਕ ਰੂਪ ਵਿਚ ਥੋੜ੍ਹੀ ਪ੍ਰੇਸ਼ਾਨ ਜ਼ਰੂਰ ਸੀ। ਸਾਨੂੰ ਪਤਾ ਲੱਗਾ ਕਿ ਸ਼ਿਕਾਇਤਕਰਤਾ ਅਧਿਆਪਕ ਅਤੇ ਉਸ ਦੇ ਸਾਥੀ ਸਰਪੰਚ ਦੇ ਪਿੱਛੇ ਵੱਡੇ ਸਿਆਸਤਦਾਨ ਦੀ ਸਰਪ੍ਰਸਤੀ ਸੀ। ਅਸੀਂ ਉਸ ਵੱਡੇ ਸਿਆਸਤਦਾਨ ਨੂੰ ਮਿਲਣ ਅਤੇ ਮਾਮਲੇ ਦੀ ਸਾਰੀ ਸੱਚਾਈ ਬਿਆਨ ਕਰ ਦੇਣ ਦਾ ਫ਼ੈਸਲਾ ਕੀਤਾ ਤੇ ਇਕ ਦਿਨ ਮੈਂ, ਉਹ ਮਹਿਲਾ ਪ੍ਰਿੰਸੀਪਲ ਅਤੇ ਉਸ ਦਾ ਅਫ਼ਸਰ ਰੈਂਕ ਦਾ ਪਤੀ, ਤਿੰਨੇ ਜਣੇ ਉਸ ਸਿਆਸਤਦਾਨ ਦੇ ਘਰ ਜਾ ਪੁੱਜੇ।

ਸੁਬ੍ਹਾ-ਸਵੇਰੇ ਉਸ ਵੱਡੇ ਸਿਆਸਤਦਾਨ ਦੇ ਘਰ ਵੱਡੀ ਗਿਣਤੀ ਵਿਚ ਲੋਕ ਆਪੋ-ਆਪਣੀਆਂ ਅਰਜ਼ੀਆਂ ਲੈ ਕੇ ਖੜ੍ਹੇ ਸਨ। ਮੈਂ ਕਿਉਂਕਿ ਪਹਿਲਾਂ ਕਦੇ ਕਿਸੇ ਸਿਆਸਤਦਾਨ ਨੂੰ ਨਹੀਂ ਮਿਲਿਆ ਸਾਂ, ਇਸ ਲਈ ਮੇਰੇ ਲਈ ਇਹ ਦ੍ਰਿਸ਼ ਬਿਲਕੁਲ ਨਵਾਂ ਸੀ। ਖ਼ੈਰ, ਮੰਤਰੀ ਸਾਹਿਬ ਦੀ ਬੈਠਕ ਦਾ ਦਰਵਾਜ਼ਾ ਖੁੱਲ੍ਹਾ ਤੇ ਉਹ ਆਪਣੇ ਲਾਮ-ਲਸ਼ਕਰ ਨਾਲ ਬੈਠਕ 'ਚੋਂ ਨਿਕਲ ਕੇ ਬਾਹਰ ਵਿਹੜੇ ਵਿਚ ਇਕੱਤਰ ਹੋਏ ਲੋਕਾਂ ਵੱਲ ਵਧੇ ਤੇ ਇਕ-ਇਕ ਕਰਕੇ ਫ਼ਰਿਆਦੀਆਂ ਦੀਆਂ ਬੇਨਤੀਆਂ ਸੁਣਦੇ ਹੋਏ ਅੱਗੇ ਵਧਣ ਲੱਗੇ। ਮੈਨੂੰ ਉਹ ਦ੍ਰਿਸ਼ ਯਾਦ ਆ ਰਿਹਾ ਸੀ ਜਦੋਂ ਚੋਣਾਂ ਦੇ ਦਿਨਾਂ ਵਿਚ ਲੋਕ ਆਪਣੇ ਘਰਾਂ ਦੇ ਦਰਵਾਜ਼ਿਆਂ 'ਤੇ ਖੜ੍ਹੇ ਹੁੰਦੇ ਸਨ ਤੇ ਇਹ ਸਿਆਸਤਦਾਨ ਦੋਵੇਂ ਹੱਥ ਜੋੜ ਕੇ 'ਨਮਸਕਾਰ' ਕਰਦਿਆਂ ਹੋਇਆਂ ਬੜੇ ਹੀ ਨਿਮਾਣੇ ਜਿਹੇ ਢੰਗ ਨਾਲ ਇਕ 'ਫ਼ਰਿਆਦੀ' ਦੀ ਤਰ੍ਹਾਂ ਵੋਟਾਂ ਮੰਗਦਿਆਂ ਹੋਇਆਂ ਉਥੋਂ ਗੁਜ਼ਰਿਆ ਕਰਦਾ ਸੀ ਤੇ ਅੱਜ ਤਸਵੀਰ ਬਿਲਕੁਲ ਉਲਟ ਸੀ।

ਚੱਲਦਿਆਂ-ਚੱਲਦਿਆਂ ਮੰਤਰੀ ਸਾਹਿਬ ਸਾਡੇ ਤਿੰਨਾਂ ਦੇ ਕੋਲ ਵੀ ਪੁੱਜੇ। ਉਸ ਮਹਿਲਾ ਪ੍ਰਿੰਸੀਪਲ ਨੇ ਫੁੱਲਾਂ ਦਾ ਇਕ ਗੁਲਦਸਤਾ ਭੇਟ ਕਰਦਿਆਂ ਹੋਇਆਂ ਬੜੇ ਹੀ ਅਦਬ ਨਾਲ 'ਸਤਿ ਸ੍ਰੀ ਅਕਾਲ' ਬੁਲਾਈ ਤੇ ਸੰਖੇਪ ਵਿਚ ਆਪਣੇ ਆਉਣ ਦਾ ਮੰਤਵ ਦੱਸਿਆ। ਉਸ ਮਹਿਲਾ ਪ੍ਰਿੰਸੀਪਲ ਦੀ ਅੱਧੀ ਗੱਲ ਸੁਣਦਿਆਂ ਸਾਰ ਹੀ ਮੱਥੇ 'ਤੇ ਦਸ ਕੁ ਤਿਉੜੀਆਂ ਪਾ ਕੇ ਉਹ ਵੱਡਾ ਸਿਆਸਤਦਾਨ ਇਕਦਮ ਤੈਸ਼ 'ਚ ਆਉਂਦਿਆਂ ਹੋਇਆਂ ਬੋਲਿਆਂ। 'ਅੱਜ ਪੰਚਾਇਤ ਨੇ ਤੇਰੀ ਸ਼ਿਕਾਇਤ ਵਿਭਾਗ ਨੂੰ ਕੀਤੀ ਏ ਤੇ ਤੂੰ ਮੇਰੇ ਕੋਲ ਭੱਜੀ ਚੱਲੀ ਆਈਂ ਏਂ. ..... ਮੈਂ ਵੀਹ ਵਾਰੀ ਤੇਰੇ ਸੰਬੰਧਤ ਪਿੰਡ 'ਚ ਗਿਆ ਹਾਂ, ਉਦੋਂ ਤੇ ਤੂੰ ਕਦੇ ਆਈ ਨਹੀਂ।' ਮੈਨੂੰ ਉਸ ਵੱਡੇ ਸਿਆਸਤਦਾਨ ਤੋਂ ਇਸ ਪ੍ਰਕਾਰ ਦੀ ਪ੍ਰਤੀਕਿਰਿਆ ਦੀ ਬਿਲਕੁਲ ਵੀ ਤਵੱਕੋ ਨਹੀਂ ਸੀ। ਪਹਿਲੀ ਗੱਲ ਤਾਂ ਮੈਂ ਸੁਣਿਆ ਸੀ ਕਿ ਉਹ ਬੜਾ ਹੀ ਸਾਊ ਤੇ ਸੂਝਵਾਨ ਸਿਆਸਤਦਾਨ ਹੈ। ਦੂਜੀ ਗੱਲ ਇਹ ਸੀ ਕਿ ਬਹੁਤ ਸਾਰੇ ਲੋਕ ਉਥੇ ਮੌਕੇ 'ਤੇ ਮੌਜੂਦ ਸਨ ਤੇ ਤੀਜੀ ਗੱਲ ਇਹ ਸੀ ਕਿ ਉਹ ਇਕ ਮਹਿਲਾ ਸੀ ਤੇ ਇਕ ਗਜ਼ਟਿਡ ਅਧਿਕਾਰੀ ਵੀ ਸੀ। ਇਕ ਮਹਿਲਾ ਅਧਿਕਾਰੀ ਨੂੰ ਭਰੇ ਇਕੱਠ ਵਿਚ ਇਹ ਕਹਿਣਾ ਕਿ ਉਹ ਪਹਿਲਾਂ ਕਦੇ ਮਿਲਣ ਕਿਉਂ ਨਹੀਂ ਆਈ, ਮੈਨੂੰ ਬੜਾ ਹੀ ਅਪਮਾਨਜਨਕ ਜਾਪਿਆ ਸੀ।

ਖ਼ੈਰ, ਉਸ ਸਿਆਸਤਦਾਨ ਨੇ ਉਕਤ ਸੰਖੇਪ ਜਿਹਾ ਵਾਰਤਾਲਾਪ ਕਰਕੇ ਸਾਨੂੰ ਉੱਥੋਂ ਤੋਰ ਦਿੱਤਾ। ਸਾਨੂੰ ਬੁਰਾ ਵੀ ਲੱਗਾ ਕਿ ਸਾਡੀ ਗੱਲ ਪੂਰੀ ਸੁਣੇ ਬਗ਼ੈਰ ਹੀ ਉਸ ਮੰਤਰੀ ਨੇ ਤਲਖ਼ ਟਿੱਪਣੀ ਕਰ ਦਿੱਤੀ ਸੀ। ਅਸੀਂ ਇਕ-ਦੋ ਦਿਨ ਬਾਅਦ ਫਿਰ ਉਸੇ ਸਿਆਸਤਦਾਨ ਨੂੰ ਮਿਲਣ ਦਾ ਫ਼ੈਸਲਾ ਕੀਤਾ ਤੇ ਇਕ ਦਿਨ ਸੁਵੱਖਤੇ ਹੀ ਮੰਤਰੀ ਸਾਹਿਬ ਦੇ ਘਰ ਜਾ ਪੁੱਜੇ ਤੇ ਲਾਈਨ ਵਿਚ ਸਭ ਤੋਂ ਪਹਿਲਾਂ ਜਾ ਲੱਗੇ। ਮੰਤਰੀ ਸਾਹਿਬ ਜਦੋਂ ਆਪਣੇ ਕਮਰੇ 'ਚੋਂ ਬਾਹਰ ਨਿਕਲ ਕੇ ਲੋਕਾਂ ਨੂੰ ਮਿਲਣ ਲੱਗੇ ਤਾਂ ਸਾਨੂੰ ਤਿੰਨਾਂ ਨੂੰ ਵੇਖ਼ ਕੇ ਉਨ੍ਹਾ ਸਾਨੂੰ ਇਕ ਕਮਰੇ ਵੱਲ ਜਾਣ ਦਾ ਇਸ਼ਾਰਾ ਕੀਤਾ ਤੇ ਆਪ ਅੱਗੇ ਵਧ ਕੇ ਹੋਰ ਲੋਕਾਂ ਨੂੰ ਮਿਲਣ ਲੱਗ ਪਏ। ਮੰਤਰੀ ਦੇ ਨਿੱਜੀ ਅਧਿਕਾਰੀਆਂ ਨੇ ਸਾਨੂੰ ਬੈਠਕ ਵਿਚ ਬਿਠਾ ਕੇ ਚਾਹ-ਪਾਣੀ ਪੇਸ਼ ਕੀਤਾ ਤੇ ਇੰਤਜ਼ਾਰ ਕਰਨ ਲਈ ਕਿਹਾ। ਕੁਝ ਸਮੇਂ ਬਾਅਦ ਉਹ ਮੰਤਰੀ ਸਾਹਿਬ ਅੰਦਰ ਆ ਗਏ ਤੇ ਸਾਡੇ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਅੱਜ ਉਨ੍ਹਾ ਦੀ ਗੱਲਬਾਤ ਦਾ ਅੰਦਾਜ਼ ਬੜਾ ਹੀ ਨਰਮ ਅਤੇ ਸ਼ਾਂਤ ਸੀ। ਉਨ੍ਹਾ ਸਾਰੀ ਗੱਲ ਬੜੇ ਹੀ ਧੀਰਜ ਨਾਲ ਸੁਣੀ ਤੇ ਫਿਰ ਮਹਿਲਾ ਪ੍ਰਿੰਸੀਪਲ ਨੂੰ ਮੁਖ਼ਾਤਿਬ ਹੋ ਕੇ ਬੋਲੇ, 'ਵੇਖ਼ ਬੀਬਾ, ਇਕ ਤਾਂ ਤੂੰ ਮੇਰੇ ਹੀ ਸ਼ਹਿਰ ਦੀ ਰਹਿਣ ਵਾਲੀ ਏਂ ਤੇ ਦੂਜੀ ਹੈ ਵੀ ਮੇਰੀ ਹੀ ਜਾਤ ਵਾਲੀ। ਇਸ ਕਰਕੇ ਦੋਵਾਂ ਪਾਸਿਉਂ ਤੂੰ ਮੇਰੀਆਂ ਭੈਣਾਂ ਵਰਗੀ ਏਂ..ਤੇਰੀ ਸਾਰੀ ਗੱਲ ਮੈਂ ਸੁਣ ਤੇ ਸਮਝ ਲਈ ਏ..ਵੇਖ਼ ਬੀਬਾ ਕੁਝ ਹੀ ਦਿਨਾਂ ਬਾਅਦ ਚੋਣਾਂ ਨੇ ਤੇ ਮੈਂ ਪਿੰਡ 'ਚੋਂ ਲੈਣੀਆਂ ਨੇ ਵੋਟਾਂ.. ਮੇਰੇ 'ਤੇ ਸਰਪੰਚ ਅਤੇ ਹੋਰਨਾਂ ਵੱਲੋਂ ਬੜਾ ਦਬਾਅ ਏ ਕਿ ਤੇਰੀ ਬਦਲੀ ਕਰਨੀ ਏ.. ਤੂੰ ਮੇਰੀ ਭੈਣ ਬਣ ਤੇ ਇਹ ਸਕੂਲ ਛੱਡ ਦੇ ..ਤੂੰ ਜਿਹੜੇ ਵੀ ਨੇੜਲੇ ਜਾਂ ਦੂਰ ਦੇ ਸਕੂਲ 'ਤੇ ਉਂਗਲ ਧਰੇਂਗੀ, ਮੈਂ ਤੇਰੀ ਬਦਲੀ ਕਰਵਾ ਦਿਆਂਗਾ ਤੇ ਜੇਕਰ ਤੂੰ ਕਹਿਨੀ ਏਂ ਕਿ ਇਹ ਤੇਰੀ ਵੀ ਅਣਖ ਦਾ ਸਵਾਲ ਏ ਤੇ ਤੂੰ ਬਦਲੀ ਨਹੀਂ ਕਰਵਾਉਣੀ ਤਾਂ ਮੈਂ ਫਿਰ ਵੀ ਤੇਰੇ ਹੀ ਨਾਲ ਖੜ੍ਹਾ ਹਾਂ..ਪਰ ਚੇਤੇ ਰੱਖੀਂ ਕਿ ਜੇਕਰ ਤੂੰ ਬਦਲੀ ਨਹੀਂ ਕਰਵਾਉਂਦੀ ਤਾਂ ਕਦੇ ਤੇਰੇ ਸਕੂਲ ਡੀ ਈ ਓ ਤੁਰਿਆ ਰਹੂਗਾ ਤੇ ਕਦੇ ਡੀ.ਪੀ.ਆਈ..... ਤੇ ਕਦੇ ਕੋਈ ਹੋਰ.. ਐਵੇਂ ਵਖ਼ਤ ਨੂੰ ਫੜੀ ਰਹੇਂਗੀ.. ਬਾਕੀ ਅੱਗੇ ਤੇਰੀ ਮਰਜ਼ੀ ਐ.. ਉਂਜ ਤੂੰ ਮੇਰੀ ਛੋਟੀ ਭੈਣ ਏਂ ਤੇ ਮੈਂ ਤੇਰੇ ਨਾਲ ਖੜ੍ਹਾ ਹਾਂ।' ਉਸ ਘਾਗ ਸਿਆਸਤਦਾਨ ਦਾ ਇਹ 'ਧਮਕੀਨੁਮਾ' ਤੇ 'ਭਾਈਚਾਰਕ' ਉੱਤਰ ਸਾਨੂੰ ਇਹ ਅਹਿਸਾਸ ਕਰਵਾਉਣ ਲਈ ਕਾਫੀ ਸੀ ਕਿ ਇੱਥੇ ਇਨਸਾਫ਼ ਨਹੀਂ, ਸਿਆਸਤ ਭਾਰੂ ਸੀ। ਅਸੀਂ ਬਿਨਾਂ ਕੁਝ ਕਹੇ ਉਥੋਂ ਪਰਤ ਆਏ ਤੇ ਫਿਰ ਚੰਦ ਕੁ ਦਿਨਾਂ ਬਾਅਦ ਉਸ ਮਹਿਲਾ ਪ੍ਰਿੰਸੀਪਲ ਦੀ ਬਦਲੀ ਬਿਲਕੁਲ ਹੀ ਨੇੜਲੇ ਸਕੂਲ ਵਿਚ ਹੋ ਗਈ ਤੇ ਉਹ ਉੱਥੇ ਚਲੀ ਗਈ। ਇੰਜ ਮੇਰੇ ਅੱਖੀਂ ਵੇਖ਼ਦਿਆਂ-ਵੇਖ਼ਦਿਆਂ ਸੱਚ ਹਾਰ ਗਿਆ ਤੇ ਸਿਆਸਤ ਜਿੱਤ ਗਈ।

# ਸੰਪਰਕ : 97816-46008

# ਆੜ੍ਹਤੀ ਤੇ ਮਜ਼ਦੂਰ ਬੋਰੀਆਂ ਦੀ ਰਾਖੀ ਕਰਨ ਲਈ ਮਜਬੂਰ



ਪਟਿਆਲਾ (ਰਜਿੰਦਰ ਸਿੰਘ ਥਿੰਦ)
ਹਾੜ੍ਹੀ ਸੀਜ਼ਨ 2025-26 ਆਖ਼ਰੀ ਪੜਾਅ ਵਿੱਚ ਪਹੁੰਚ ਗਿਆ ਹੈ ਤੇ ਪੰਜਾਬ ਦੀਆਂ ਮੰਡੀਆਂ 'ਚ ਕਣਕ ਦੀ ਖ਼ਰੀਦ ਪ੍ਰਕਿਰਿਆ ਦਾ ਕਾਰਜ ਤੇਜ਼ੀ ਨਾਲ ਸਿਰੇ ਚੜ੍ਹਾਇਆ ਜਾ ਰਿਹਾ ਹੈ। ਸਰਕਾਰੀ ਏਜੰਸੀਆਂ ਵੱਲੋਂ ਕਣਕ ਦੀ ਖ਼ਰੀਦ ਦਾ ਕੰਮ ਨੇਪਰੇ ਚਾੜ੍ਹ ਲਿਆ ਹੈ, ਪ੍ਰੰਤੂ ਸਰਕਾਰ ਦੇ ਪੁਖ਼ਤਾ ਪ੍ਰਬੰਧ ਨਾ ਹੋਣ ਕਾਰਨ ਖ਼ਰੀਦ ਹੋਣ ਤੋਂ ਡੇਢ ਮਹੀਨਾ ਬੀਤ ਜਾਣ ਮਗਰੋਂ ਅੱਜ ਤੱਕ ਹੋਈ ਕੁੱਲ 118.31 ਲੱਖ ਮੀਟ੍ਰਿਕ ਟਨ ਹੋਈ ਕਣਕ ਦੀ ਖ਼ਰੀਦ ਵਿੱਚੋਂ 109.75 ਲੱਖ ਮੀਟ੍ਰਿਕ ਟਨ ਕਣਕ ਦੀ ਹੀ ਮੰਡੀਆਂ ਵਿੱਚੋਂ ਲਿਫਟਿੰਗ ਹੋ ਸਕੀ ਹੈ ਤੇ 19.16 ਲੱਖ ਮੀਟ੍ਰਿਕ ਟਨ ਕਣਕ ਅੱਜ ਵੀ ਮੰਡੀਆਂ 'ਚ ਲਿਫਟ ਹੋਣ ਦਾ ਇੰਤਜ਼ਾਰ ਕਰ ਰਹੀ ਹੈ, ਜਿਸ ਕਾਰਨ ਆੜ੍ਹਤੀਆਂ ਅਤੇ ਲੇਬਰ ਨੂੰ ਮੰਡੀਆਂ 'ਚ ਬੋਰੀਆਂ ਦੀ ਰਾਖੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।
ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਨੇ ਸਰਕਾਰ ਵੱਲੋਂ ਕਣਕ ਦੀ ਨਿਰਵਿਘਨ ਕੀਤੀ ਖ਼ਰੀਦ ਅਤੇ ਸਮੇਂ ਸਿਰ ਕੀਤੀ ਅਦਾਇਗੀ ਲਈ ਸਰਕਾਰ ਦਾ ਧੰਨਵਾਦ ਕਰਦੇ ਮੰਗ ਕੀਤੀ ਹੈ ਕਿ ਮੰਡੀਆਂ 'ਚ ਪਏ ਕਣਕ ਦੇ ਸਟਾਕ ਦੀ ਪਹਿਲ ਦੇ ਅਧਾਰ 'ਤੇ ਲਿਫਟਿੰਗ ਕਰਾ ਕੇ ਆੜ੍ਹਤੀਆਂ ਅਤੇ ਲੇਬਰਾਂ ਨੂੰ ਵਿਹਲਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੌਸਮ ਦੇ ਖ਼ਰਾਬ ਰਹਿਣ ਕਾਰਨ ਮੰਡੀਆਂ 'ਚ ਪਈਆਂ ਬੋਰੀਆਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਤੇ ਕਣਕ 'ਚ ਆਉਣ ਵਾਲੀ ਘਾਟ ਲਈ ਆੜ੍ਹਤੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਖ਼ਤਰਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕੀ ਪੰਜਾਬ ਦੀਆਂ ਜਿਨ੍ਹਾਂ ਮੰਡੀਆਂ 'ਚ ਕਣਕ ਦੀ ਮੁਕੰਮਲ ਖ਼ਰੀਦ/ਲਿਫਟਿੰਗ ਦਾ ਕੰਮ ਨੇਪਰੇ ਚੜ੍ਹ ਚੁੱਕਾ ਹੈ, ਉਨ੍ਹਾਂ ਮੰਡੀਆਂ ਦੇ ਆੜ੍ਹਤੀਆਂ ਦੀ ਬਣਦੀ ਕਮਿਸ਼ਨ ਅਤੇ ਲੇਬਰ ਦੀ ਅਦਾਇਗੀ ਉਨ੍ਹਾਂ ਦੇ ਖਾਤਿਆਂ 'ਚ ਪਾਈ ਜਾਵੇ। ਦੂਜੇ ਪਾਸੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਹੁਣ ਤੱਕ 128.91 ਲੱਖ ਟਨ ਕਣਕ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ ਤੇ ਕਿਸਾਨਾਂ ਨੂੰ ਖ਼ਰੀਦੀ ਫ਼ਸਲ ਦੀ ਅਦਾਇਗੀ ਵੀ ਨਾਲੋਂ-ਨਾਲ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 129.17 ਲੱਖ ਟਨ ਕਣਕ ਦੀ ਆਮਦ ਹੋਈ ਹੈ, ਜਿਸ 'ਚੋਂ 128.91 ਲੱਖ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਸਰਕਾਰੀ ਏਜੰਸੀਆਂ ਵੱਲੋਂ 118.31 ਲੱਖ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਪਨਗਰੇਨ ਵੱਲੋਂ 37,92,512 ਟਨ, ਐੱਫਸੀਆਈ ਵੱਲੋਂ 2,98,637 ਟਨ, ਮਾਰਕਫੈੱਡ ਵੱਲੋਂ 31,06,814 ਟਨ, ਪਨਸਪ ਵੱਲੋਂ 27,91,587 ਟਨ, ਵੇਅਰ ਹਾਊਸ ਵੱਲੋਂ 18,41,144 ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਇਸੇ ਤਰ੍ਹਾਂ ਆੜ੍ਹਤੀਆਂ ਵੱਲੋਂ 10,60,626 ਟਨ ਕਣਕ ਦੀ ਖ਼ਰੀਦੀ ਗਈ ਹੈ। ਸ੍ਰੀ ਬਰਸਟ ਨੇ ਦੱਸਿਆ ਕਿ ਮੰਡੀਆਂ 'ਚੋਂ 109.75 ਲੱਖ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ, ਜਦਕਿ 19.16 ਲੱਖ ਟਨ ਦੀ ਲਿਫਟਿੰਗ ਹੋਣੀ ਬਾਕੀ ਹੈ। ਕਿਸਾਨਾਂ ਨੂੰ 27573.83 ਕਰੋੜ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ 13 ਮਈ ਨੂੰ ਪੰਜਾਬ ਦੀਆਂ ਮੰਡੀਆਂ ਵਿੱਚ 44,184 ਟਨ ਕਣਕ ਦੀ ਆਮਦ ਹੋਈ ਹੈ ਤੇ 46,319 ਟਨ ਕਣਕ ਦੀ ਖ਼ਰੀਦੀ ਗਈ ਹੈ, ਜਦਕਿ 3.12 ਲੱਖ ਟਨ ਕਣਕ ਦੀ ਲਿਫਟਿੰਗ ਕੀਤੀ ਗਈ।

# ਕਿਸਾਨ ਆਗੂ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਦੀ ਮੰਗ ਨੂੰ ਲੈ ਕੇ ਥਾਣੇ ਅੱਗੇ ਧਰਨਾ



ਤਲਵੰਡੀ ਸਾਬੋ (ਜਗਦੀਪ ਗਿੱਲ)-ਪਿਛਲੇ ਦਿਨੀਂ ਜ਼ਮੀਨੀ ਵਿਵਾਦ ਦੇ ਚਲਦਿਆਂ ਆਪਣੇ ਹੀ ਪੁੱਤਰ ਮਨਿੰਦਰ ਸਿੰਘ ਤੇ ਉਸ ਦੇ ਰਿਸ਼ਤੇਦਾਰ ਸਾਥੀਆਂ ਵੱਲੋਂ ਕਥਿਤ ਤੌਰ 'ਤੇ ਕਤਲ ਕਰ ਦਿੱਤੇ ਗਏ ਕਿਸਾਨ ਆਗੂ ਦਵਿੰਦਰ ਸਿੰਘ ਸਰਾਂ ਦੇ ਪੀੜਤ ਪਰਵਾਰ ਅਤੇ ਵੱਡੀ ਗਿਣਤੀ ਨਜ਼ਦੀਕੀਆਂ ਵੱਲੋਂ ਕਥਿਤ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਨੂੰ ਲੈ ਕੇ ਥਾਣਾ ਤਲਵੰਡੀ ਸਾਬੋ ਦੇ ਗੇਟ ਉੱਪਰ ਧਰਨਾ ਦਿੱਤਾ ਗਿਆ। ਮ੍ਰਿਤਕ ਕਿਸਾਨ ਆਗੂ ਦੀ ਲਾਸ਼ ਨੂੰ ਧਰਨੇ ਵਾਲੀ ਥਾਂ ਸੜਕ ਉੱਪਰ ਰੱਖ ਕੇ ਜਿੱਥੇ ਵੱਡੀ ਗਿਣਤੀ ਧਰਨਾਕਾਰੀਆਂ ਵੱਲੋਂ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੇ ਖ਼ਿਲਾਫ਼ ਜਮ ਕੇ ਨਾਅਰੇਬਾਜ਼ੀ ਕੀਤੀ ਉੱਥੇ ਧਰਨੇ 'ਚ ਬੁਲਾਰਿਆਂ ਨੇ ਮ੍ਰਿਤਕ ਕਿਸਾਨ ਦੇ ਕਥਿਤ ਕਾਤਲਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਉੱਪਰ ਜ਼ੋਰ ਦਿੰਦਿਆਂ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮ੍ਰਿਤਕ ਕਿਸਾਨ ਦੇ ਪੁੱਤਰ ਪ੍ਰਸ਼ਪਿੰਦਰ ਸਿੰਘ ਨੇ ਕਿਹਾ ਕਿ ਉਸ ਦੇ ਭਰਾ ਮਨਿੰਦਰ ਸਿੰਘ ਤੇ ਉਸ ਦੇ ਸਾਥੀਆਂ ਨੇ ਜ਼ਮੀਨੀ ਮਸਲੇ ਪ੍ਰਤੀ ਸਾਜ਼ਸ਼ ਰਚ ਕੇ ਉਹਨਾਂ ਦਾ ਵੱਢਣਾ ਰਗੜਾ ਘਰ ਪੁੱਟ ਦਿੱਤਾ। ਉਸ ਦਾ ਭਰਾ ਮਨਿੰਦਰ ਸਿੰਘ ਆਪਣੇ ਹਿੱਸੇ ਤੋਂ ਵੱਧ ਜ਼ਮੀਨ ਵਾਹ ਰਿਹਾ ਸੀ, ਫਿਰ ਵੀ ਉਸਨੇ ਆਪਣੇ ਰਿਸ਼ਤੇਦਾਰਾਂ (ਸਾਥੀਆਂ) ਨਾਲ ਮਿਲ ਕੇ ਮੇਰੇ ਪਿਤਾ ਪਰਮਾਤਮਾ 'ਤੇ ਹਮਲਾ ਕੀਤਾ ਜਿਸ ਨਾਲ ਜਿੰਦੇ ਵਜੋਂ ਉਸ ਦੀ ਜੀਵਨ ਲੀਲਾ ਖ਼ਤਮ ਹੋ ਗਈ। ਇਹ ਖ਼ਬਰ ਲਿਖੇ ਜਾਣ ਵੇਲੇ ਤੱਕ ਮ੍ਰਿਤਕ ਕਿਸਾਨ ਦੇ ਪੀੜਤ ਪਰਵਾਰ ਅਤੇ ਹੋਰ ਕਿਸਾਨ ਆਗੂਆਂ ਦੀ ਪੁਲਸ ਦੇ ਕੁਝ ਅਧਿਕਾਰੀਆਂ ਨਾਲ ਡੀ ਐਸ ਪੀ ਤਲਵੰਡੀ ਸਾਬੋ ਦੇ ਦਫ਼ਤਰ ਵਿੱਚ ਗੱਲਬਾਤ ਚੱਲ ਰਹੀ ਸੀ। ਪੁਲਸ ਅਧਿਕਾਰੀਆਂ ਵੱਲੋਂ ਇਹ ਵਿਸ਼ਵਾਸ ਦਿਵਾਏ ਜਾਣ ਪਿੱਛੋਂ ਕਿ ਆਉਂਦੇ ਦੋ ਦਿਨਾਂ ਵਿੱਚ ਇਸ ਘਟਨਾ ਦੇ ਕਥਿਤ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ, ਪਿੱਛੋਂ ਇੱਕ ਵਾਰ ਧਰਨਾ ਭਾਵੇਂ ਚੁੱਕ ਦਿੱਤਾ ਗਿਆ ਪ੍ਰੰਤੂ ਪੀੜਤ ਪਰਵਾਰ ਦਾ ਕਹਿਣਾ ਹੈ ਕਿ ਉਹ ਓਦੋਂ ਤੱਕ ਮ੍ਰਿਤਕ ਕਿਸਾਨ ਦਾ ਸਸਕਾਰ ਨਹੀਂ ਕਰਨਗੇ ਜਦੋਂ ਤੱਕ ਕਥਿਤ ਕਾਤਲ ਗ੍ਰਿਫ਼ਤਾਰ ਨਹੀਂ ਕਰ ਲਏ ਜਾਂਦੇ।

# ਟਰੇਡ ਯੂਨੀਅਨਾਂ, ਮਜ਼ਦੂਰ, ਮੁਲਾਜ਼ਮ ਤੇ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਅੱਜ

ਮਾਲੇਰਕੋਟਲਾ/ਅਮਰਗੜ੍ਹ (ਅਸਗਰ ਪਰਿਵਾਰ)
ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਚਉਂਗਰ ਰੋਡ ਅਮਰਗੜ੍ਹ ਸੀ ਪੀ ਆਈ ਦਫ਼ਤਰ ਵਿਖੇ ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਕਾ. ਪ੍ਰੀਤਮ ਸਿੰਘ ਨਿਆਮਤਪੁਰ ਸੂਬਾ ਪ੍ਰਧਾਨ ਪੰਜਾਬ ਖੇਤ ਮਜ਼ਦੂਰ ਸਭਾ, ਪੰਜਾਬ ਨੇ ਅਦਾ ਕੀਤੀ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਾ. ਭਰਪੂਰ ਸਿੰਘ ਬੂਲਾਪੁਰ, ਸਕੱਤਰ ਸੀ ਪੀ ਆਈ ਜ਼ਿਲ੍ਹਾ ਮਾਲੇਰਕੋਟਲਾ ਤੇ ਰਾਜਵਿੰਦਰ ਸਿੰਘ ਜਨਰਲ ਸਕੱਤਰ ਪੀ ਐਸ ਈ ਬੀ ਪੈਨਸ਼ਨਰ ਯੂਨੀਅਨ ਪੰਜਾਬ ਨੇ ਕਿਹਾ ਕਿ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਜਦੋਂ ਹਜ਼ਾਰਾਂ ਮਜ਼ਦੂਰ ਦਿਹਾੜੀ ਦੇ 8 ਘੰਟੇ ਕੰਮ ਦਿਹਾੜੀ ਤੇ ਔਰਤਾਂ ਦੀ ਬਰਾਬਰੀ ਦੀ ਮੰਗ ਕਰ ਰਹੇ ਸੀ, ਉਸ ਸਮੇਂ ਦੀ ਸਾਮਰਾਜੀ ਸਰਕਾਰ ਨੇ ਆਪਣੀ ਪੁਲਿਸ ਰਾਹੀਂ ਮਜ਼ਦੂਰਾਂ ਤੇ ਅੰਨੇਵਾਹ ਗੋਲੀਆਂ ਚਲਵਾ ਦਿੱਤੀਆਂ, ਜਿਸ ਕਾਰਨ ਸੈਂਕੜੇ ਮਜ਼ਦੂਰ ਮਰਦ, ਔਰਤਾਂ ਤੇ ਬੱਚੇ ਸ਼ਹੀਦ ਹੋ ਗਏ। ਮਜ਼ਦੂਰ ਚਿੱਟੇ ਝੰਡੇ ਲੈ ਕੇ ਆਪਣੀਆਂ ਮੰਗਾਂ ਲਈ ਮੰਗ ਕਰ ਰਹੇ ਸੀ। ਜਦੋਂ ਸ਼ਹੀਦ ਹੋਏ ਬੱਚੇ ਨੂੰ ਝੰਡੇ ਵਿੱਚ ਲਪੇਟਿਆ, ਤਾਂ ਉਹ ਚਿੱਟਾ ਝੰਡਾ ਖ਼ੂਨ ਨਾਲ ਲਾਲ ਹੋ ਗਿਆ। ਉਸ ਖ਼ੂਨ ਨਾਲ ਲਾਲ ਹੋਏ ਝੰਡੇ ਨਾਲ ਸਾਰੀ ਦੁਨੀਆ ਦੇ ਮਜ਼ਦੂਰ ਉਸ ਲਾਲ ਝੰਡੇ ਨੂੰ ਲੈ ਕੇ ਸੰਘਰਸ਼ ਕਰਦੇ ਆ ਰਹੇ ਹਨ। ਕੇਂਦਰ ਦੀ ਸਰਮਾਏਦਾਰੀ (ਭਾਜਪਾ) ਮੋਦੀ ਸਰਕਾਰ ਨੇ ਕਰੋਨਾ ਬਿਮਾਰੀ ਦੇ ਸਮੇਂ ਪੂਰੇ ਦੇਸ਼ ਦੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਲਈ ਕਿਹਾ ਹੋਇਆ ਸੀ, ਜਦੋਂ ਤਿੰਨ ਕਾਲੇ ਖੇਤੀ ਕਾਨੂੰਨ ਪਾਸ ਕੀਤੇ ਸੀ, ਉਸ ਸਮੇਂ ਹੀ ਜੋ 29 ਕਿਰਤ ਕਾਨੂੰਨ, ਮਜ਼ਦੂਰਾਂ ਨੇ ਸੈਂਕੜੇ ਕੁਰਬਾਨੀਆਂ ਦੇ ਕੇ ਬਣਵਾਏ ਸੀ, ਉਹ ਸਰਮਾਏਦਾਰਾਂ ਨੂੰ ਮਜ਼ਦੂਰਾਂ ਦੀ ਲੁੱਟ ਕਰਨ ਲਈ 4 ਲੇਬਰ ਕੋਡਾਂ ਵਿੱਚ ਬਦਲ ਦਿੱਤਾ। ਮਜ਼ਦੂਰਾਂ ਦੇ ਸਾਰੇ ਹੱਕ ਖੋਹ ਲਏ। ਕੰਮ ਦਿਹਾੜੀ ਜੋ ਸਾਰੀ ਦੁਨੀਆਂ ਵਿੱਚ 8 ਘੰਟੇ ਹੈ, ਉਸਨੂੰ 12 ਘੰਟੇ ਕਰ ਦਿੱਤਾ। ਉਹ ਲੇਬਰ ਕੋਡਾਂ ਨੂੰ ਹੁਣ 1 ਅਪ੍ਰੈਲ 2025 ਤੋਂ ਲਾਗੂ ਕਰਨਾ ਸੀ। 10 ਕੇਂਦਰੀ ਟਰੇਡ ਯੂਨੀਅਨਾਂ ਨੇ ਜਿਸ ਵਿੱਚ ਏਟਕ ਵੀ ਸ਼ਾਮਲ ਹੈ, ਕੇਂਦਰ ਦੀ ਮੋਦੀ ਸਰਕਾਰ ਨੂੰ 20 ਮਈ ਦੀ ਦੇਸ਼ ਵਿਆਪੀ ਹੜਤਾਲ ਕਰਨ ਨੋਟਿਸ ਦਿੱਤਾ ਗਿਆ ਹੈ, ਜਿਸ ਦੀ ਤਿਆਰੀ ਸਬੰਧੀ 4 ਮਈ ਨੂੰ 10 ਕੇਂਦਰੀ ਟਰੇਡ ਯੂਨੀਅਨਾਂ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕਨਵੈਨਸ਼ਨ ਕੀਤੀ ਗਈ ਹੈ। ਇਸ ਦੇਸ਼ ਵਿਆਪੀ ਹੜਤਾਲ ਦੀ ਤਿਆਰੀ ਸਬੰਧੀ ਸੀ ਪੀ ਆਈ ਦੇ ਦਫ਼ਤਰ, ਕਮਲ ਸਿਨੇਮਾ ਰੋਡ ਮਾਲੇਰਕੋਟਲਾ ਵਿਖੇ 16 ਮਈ ਸਵੇਰੇ 10:30 ਵਜੇ ਮੀਟਿੰਗ ਰੱਖੀ ਗਈ ਹੈ। ਇਸ ਦੇਸ਼ ਵਿਆਪੀ ਹੜਤਾਲ ਵਿੱਚ ਸੰਯੁਕਤ ਕਿਸਾਨ ਮੋਰਚਾ ਵੀ ਸ਼ਾਮਲ ਹੈ। ਸਾਰੀਆਂ ਯੂਨੀਅਨਾਂ, ਫੈਡਰੇਸ਼ਨਾਂ, ਸਾਰੀਆਂ ਕਿਸਾਨ ਯੂਨੀਅਨਾਂ ਦੇ ਆਗੂਆਂ ਨੂੰ ਬੇਨਤੀ ਹੈ ਕਿ 16 ਮਈ ਦੀ ਉਪਰੋਕਤ ਮੀਟਿੰਗ ਵਿੱਚ ਸਹੀ ਸਮੇਂ ਸ਼ਮੂਲੀਅਤ ਕੀਤੀ ਜਾਵੇ। ਇਸ ਦੇਸ਼ ਵਿਆਪੀ ਹੜਤਾਲ ਕਰਕੇ ਚਾਰੇ ਲੇਬਰ ਕੋਡਾਂ, ਖੇਤੀ ਮੰਡੀ ਨੀਤੀ, ਸਮੇਤ ਕੇਂਦਰ ਸਰਕਾਰ ਨੂੰ ਦਿੱਤੀਆਂ 18 ਮੰਗਾਂ ਪੂਰੀਆਂ ਕਰਨ ਲਈ ਮਜਬੂਰ ਕੀਤਾ ਜਾ ਸਕੇ।



## ਕਾਤਰਾਂ

### ਬੱਧਨੀ ਕੋਲ ਹੋਏ ਹਾਦਸੇ 'ਚ ਸਕਾਰਪੀਓ ਸਵਾਰ ਦੀ ਮੌਤ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਕਸਬਾ ਬੱਧਨੀ ਕਲਾਂ ਕੋਲ ਵਰਨਾ ਕਾਰ ਤੇ ਸਕਾਰਪੀਓ ਗੱਡੀ ਦਾ ਭਿਆਨਕ ਹਾਦਸਾ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਕ ਸਕਾਰਪੀਓ ਗੱਡੀ ਦਾ ਟਾਇਰ ਫਟ ਗਿਆ ਤੇ ਟਾਇਰ ਫਟਣ ਕਰਕੇ ਸਕਾਰਪੀਓ ਗੱਡੀ ਆਪਣਾ ਸੰਤੁਲਨ ਗਵਾ ਕੇ ਵਰਨਾ ਕਾਰ ਨਾਲ ਜਾ ਭਿੜੀ, ਜਿਸ ਕਰਕੇ ਸਕਾਰਪੀਓ ਸਵਾਰ ਮਾਸਟਰ ਜਰਨੈਲ ਸਿੰਘ ਪੁੱਤਰ ਬਘੇਲ ਸਿੰਘ ਬਿਲਾਸਪੁਰ ਦੀ ਮੌਕੇ 'ਤੇ ਮੌਤ ਹੋ ਗਈ ਤੇ ਮਨਵੀਰ ਸਿੰਘ ਪੁੱਤਰ ਸੇਵਕ ਸਿੰਘ ਪਿੰਡ ਸੇਖਾ ਬਾਘਾਪੁਰਾਣਾ ਜ਼ਖ਼ਮੀ ਹੈ। ਕਾਰ ਸਵਾਰ ਮੀਆਂ-ਬੀਵੀ ਜੋ ਧਰਮਕੋਟ ਦੇ ਨਜ਼ਦੀਕ ਪਿੰਡ ਸ਼ੇਰਪੁਰ ਤਾਇਬਾਂ ਦੇ ਸਨ, ਉਹ ਦੋਵੇਂ ਵਿਅਕਤੀ ਜ਼ਖ਼ਮੀ ਹੋ ਗਏ।

### ਹੈੱਡ ਗ੍ਰੰਥੀ ਗਿਆਨੀ ਅੰਗਰੇਜ਼ ਸਿੰਘ ਨੂੰ ਸਦਮਾ, ਪਿਤਾ ਦਾ ਦਿਹਾਂਤ



ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ) ਗੁਰਦੁਆਰਾ ਸਾਹਿਬ ਬਾਬਾ ਨਾਮਦੇਵ ਜੀ ਵਿਖੇ ਪਿਛਲੇ ਲੰਬੇ ਸਮੇਂ ਤੋਂ ਬਤੌਰ ਹੈੱਡ ਗ੍ਰੰਥੀ ਸੇਵਾ ਨਿਭਾਅ ਰਹੇ ਗਿਆਨੀ ਅੰਗਰੇਜ਼ ਸਿੰਘ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦੇ ਪਿਤਾ ਤਾਰਾ ਸਿੰਘ ਪਿਛਲੇ ਦਿਨੀਂ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਇਸ ਦੁੱਖ ਦੀ ਘੜੀ ਵਿੱਚ ਪਰਵਾਰਕ ਰਿਸ਼ਤੇਦਾਰਾਂ, ਇਲਾਕਾ ਨਿਵਾਸੀਆਂ, ਸਮਾਜ ਸੇਵੀ, ਧਾਰਮਿਕ, ਸਮਾਜਿਕ ਜਥੇਬੰਦੀਆਂ, ਗੁਰਦੁਆਰਾ ਸਾਹਿਬ ਬਾਬਾ ਨਾਮਦੇਵ ਦੇ ਪ੍ਰਧਾਨ ਗਿਆਨੀ ਹਰਦੇਵ ਸਿੰਘ ਕੈਂਥ ਤੇ ਸਮੂਹ ਪ੍ਰਬੰਧਕੀ ਕਮੇਟੀ ਮੈਂਬਰਾਂ ਨੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਸਵ: ਤਾਰਾ ਸਿੰਘ ਨਮਿਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ 18 ਮਈ ਨੂੰ ਗੁਰਦੁਆਰਾ ਸਾਹਿਬ ਬਾਬਾ ਨਾਮਦੇਵ ਜੀ ਡੋਗਰ ਬਸਤੀ ਗਲੀ ਨੰਬਰ 5 (ਸੱਜੇ) ਫਰੀਦਕੋਟ ਵਿਖੇ ਬਾਅਦ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗੀ, ਜਿੱਥੇ ਪਰਵਾਰਕ ਮੈਂਬਰ, ਰਿਸ਼ਤੇਦਾਰ, ਸਕੇ ਸੰਬੰਧੀ, ਇਲਾਕਾ ਨਿਵਾਸੀ ਸ਼ਰਧਾ ਦੇ ਫੁੱਲ ਭੇਟ ਕਰਨਗੇ।

### ਨਿੱਜੀਕਰਨ ਵਿਰੁੱਧ ਹੜਤਾਲ 21 ਨੂੰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਧੁਰਾ)-ਜੁਆਇੰਟ ਫੋਰਮ ਏਕਤਾ ਮੰਚ ਤੇ ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰ ਦੇ ਸੱਦੇ 'ਤੇ ਸਾਥੀਆਂ ਵੱਲੋਂ ਗੇਟ ਰੈਲੀ ਕੀਤੀ ਗਈ, ਜਿਸ ਵਿੱਚ ਬੁਲਾਰਿਆਂ ਨੇ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਦੇ ਵਿਰੁੱਧ ਬੋਲਦੇ ਹੋਏ ਚਿਤਾਵਨੀ ਦਿੱਤੀ ਕਿ ਜੇਕਰ ਕਾਰਪੋਰੇਸ਼ਨ ਦੀਆਂ ਡਵੀਜ਼ਨ ਦਾ ਨਿੱਜੀਕਰਨ ਕੀਤਾ ਗਿਆ ਤਾਂ ਇਸ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ ਅਤੇ 21 ਮਈ ਹੜਤਾਲ ਕੀਤੀ ਜਾਵੇਗੀ ਜੀ। ਇਸ ਗੇਟ ਰੈਲੀ ਨੂੰ ਜੁਆਇੰਟ ਫੋਰਮ ਦੇ ਆਗੂ ਸਰਜਿੰਦਰ ਕੁਮਾਰ ਸ਼ਰਮਾ, ਬਲਜੀਤ ਸਿੰਘ ਮੰਦਲਾ, ਗੁਰਸੇਵਕ ਸਿੰਘ, ਗੁਰਦੀਪ ਸਿੰਘ ਆਦਿ ਨੇ ਸੰਬੋਧਨ ਕੀਤਾ ਹੈ।

# ਨਸ਼ਿਆਂ ਦੇ ਖ਼ਾਤਮੇ ਲਈ ਲੋਕ ਸਮੂਹਿਕ ਰੂਪ 'ਚ ਪੁਲਸ ਦਾ ਸਾਥ ਦੇਣ : ਡੀ ਆਈ ਜੀ



ਭੀਖੀ (ਧਰਮਵੀਰ ਸ਼ਰਮਾ)
ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੁਲਿਸ ਵਿਭਾਗ ਵਲੋਂ ਸ਼ੁਰੂ ਕੀਤੇ ਪ੍ਰੋਗਰਾਮ ਜਨ ਸੰਪਰਕ ਅਧੀਨ ਸ਼ਿਵ ਨਿਕੇਤਨ ਵਿੱਚ ਡੀ.ਆਈ.ਜੀ. ਹਰਜੀਤ ਸਿੰਘ ਨੇ ਕੌਂਸਲਰਾਂ, ਇਲਾਕੇ ਦੇ ਪੰਚ-ਸਰਪੰਚ ਤੇ ਮੋਹਤਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿਚੋਂ ਨਸ਼ੇ ਦੇ ਖ਼ਾਤਮੇ ਲਈ ਲੋਕ ਪੁਲਸ ਵਿਭਾਗ ਦਾ ਸਹਿਯੋਗ ਕਰਨ ਅਤੇ ਨਸ਼ਾ ਸੋਦਾਗਰਾਂ ਦੀ ਸੂਚਨਾ ਸਰਕਾਰ ਅਤੇ ਵਿਭਾਗ ਨੂੰ ਉਪਲਬਧ ਵੈਬਸਾਇਟਾਂ ਅਤੇ ਵਟਸਐਪ ਨੰਬਰਾਂ 'ਤੇ ਨਿਧੜਕ ਹੋ ਕੇ ਦੇਣ ਅਤੇ ਉਨਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ। ਇਸ ਮੌਕੇ ਉਨ੍ਹਾਂ ਨੌਜਵਾਨਾਂ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਇਆ ਤੇ ਪੁਲਸ ਪ੍ਰਸ਼ਾਸਨ ਦਾ ਸਾਥ ਦੇਣ ਦੀ ਅਪੀਲ ਕੀਤੀ ਗਈ। ਜ਼ਿਲ੍ਹਾ ਪੁਲਸ ਮੁਖੀ ਭਾਗੀਰਥ ਸਿੰਘ ਮੀਣਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਖ਼ਤ ਨੀਤੀ ਅਪਣਾਈ ਗਈ ਹੈ ਤੇ ਆਪ੍ਰੇਸ਼ਨ ਸੰਪਰਕ ਤਹਿਤ ਪੁਲਿਸ ਪ੍ਰਸ਼ਾਸਨ ਅਤੇ ਆਮ ਪਬਲਿਕ ਦੇ ਸਬੰਧਾਂ ਵਿੱਚ ਸੁਧਾਰ ਲਿਆਉਣ ਅਤੇ ਵਿਸ਼ਵਾਸ/ਸਹਿਯੋਗ ਵਧਾਉਣ ਲਈ ਲੋਕਾਂ ਤੱਕ ਸਿੱਧੀ ਪਹੁੰਚ ਕਰਕੇ ਮਿਲਣੀਆਂ ਕਰਨ ਲਈ ਮੁਹਿੰਮ ਚਲਾਈ ਹੋਈ ਹੈ। ਸਮਾਰੋਹ ਦੌਰਾਨ ਸੂਬਾ ਸਰਕਾਰ ਵਲੋਂ ਬਣਾਈ ਨਸ਼ਾ ਮੁਕਤੀ ਮੋਰਚੇ ਦਾ ਜ਼ਿਲ੍ਹਾ ਕੋਆਰਡੀਨੇਟਰ ਰਜਿੰਦਰ ਜਾਵਰੀ ਉਸ ਸਮੇਂ ਆਪੇ ਤੋਂ ਬਾਹਰ ਹੋ ਗਿਆ, ਜਦੋਂ ਉਸ ਨੂੰ ਲੱਗਿਆ ਕਿ ਸਟੇਜ ਸੰਭਾਲ ਰਹੇ ਮਾਰਕਿਟ ਕਮੇਟੀ ਦੇ ਚੇਅਰਮੈਨ ਵਰਿੰਦਰ ਸੋਨੀ ਉਨ੍ਹਾਂ ਦੀ ਅਣਦੇਖੀ ਕਰ ਰਿਹਾ ਹੈ। ਬੇਸ਼ੱਕ ਉਹ ਆਪ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਭੁੱਚਰ ਦੇ ਕਹਿਣ 'ਤੇ ਉਸ ਨੂੰ ਦੁਆਰਾ ਨਸ਼ਿਆਂ ਵਿਰੁੱਧ ਰਚਿਤ ਕਵਿਤਾ ਬੋਲਣ ਲਈ ਕਿਹਾ ਸੀ, ਪ੍ਰੰਤੂ ਸਟੇਜ ਸਕੱਤਰ ਵੱਲੋਂ ਸਟੇਜ 'ਤੇ ਕਿਹਾ ਉਸਦਾ ਬੋਲਣ ਲਈ ਥੋੜ੍ਹਾ ਲੇਟ ਕਰ ਦਿੱਤਾ, ਜਿਸ 'ਤੇ ਉਸਦਾ ਗੁੱਸਾ ਸੱਤਵੇਂ ਅਸਮਾਨੀ ਚੜ੍ਹ ਗਿਆ 'ਤੇ ਸਮਾਗਮ ਦੀ ਸਮਾਪਤੀ ਉਪਰੰਤ ਦੋਨਾਂ ਵਿਚਕਾਰ ਤੂੰ-ਤੂੰ, ਮੈਂ-ਮੈਂ ਹੋ ਗਈ। ਗੱਲ ਗਾਲੀ ਗਲੋਚ ਤੋਂ ਬਾਅਦ ਹੱਥੋਪਾਈ ਤੱਕ ਅੱਪੜ ਗਈ, ਪ੍ਰੰਤੂ ਪੁਲਿਸ ਮੁਲਾਜ਼ਮਾਂ ਅਤੇ ਪਾਰਟੀ ਆਗੂਆਂ ਦੇ ਦਖ਼ਲ 'ਤੇ ਬੇਸ਼ੱਕ ਦੋਵਾਂ ਦੀ ਝੜੱਪ ਹੋਣ ਤੋਂ ਬਚਾਅ ਹੋ ਗਿਆ।

# ਯੁੱਧ ਨਸ਼ਿਆਂ ਵਿਰੁੱਧ ਦੀ ਨਕਲੀ ਸ਼ਰਾਬ ਕਾਂਡ ਨੇ ਕੱਢੀ ਫੂਕ : ਰੁਪਾਲੋਂ



ਦੋਰਾਹਾ (ਰਸ਼ਮਿੰਦਰ ਸੇਠ)-ਅਕਾਲੀ ਦਲ, ਕਾਂਗਰਸ ਤੋਂ ਲੈ ਕੇ ਆਮ ਆਦਮੀ ਸਰਕਾਰ ਤੱਕ ਸਾਰੀਆਂ ਸਰਕਾਰਾਂ ਨਸ਼ਿਆਂ ਨੂੰ ਖ਼ਤਮ ਕਰਨ ਦੇ ਉਤੇ ਹੀ ਬਣੀਆਂ ਹਨ ਨਸ਼ੇ ਤਾਂ ਖ਼ਤਮ ਨਹੀਂ ਹੋਏ, ਸਗੋਂ ਨਸ਼ਿਆਂ ਨਾਲ ਹਜ਼ਾਰਾਂ ਲੋਕ ਮੌਤ ਦੀ ਭੇਟ ਚੜ੍ਹ ਗਏ। ਪਹਿਲਾਂ ਕਾਂਗਰਸ ਸਰਕਾਰ ਵੀ ਇਹ ਦਾਅਵੇ ਕਰਦੀ ਰਹੀ ਕਿ ਅਸੀਂ ਨਸ਼ਿਆਂ ਨੂੰ ਜੜ੍ਹਾਂ ਤੋਂ ਪੁੱਟ ਦਿਆਂਗੇ ਤੇ ਉਸ ਤੋਂ ਬਾਅਦ ਮੌਜੂਦਾ ਭਗਵੰਤ ਮਾਨ ਦੀ ਸਰਕਾਰ ਨੇ ਕਰੋੜਾਂ ਰੁਪਏ ਦੇ ਇਸ਼ਤਿਹਾਰ ਦੇ ਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਰੌਲਾ ਪਾ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ, ਪਰ ਮਜੀਠਾ ਨਕਲੀ ਸ਼ਰਾਬ ਕਾਂਡ ਨੇ ਭਗਵੰਤ ਮਾਨ ਸਰਕਾਰ ਦੀ ਯੁੱਧ ਨਸ਼ਾ ਵਿਰੁੱਧ ਮੁਹਿੰਮ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਵਾਰਸ ਪੰਜਾਬ ਦੇ ਭਰਤੀ ਕਮੇਟੀ ਮੈਂਬਰ ਪੰਜਾਬ ਤੇ ਅਬਜ਼ਰਵਰ ਸ੍ਰੀ ਫ਼ਤਿਹਗੜ੍ਹ ਸਾਹਿਬ ਸੰਦੀਪ ਸਿੰਘ ਰੁਪਾਲੋਂ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਵੀ ਬਾਠੀਆਂਸਾਰ ਨਕਲੀ ਸ਼ਰਾਬ ਫੈਕਟਰੀ ਕਾਂਡ ਨੇ ਸਰਕਾਰ ਦੀ ਇਮਾਨਦਾਰੀ ਉੱਤੇ ਬਹੁਤ ਵੱਡਾ ਸਵਾਲੀਆ ਨਿਸ਼ਾਨ ਖੜ੍ਹਾ ਕੀਤਾ ਸੀ ਤੇ ਹੁਣ ਉਸ ਦੀ ਤਰਜ਼ 'ਤੇ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਵਿੱਚ ਮਜੀਠਾ ਵਿਚ ਨਕਲੀ ਸ਼ਰਾਬ ਕਾਂਡ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਬਦਲੀ ਹੈ ਸ਼ਰਾਬ ਦਾ ਕਾਰੋਬਾਰ ਨਹੀਂ ਬਦਲਿਆ, ਸਗੋਂ ਨਕਲੀ ਸ਼ਰਾਬ ਵੇਚਣ ਵਾਲੇ ਵੱਧ ਫੁੱਲ ਰਹੇ ਹਨ, ਜੋ ਕਿ ਪਹਿਲੀਆਂ ਸਰਕਾਰਾਂ ਕਰਦੀਆਂ ਰਹੀਆਂ ਹਨ, ਉਹੀ ਮੌਜੂਦਾ ਸਰਕਾਰ ਵਿੱਚ ਚੱਲ ਰਿਹਾ ਹੈ। ਮੌਜੂਦਾ ਪੰਜਾਬ ਸਰਕਾਰ ਦਾ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਸਾਰਾ ਜ਼ੋਰ ਇਸ ਗੱਲ ਦੇ ਪ੍ਰਚਾਰ ਉਤੇ ਲੱਗਿਆ ਹੋਇਆ ਹੈ ਕਿ ਅਸੀਂ ਨਸ਼ਿਆਂ ਨੂੰ ਜੜ੍ਹੋਂ ਪੁੱਟ ਦਵਾਂਗੇ। ਭਗਵੰਤ ਮਾਨ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ ਤੇ ਮਜੀਠਾ ਨਕਲੀ ਸ਼ਰਾਬ ਕਾਂਡ ਦੀ ਸੀ ਬੀ ਆਈ ਤੋਂ ਜਾਂਚ ਹੋਣੀ ਚਾਹੀਦੀ ਹੈ।

# ਨਿਹਾਲੂਵਾਲ 'ਚ ਮਨਰੇਗਾ ਮਜ਼ਦੂਰਾਂ ਵੱਲੋਂ ਰੁਜ਼ਗਾਰ ਦੇਣ ਦੀ ਮੰਗ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿੰਡ ਨਿਹਾਲੂਵਾਲ ਵਿਖੇ ਮਨਰੇਗਾ ਮਜ਼ਦੂਰ ਯੂਨੀਅਨ ਬਲਾਕਾਂ ਦੀ ਅਗਵਾਈ ਹੇਠ ਭਰਵਾਂ ਇਕੱਠ ਕਰਕੇ ਮਨਰੇਗਾ ਕਾਮਿਆਂ ਨੂੰ ਤੁਰੰਤ ਰੁਜ਼ਗਾਰ ਦੇਣ ਲਈ ਮੰਗ ਕੀਤੀ ਗਈ। ਮਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਕੌਰ ਸਿੰਘ ਤੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ ਨੇ ਦੋਸ਼ ਲਾਇਆ ਕਿ ਪੰਚਾਇਤ ਵਿਭਾਗ ਦੀ ਅਫ਼ਸਰਸ਼ਾਹੀ ਮਨਰੇਗਾ ਕਾਨੂੰਨ ਨੂੰ ਲਾਗੂ ਕਰਨ ਅਤੇ ਕੰਮ ਕਰ ਚੁੱਕੇ ਮਜ਼ਦੂਰਾਂ ਨੂੰ ਉਨ੍ਹਾਂ ਬਣਦਾ ਮਿਹਨਤਾਨਾ ਦੇਣ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਬਲਾਕ ਦੇ ਦਫ਼ਤਰ ਵੱਲੋਂ ਡਰੋਨ ਵਿਭਾਗ ਹੇਠ ਮਨਰੇਗਾ ਮਜ਼ਦੂਰਾਂ ਲਈ ਵਰਕ ਕੋਡ ਬਣਾਉਣ ਦੇ ਬਾਵਜੂਦ ਪਿੰਡਾਂ ਵਿੱਚ ਮਸਟਰੋਲ ਤਿਆਰ ਕਰਕੇ ਉਨ੍ਹਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਬਲਾਕ ਅਤੇ ਜ਼ਿਲ੍ਹੇ ਦੇ ਹੋਰ ਬਲਾਕਾਂ ਵਿੱਚ ਨਹਿਰਾਂ ਅਤੇ ਡਰੇਨਾਂ ਦੀ ਸਫ਼ਾਈ ਦਾ ਕੰਮ ਮਨਰੇਗਾ ਤਹਿਤ ਲਗਾਤਾਰ ਚੱਲ ਰਿਹਾ ਹੈ, ਪਰ ਮਹਿਲ ਕਲਾਂ ਬਲਾਕ ਦੇ ਪਿੰਡਾਂ ਵਿੱਚ ਅਜੇ ਤੱਕ ਕੰਮ ਕਿਉਂ ਨਹੀਂ ਸ਼ੁਰੂ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਚੋਲ ਦੀ ਲਵਾਈ ਤੇ ਬਾਰਿਸ਼ ਦੇ ਮੌਸਮ ਦੇ ਆਉਣ ਤੋਂ ਪਹਿਲਾਂ ਪੋਂਡ੍ਹ ਖਾਲਿਆਂ ਤੇ ਡਰੇਨਾਂ ਦੀ ਤੁਰੰਤ ਸਫ਼ਾਈ ਲਈ ਵਰਕ ਕੋਡ ਜਾਰੀ ਕਰਕੇ ਮਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ।

# ਵਾਟਰ ਵਰਕਸ ਦੇ ਪਾਣੀ 'ਚ ਸੀਵਰੇਜ ਦਾ ਗੰਦਾ ਪਾਣੀ ਆਉਣ ਕਾਰਨ ਲੋਕਾਂ 'ਚ ਹਾਹਾਕਾਰ



ਮਲੋਟ (ਓਮ ਪ੍ਰਕਾਸ਼ ਸ਼ੈਂਪੂ)-'ਕੀੜੀਆਂ ਭਾਣੇ ਦੀਆਂ...ਪੋਸ਼ ਲੈਂਦੀ ਦੇ ਆਇਆਂ', ਇਹ ਕਹਾਵਤ ਢੁੱਕਦੀ ਹੈ ਨਗਰ ਕੌਂਸਲ ਮਲੋਟ 'ਤੇ। ਗਲਤੀ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੀ ਹੈ, ਜਿਸ ਕਾਰਨ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਦੀ ਥਾਂ ਸੀਵਰੇਜ ਦਾ ਗੰਦਾ ਮੁਸ਼ਕ ਮਾਰਦਾ ਪਾਣੀ ਮਿਲ ਰਿਹਾ ਹੈ। ਸ਼ਹਿਰ ਵਾਸੀਆਂ ਦੀਆਂ ਸ਼ਿਕਾਇਤਾਂ ਤੋਂ ਤੰਗ ਆ ਕੇ ਨਗਰ ਕੌਂਸਲ ਦੇ ਪ੍ਰਧਾਨ ਸ਼ੁਭਦੀਪ ਸਿੰਘ ਬਿੱਟੂ ਵੱਲੋਂ ਵਾਟਰ ਅਤੇ ਸੀਵਰੇਜ ਬੋਰਡ ਦੇ ਉਪ ਮੰਡਲ ਦੇ ਇੰਜੀਨੀਅਰ ਤੋਂ ਗੰਦੇ ਪਾਣੀ ਦੀ ਸਮੱਸਿਆ ਦਾ ਹੱਲ ਕਰਵਾਉਣ ਦੀ ਗੁਹਾਰ ਲਗਾਈ ਹੈ। ਪਿਛਲੇ ਕਈ ਦਿਨਾਂ ਤੋਂ ਪੂਰੇ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਵਿੱਚ ਸੀਵਰੇਜ ਦਾ ਪਾਣੀ ਮਿਕਸ ਹੋ ਕੇ ਆ ਰਿਹਾ ਹੈ, ਜਿਸ ਨਾਲ ਜਿੱਥੇ ਆਮ ਲੋਕਾਂ ਵਿੱਚ ਬਿਮਾਰੀਆਂ ਫੈਲ੍ਹ ਰਹੀਆਂ ਹਨ, ਉੱਥੇ ਲੋਕਾਂ ਦਾ ਘਰਾਂ ਵਿੱਚ ਗੰਦੇ ਪਾਣੀ ਦੇ ਮੁਸ਼ਕ ਨਾਲ ਜਿਊਣ ਦੁੱਭਰ ਹੋਇਆ ਹੈ। ਇਸ ਦਾ ਜ਼ਿੰਮੇਵਾਰ ਸੀਵਰੇਜ ਬੋਰਡ ਦੇ ਮੁਲਾਜ਼ਮ ਅਤੇ ਅਧਿਕਾਰੀ ਹਨ, ਪਰ ਇਸ ਦਾ ਖਮਿਆਜ਼ਾ ਨਗਰ ਕੌਂਸਲ ਨੂੰ ਭੁਗਤਣਾ ਪੈ ਰਿਹਾ ਹੈ, ਕਿਉਂਕਿ ਸ਼ਹਿਰ ਵਾਸੀ ਆਪਣੀਆਂ ਸਮੱਸਿਆਵਾਂ ਲੈ ਕੇ ਨਗਰ ਕੌਂਸਲ ਕੋਲ ਪਹੁੰਚ ਰਹੇ ਹਨ। ਪ੍ਰਧਾਨ ਸ਼ੁਭਦੀਪ ਸਿੰਘ ਬਿੱਟੂ ਨੇ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਉੱਚ ਅਧਿਕਾਰੀਆਂ ਨੂੰ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਕੇ ਸ਼ਹਿਰ ਵਾਸੀਆਂ ਨੂੰ ਪੀਣ ਲਈ ਸਾਫ਼ ਪਾਣੀ ਮੁਹੱਈਆ ਕਰਾਇਆ ਜਾਵੇ।

### ਜਟਾਣਾ ਕਲਾਂ 'ਚ ਚੱਲ ਰਹੇ ਲਾਟਰੀ ਦੇ ਧੰਦੇ ਸੰਬੰਧੀ ਪਰਚਾ ਦਰਜ, ਦੋ ਗ੍ਰਿਫ਼ਤਾਰ



ਬਠਿੰਡਾ (ਰਾਜੀਵ ਗੋਇਲ)-ਪਿੰਡ ਜਟਾਣਾ ਕਲਾਂ 'ਚ ਚੱਲ ਰਹੇ ਜਾਅਲੀ ਲਾਟਰੀ ਦੇ ਧੰਦੇ ਨੂੰ ਲੈ ਕੇ 'ਨਵਾਂ ਜ਼ਮਾਨਾ' ਵੱਲੋਂ ਪ੍ਰਕਾਸ਼ਤ ਕੀਤੀ ਗਈ ਖ਼ਬਰ ਦਾ ਅਸਰ ਉਸ ਸਮੇਂ ਦੇਖਣ ਨੂੰ ਮਿਲਿਆ, ਜਦੋਂ ਥਾਣਾ ਸਦਰ ਰਾਮਪੁਰਾ ਦੀ ਪੁਲਿਸ ਵੱਲੋਂ ਉਕਤ ਧੰਦਾ ਚਲਾਉਣ ਵਾਲੇ ਦੋ ਲੋਕਾਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਤਫ਼ਤੀਸ਼ੀ ਅਧਿਕਾਰੀ ਨੇ ਦੱਸਿਆ ਕਿ ਉਕਤ ਲੋਕਾਂ ਖ਼ਿਲਾਫ਼ ਮੁਕੱਦਮਾ ਨੰਬਰ 69 ਲਾਟਰੀ ਐਕਟ ਅਧੀਨ ਦਰਜ ਕਰਕੇ ਦੋ ਨੌਜਵਾਨ, ਜਿਨ੍ਹਾਂ ਦੀ ਪਛਾਣ ਜਸਦੀਪ ਸਿੰਘ ਵਾਸੀ ਜੰਡਲ ਅਤੇ ਜਗਸੀਰ ਸਿੰਘ ਵਾਸੀ ਜਟਾਣਾ ਕਲਾਂ ਵਜੋਂ ਹੋਈ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਜਿਨ੍ਹਾਂ ਲੋਕਾਂ ਨੂੰ ਇਨ੍ਹਾਂ ਨੇ ਆਪਣੀ ਲਾਟਰੀ ਦੀ ਆੜ ਹੇਠ ਠੱਗੀ ਦਾ ਸ਼ਿਕਾਰ ਬਣਾਇਆ ਹੈ, ਉਨ੍ਹਾਂ ਨੂੰ ਕੀ ਇਨਸਾਫ਼ ਮਿਲਦਾ ਹੈ? ਉਧਰ ਦੂਜੇ ਪਾਸੇ ਮਾਨਸਾ ਦੇ ਡਿਪਟੀ ਕਮਿਸ਼ਨਰ ਦਾ ਕਹਿਣਾ ਸੀ ਕਿ ਅਜਿਹੇ ਲਾਟਰੀ ਵਾਲਿਆਂ ਦੀ ਐਡ ਕਰਨ ਵਾਲੇ ਯੂ-ਟਿਊਬਰਾਂ ਸਮੇਤ ਜਿਹੜੇ ਨੰਬਰਾਂ ਵਿੱਚ ਆਨਲਾਈਨ ਮਾਧਿਅਮ ਰਾਹੀਂ ਪੈਸੇ ਟ੍ਰਾਂਸਫਰ ਕੀਤੇ ਗਏ ਹਨ, ਉਨ੍ਹਾਂ ਖ਼ਿਲਾਫ਼ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ ਤੇ ਨਾਲ ਹੀ ਐਸ ਐਸ ਪੀ ਮਾਨਸਾ ਦਾ ਵੀ ਇਹ ਹੀ ਕਹਿਣਾ ਸੀ ਕਿ ਤਫ਼ਤੀਸ਼ ਦੌਰਾਨ ਜੋ ਵੀ ਇਸ ਧੰਦੇ ਵਿੱਚ ਸ਼ਾਮਲ ਹੋਵੇਗਾ, ਬਖ਼ਸ਼ਿਆ ਨਹੀਂ ਜਾਵੇਗਾ।

# ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਮੇਨ ਗੇਟ 'ਤੇ ਰੋਸ ਰੈਲੀ



ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਪੀ ਐੱਸ ਈ ਬੀ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਕੌਂਸਲ ਆਫ਼ ਜੂਨੀਅਰ ਇੰਜੀਨੀਅਰ ਦੇ ਸੱਦੇ 'ਤੇ ਟੈਕਨੀਕਲ ਸਰਵਿਸ ਯੂਨੀਅਨ ਦੀ ਅਗਵਾਈ ਹੇਠ ਬਿਜਲੀ ਮੁਲਾਜ਼ਮਾਂ ਨੇ ਪਾਵਰਕਾਮ ਵੱਲੋਂ ਲਾਲੜੂ ਤੇ ਖਰੜ ਮੰਡਲ ਨੂੰ ਨਿੱਜੀਕਰਨ ਦੇ ਫੈਸਲੇ ਦੇ ਵਿਰੋਧ ਵਿੱਚ ਥਰਮਲ ਦੇ ਮੇਨ ਗੇਟ 'ਤੇ ਰੋਸ ਰੈਲੀ ਕਰਦਿਆਂ ਪਾਵਰਕਾਮ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਤੇ ਪਾਵਰਕਾਮ ਮੈਨੇਜਮੈਂਟ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਸਬੰਧੀ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ, ਜਨਰਲ ਸਕੱਤਰ ਅਜਰ ਸਿੰਘ ਜੋ ਕੇ ਤੇ ਸਲਾਹਕਾਰ ਰਵਿੰਦਰ ਕੁਮਾਰ ਲਾਈਨਮੈਨ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਭਰ 'ਚ ਡਵੀਜ਼ਨ ਪੱਧਰ ਤੇ ਸਰਕਲ ਪਧਰ 'ਤੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਮੰਗ ਕੀਤੀ ਕਿ ਮੈਨੇਜਮੈਂਟ ਮੰਡਲਾਂ ਦਾ ਨਿੱਜੀਕਰਨ ਕਰਨਾ ਬੰਦ ਕਰੇ, ਪਾਵਰਕਾਮ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਭਰਤੀ ਕਰੇ, ਮੁਲਾਜ਼ਮਾਂ ਦਾ ਕੱਟਿਆ ਪੇਂਡੂ ਭੱਤਾ ਤੇ ਮੋਬਾਇਲ ਭੱਤਾ ਬਹਾਲ ਕਰੇ, ਮਹਿੰਗਾਈ ਭੱਤੇ ਵਿੱਚ 13% ਵਾਧਾ ਕਰੇ ਅਤੇ ਸਾਢੇ 5 ਸਾਲ ਦਾ ਪੇਅ ਕਮਿਸ਼ਨ ਦਾ ਏਰੀਅਰ ਜਲਦ ਦੇਵੇ। ਇਸ ਮੌਕੇ ਮੀਤ ਪ੍ਰਧਾਨ ਜਗਦੀਪ ਸਿੰਘ, ਕੈਸ਼ੀਅਰ ਵਰਿੰਦਰ ਸਿੰਘ ਪਰਮਾਰ, ਪ੍ਰਚਾਰ ਸਕੱਤਰ ਪਿਆਰਾ ਸਿੰਘ ਸਹਾਇਕ ਲਾਈਨਮੈਨ, ਜੁਆਇੰਟ ਸਕੱਤਰ ਗੁਰਪ੍ਰੀਤ ਸਿੰਘ ਤੇ ਹਰਪ੍ਰੀਤ ਸਿੰਘ ਸਹਾਇਕ ਲਾਈਨਮੈਨ ਆਦਿ ਨੇ ਕਿਹਾ ਜੇਕਰ ਉਪਰੋਕਤ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਪਟਿਆਲਾ ਪੁਲਸ ਦਾ ਬਦਮਾਸ਼ ਨਾਲ ਮੁਕਾਬਲਾ

## ਫੱਗਣਮਾਜਰਾ ਨੇੜੇ ਦੁਵੱਲੀ ਗੋਲੀਬਾਰੀ ਮਗਰੋਂ ਅਪਰਾਧੀ ਗ੍ਰਿਫ਼ਤਾਰ



ਪਟਿਆਲਾ (ਰਜਿੰਦਰ ਸਿੰਘ ਥਿੰਦ)
ਪੰਜਾਬ ਨੂੰ ਗੈਂਗਸਟਰਾਂ ਤੇ ਮਾੜੇ ਵਿਅਕਤੀ ਅਨਸਰਾਂ ਤੋਂ ਮੁਕਤ ਸੂਬਾ ਬਣਾਉਣ ਲਈ ਆਪਣੀ ਵਚਨਬੱਧਤਾ ਨਿਭਾਉਂਦਿਆਂ ਪਟਿਆਲਾ ਪੁਲਸ ਨੇ ਇੱਕ ਬਦਨਾਮ ਬਦਮਾਸ਼ ਨੂੰ ਦੁਵੱਲੀ ਗੋਲੀਬਾਰੀ ਮਗਰੋਂ ਗ੍ਰਿਫ਼ਤਾਰ ਕਰਨ ਦੀ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ। ਇੱਥੇ ਪਟਿਆਲਾ-ਸਰਹਿੰਦ ਰੋਡ 'ਤੇ ਪਿੰਡ ਫੱਗਣਮਾਜਰਾ ਨੇੜੇ ਏਸ਼ੀਅਨ ਕਾਲਜ ਰੋਡ ਵਿਖੇ ਸੀਆਈਏ ਸਟਾਫ਼ ਪੁਲਸ ਘੇਰੇ ਵਿੱਚ ਆਏ ਅਪਰਾਧੀ ਨੇ ਪੁਲਿਸ ਉੱਪਰ ਗੋਲੀ ਚਲਾਉਂਦਿਆਂ ਜਾਨ ਮਾਰਿਆ ਫਾਇਰ ਕੀਤੇ ਪਰ ਪੁਲਸ ਪਾਰਟੀ ਨੇ ਸਿਆਣੀ ਬਹਾਦਰੀ ਤੇ ਸੰਜਮ ਦਿਖਾਇਆ 'ਤੇ ਦੋਸ਼ੀ ਦੀ ਲੱਤ 'ਤੇ ਗੋਲੀ ਲੱਗੀ, ਜਿਸ ਮਗਰੋਂ ਉਸ ਨੂੰ ਮੌਕੇ 'ਤੇ ਕਾਬੂ ਕਰ ਲਿਆ। ਮੌਕੇ 'ਤੇ ਪਹੁੰਚੇ ਐਸਐਸਪੀ ਪਟਿਆਲਾ ਵਰੁਣ ਸ਼ਰਮਾ ਨੇ ਖ਼ੁਲਾਸਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਿਰਦੇਸ਼ਾਂ ਅਨੁਸਾਰ ਪਟਿਆਲਾ ਪੁਲਸ ਵੱਲੋਂ ਡੀਜੀਪੀ ਗੌਰਵ ਯਾਦਵ ਦੀ ਅਗਵਾਈ ਤੇ ਡੀਆਈਜੀ ਪਟਿਆਲਾ ਰੇਂਜ ਡਾ ਨਾਨਕ ਸਿੰਘ ਦੀ ਨਿਗਰਾਨੀ ਹੇਠ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਵਰਤੀ ਜਾ ਰਹੀ ਹੈ। ਐਸਐਸਪੀ ਨੇ ਦੱਸਿਆ ਕਿ ਅੱਜ ਸ਼ਾਮ ਸਮਾਜ ਵਿਰੋਧੀ ਅਨਸਰਾਂ ਦੀ ਤਲਾਸ਼ ਵਿੱਚ ਐਸਪੀ ਇਨਵੈਸਟੀਗੇਸ਼ਨ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਇੰਚਾਰਜ ਸੀਆਈਏ ਪਟਿਆਲਾ ਪ੍ਰਦੀਪ ਸਿੰਘ ਬਾਜਵਾ ਦੀ ਟੀਮ ਸਰਹਿੰਦ ਰੋਡ 'ਤੇ ਗਸ਼ਤ ਕਰ ਰਹੀ ਸੀ। ਇਸ ਦੌਰਾਨ ਪੁਲਸ ਨੂੰ ਸੂਹ ਮਿਲੀ ਸੀ ਕਿ ਗੁਰਚਰਨ ਸਿੰਘ ਉਰਫ਼ ਕਾਲੂ ਪੁੱਤਰ ਮਲਕੀਤ ਸਿੰਘ ਨਿਵਾਸੀ ਪਿੰਡ ਬਠੋੜੀ ਥਾਣਾ ਸਮਾਣਾ ਜ਼ਿਲ੍ਹਾ ਪਟਿਆਲਾ ਹਾਲ ਅਬਾਦ ਐਸਬੈਂਕਸ ਨਗਰ, ਜੋ ਪਿਛਲੇ ਦਿਨੀਂ ਪਟਿਆਲਾ ਦੇ ਤ੍ਰਿਪੜੀ ਇਲਾਕੇ ਵਿੱਚੋਂ ਖੋਹੀ ਸਕਾਰਪੀਓ ਗੱਡੀ ਵਿੱਚ ਸਵਾਰ ਹੋ ਕੇ ਪਟਿਆਲਾ ਇਲਾਕੇ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਹੈ। ਐਸਐਸਪੀ ਨੇ ਦੱਸਿਆ ਕਿ ਜਦੋਂ ਪਿੰਡ ਫੱਗਣਮਾਜਰਾ ਏਸ਼ੀਅਨ ਕਾਲਜ ਰੋਡ ਨੇੜੇ, ਸਕਾਰਪੀਓ ਗੱਡੀ ਵਿੱਚ ਸਵਾਰ ਹੋ ਕੇ ਬੈਠੇ ਜਾਂਦੇ ਇਸ ਬਦਨਾਮ ਬਦਮਾਸ਼ ਨੂੰ ਪੁਲਸ ਨੇ ਆਪਣੇ ਘੇਰੇ ਵਿੱਚ ਲਿਆ ਤਾਂ ਉਸ ਨੇ ਆਪਣੇ .32 ਬੋਰ ਦੇ ਨਜਾਇਜ਼ ਪਿਸਟਲ ਨਾਲ ਪੁਲਸ ਪਾਰਟੀ ਉਪਰ ਫਾਇਰ ਕਰਦਿਆਂ ਚਾਰ ਗੋਲੀਆਂ ਚਲਾਈਆਂ ਤਾਂ ਪੁਲਸ ਪਾਰਟੀ ਨੇ ਸਿਆਣੀ ਬਹਾਦਰੀ ਅਤੇ ਸੰਜਮ ਦਿਖਾਉਂਦਿਆਂ ਜਵਾਬੀ ਕਾਰਵਾਈ ਕਰਦਿਆਂ ਗੋਲੀ ਚਲਾਈ ਅਤੇ ਦੋਸ਼ੀ ਦੀ ਲੱਤ 'ਤੇ ਗੋਲੀ ਲੱਗੀ, ਤਾਂ ਪੁਲਸ ਨੇ ਤੁਰੰਤ ਉਸ ਨੂੰ ਕਾਬੂ ਕਰ ਲਿਆ। ਵਰੁਣ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਇੱਕ ਕੱਟੜ ਅਪਰਾਧੀ ਹੈ, ਜਿਸ 'ਤੇ ਡਕੈਤੀ, ਹਥਿਆਰਬੰਦ ਡਕੈਤੀ, ਐਨਡੀਪੀਐਸ ਐਕਟ ਦੇ 8 ਤੋਂ ਵੱਧ ਮਾਮਲੇ ਦਰਜ ਹਨ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਕਨਵੈਨਸ਼ਨ



ਰਾਜਪੁਰਾ (ਰਮੇਸ਼ ਕਟਾਰੀਆ)-ਜਥੇਬੰਦੀਆਂ ਦੇ ਸੱਦੇ 'ਤੇ ਰਾਜਪੁਰਾ ਡਵੀਜ਼ਨ ਵਿਖੇ ਚੇਤਨਾ ਰੈਲੀ ਕਨਵੈਨਸ਼ਨ ਡਵੀਜ਼ਨ ਰਾਜਪੁਰਾ ਦੇ ਪ੍ਰਧਾਨ ਸਾਥੀ ਕੁਲਦੀਪ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਕਨਵੈਨਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਪਰੀਮਨ, ਸਰਕਲ ਪ੍ਰਧਾਨ ਸਾਥੀ ਗੁਰਵਿੰਦਰ ਸਿੰਘ ਬੱਬੂ ਤੇ ਕਈ ਆਗੂਆਂ ਨੇ ਸ਼ਮੂਲੀਅਤ ਕੀਤੀ।

### ਸ਼ਹੀਦ ਸੁਖਦੇਵ ਦਾ ਜਨਮ ਦਿਹਾੜਾ ਮਨਾਇਆ



ਬਠਿੰਡਾ (ਰਾਜੀਵ ਗੋਇਲ)-ਹਰਰਾਏ ਪੁਰ ਵਿੱਚ ਦੇ ਪਬਲਿਕ ਸਕੂਲ ਕਾਂਗੜ ਵਿੱਚ ਸ਼ਹੀਦ ਸੁਖਦੇਵ ਦਾ ਜਨਮ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਧਾਰਮਿਕ ਗੀਤ ਕਵੀਸ਼ਰੀਆਂ ਤੇ ਭਾਸ਼ਣ ਪੇਸ਼ ਕੀਤੇ ਗਏ। ਸਕੂਲ ਪ੍ਰਿੰਸੀਪਲ ਸੰਜੂ ਕੁਮਾਰ ਨੇ ਦੱਸਿਆ ਕਿ ਸੁਖਦੇਵ ਇੱਕ ਭਾਰਤੀ ਕ੍ਰਾਂਤੀਕਾਰੀ ਤੇ ਸੁਤੰਤਰਤਾ ਸੈਨਾਨੀ ਸੀ। ਉਸ ਦਾ ਜਨਮ 15 ਮਈ 1907 ਨੂੰ ਪੰਜਾਬ ਦੇ ਸ਼ਹਿਰ ਲਾਇਲਪੁਰ ਵਿੱਚ ਹੋਇਆ। ਸੁਖਦੇਵ ਦਾ ਪੂਰਾ ਨਾਮ ਸੁਖਦੇਵ ਥਾਪਰ ਸੀ। ਉਨ੍ਹਾਂ ਨੇ ਭਗਤ ਸਿੰਘ ਨਾਲ ਨੌਜਵਾਨ ਭਾਰਤ ਸਭਾ ਦਾ ਗਠਨ ਕੀਤਾ। ਉਨ੍ਹਾਂ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ਕ੍ਰਾਂਤੀਕਾਰੀ ਗਰੁੱਪ ਬਣਾਏ। 23 ਮਾਰਚ 1931 ਨੂੰ ਸੁਖਦੇਵ, ਰਾਜਗੁਰੂ ਤੇ ਭਗਤ ਸਿੰਘ ਦੇ ਨਾਲ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਇਸ ਮੌਕੇ ਧਾਰਮਿਕ ਅਧਿਆਪਕਾ ਪਰਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗਗਨਦੀਪ ਕੌਰ, ਗੁਰਪ੍ਰੀਤ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਤਰਨਵੀਰ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

# ਪੰਜਾਬੀ 'ਵਰਸਿਟੀ 'ਚ ਜਾਅਲੀ ਭਰਤੀ ਘੁਟਾਲੇ ਦੀ ਜਾਂਚ ਰਿਪੋਰਟ ਦੇ ਪਹਿਲੇ ਅੱਠ ਸਫ਼ੇ ਗਾਇਬ

ਪਟਿਆਲਾ (ਰਜਿੰਦਰ ਸਿੰਘ ਥਿੰਦ)
ਪੰਜਾਬੀ ਯੂਨੀਵਰਸਿਟੀ ਦੀ ਸੁਰੱਖਿਆ ਸ਼ਾਖਾ 'ਚ ਜਾਅਲੀ ਮੁਲਾਜ਼ਮ ਭਰਤੀ ਕਰ ਕੇ ਉਨ੍ਹਾਂ ਦੀਆਂ ਤਨਖ਼ਾਹਾਂ ਤੇ ਹੋਰ ਲਾਭ ਦੇ ਨਾਂਅ 'ਤੇ ਹੋਏ ਕਰੋੜਾਂ ਰੁਪਏ ਦੇ ਘਪਲੇ ਦੀ ਜਾਂਚ ਰਿਪੋਰਟ ਪੰਜਾਬ ਵਿਜੀਲੈਂਸ ਕੋਲ ਪਹੁੰਚਣ ਤੋਂ ਪਹਿਲਾਂ ਹੀ ਗਾਇਬ ਹੋ ਗਈ ਹੈ। ਮੀਲਭੱਦੇ ਲਿਫ਼ਾਫ਼ੇ 'ਚ ਵੀਸੀ ਦਫ਼ਤਰ 'ਚ ਜਮ੍ਹਾਂ ਕਰਵਾਈ ਗਈ ਇਸ ਰਿਪੋਰਟ ਦੇ ਪਹਿਲੇ ਅੱਠ ਅਹਿਮ ਪੰਨੇ ਗਾਇਬ ਹਨ। ਪਿਛਲੇ ਸਾਲ ਯੂਨੀਵਰਸਿਟੀ ਦੀ ਸੁਰੱਖਿਆ ਸ਼ਾਖਾ 'ਚ ਅਜਿਹੇ ਵਿਅਕਤੀਆਂ ਦੀ ਜਾਅਲੀ ਭਰਤੀ ਤੇ ਉਨ੍ਹਾਂ ਦੀਆਂ ਜਾਅਲੀ ਹਾਜ਼ਰੀਆਂ ਲੱਗਣ ਦਾ ਮਾਮਲਾ ਸਾਹਮਣੇ ਆਇਆ ਸੀ, ਜੋ ਯੂਨੀਵਰਸਿਟੀ 'ਚ ਕਿਤੇ ਡਿਊਟੀ ਕਰ ਹੀ ਨਹੀਂ ਰਹੇ ਸਨ। ਸ਼ਿਕਾਇਤ ਹੋਣੀ ਤਾਂ ਯੂਨੀਵਰਸਿਟੀ ਨੇ ਜਾਂਚ ਲਈ ਕਮੇਟੀ ਦਾ ਗਠਨ ਕਰ ਦਿੱਤਾ। ਕਮੇਟੀ ਨੇ ਜਾਂਚ ਕਰ ਕੇ ਇਸ ਦੀ ਰਿਪੋਰਟ ਜੁਲਾਈ 2024 'ਚ ਵਾਈਸ ਚਾਂਸਲਰ ਦਫ਼ਤਰ 'ਚ ਜਮ੍ਹਾਂ ਕਰਵਾ ਦਿੱਤੀ। ਸੀਲਬੰਦ ਲਿਫ਼ਾਫ਼ੇ 'ਚ ਦਿੱਤੀ ਗਈ ਇਸ ਰਿਪੋਰਟ 'ਚ ਪਹਿਲੇ 14 ਪੰਨੇ ਜਾਂਚ ਦੇ ਨਤੀਜੇ ਤੇ 120 ਤੋਂ ਵੱਧ ਪੰਨੇ ਸ਼ਿਕਾਇਤ ਤੇ ਵੱਖ-ਵੱਖ ਤੱਥਾਂ ਬਾਰੇ ਸਨ। ਉਸ ਸਮੇਂ ਦੇ ਕਾਰਜਕਾਰੀ ਵਾਈਸ ਚਾਂਸਲਰ ਤੇ ਪ੍ਰਮੁੱਖ ਸਕੱਤਰ ਕੇ ਕੇ ਯਾਦਵ ਨੇ ਜਾਂਚ ਰਿਪੋਰਟ ਦਾ ਇਹ ਲਿਫ਼ਾਫ਼ਾ ਪੱਕੇ ਵੀਸੀ ਤੋਂ ਖੁਲ੍ਹਵਾਉਣ ਦੀ ਗੱਲ ਕਹਿ ਕੇ ਇਕ ਪਾਸੇ ਰੱਖ ਦਿੱਤਾ। ਬਾਅਦ 'ਚ ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀਸੀ ਡਾ. ਕਰਮਜੀਤ ਸਿੰਘ ਨੇ ਪੰਜਾਬੀ ਯੂਨੀਵਰਸਿਟੀ ਦੇ ਵੀਸੀ ਦਾ ਵਾਧੂ ਕਾਰਜਭਾਰ ਸੰਭਾਲਿਆ ਤਾਂ ਉਨ੍ਹਾਂ ਇਹ ਰਿਪੋਰਟ ਵਿਜੀਲੈਂਸ ਨੂੰ ਭੇਜਣ ਲਈ ਯੂਨੀਵਰਸਿਟੀ ਦੀ ਸਬੰਧਤ ਬਰਾਂਚ 'ਚ ਭੇਜ ਦਿੱਤੀ। ਸਬੰਧਤ ਬ੍ਰਾਂਚ ਨੇ ਜਦੋਂ ਇਹ ਲਿਫ਼ਾਫ਼ਾ ਖੋਲ੍ਹਿਆ ਤਾਂ ਇਸ ਦੇ ਅਹਿਮ ਪਹਿਲੇ ਅੱਠ ਪੰਨੇ ਗਾਇਬ ਮਿਲੇ। ਸਬੰਧਤ ਬ੍ਰਾਂਚ ਨੇ ਇਸ ਬਾਰੇ ਜਾਂਚ ਕਮੇਟੀ ਨੂੰ ਸੂਚਿਤ ਕੀਤਾ ਕਿ ਰਿਪੋਰਟ ਪੰਨਾ ਨੰਬਰ 9 ਤੋਂ ਸ਼ੁਰੂ ਹੋ ਰਹੀ ਹੈ, ਪਹਿਲੇ ਅੱਠ ਪੰਨੇ ਨੱਥੀ ਨਹੀਂ ਹਨ। ਜਦੋਂ ਜਾਂਚ ਕਮੇਟੀ ਨੇ ਦੇਖਿਆ ਤਾਂ ਰਿਪੋਰਟ ਦੇ ਲਿਫ਼ਾਫ਼ੇ 'ਤੇ ਲਿਖਤ ਵੀ ਬਦਲੀ ਹੋਈ ਮਿਲੀ ਕਰੋੜਾਂ ਦੇ ਘਪਲੇ ਦੇ ਸਬੂਤ ਖ਼ਤਮ ਕਰਨ ਵਰਗੇ ਪੰਜਾਬੀ ਯੂਨੀਵਰਸਿਟੀ ਕੋਲ ਪ੍ਰੱਖੀ ਸ਼ਿਕਾਇਤ ਮੁਤਾਬਕ ਸੁਰੱਖਿਆ ਸ਼ਾਖਾ 'ਚ ਕਰੀਬ 10 ਸਾਲ ਤੱਕ ਜਾਅਲੀ ਹਾਜ਼ਰੀਆਂ ਨਾਲ 19 ਕਰੋੜ ਤੋਂ ਵੱਧ ਦਾ ਹੇਰ-ਫੇਰ ਹੋਇਆ ਹੈ। ਤਨਖ਼ਾਹਾਂ ਦੇ ਨਾਲ-ਨਾਲ ਪੀਐੱਫ ਤੇ ਈਐੱਸ ਦੇ ਕਰੋੜਾਂ ਰੁਪਏ ਜਾਅਲੀ ਮੁਲਾਜ਼ਮਾਂ ਦੇ ਖ਼ਾਤੇ 'ਚ ਜਮ੍ਹਾਂ ਹੁੰਦੇ ਰਹੇ ਹਨ। ਇਸ ਲਈ ਇਹ ਸਿਲਬ ਰਿਪੋਰਟ ਦੇ ਅੱਠ ਪੰਨੇ ਗਾਇਬ ਹੋਣ ਦਾ ਮਾਮਲਾ ਨਹੀਂ ਬਲਕਿ ਕਰੋੜਾਂ ਦੇ ਘਪਲੇ ਦੇ ਸਬੂਤ ਖ਼ਤਮ ਕੀਤੇ ਗਏ ਹਨ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਯੂਨੀਵਰਸਿਟੀ 'ਚ ਇਕ ਸੀਨੀਅਰ ਸਹਾਇਕ ਵੱਲੋਂ ਸਕਿਓਰਿਟੀ ਬ੍ਰਾਂਚ 'ਚ ਹੇਰ-ਫੇਰ ਕਰਕੇ ਕਰੋੜਾਂ ਦਾ ਘਪਲਾ ਕੀਤਾ ਗਿਆ ਸੀ। ਇਸ ਮਾਮਲੇ 'ਚ ਕੁਝ ਮੁਲਾਜ਼ਮਾਂ ਖ਼ਿਲਾਫ਼ ਪੁਲਸ ਕਾਰਵਾਈ ਵੀ ਹੋਈ ਸੀ ਪਰ ਯੂਨੀਵਰਸਿਟੀ ਦੀ ਰਿਕਵਰੀ ਅਜੇ ਤੱਕ ਨਹੀਂ ਹੋ ਸਕੀ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ ਕਹਿਣਾ ਹੈ ਕਿ ਇਸ ਬਾਰੇ ਜਾਂਚ ਕਰਾਈ ਜਾਵੇਗੀ। ਸਰਕਾਰੀ ਰਿਕਾਰਡ ਨਾਲ ਛੇੜਛਾੜ ਜਾਂ ਫਾਈਲ ਚੋਰੀ ਹੋਣ ਬਾਰੇ ਪੁਲਿਸ ਸ਼ਿਕਾਇਤ ਦੇਣ ਦੇ ਸਵਾਲ 'ਤੇ ਵੀਸੀ ਨੇ ਕਿਹਾ ਕਿ ਅੱਠ ਪੰਨੇ ਪੂਰੇ ਹੋਣ 'ਤੇ ਪੁਲਿਸ ਸ਼ਿਕਾਇਤ ਵੀ ਕੀਤੀ ਜਾਵੇਗੀ। ਜਾਅਲੀ ਭਰਤੀ ਸਬੰਧੀ ਸਾਲ 2023 'ਚ ਵੀ ਰਜਿਸਟਰ ਹੋਏ ਦਫ਼ਤਰੀ ਰਿਕਾਰਡ ਬਾਰੇ ਪੁੱਛੇ ਜਾਣ 'ਤੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਇਹ ਪੁਰਾਣਾ ਮਾਮਲਾ ਹੈ ਤੇ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਦਾ ਹੋਵੇਗਾ, ਇਸ ਲਈ ਇਸ ਬਾਰੇ ਜਾਣਕਾਰੀ ਨਹੀਂ।

# ਵਿਧਾਇਕਾ ਮਾਣੂੰਕੇ ਵੱਲੋਂ ਵਿਕਾਸ ਕਾਰਜਾਂ 'ਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ



ਜਗਰਾਉਂ (ਨਛੱਤਰ ਸੰਧੂ)
ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ ਗਈ ਤੇ ਅਧਿਕਾਰੀਆਂ ਨੂੰ ਕੰਮਾਂ ਵਿੱਚ ਤੇਜ਼ੀ ਲਿਆਉਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਮੀਟਿੰਗ ਦੌਰਾਨ ਐਸ.ਡੀ.ਐਮ. ਕਰਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਵਿਧਾਇਕਾ ਮਾਣੂੰਕੇ ਨੇ ਹਲਕੇ ਦੇ ਸਕੂਲਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਸਕੂਲਾਂ ਦੇ ਮੁਖੀਆਂ ਵੱਲੋਂ ਵਿਕਾਸ ਕਾਰਜਾਂ ਲਈ ਆਈਆਂ ਗ੍ਰਾਂਟਾਂ ਨਾ ਖਰਚਣ ਦੇ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਂਦਿਆਂ ਆਖਿਆ ਕਿ ਜਿਹੜੇ ਵੀ ਸਰਕਾਰੀ ਵਿਭਾਗਾਂ ਨੇ ਲੋਕਾਂ ਦੀ ਸਹੂਲਤ ਲਈ ਆਈਆਂ ਗ੍ਰਾਂਟਾਂ ਖਰਚਣ ਵਿੱਚ ਕੋਈ ਆਨਾਕਾਨੀ ਕੀਤੀ, ਤਾਂ ਸਬੰਧਤ ਅਧਿਕਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਐਸ ਡੀ ਐਮ ਨੂੰ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਨੋਟਿਸ ਜਾਰੀ ਕਰਕੇ ਕਾਰਵਾਈ ਕਰਨ ਲਈ ਆਖਿਆ ਤੇ ਜਿਨ੍ਹਾਂ ਸਕੂਲਾਂ ਦੇ ਮੁਖੀਆਂ ਵੱਲੋਂ ਗੁਗਲ ਸ਼ੀਟਾਂ ਨਹੀਂ ਭਰੀਆਂ ਉਨ੍ਹਾਂ ਵਿਰੁੱਧ ਵੀ ਕਾਰਵਾਈ ਆਰੰਭੀ ਜਾਵੇ। ਇਸ ਮੌਕੇ ਵਿਧਾਇਕਾ ਮਾਣੂੰਕੇ ਨੇ ਨੈਸ਼ਨਲ ਹਾਈਵੇਜ਼ ਦੇ ਅਧਿਕਾਰੀਆਂ ਨੂੰ ਕਿਹਾ ਕਿ ਜਗਰਾਉਂ ਦੇ ਪੁਲਾਂ ਉਪਰ ਲਾਈਟਾਂ ਲਾਈਆਂ ਜਾਣ ਅਤੇ ਹਾਈਵੇਅ ਨਾਲ ਲੱਗਦੇ ਲਿੰਕ ਰੋਡਾਂ ਨੂੰ ਹਦਾਇਤਾਂ ਅਨੁਸਾਰ 10 ਮੀਟਰ ਤੱਕ ਨਵਾਂ ਬਣਾਇਆ ਜਾਵੇ ਤੇ ਮੇਨ ਚੌਕ ਦੇ ਪੁੱਲ ਨੂੰ ਸਿਵਲ ਹਸਪਤਾਲ ਦੇ ਅੱਗਿਓਂ ਪਿੱਲਰਾਂ ਉਪਰ ਬਣਾਉਣ ਲਈ ਪ੍ਰਪੋਜ਼ਲ ਤਿਆਰ ਕਰਕੇ ਉਚ ਅਧਿਕਾਰੀਆਂ ਨੂੰ ਭੇਜੀ ਜਾਵੇ। ਵਿਧਾਇਕਾ ਮਾਣੂੰਕੇ ਨੇ ਨਗਰ ਕੌਂਸਲ ਦੇ ਕਾਰਜ ਸਾਧਕ ਅਫ਼ਸਰ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਆਖਿਆ ਕਿ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਦੇ ਹੱਲ ਲਈ ਟ੍ਰੈਫਿਕ ਲਾਈਟਾਂ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਤੇ ਸ਼ਹਿਰ ਵਿੱਚ ਪੀਲੇ ਰੰਗ ਦੀ ਪੱਟੀ ਲਗਾਉਣ ਲਈ ਜਲਦੀ ਹੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਸ਼ਹਿਰ ਦੇ ਪੁੱਲ ਉਪਰ ਲਾਈਟਾਂ ਠੀਕ ਕਰਾਈਆਂ ਜਾਣ ਅਤੇ ਪੁਲ ਦੇ ਦੋਵੇਂ ਪਾਸੇ ਰੇਲਿੰਗ ਲਵਾਈ ਜਾਵੇ, ਤਾਂ ਜੁ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਵਾਟਰ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਲਕੇ ਦੇ ਸਾਰੇ ਪਿੰਡਾਂ ਦੀਆਂ ਪਾਣੀ ਵਾਲੀਆਂ ਟੈਂਕੀਆਂ ਦੀ ਤੁਰੰਤ ਪੜਤਾਲ ਕੀਤੀ ਜਾਵੇ ਤੇ ਲੋੜ ਅਨੁਸਾਰ ਟੈਂਕੀਆਂ ਦੀ ਮੁਰੰਮਤ ਤੁਰੰਤ ਕਰਾਈ ਜਾਵੇ। ਉਹਨਾਂ ਨਹਿਰੀ ਵਿਭਾਗ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਆਖਿਆ ਕਿ ਨਹਿਰੀ ਕੱਸੀ ਦੀ ਪੁਰਾਤਨ ਦਿੱਖ ਸੁੰਦਰ ਬਣਾਈ ਜਾਵੇ ਤੇ ਟੂਰਿਸਟ ਪ੍ਰਮਾਣਿਤ ਵਜੋਂ ਵਿਕਸਤ ਕੀਤਾ ਜਾਵੇ। ਮੰਡੀਕਰਨ ਬੋਰਡ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਲਕੇ ਦੇ ਕੱਚੇ ਨਾਲ ਸੰਪਰਕ ਕਰਕੇ ਹਲਕੇ ਦੇ ਖ਼ਸਤਾ ਸੜਕ ਦੀ ਮੁਰੰਮਤ ਕਰਾਈ ਜਾਵੇ ਤੇ ਬਾਕੀ ਰਹਿੰਦੀਆਂ ਸੜਕਾਂ ਦੀ ਮੁਰੰਮਤ ਲਈ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ। ਜਾਵੇ। ਐਕਸੀਅਨ ਬਿਜਲੀ ਬੋਰਡ ਇੰਜ: ਗੁਰਪ੍ਰੀਤਮਹਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਗਿੱਦੜਵਿੰਡੀ ਵਿਖੇ ਬਣਨ ਵਾਲੇ ਨਵੇਂ 66 ਕੇਵੀ ਗਰਿੱਡ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਤੇ ਪਿੰਡ ਭਰਗੜਾ ਵਿਖੇ ਮੰਨਜ਼ੂਰ ਹੋਏ 66 ਕੇਵੀ ਗਰਿੱਡ ਨੂੰ ਬਣਾਉਣ ਲਈ ਕਾਰਵਾਈ ਆਰੰਭ ਦਿੱਤੀ ਗਈ ਹੈ ਤੇ ਪਿੰਡ ਕਾਉਂਕੇ ਕਲਾਂ ਵਿਖੇ 66 ਕੇਵੀ ਗਰਿੱਡ ਬਣਾਉਣ ਲਈ ਕਾਰਵਾਈ ਚੱਲ ਰਹੀ ਹੈ। ਹੋਰਵੇਂਵ ਅਧਿਕਾਰੀਆਂ ਨੇ ਦੱਸਿਆ ਕਿ ਵਿਧਾਇਕਾਂ ਮਾਣੂੰਕੇ ਦੇ ਯਤਨਾਂ ਸਦਕਾ ਸਿਵਲ ਹਸਪਤਾਲ ਬੱਸ ਸਟੈਂਡ ਵਿੱਚ ਨਵੀਆਂ 44 ਦੁਕਾਨਾਂ ਬਣਾਉਣ ਲਈ ਤਖਮੀਨਾ ਤਿਆਰ ਕਰਕੇ ਉਚ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਹੈ।

## ਭਾਈ ਮਸਤਾਨ ਸਿੰਘ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



ਸ੍ਰੀ ਮੁਕਤਸਰ ਸਾਹਿਬ, (ਕ੍ਰਿਸ਼ਨ ਪਾਲ/ਪੂਜਾ) ਸੀਬੀਐਸਈ ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ 12ਵੀਂ ਦੇ ਨਤੀਜੇ ਵਿੱਚ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਸ਼ਾਨਦਾਰ ਰਿਹਾ। ਅਗਮਨ ਕੌਰ ਨੇ 96.6 ਪ੍ਰਤੀਸ਼ਤ ਅੰਕਾਂ ਨਾਲ ਸਕੂਲ ਵਿੱਚੋਂ ਪਹਿਲਾਂ, ਅੰਮ੍ਰਿਤਪ੍ਰੀਤ ਕੌਰ ਤੇ ਵਿਸ਼ਵਜੀਤ ਕੌਰ ਮਾਂਗਟ ਨੇ 96 ਪ੍ਰਤੀਸ਼ਤ ਅੰਕਾਂ ਨਾਲ ਦੂਜਾ, ਅਸ਼ਾਵਰੀ ਮਹਾਂਦੇਵ ਅਤੇ ਮਯੰਕ ਨੇ 94.8 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਪੂਰੇ ਇਲਾਕੇ ਵਿੱਚ ਰੌਸ਼ਨ ਕੀਤਾ। ਹਿਊਮੈਨਿਟੀਜ਼ ਗਰੁੱਪ ਵਿੱਚ ਅਗਮਨ ਕੌਰ ਨੇ 96.6 ਅੰਕਾਂ ਨਾਲ ਪਹਿਲਾਂ, ਅੰਮ੍ਰਿਤਪ੍ਰੀਤ ਕੌਰ ਨੇ 96 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਤੇ ਦੀਕਸ਼ਾ ਨੇ 92.4 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ ਵਿੱਚੋਂ ਵਿਸ਼ਵਜੀਤ ਕੌਰ ਮਾਂਗਟ ਨੇ 96 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ, ਮਯੰਕ ਨੇ 94.8 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਤੇ ਰਮਨਪ੍ਰੀਤ ਸਿੰਘ ਨੇ 93.4 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਸਾਇੰਸ ਗਰੁੱਪ ਵਿੱਚ ਅਸ਼ਾਵਰੀ ਮਹਾਂਦੇਵ ਨੇ 94.8 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ, ਤਨੁਜੀਤ ਕੌਰ ਨੇ 94.4 ਪ੍ਰਤੀਸ਼ਤ ਅੰਕਾਂ ਨਾਲ ਦੂਜਾ, ਮਨਕਿਰਤ ਕੌਰ ਨੇ 93.4 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਬਲਪ੍ਰੀਤ ਕੌਰ ਨੇ 92 ਪ੍ਰਤੀਸ਼ਤ, ਹਰਮਨਜੋਤ ਕੌਰ 91.6 ਪ੍ਰਤੀਸ਼ਤ, ਐਸ਼ਦੀਪ ਕੌਰ 91.4 ਪ੍ਰਤੀਸ਼ਤ, ਸੁਭਕਿਰਨ ਕੌਰ 91.2 ਪ੍ਰਤੀਸ਼ਤ, ਤਾਨੀਆ 91.2 ਪ੍ਰਤੀਸ਼ਤ, ਹਰਸ਼ਮੀਤ ਕੌਰ 91 ਪ੍ਰਤੀਸ਼ਤ, ਰਿਧਿਮਾ 91 ਪ੍ਰਤੀਸ਼ਤ, ਸਿਮਰਨ ਕੌਰ 90.8 ਪ੍ਰਤੀਸ਼ਤ, ਭੂਮੀ ਗੁਪਤਾ 90.6 ਪ੍ਰਤੀਸ਼ਤ, ਨਵਨੀਤ ਕੌਰ 90.4 ਪ੍ਰਤੀਸ਼ਤ, ਯਾਦਵਿੰਦਰ ਸਿੰਘ 90.2 ਪ੍ਰਤੀਸ਼ਤ, ਸ਼੍ਰਿਸ਼ਟੀ 90.2 ਪ੍ਰਤੀਸ਼ਤ, ਅਗਿਨਵੀਰ ਸਿੰਘ 90 ਪ੍ਰਤੀਸ਼ਤ, ਤਨਵੀਰ ਕੌਰ 90 ਪ੍ਰਤੀਸ਼ਤ ਅਤੇ ਚੇਤਨਪ੍ਰੀਤ ਸਿੰਘ ਨੇ 90 ਪ੍ਰਤੀਸ਼ਤ ਅੰਕ ਹਾਸਲ ਕੀਤੇ। ਕੈਮਿਸਟਰੀ ਵਿੱਚੋਂ ਯਾਦਵਿੰਦਰ ਸਿੰਘ ਤੇ ਮਨਕਿਰਤ ਕੌਰ ਨੇ 100 ਪ੍ਰਤੀਸ਼ਤ ਅੰਕ, ਅਕਾਊਂਟਸ ਵਿੱਚੋਂ ਮਯੰਕ ਗੁਪਤਾ, ਅਗਿਨਵੀਰ ਸਿੰਘ ਤੇ ਰਮਨਪ੍ਰੀਤ ਸਿੰਘ ਨੇ 100 ਪ੍ਰਤੀਸ਼ਤ ਅੰਕ, ਬਲਪ੍ਰੀਤ ਤੇ ਚੇਤਨਪ੍ਰੀਤ ਸਿੰਘ ਨੇ 99 ਪ੍ਰਤੀਸ਼ਤ ਅੰਕ, ਬਿਜਨਸ ਵਿੱਚ ਵਿਸ਼ਵਜੀਤ ਕੌਰ ਮਾਂਗਟ ਨੇ 100 ਪ੍ਰਤੀਸ਼ਤ ਅੰਕ ਅਤੇ ਰਮਨਪ੍ਰੀਤ ਸਿੰਘ ਨੇ 99 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਅਗਮਨ ਕੌਰ ਨੇ ਹਿਸਟਰੀ ਵਿੱਚੋਂ 99 ਪ੍ਰਤੀਸ਼ਤ ਅਤੇ ਪੋਲੀਟੀਕਲ ਸਾਇੰਸ ਵਿੱਚੋਂ ਵੀ 99 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਮਾਰਕੀਟਿੰਗ ਵਿੱਚੋਂ ਮਯੰਕ ਨੇ ਪੰਜਾਬੀ ਵਿੱਚੋਂ ਅੰਮ੍ਰਿਤਪ੍ਰੀਤ ਕੌਰ ਨੇ ਤੇ ਸਰੀਰਕ ਸਿੱਖਿਆ ਵਿੱਚੋਂ ਤਾਨੀਆ ਨੇ 99 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਸੰਸਥਾਪਕ ਮਹੰਤ ਕਸ਼ਮੀਰ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ ਚੌਧਰਾ ਨੇ ਵਿਦਿਆਰਥੀਆਂ ਦੀ ਇਸ ਸਫ਼ਲਤਾ ਲਈ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## COURT NOTICE

(U/o 5 Rule 20 CPC)
In The Court of Himani
Civil Judge (Junior Division), Payal
CNR No. PBLDD0-000128-2021
Next Date:- 28-05-2025
Punjab National Bank
Vs.
Kamaljit Kaur
Publication Issued To:
Def 2 Narinder Pal Singh S/o Late Pritpal Singh S/o Joginder Singh Def 4 Amritpal Kaur D/o Late Pritpal Singh S/o Joginder Singh Both R/o Vill. Jarg, Tehsil Payal, Distt. Ludhiana

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 28-05-2025 at 10:00 a.m.
For details logon to https://highcourtchd.gov.in/?trs=district_notice&district=ludhiana
Civil Judge (Junior Division) Payal
Dated, this day of 14-05-2025

## COURT NOTICE

In The Court of Tarjani
Judicial Magistrate First Class, Amritsar
CNR No. PBAS03-027814-2023
Next Date:- 21-07-2025
Ashok Kumar Khurana
Vs.
Jasmeet Singh
Publication Issued To:
Jasmeet Singh :- S/o Gurdeep Singh Communication Address DS Departmental Store, Near Bus Stand Fatehgarh Churian, Opposite Bus Stand, Distt. Asr. Permanent Address Ward No. 5, Khalsa Colony, Railway Road, Near Railway Station, Fatehgarh Churian Road, Distt. Gurdaspur

In above titled case, the accused could not be served. It is ordered that accused should appear in person or through counsel on 21-07-2025 at 10.00 a.m.
For details logon to https://highcourtchd.gov.in/?trs=district_notice&district=Amritsar
Judicial Magistrate First Class Amritsar
Dated, this day of 15-05-2025

## COURT NOTICE

(U/o 5 Rule 20 CPC)
In The Court of Garima Gupta
Civil Judge (Junior Division), Amritsar
CS/2002/2022
CNR No. PBAS02-002903-2022
Next Date: 05-07-2025
Canara Bank Limited having its Branch at Verka, Tehsil and Distt. Amritsar through its Branch Manager/ Principal Officer Shubham Mahajan Having a Power of Attorney on behalf of Bank.
Vs.
Hardeep Singh & Anr.
Publication Issued To:
1. Hardeep Singh S/o Satnam Singh, 2. Satnam Singh S/o Joginder Singh. Both Residents of Village Vachhoa, Tehsil Ajnala, District Amritsar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 05-07-2025 at 10:00 a.m.
For details logon to https://highcourtchd.gov.in/?trs=district_notice&district=Amritsar
Civil Judge (Junior Division) Amritsar
Dated, this day of 14-05-2025

**IN THE HIGH COURT OF DELHI AT NEW DELHI**
(Ordinary Original Civil Jurisdiction)
ARB.P. 170/2025
MONEYWISE FINANCIAL SERVICES PVT. LTD. ....Petitioner
Versus
MANDEEP KNIT WORLD THROUGH ITS PROPRIETOR AND ANR. ....Respondents
To: Respondents
1.M/s Mandeep Knit World - Borrower (Through its Proprietor-Mandeep Singh) Office Address: 4263, Mandeep Knit World, Street No. 01 New Madhopuri, Ludhiana, Punjab-141008 (M)-8146943400
E-mail: mandip1691@gmail.com
Also At: House No. 4231, Street No. 02, New Madhopur, Ludhiana, Punjab-141008
2.Smt. Navneet Kaur (co-borrower) W/o Sh. Mandeep Kaur R/o House No. 4231, Street No. 02, New Madhopur, Ludhiana, Punjab - 141008 (M)-8146943400
E-mail: mandipsingh1691@gmail.com
WHEREAS the above named Petitioner has filed a petition under Section 11 of the Arbitration & Conciliation Act, 1996. Whereas, this Court issued notice to you, the above named Respondents.
AND
WHEREAS it has been shown to the satisfaction of the Court that it is not possible to serve you in the ordinary way, therefore, this notice is given by publication directing you to make appearance before this Hon'ble Court on 21.05.2025 at 10.30 A.M. to defend the above mentioned petition. Take notice that in default of your appearance on the day mentioned above, the Petition will be heard and determined in your absence.
Given under my hand and the seal of the Court in terms of orders dated 20 day of March, 2025.
Assistant Registrar (O)
For Registrar General

## ਨੋਟਿਸ

ਵਿਸ਼ਾ: ਦਰਖਾਸਤ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ ਦ/ਵ ਦਲਵਿੰਦਰ ਸਿੰਘ ਉਰਫ ਬਲਵਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਰਣਸੀਂਹ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਵਿਸ਼ੇ ਸੰਬੰਧੀ ਨਿਮਨ ਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਬੇਨਤੀ ਕੀਤੀ ਹੈ ਕਿ ਉਹ ਪਿੰਡ ਰਣਸੀਂਹ ਕਲਾਂ, ਤਹਿ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਦਾ ਵਸਨੀਕ ਹੈ ਅਤੇ ਉਸ ਦੀ ਮਾਲਕੀ ਦੀ ਜ਼ਮੀਨ ਪਿੰਡ ਰਣਸੀਂਹ ਕਲਾਂ ਤਹਿ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਵਿਖੇ ਹੈ। ਉਸ ਦੀ ਮਾਲਕੀ ਦੀ ਜ਼ਮੀਨ ਦੇ ਰਿਕਾਰਡ ਵਿੱਚ ਉਸ ਦਾ ਨਾਂਅ ਦਲਵਿੰਦਰ ਸਿੰਘ ਪੁੱਤਰ ਦਾਰਾ ਸਿੰਘ ਦਰਜ ਹੈ, ਜਦੋਂ ਕਿ ਉਸ ਦੇ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ਾਂ ਵਿੱਚ ਉਸ ਦਾ ਨਾਂਅ ਬਲਵਿੰਦਰ ਸਿੰਘ ਪੁੱਤਰ ਦਾਰਾ ਸਿੰਘ ਦਰਜ ਹੈ ਅਤੇ ਪਿੰਡ ਵਿੱਚ ਉਸ ਨੂੰ ਬਲਵਿੰਦਰ ਸਿੰਘ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਦੋਨੋਂ ਨਾਂਅ ਉਸ ਦੇ ਹੀ ਹਨ। ਇਸ ਲਈ ਉਸ ਦੀ ਮਾਲਕੀ ਦੀ ਜ਼ਮੀਨ ਵਿੱਚ ਉਸ ਦਾ ਨਾਂਅ ਦਲਵਿੰਦਰ ਸਿੰਘ ਦੀ ਬਜਾਏ ਬਲਵਿੰਦਰ ਸਿੰਘ ਉਰਫ ਦਲਵਿੰਦਰ ਸਿੰਘ ਪੁੱਤਰ ਦਾਰਾ ਸਿੰਘ ਦਰਜ ਕੀਤਾ ਜਾਵੇ।

ਦੋਨਾਂ ਨਾਵਾਂ ਦੀ ਤਸਦੀਕ ਨੰਬਰਦਾਰ ਅਤੇ ਸਰਪੰਚ ਪਿੰਡ ਰਣਸੀਂਹ ਕਲਾਂ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਨੇ ਸਵੈ ਘੋਸ਼ਣਾ ਪੱਤਰ ਰਾਹੀਂ ਕੀਤੀ ਹੈ।

ਇਸ ਲਈ ਪੰਜਾਬ ਸਰਕਾਰ ਦੇ ਮੀਮੋ ਨੰਬਰ 25/78/2012-ਭਮ-2 /12445-71 ਚੰਡੀਗੜ੍ਹ ਮਿਤੀ 26-7-2013 ਦੇ ਹਵਾਲੇ ਮੁਤਾਬਿਕ ਮਾਲ ਰਿਕਾਰਡ ਵਿੱਚ ਨਾਂਅ ਤਬਦੀਲੀ ਕਰਾਉਣੀ ਹੈ। ਹੁਣ ਮਾਲ ਰਿਕਾਰਡ ਵਿੱਚ ਦਲਵਿੰਦਰ ਸਿੰਘ ਉਰਫ ਬਲਵਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਕਰਤਾਰ ਸਿੰਘ ਦਾ ਇੰਦਰਾਜ ਕਰਵਾਉਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਦਫਤਰ ਵਿੱਚ ਆਪਣਾ ਇਤਰਾਜ਼ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ, ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇਗੌਰ ਨਹੀਂ ਹੋਵੇਗਾ।

ਨੰਬਰ 09/ਰੀਡਰ ਮਿਤੀ : 14/5/2025
ਸਹੀ/- ਤਹਿਸੀਲਦਾਰ-ਕਮ- ਸਰਕਲ ਰੈਵੀਨਿਊ ਅਫਸਰ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

## ਨਿਲਾਮੀ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਰਕਾਰੀ ਐਲੀਮੈਂਟਰੀ ਸਕੂਲ ਬਹਾਦਰਪੁਰ ਬਾਹੀਆਂ, ਬਲਾਕ ਹੁਸ਼ਿਆਰਪੁਰ-2 ਬੀ ਵਿੱਚ ਪੁਰਾਣੀ ਬਿਲਡਿੰਗ ਦੀ ਨਿਲਾਮੀ ਕੀਤੀ ਜਾਣੀ ਹੈ। ਇਸ ਨਿਲਾਮੀ ਵਿਚ ਕੋਈ ਵੀ ਇਛੁੱਕ ਵਿਅਕਤੀ ਹਿੱਸਾ ਲੈ ਸਕਦਾ ਹੈ। ਨਿਲਾਮੀ ਸੰਬੰਧੀ ਨਿਯਮ ਅਤੇ ਸ਼ਰਤਾਂ ਆਦਿ ਕਿਸੇ ਵੀ Working day (8.00 A. M. to 2.00 P.M.) ਵਿਚ ਕੋਈ ਵੀ ਸੂਚਨਾ ਸਕੂਲ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਨਿਲਾਮੀ ਦੀ ਮਿਤੀ 31/05/2025 (ਦਿਨ ਸ਼ਨੀਵਾਰ) ਨੂੰ ਸਮਾਂ 10.00 ਵਜੇ ਕੀਤੀ ਜਾਵੇਗੀ।

ਸਹੀ/-ਸੈਂਟਰ ਹੈੱਡ ਟੀਚਰ, ਸ: ਐ: ਸ: ਬਹਾਦਰਪੁਰ ਬਾਹੀਆਂ, ਬਲਾਕ ਹੁਸ਼ਿਆਰਪੁਰ-2 ਬੀ

**P.L.A. No. 92 of 2019**
**IN THE HIGH COURT AT CALCUTTA**
**Testamentary and Intestate Jurisdiction**
To
Paramjit Kaur, Wo. Manjit Singh House No. CK/1147 Sultan Wind Road, East Gobindnagar, Amritsar, Punjab, Pin-143001
In the Goods of: Amar Kaur Thethi, deceased lately residing at 199, Diamond Harbour Road, Mondal Para, Calcutta-700034, Police Station- Behala, within the aforesaid jurisdiction, a Hindu inhabitant deceased.
Madam,
If you, as mentioned above, are claiming to have any interest in the estate of the deceased abovenamed are hereby cited to come within 4 (Four) weeks from the date of publication of this citation and to show cause as to why Probate of the last Will and Testament dated 3rd day of December, 1996 of the deceased abovenamed should not be granted to this Court unto Harbhajan Singh Thethi, son of Amar Kaur Thethi, residing at 199, Diamond Harbour Road, Mondal Para, Police Station -Behala, Calcutta - 700034 being the executor of the Last Will and Testament executed by the deceased under pain and contempt of the Law and further to do and receive as to Law and Justice shall appertain and what you shall do herein you shall duly certify with these presents to our said Justices.
You are hereby informed that free legal services from the High Court Legal Services Committee, as per eligibility criteria, is available to you and in case you are eligible and desire to avail of the free legal services, you may contact the above Legal Services Committee. The matter will appear in the list on 12th June, 2025.
**Witness: Mr. T. S. Sivagnanam,, Chief Justice at Calcutta aforesaid, the 10th day of April, in the year Two Thousand and Twenty Five incorporated in order dated 20th day of February in the year 2025.**
For Registrar
Sd/-
Supratick Syamal, Advocate
High Court, Calcutta 6,Old Post Office Street Room No.35,(1st Floor)Kolkata-700001

## ਨੋਟਿਸ

ਵਿਸ਼ਾ : ਦਰਖਾਸਤ ਬਾਬਤ ਮਾਲ ਰਿਕਾਰਡ ਵਿੱਚ ਨਾਂਅ ਦੀ ਦਰੁਸਤੀ ਕਰਨ ਸੰਬੰਧੀ ਦ/ਵ ਮੋਹਨ ਸਿੰਘ ਉਰਫ ਅਮਰਜੀਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਬੁਰਜ ਦੁਨਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰ ਦੀ ਅਦਾਲਤ ਵਿੱਚ ਮੋਹਨ ਸਿੰਘ ਉਰਫ ਅਮਰਜੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਬੁਰਜ ਦੁਨਾ ਤਹਿ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਨੇ ਪੇਸ਼ ਹੋ ਕੇ ਬੇਨਤੀ ਕੀਤੀ ਕਿ ਰਿਕਾਰਡ ਮਾਲ ਵਾਕਿਆ ਪਿੰਡ ਬੁਰਜ ਦੁੰਨਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੀ ਵਸਨੀਕ ਹੈ, ਉਸ ਦੀ ਮਾਲਕੀ ਦੀ ਜ਼ਮੀਨ ਪਿੰਡ ਰਣੀਆ -2 ਤਹਿ. ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਵਿਖੇ ਹੈ। ਉਸ ਦੀ ਮਾਲਕੀ ਦੀ ਜ਼ਮੀਨ ਖਸਰਾ ਨੰਬਰ 161//12/2-12-12/3-19/1, 165//1/2-2/2- 10/1-11/2-19/2-20-16-25, 166//20-21/1-21/2, 187//5, 187//9-12 ਵਾ ਨੰਬਰ ਖਸਰਾ 165//3/2-82-13/2-18/2-17/1 ਵਿੱਚ ਉਸ ਦਾ ਨਾਂਅ ਮੋਹਨ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਗਿਆਨ ਸਿੰਘ ਦਰਜ ਹੈ, ਜਦੋਂ ਕਿ ਉਸ ਦੇ ਦਸਤਾਵੇਜ਼ ਜਿਵੇਂ ਕਿ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ਾਂ ਵਿੱਚ ਉਸ ਦਾ ਨਾਂਅ ਅਮਰਜੀਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਗਿਆਨ ਸਿੰਘ ਦਰਜ ਹੈ ਅਤੇ ਪਿੰਡ ਵਿੱਚ ਉਸ ਨੂੰ ਅਮਰਜੀਤ ਸਿੰਘ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਦੋਨੋਂ ਨਾਂਅ ਉਸ ਦੇ ਹੀ ਹਨ ।

ਦੋਨਾਂ ਨਾਵਾਂ ਦੀ ਤਸਦੀਕ ਸੁਖਦੇਵ ਸਿੰਘ ਪੁੱਤਰ ਕਰਨੈਲ ਸਿੰਘ, ਲਖਵਿੰਦਰ ਕੌਰ ਸਰਪੰਚ ਪਤਨੀ ਬਲਜੀਤ ਸਿੰਘ ਵਾਸੀਆਨ ਪਿੰਡ ਬੁਰਜ ਦੁਨਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਨੇ ਸਵੈ ਘੋਸ਼ਣਾ ਪੱਤਰ ਰਾਹੀਂ ਕੀਤੀ ਹੈ।

ਇਸ ਲਈ ਪੰਜਾਬ ਸਰਕਾਰ ਦੇ ਮੀਮੋ ਨੰਬਰ 25/78/2012-ਭਮ-2 /12445-71 ਚੰਡੀਗੜ੍ਹ ਮਿਤੀ 26-7-2013 ਦੇ ਹਵਾਲੇ ਮੁਤਾਬਿਕ ਮਾਲ ਰਿਕਾਰਡ ਵਿੱਚ ਨਾਂਅ ਤਬਦੀਲੀ ਕਰਾਉਣੀ ਹੈ । ਹੁਣ ਮਾਲ ਰਿਕਾਰਡ ਵਿੱਚ ਮੋਹਨ ਸਿੰਘ ਅਤੇ ਅਮਰਜੀਤ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਗਿਆਨ ਸਿੰਘ ਦਾ ਇਤਰਾਜ਼ ਕਰਵਾਉਣਾ ਹੈ । ਜੇਕਰ ਕਿਸੇ ਨੂੰ ਕੋਈ ਇੰਦਰਾਜ਼ ਹੋਵੇ ਤਾਂ ਇਸ ਦਫਤਰ ਵਿੱਚ ਆਪਣਾ ਇਤਰਾਜ਼ 10 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇਗੌਰ ਨਹੀਂ ਹੋਵੇਗਾ।

ਨੰਬਰ 08/ਰੀਡਰ ਮਿਤੀ : 28/2/2025
ਸਹੀ/- ਤਹਿਸੀਲਦਾਰ-ਕਮ- ਸਰਕਲ ਰੈਵੀਨਿਊ ਅਫਸਰ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

## ਟੈਂਡਰ ਨੋਟਿਸ

ਅੰਮ੍ਰਿਤਸਰ ਦੀ ਟਰੈਫਿਕ ਪੁਲਿਸ ਵੱਲੋਂ ਅੰਮ੍ਰਿਤਸਰ ਸ਼ਹਿਰ ਵਿੱਚ ਹੋ ਰਹੀ ਗਲਤ ਪਾਰਕਿੰਗ ਦੀ ਸਮੱਸਿਆ ਨਾਲ ਨਜਿੱਠਣ ਲਈ ਗਲਤ ਪਾਰਕ ਕੀਤੇ ਵਹੀਕਲਾਂ ਨੂੰ ਟੋਅ ਕਰਨ ਲਈ 10 ਹਾਈਡ੍ਰੋਲਿਕ ਕਰੇਨਾਂ ਵਾਸਤੇ ਰਜਿਸਟਰਡ ਫਰਮ ਨੂੰ ਠੇਕਾ ਦੇਣ ਦਾ ਫੈਸਲਾ ਲਿਆ ਗਿਆ ਹੈ, ਜਿਸ ਸਬੰਧੀ ਹਰੇਕ ਰਜਿਸਟਰਡ ਫਰਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਗਰ ਕੋਈ ਫਰਮ ਠੇਕਾ ਲੈਣ ਦੀ ਚਾਹਵਾਨ ਹੈ ਤਾਂ ਉਹ ਆਪਣੀ ਫਰਮ ਦੇ ਲੈਟਰ ਪੈਡ ਤੇ ਕੁਟੇਸ਼ਨਾਂ 03 ਦਿਨ ਦੇ ਅੰਦਰ ਅੰਦਰ ਹੇਠ ਲਿਖੇ ਪਤੇ ਪਰ ਭੇਜੋ ਜਾਂ ਖੁਦ ਹਾਜਰ ਆ ਕੇ ਵੀ ਦੇ ਸਕਦੇ ਹਨ ਕਿ ਉਹ ਹਰੇਕ ਗਲਤ ਪਾਰਕ ਕੀਤੇ ਗਏ ਵਹੀਕਲ ਨੂੰ ਚੁੱਕਣ (ਟੋਅ) ਕਰਨ ਦੇ ਕਿੰਨੇ ਪੈਸੇ ਲੈਣਗੇ। ਕਰੇਨਾਂ ਨਵੀਆਂ ਅਤੇ ਸਾਰੇ ਕਾਗਜ਼ਾਤ ਪੂਰੇ ਹੋਣੇ ਚਾਹੀਦੇ ਹਨ। ਟੈਂਡਰ ਲਈ ਸ਼ਰਤਾਂ: - ਇਸ ਸਬੰਧੀ ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ ਅੰਮ੍ਰਿਤਸਰ ਆ ਕੇ ਸ਼ਰਤਾਂ ਸਬੰਧੀ ਜਾਣੂ ਹੋ ਕੇ ਅਪਲਾਈ ਕੀਤਾ ਜਾਵੇ।
ਪਤਾ:- ਦਫਤਰ ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਅੰਮ੍ਰਿਤਸਰ।

ਵਾਸਤੇ ਕਮਿਸ਼ਨਰ ਪੁਲਿਸ ਅੰਮ੍ਰਿਤਸਰ।
ਸਹੀ/- ਆਲਮਵਿਜੇ ਸਿੰਘ (ਪੀ.ਪੀ.ਐਸ),
ਡਿਪਟੀ ਕਮਿਸ਼ਨਰ ਪੁਲਿਸ, ਲਾਅ ਐਂਡ ਆਰਡਰ, ਅੰਮ੍ਰਿਤਸਰ।

## ਦਫਤਰ ਨਗਰ ਕੌਂਸਲ ਕਰਤਾਰਪੁਰ, ਜ਼ਿਲ੍ਹਾ ਜਲੰਧਰ

### ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਮਿਤਾ ਮਲਹਨ (ਪਤਨੀ) ਵਾ ਅਮਨ ਮਲਹਨ (ਪੁੱਤਰ) ਵਾ ਸਾਵਨ ਮਲਹਨ (ਪੁੱਤਰ) ਲੇਟ ਪੁਸ਼ਪਿੰਦਰ ਕੁਮਾਰ ਮਲਹਨ ਵਾਸੀਆਨ ਕਰਮਸਰ ਕਲੋਨੀ ਨਿਊ ਸੁਭਾਸ਼ ਨਗਰ ਬਸਤੀ ਜੋਧੇਵਾਲ, ਲੁਧਿਆਣਾ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਮਕਾਨ ਯੂ. ਆਈ. ਡੀ. ਨੰਬਰ ਬੀ-05-0186 ਰਕਬਾ ਲਗਭਗ 01 ਮਰਲਾ 04 ਸਰਸਾਈ ਵਾਕਿਆ ਮੁਹੱਲਾ ਚੋਡੀਆਂ ਕਰਤਾਰਪੁਰ ਸਾਡੇ ਪਤੀ/ਪਿਤਾ ਪੁਸ਼ਪਿੰਦਰ ਕੁਮਾਰ ਮਲਹਨ ਦੀ ਮਲਕੀਤੀ ਹੈ। ਬਿਨੈਕਾਰਾਂ ਨੇ ਆਪਣੇ ਸਾਰੇ ਵਾਰਸਾਂ ਦੇ ਹਲਫੀਆ ਬਿਆਨ ਪੱਤਰ, ਵਾਰਡ ਕੌਂਸਲਰ ਬਾਲ ਮੁਕੰਦ ਬਾਲੀ ਦਾ ਸਵੈ-ਘੋਸ਼ਣਾ ਪੱਤਰ, ਪੁਸ਼ਪਿੰਦਰ ਕੁਮਾਰ ਮਲਹਨ ਦੇ ਮੌਤ ਦੇ ਸਰਟੀਫਿਕੇਟ ਦੀ ਕਾਪੀ, ਆਧਾਰ ਕਾਰਡ ਦੀਆਂ ਕਾਪੀਆਂ ਨਾਲ ਨੱਥੀ ਕੀਤੀਆਂ ਗਈਆਂ ਹਨ।

ਬਿਨੈਕਾਰਾਂ ਨੇ ਹਲਫੀਆ ਬਿਆਨ ਪੱਤਰ ਦਿੱਤੇ ਹਨ ਕਿ ਅਮਿਤਾ ਮਲਹਨ (ਪਤਨੀ) ਵਾ ਅਮਨ ਮਲਹਨ (ਪੁੱਤਰ) ਵਾ ਸਾਵਨ ਮਲਹਨ (ਪੁੱਤਰ) ਲੇਟ ਪੁਸ਼ਪਿੰਦਰ ਕੁਮਾਰ ਮਲਹਨ ਤੋਂ ਇਲਾਵਾ ਇਸ ਪ੍ਰਾਪਰਟੀ ਦਾ ਹੋਰ ਕੋਈ ਕਾਨੂੰਨੀ ਵਾਰਸ ਨਹੀਂ ਹੈ। ਹੁਣ ਸਾਡੇ ਪਤੀ/ਪਿਤਾ ਪੁਸ਼ਪਿੰਦਰ ਕੁਮਾਰ ਮਲਹਨ ਦੀ ਮੌਤ ਮਿਤੀ 12.12.2024 ਨੂੰ ਹੋ ਚੁੱਕੀ ਹੈ। ਸਾਡੇ ਪਤੀ/ਪਿਤਾ ਦੀ ਮੌਤ ਤੋਂ ਬਾਅਦ ਉਹਨਾਂ ਦੇ ਵਾਰਸ ਇਸ ਤਰਾਂ ਹਨ :- ਅਮਿਤਾ ਮੁਲਹਨ (ਪਤਨੀ) ਵਾ ਅਮਨ ਮਲਹਨ (ਪੁੱਤਰ) ਵਾ ਸਾਵਨ ਮਲਹਨ (ਪੁੱਤਰ) ਲੇਟ ਪੁਸ਼ਪਿੰਦਰ ਕੁਮਾਰ ਮਲਹਨ ਹਨ। ਉਪਰੋਕਤ ਵਾਰਸਾਂ ਨੇ ਹਲਫੀਆ ਬਿਆਨ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿੱਚ ਇੱਕਲੀ ਸਾਡੀ ਮਾਤਾ ਅਮਿਤਾ ਮਲਹਨ ਦੇ ਨਾਂਅ 'ਤੇ ਦਰਜ/ਤਬਦੀਲ/ਟਰਾਂਸਫਰ ਕਰ ਦਿੱਤੀ ਜਾਵੇ ਤਾਂ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ ਅਤੇ ਨਗਰ ਕੌਂਸਲ ਦੇ ਰਿਕਾਰਡ ਵਿੱਚ ਟਰਾਂਸਫਰ ਕਰਨ ਲਈ ਕੌਂਸਲਰ ਬਾਲ ਮੁਕੰਦ ਨੇ ਵੀ ਸਵੈ-ਘੋਸ਼ਣਾ ਪੱਤਰ ਰਾਹੀਂ ਸਿਫਾਰਸ਼ ਕੀਤੀ ਹੈ। ਨਗਰ ਕੌਂਸਲ ਦੇ ਟੀ. ਐੱਸ.1 ਰਿਕਾਰਡ ਵਿੱਚ ਇਹ ਪ੍ਰਾਪਰਟੀ ਕੇਸ਼ਨ ਨਾਥ ਦੇ ਨਾਂਅ 'ਤੇ ਦਰਜ ਹੈ।

ਬਿਨੈਕਾਰ ਵੱਲੋਂ ਮਾਲਕੀ ਦਾ ਨਾ ਕੋਈ ਸਬੂਤ, ਰਜਿਸਟਰਡ ਜਾਂ ਅਣ-ਰਜਿਸਟਰਡ ਵਸੀਅਤ ਜਾਂ ਹੋਰ ਕੋਈ ਮਾਲਕੀ ਸਬੂਤ ਪੇਸ਼ ਨਹੀਂ ਕੀਤਾ ਹੈ।ਇਸ ਲਈ ਹੁਣ ਉਕਤ ਮਕਾਨ ਦਾ ਇੰਦਰਾਜ਼ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਪ੍ਰਾਪਰਟੀ ਟੈਕਸ ਮੰਤਵ ਲਈ ਅਮਿਤਾ ਮਲਹਨ ਪਤਨੀ ਪੁਸ਼ਪਿੰਦਰ ਕੁਮਾਰ ਮਲਹਨ ਦੇ ਨਾਂਅ 'ਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਦਰਜ/ਤਬਦੀਲ/ਟਰਾਂਸਫਰ ਕਰਨ ਲਈ 2 ਅਖਬਾਰਾਂ ਵਿੱਚ 30 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਲੈਣੇ ਜ਼ਰੂਰੀ ਹਨ।ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਲਿਖਤੀ ਤੌਰ 'ਤੇ ਕਰ ਸਕਦਾ ਹੈ।ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ/ਗੌਰ ਨਹੀਂ ਕੀਤਾ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ ਨਗਰ ਕੌਂਸਲ ਕਰਤਾਰਪੁਰ।

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ. 12-2025-26-ADEN-II-ASR    ਤਾਰੀਕ : 14.05.2025

ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ ਅੰਤਮ ਮਿਤੀ 05.06.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 13.05.2025 / 17:55 ਵਜੇ | 22.05.2025 | 05.06.2025 15:00 ਵਜੇ |

| ਲ.ਨ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ |
|---|---|---|
| 1. | 12-2025-26-ADEN-II-ASR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਤੇ ਭਗਤਾਂਵਾਲਾ ਵਿਚ ਗੁਡਸ ਸ਼ੇਡ ਦਾ ਉਨਯਨ/ ਸੁਧਾਰ ਦਾ ਕੰਮ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 1,76,99,892.88/- | 2,38,500.00/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ : - "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 1432/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕਲਾਸੀਫਾਈਡ ਇਸ਼ਤਿਹਾਰ

## Change of Name

I Gurdip Singh , S/O Sh. Jagan Nath Vill. Aglaur PO. Sansarpur Teh. Dasuya Distt. Hoshiarpur (PB) India have corrected the spelling mistake of my name Gurdip Singh To Gurdeep Singh.

I Daljinder Kaur W/o Sukhdev Singh R/o. Village Nanak Nangal,Tehsil Batala, Distt Gurdaspur. Have Changed my name from Daljit Kaur to Daljinder Kaur. Concerned Please Note.

I, Pooja W/O Gagandeep Kwatra R/O H. No. 9/14, Gali No.14, Pawan Nagar, Amritsar, Punjab have changed my name from Pooja to Pooja Kwatra. Concerned note.

I, Dawinder Singh alias Yadwinder Singh S/o Harjinder Singh R/o Village Nepal, Tehsil Ajnala, Distt. Amritsar, Punjab have changed my name from Dawinder Singh alias Yadwinder Singh to Yadwinder Singh.

I, Navdeep Kaur alias Sukhdev Kaur W/o Yadwinder Singh R/o Village Nepal, Tehsil Ajnala, Distt. Amritsar, Punjab have changed my name from Navdeep Kaur alias Sukhdev Kaur to Sukhdev Kaur.

I, Biharilal Sharma S/o Sh. Raksh Pal Sharma R/o Mohalla Lohara, Kartarpur, Distt. Jalandhar. I Have changed my name from Varinder Sharma to Biharilal Sharma are note.

I Simarleen kaur w/o Kiranjit Bawa r/o Bombay Motor Trading Company, Sultanpur road Kapurthala, Punjab had a maiden name Sonia Alag d/o Manjeet Singh Alag. After marriage my name was Sonia Bawa which I officially have changed to Simarleen Kaur.

I Mohinder Kaur W/o Lal Chand R/o VPO Boparai Kalan, Teh. Nakodar, Jalandhar, have changed my name from Mohinder Kaur to Mahinder Kaur. All concerned please note.

I, Vivek Kumar S/o Jagdish Kumar R/o 78/2581, Palah Sahib Road, Opp Central Jail Friends Avenue, A-Block, Amritsar have changed my name from Vivek Kumar to Vivek Gupta

I, Vijay Kumar S/o Kaushal Dev Sanan R/o 36-D, Hukam Singh Road, Amritsar have changed my name from Vijay Kumar to Vijay Kumar Sanan

I, Vikas S/o G Amrit Lal R/o 2548, Near Old Post Office, Noor Di Bazar Jandiala Guru Amritsar have changed my name from Vikas to Vikas Kumar

I, Bharti D/o Chand Kamal W/o Aman Sharma R/o H.No.49, Rani Ka Bagh Amritsar have changed my name from Bharti to Bharti Sharma

I Inderjit Kaur W/o Charanjeet Singh R/o 592 Gali No.3 Kot Mit Singh Tarn Taran Road Amritsar have changed my name to Inderjeet Kaur

I, Arun Kumar S/o Om Parkash Mehta R/o 2530/11, Gali No.2, Ram Tirath Road, Gawal Mandi Chowk Amritsar have changed my name from Arun Kumar to Arun Kumar Mehta

I, Sonamdeep Singh S/o Satbir Singh R/o H.No.03, Maqboolpura, Mehta Road, Guru Tej Bahadur Nagar, Gali No.17, Amritsar have changed my name from Sonamdeep Singh to Ranbir Singh

I, Satbir Singh S/o Gurdev Singh R/o H.No.03, Maqboolpura, Mehta Road, Guru Tej Bahadur Nagar, Gali No.17, Amritsar have changed my minor son's name from Sonamdeep Singh to Ranbir Singh

I, Manjeet Singh S/o Harbhajan Singh R/o Ucha Qilla, Harse Chhina PO Harsha Chhina Tehsil Ajnala District Amritsar have changed my name from Manjeet Singh to Manjit Singh

I, Poonam Sharma and Poonam Kumaria W/o Ajit Kumaria R/o H.No.506, 100Feet Road, Azad Nagar, Amritsar have declare that above both names are mine one and same person

I, Vijay Sabarwal S/o Samuel R/o 4367/22-A, Ranjitpura, Putlighar Amritsar have changed my name from Vijay Sabarwal to Vijay Kumar

I, Narinder Singh S/o Balraj Singh resident of Kotla Sadar, P.O. Kotla Gujjran, Tehsil Ajnala District Amritsar have declared that Singh is my surname and Narinder is my given name.

I, Lakhwinder Kaur Wife of Jasbir Singh R/o H.No. 51 Khuh Guru Arjan Dev Ji Jandiala Guru Amritsar Punjab have declare that Kaur is my Surname and Lakhwinder is my Given name.

I, Suryanshu Wadhwa S/o Suraj Parkash R/o 441 Ground Floor, Eldeco Greens, Nakodar Road, Malko, Jalandhar have changed the name of my minor daughter from Nayra to Nayra Wadhwa. All concerned please note.

I Tarlok Singh S/o Faqir Singh R/o VPO Ramgarh, Teh. Bholath, Kapurthala -144622, Punjab, have changed my name from Tarlok Singh to Singh Tarlok in which given name Tarlok and surname as Singh. All concerned please note.

I, Harpreet Singh S/o Charanjit Lal R/o 1801, Katni Gate, Kartarpur, Jalandhar (Pb) have changed my name to Given Name as Harpreet & Surname as Singh. All concerned please note.

I, Devinder Kumar S/o Madan Lal R/o House No. 129-B, Street No. 5, Shaheed Babu Labh Singh Nagar, Jalandhar-144013, Punjab have changed my name from Devinder Kumar to Davinder Kumar.

I, Kailash W/O Harsh Godara , D/O Balwant , R/o Nuhiyan Wali (249), Po: Odhan, Sirsa, Haryana- 125077. have changed my name and shall hereafter be Known as Kailash Godara.

I, Tushar Singh S/O Saurabh Singh , R/o Flat No-203, Ganpati Royal Apartment, Near plot No-29-30, Surya Nagar, Civil Line Agra, Uttar Pradesh-282002, have changed my name and shall hereafter be Known as Atharabh Krishna.

I, Maulsiree Duggal D/o Sh. Partap Singh Ahuja W/o Veenu Duggal R/o H.No. 118, Tower Enclave Phase-2, Jalandhar, Punjab declare that Maulsiree Ahuja & Maulsiree Duggal is one and same person. i.e. myself & my name consider as Maulsiree Duggal. All concerned please note.

## Change of Name

I, Chander Pal Singh S/O Ram Singh , R/o Swaraj Mandir, Block B, Gali No-4, House No-605, Baba Colony, Burari, North Delhi-110084. Declare that Name of Mine has been wrongly written as Chandra Pal Singh in my 10th Class Certificate . The actual name of Mine is Chander Pal Singh, which may be amended accordingly.

I, Komal Kang Daudhar S/O Sukhdev Singh Daudher , R/o Village, Chitti, Jalandhar, Punjab-144028, have changed my name and shall hereafter be Known as kamal Singh Daudher.

I, Gagandeep Kaur Makkar W/O Harvinder Singh R/O H.No 74-75, Near Ram Mandir Bhai Ditt Singh Nagar, Jalandhar, Grain Market, Jalandhar City, Punjab, India Have Changed My Name From Gagandeep Kaur Makkar To Gagandeep Kaur. All concerned please note.

I, Lekhraj S/o Naresh Kumar R/o Radhey Krishana Hari Mandir Thakur Singh Colony, Jalandhar have changed my name from Lekhraj to Laxman Sharma. All Please Note.

I, Pushpa Mutneja d/o Shambo Dass Chopra w/o Harnam Dass Mutneja r/o 412, Urban Estate, Phase-1, Jalandhar, Punjab-144022 have changed my name to Pushpa Chopra. All Please Note.

I, Navdeep Singh s/o Manjinder Singh r/o Vill. Mussapur, Po. Ucha, Distt. Jalandhar changed my name to given name as Navdeep & Surname as Singh. All Please Note.

I, Kanika Dogra w/o Deepak Jaggi r/o H.No.11-A, Guru Ram Dass Colony, Lane No. 7, Jalandhar have changed my name to Kanika Jaggi (Surname as Jaggi) All Please Note.

I, hitherto known as Varider Prahakar S/o Ram Parkash R/o H.NO. B-9/46, Hindu Mohalla, Qadian, Gurdaspur, Punjab - 143516 have changed my name and shall hereafter be known as Verinder Kumar.

I, hitherto known as Anjali Gupta W/o Ashish Gupta R/o Mohalla Purian, Near Shitla Mandir, Hoshiarpur, Punjab-146001 have changed my name and shall hereafter be known as Rimmy Gupta.

I, Rahul S/o Jaswinder Singh R/o H.No.20/1, New Shaheed Babu Labh Singh Nagar, Gulab Devi Road, Jalandhar, Punjab have changed my name from Rahul to Rahul Singh. All Please Note.

I, Veenus W/o Gulshan Kumar R/o H.No. NA-177, Muslim Colony, Kishanpura, Jalandhar have changed my name from Veenus to Veena. All Please Note.

I, Simranvir Singh S/o Baljinder Singh R/o VPO. Sahni, Teh. Phagwara, Distt. Kapurthala, Punjab have changed my name to Given name as Simranvir and Surname as Singh. All Please Note.

I, Anil Kohli S/o Yash Pal Kohli R/o H.No. 201, Toor Enclave, Near Fair Farm Resort, Jalandhar-144008, Punjab have changed my name from Anil Kohli to Anil Kumar Kohli. All Please Note.

I, Gurjeet Kaur Kohli W/o Anil Kumar Kohli R/o H.No. 201, Toor Enclave, Near Fair Farm Resort, Jalandhar-144008, Punjab have changed my name from Gurjeet Kaur Kohli to Gurjeet Kour Kohli. All Please Note.

I, Kashmir Kaur W/o Charan Singh R/o VPO. Rauntan, Tehsil Shahkot, Distt. Jalandhar, Punjab have changed my name from Kashmir Kaur to Kaur Kashmir (Surname as Kaur) All Please Note.

I, Surjit Singh W/o Paramjit Singh R/o H. No. 154 C, WZ Block Varinder Nagar, New Delhi. Have changed my name from Surjit Singh to Surjeet Kaur.

## ਆਮ ਸੂਚਨਾ

ਪਲਵਿੰਦਰ ਸਿੰਘ ਪੁੱਤਰ ਗੁਰਤੇਜ ਸਿੰਘ ਵਾਸੀ ਘੋਲੀਆ ਖੁਰਦ, ਤਹਿਸੀਲ ਨਿਹਾਲ ਸਿੰਘ ਵਾਲਾ (ਮੋਗਾ) ਨੇ ਸੰਤੋਖ ਸਿੰਘ ਪੁੱਤਰ ਰਤਨ ਸਿੰਘ ਵਾਸੀ ਘੋਲੀਆ ਖੁਰਦ, ਤਹਿਸੀਲ ਨਿਹਾਲ ਸਿੰਘ ਵਾਲਾ (ਮੋਗਾ) ਦੇ ਨਾਮ ਚਲਦੇ ਮੋਟਰ ਕੁਨੈਕਸ਼ਨ ਨੰਬਰ ਏ.ਪੀ.03/0046 ਐਚ (20 ਬੀ.ਐੱਚ.ਪੀ) ਨੂੰ ਆਪਣੇ ਨਾਮ ਕਰਾਉਣ ਲਈ ਅਰਜ਼ੀ ਦਿੱਤੀ ਹੈ। ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਐੱਸ.ਡੀ.ਓ. ਸਮਾਧ ਭਾਈ ਕੋਲ 96461-14580 'ਤੇ ਕਰ ਸਕਦਾ ਹੈ।

ਉਧਮ ਸਿੰਘ ਪੁੱਤਰ ਹਰਨਾਮ ਸਿੰਘ, ਵਾਸੀ ਲੱਖੂਵਾਲ, ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ ਏ.ਪੀ. 20/91-ਐਕਸ ਨੂੰ ਧਾਰਮ ਸੰਸਥਾ ਬਾਬਾ ਦੀਪ ਸਿੰਘ ਜੀ ਸ਼ਹੀਦਾਂ, ਤਰਨਾ ਦਲ ਬਾਬਾ ਬਕਾਲਾ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ ।

ਸਤਵਿੰਦਰ ਸਿੰਘ ਪੁੱਤਰ ਸਵਰਨ ਸਿੰਘ, ਵਾਸੀ ਧਿਆਨਪੁਰ, ਨਾਮ ਚੱਲਦਾ ਖਾਤਾ ਨੰ: ਏ.ਪੀ. 130434-ਸੀ ਨੂੰ ਬਲਵਿੰਦਰ ਸਿੰਘ ਪੁੱਤਰ ਸਵਰਨ ਸਿੰਘ, ਧਿਆਨਪੁਰ ਨਾਮ ਕਰਨ ਦੀ ਦਰਖਾਸਤ ਪੁਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬੁਟਾਰੀ ਪੁੱਜਣ।

ਟਿਊਬਵੈਲ ਮੋਟਰ ਕੁਨੈਕਸ਼ਨ ਖਾਤਾ ਨੰਬਰ AP05/1116 ਸ੍ਰੀ ਕਰਨੈਲ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਪਿੰਡ ਖਜੂਰਾਲਾ ਤਹਿਸੀਲ ਫਗਵਾੜਾ ਜਿਲ੍ਹਾ ਕਪੂਰਥਲਾ ਦੇ ਨਾਮ ਤੇ ਚੱਲ ਰਿਹਾ ਹੈ । ਇਹ ਮੋਟਰ ਕੁਨੈਕਸ਼ਨ ਤਬਦੀਲ ਹੋਣ ਲਈ ਉਪ ਮੰਡਲ ਦਫਤਰ ਵਿਖੇ ਸ੍ਰੀ ਸਤਨਾਮ ਸਿੰਘ ਪੁੱਤਰ ਸ੍ਰੀ ਬਾਵਾ ਸਿੰਘ ਦੇ ਨਾਮ ਤਬਦੀਲ ਕੀਤਾ ਜਾ ਰਿਹਾ ਹੈ । ਜਿਸ ਕਿਸੇ ਨੂੰ ਇਸ ਸੰਬਧੀ ਇਤਰਾਜ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਚਹੇੜੂ ਉੱਪ ਮੰਡਲ ਦਫਤਰ ਵਿਖੇ 30 ਦਿਨਾਂ ਦੇ ਅੰਦਰ-ਅੰਦਰ ਸੂਚਿਤ ਕੀਤਾ ਜਾਵੇ ।

ਖਾਤਾ ਨੰਬਰ AP/58/602 ਜੋ ਕਿ ਮਲਕੀਤ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਗਾਖ਼ਲ, ਟਿਊਬਵੇਲ ਕੁਨੇਕਸ਼ਨ ਉਪ ਮੰਡਲ ਮਾਡਲ ਹਾਉਸ ਪੀ ਐਸ ਪੀ ਸੀ ਐਲ ਵਿਖੇ ਚੱਲ ਰਿਹਾ ਹੈ ਇਹ ਕੁਨੇਕਸ਼ਨ ਜਸਪਾਲ ਸਿੰਘ ਪੁੱਤਰ ਜੁਗਿੰਦਰ ਸਿੰਘ ਵਾਸੀ ਗਾਖ਼ਲ ਦੇ ਨਾਮ ਤੇ ਤਬਦੀਲ ਕਰਨ ਸੰਬਧੀ ਕਿਸੇ ਨੂੰ ਇਤਰਾਜ ਹੋਵੇ ਤਾਂ ਲਿਖਤੀ ਰੂਪ ਵਿਚ ਪੀ ਐਸ ਪੀ ਸੀ ਐਲ ਮਾਡਲ ਹਾਉਸ ਉਪ ਮੰਡਲ ਨੂੰ 15 ਦਿਨਾਂ ਵਿਚ ਦੇਵੇ।

ਖਾਤਾ ਨੰਬਰ AP/58/410 ਜੋ ਕਿ ਮਲਕੀਤ ਸਿੰਘ ਪੁੱਤਰ ਬਾਵਾ ਸਿੰਘ ਵਾਸੀ ਗਾਖ਼ਲ, ਟਿਊਬਵੈੱਲ ਕੁਨੇਕਸ਼ਨ ਉਪ ਮੰਡਲ ਮਾਡਲ ਹਾਉਸ ਪੀ ਐਸ ਪੀ ਸੀ ਐੱਲ ਵਿਖੇ ਚੱਲ ਰਿਹਾ ਹੈ ਇਹ ਕੁਨੈਕਸ਼ਨ ਸੁਰਜੀਤ ਸਿੰਘ ਸਿੰਘ ਪੁੱਤਰ ਸੁਰਿੰਦਰ ਸਿੰਘ ਸਿੰਘ ਵਾਸੀ ਗਾਖ਼ਲ ਦੇ ਨਾਮ ਤੇ ਤਬਦੀਲ ਕਰਨ ਸੰਬਧੀ ਕਿਸੇ ਨੂੰ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿਚ ਪੀ ਐਸ ਪੀ ਸੀ ਐਲ ਮਾਡਲ ਹਾਉਸ ਉਪ ਮੰਡਲ ਨੂੰ 15 ਦਿਨਾਂ ਵਿਚ ਦੇਵੇ।

ਇਸ ਦਫਤਰ ਅਧੀਨ ਮੇਲਾ ਸਿੰਘ ਪੁੱਤਰ ਸ੍ਰੀ ਕਿਸਨ ਸਿੰਘ ਵਾਸੀ ਪਿੰਡ ਰਿਉਂਦ ਕਲਾਂ , ਤਹਿ ਬੁਢਲਾਡਾ, ਜਿਲਾ ਮਾਨਸਾ ਦੇ ਨਾਮ ਤੇ ਰਕਬਾ ਪਿੰਡ ਰਿਉਂਦ ਕਲਾਂ ਵਿਖੇ ਟਿਊਬਵੈਲ ਕੁਨੈਕਸ਼ਨ ਚਲ ਰਿਹਾ ਹੈ। ਜਿਸ ਦਾ ਖਾਤਾ ਨੰਬਰ ਏ.ਪੀ 26/189 ਹੈ। ਜਿਸ ਨੂੰ ਗੁਰਦਰਸ਼ਨ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਬਠਿੰਡਾ, ਤਹਿ. ਅਤੇ ਜ਼ਿਲ੍ਹਾ ਬਠਿੰਡਾ ਆਪਣੇ ਨਾਂਅ 'ਤੇ ਤਬਦੀਲ ਕਰਵਾਉਣਾ ਚਾਹੁੰਦਾ ਹਾਂ। ਇਸ ਸਬੰਧੀ ਜੇਕਰ ਕਿਸੇ ਨੂੰ ਇਤਰਾਜ ਹੈ ਤਾਂ ਉਹ 15 ਦਿਨਾ ਦੇ ਅੰਦਰ ਅੰਦਰ ਸਹਾਇਕ ਇੰਜੀਨੀਅਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਬੋਹਾ ਦਫਤਰ ਵਿਖੇ ਇਤਰਾਜ ਕਰ ਸਕਦਾ ਹੈ।

## ਆਮ ਸੂਚਨਾ

ਮੈਂ, ਰੇਖਾ ਰਾਣੀ ਪਤਨੀ ਲੇਟ ਸ਼੍ਰੀ ਤਰਲੋਕ ਕੁਮਾਰ ਵਾਸੀ ਪਿੰਡ ਤੇ ਡਾਕਖਾਨਾ ਗਾਖਲ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਅਲਕਾ ਕੁਮਾਰੀ ਦੇ ਅਠਵੀਂ ਅਤੇ ਦਸਵੀਂ ਕਲਾਸ ਦੇ ਸਰਟੀਫਿਕੇਟ ਵਿੱਚ ਉਸਦਾ ਨਾਮ ਅਲਕਾ ਲਿਖਿਆ ਹੋਇਆ ਹੈ ਜੋ ਕਿ ਗਲਤ ਹੈ। ਹੁਣ ਉਸਦਾ ਨਾਮ ਅਲਕਾ ਕੁਮਾਰੀ ਪੜ੍ਹਿਆ ਜਾਵੇ। ਮੇਰੀ ਲੜਕੀ ਦਾ ਸਹੀ ਨਾਮ ਅਲਕਾ ਕੁਮਾਰੀ ਹੈ। ਸੰਬੰਧਿਤ ਨੋਟ ਕਰਨ।

ਮੈਂ, ਸੁਖਵਿੰਦਰ ਸਿੰਘ ਪੁੱਤਰ ਨਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਚਰੜ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਦਾ ਵਸਨੀਕ ਹਾਂ। ਇਹ ਕਿ ਮਾਲ ਰਿਕਾਰਡ ਵਾਕਿਆ ਪਿੰਡ ਚਰੜ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਵਿਚ ਮੇਰਾ ਨਾਂਅ ਸੁਖਵਿੰਦਰ ਸਿੰਘ ਦੀ ਬਜਾਏ ਕੁਲਵਿੰਦਰ ਸਿੰਘ ਗਲਤ ਦਰਜ ਹੈ, ਜਦਕਿ ਮੇਰਾ ਅਸਲ ਅਤੇ ਸਹੀ ਨਾਂਅ ਸੁਖਵਿੰਦਰ ਸਿੰਘ ਹੈ।

ਮੈਂ, ਸੁਰਜੀਤ ਕੌਰ ਪਤਨੀ ਸ੍ਰੀ ਕੁਲਦੀਪ ਸਿੰਘ ਵਾਸੀ ਪਿੰਡ ਧੂਤ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਵਿਕਰਮਜੀਤ ਸਿੰਘ ਪੁੱਤਰ ਨਿਰਮਲ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 06-08-2023 ਨੂੰ ਅਜੀਤ ਸਮਾਚਾਰ ਅਖਬਾਰ ਰਾਹੀਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਬੇਦਖਲੀ ਵਾਪਿਸ ਲੈਂਦੀ ਹਾਂ। ਸੰਬੰਧਿਤ ਨੋਟ ਕਰਨ।

ਮੈਂ, ਰਣਜੀਤ ਸਿੰਘ ਪੁੱਤਰ ਸੁਰਜਨ ਸਿੰਘ ਵਾਸੀ ਪਿੰਡ ਮੰਡ ਮੋੜ, ਡਾ. ਕਰਤਾਰਪੁਰ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਪੁੱਤਰ ਜਸਪ੍ਰੀਤ ਸਿੰਘ ਮੰਡ ਅਤੇ ਉਸ ਦੀ ਪਤਨੀ ਸ਼ਰਨਜੀਤ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਸਨ, ਹੁਣ ਇਹ ਦੋਨੋਂ ਮੇਰੇ ਕਹਿਣੇ ਵਿਚ ਹਨ ਅਤੇ ਲੜਾਈ-ਝਗੜਾ ਨਹੀਂ ਕਰਦੇ। ਮੈਂ ਇਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿਚ ਦਾਖਲ ਕਰ ਰਿਹਾ ਹਾਂ। ਇਹ ਹੁਣ ਮੇਰੇ ਘਰ, ਮੇਰੇ ਨਾਲ ਰਹਿ ਸਕਦੇ ਹਨ।

ਮੈਂ ਦੀਪੋ ਪਤਨੀ ਲੇਟ ਸ਼੍ਰੀ ਪ੍ਰੀਤਮ ਸਿੰਘ, ਵਾਸੀ ਮਕਾਨ ਨੰਬਰ ਬੀ-1/24 ,ਗਲੀ ਨੰਬਰ 5, ਆਨੰਦ ਨਗਰ, ਮਕਸੂਦਾਂ, ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰੇ ਲੜਕੇ ਅਮਨਦੀਪ ਸਿੰਘ ਨੂੰ ਹੁਣ ਮੈਂ ਮੇਰੇ ਕਹਿਣੇਕਾਰ ਹੋਣ ਕਰਕੇ ਉਸ ਸੰਬੰਧੀ ਮੇਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਸਬੰਧੀ ਦਿੱਤਾ ਪਬਲਿਕ ਨੋਟਿਸ ਵਾਪਸ ਲੈਂਦੀ ਹਾਂ। ਹੁਣ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਵਿਚ ਪੂਰਾ ਹੱਕਦਾਰ ਹੈ । ਸੰਬੰਧਤ ਨੋਟ ਕਰਨ

ਮੈਂ, ਪ੍ਰੇਮ ਲਤਾ ਉਮਰ 82 ਸਾਲ ਪਤਨੀ ਲੇਟ ਸ਼੍ਰੀ ਓਮ ਪ੍ਰਕਾਸ਼ ਵਾਸੀ ਪਿੰਡ ਬਹਿਫੱਤੋ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੇ ਪੰਜਾਬ ਨੈਸ਼ਨਲ ਬੈਂਕ ਵਿਚ ਦੋ ਖਾਤੇ ਚੱਲ ਰਹੇ ਹਨ ਅਤੇ ਇਕ ਖਾਤੇ ਵਿਚ ਮੇਰਾ ਨਾਂਅ ਪ੍ਰੇਮ ਲਤਾ ਤੇ ਦੂਜੇ ਖਾਤੇ ਵਿਚ ਮੇਰਾ ਨਾਂਅ ਕ੍ਰਿਸ਼ਨਾ ਦੇਵੀ ਦਰਜ ਹੈ। ਦੋਵੇਂ ਨਾਂਅ ਪ੍ਰੇਮ ਲਤਾ ਅਤੇ ਕ੍ਰਿਸ਼ਨਾ ਦੇਵੀ ਇਕ ਹੀ ਔਰਤ ਦੇ ਹਨ। ਸੰਬੰਧਤ ਨੋਟ ਕਰਨ।

ਮੈਂ, ਪਰਮਿੰਦਰ ਪਾਲ ਪਤਨੀ ਬਲਰਾਮ ਸਿੰਘ ਵਾਸੀ 1509 ਸੈਕਟਰ 34 ਡੀ, ਸੈਕਟਰ 23 ਚੰਡੀਗੜ੍ਹ ਨੇ ਆਪਣੀ ਭਾਣਜੀ ਰਮਨਦੀਪ ਕੌਰ ਗਿੱਲ ਪਤਨੀ ਮੰਨਦੀਪ ਸਿੰਘ ਬੱਲ ਵਾਸੀ ਸੁਖਚੈਨ ਨਗਰ ਫਗਵਾੜਾ ਜਿਲਾ ਕਪੂਰਥਲਾ ਨੂੰ ਇੱਕ ਜਨਰਲ ਪਾਵਰ ਆਫ ਅਟਾਰਨੀ ਮਿਤੀ 12/12/2024 ਨੂੰ ਦਸਤਾਵੇਜ ਨੰਬਰ 530 ਦਿੱਤੀ ਸੀ ਉਹ ਮੈ ਦਸਤਾਵੇਜ ਨੰਬਰ 122 ਮਿਤੀ 12/05/2025 ਨੂੰ ਕੈਂਸਲ/ ਰੱਦ ਕਰਵਾ ਦਿੱਤੀ ਹੈ।

## ਨਾਂਅ ਦੀ ਬਦਲੀ

ਮੈਂ, ਬਿੰਦਰੋ ਪੁੱਤਰੀ ਮਹਿੰਗਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਾਧੋਪੁਰ ਜ਼ਿਲ੍ਹਾ ਜਲੰਧਰ ਹੁਣ ਪਤਨੀ ਸ੍ਰੀ ਦਲਵੀਰ ਸਿੰਘ ਵਾਸੀ ਪਿੰਡ ਲਿੱਤਰਾਂ ਡਾਕਖਾਨਾ ਬਾਹਿਚ ਬਾਜਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਵਿਆਹ ਤੋਂ ਬਾਅਦ ਆਪਣਾ ਨਾਮ ਬਿੰਦਰੋ ਤੋਂ ਬਦਲ ਕੇ ਰਜਵਿੰਦਰ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਮਨਜੀਤ ਕੌਰ ਉਰਫ਼ ਕਮਲਜੀਤ ਕੌਰ ਪਤਨੀ ਕਪਤਾਨ ਸਿੰਘ (ਪੁੱਤਰੀ ਚਮਕੌਰ ਸਿੰਘ) ਵਾਸੀ ਜੌਹਲਾਂ (ਲੁਧਿਆਣਾ) ਪੇਕਾ ਪਿੰਡ ਕੁਤਬਾ (ਬਰਨਾਲਾ) ਬਿਆਨ ਕਰਦੀ ਹਾਂ, ਕਿ ਮੈਨੂੰ ਮਨਜੀਤ ਕੌਰ ਅਤੇ ਕਮਲਜੀਤ ਕੌਰ ਦੋਵਾਂ ਨਾਵਾਂ ਨਾਲ ਜਾਣਿਆਂ ਜਾਂਦਾ ਹੈ। ਮੇਰੇ ਉਕਤ ਦੋਵੇਂ ਨਾਂਅ ਸਹੀ ਵਾ ਦਰੁਸਤ ਹਨ।

ਮੈਂ, ਅਮਰਜੀਤ ਕੌਰ ਉਰਫ਼ ਦਵਿੰਦਰ ਕੌਰ ਪਤਨੀ ਜਗਦੇਵ ਸਿੰਘ (ਪੁੱਤਰੀ ਚਮਕੌਰ ਸਿੰਘ) ਵਾਸੀ ਕਾਲੇਕੇ (ਬਰਨਾਲਾ) ਪੇਕਾ ਪਿੰਡ ਕੁਤਬਾ (ਬਰਨਾਲਾ) ਬਿਆਨ ਕਰਦੀ ਹਾਂ ਕਿ ਮੈਨੂੰ ਅਮਰਜੀਤ ਕੌਰ ਅਤੇ ਦਵਿੰਦਰ ਕੌਰ ਦੋਵਾਂ ਨਾਵਾਂ ਨਾਲ ਜਾਣਿਆਂ ਜਾਂਦਾ ਹੈ। ਮੇਰੇ ਉਕਤ ਦੋਵੇਂ ਨਾਂਅ ਸਹੀ ਵਾ ਦਰੁਸਤ ਹਨ।

ਮੈਂ ਸੁਖਵਿੰਦਰ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਕੋਟ ਈਸੇ ਖਾਂ (ਮੋਗਾ) ਦੀ ਹਾਂ ਮੈਂ ਆਪਣਾ ਨਾਮ ਸੁਖਜਿੰਦਰ ਕੌਰ ਤੋਂ ਬਦਲ ਕੇ ਸੁਖਵਿੰਦਰ ਕੌਰ ਰੱਖ ਲਿਆ ਹੈ।ਸੰਬੰਧਤ ਨੋਟ ਕਰਨ।

ਮੈਂ ਮਾਨਿਆ ਬਹਿਲ ਪਤਨੀ ਜੈ ਕਿਸ਼ਨ ਨਿਵਾਸੀ ਮਕਾਨ ਨੰ. ਟੀ-16-766, ਗਲੀ ਗੁਸਾਈਂ, ਅੰਦਰੂਨ ਬੇਰੀ ਗੇਟ , ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮਾਨਿਆ ਬਹਿਲ ਅਤੇ ਇਸ਼ੀਕਾ ਬਹਿਲ ਇੱਕੋ ਵਿਅਕਤੀ ਦੇ ਨਾਮ ਹਨ ਅਤੇ ਮੈਨੂੰ ਦੋਵੇਂ ਨਾਮਾਂ ਦੁਆਰਾ ਜਾਣਿਆ ਜਾਂਦਾ ਹੈ।

ਮੈਂ ਪੂਨਮ ਸਾਹਨੀ ਧਰਮ ਪਤਨੀ ਰਾਜੀਵ ਸਾਨੀ ਵਾਸੀ 75 ਨਿਊ ਅਸ਼ੋਕ ਨਗਰ ਜਲੰਧਰ ਮੈਂ ਆਪਣਾ ਨਾਮ ਪੂਰਨ ਸਾਨੀ ਤੋਂ ਬਦਲ ਕੇ ਪੂਨਮ ਸੇਠੀ ਰੱਖ ਲਿਆ ਹੈ ਪੂਨਮ ਸਾਨੀ ਅਤੇ ਪੂਨਮ ਸੇਠੀ ਇਕ ਹੀ ਵਿਅਕਤੀ ਦੇ ਨਾਮ ਹਨ ਸੰਬੰਧਿਤ ਨੋਟ ਕਰਨ।

## PUBLIC NOTICE

I, Balwinder Singh S/o Sucha Singh R/o Moga Patti, VPO. Jandu Singha, Distt. Jalandhar, Punjab declare that my son Jatinder Singh Burmi and his wife Kashish Khullar is out of my control. I disinherit them from my moveable and immovable properties. I and my family shall not be held responsible for any of their acts, deeds and things. All Please Note.

We, Shahjanhan W/o Mohboob Ali & Mohboob Ali S/o Aehmad Hasan both R/o H.No. 77, Guru Ramdass Nagar, Po. Basti Bawa Khel, Jalandhar declare that our son Rakib is out of our control. We disinherit him from our moveable and immovable properties. We and our family shall not be held responsible for any of him acts, deeds and things. All Please Note.

We, Tajinder Singh S/o Ram Nath & Gurprit Kaur W/o Tajinder Singh both R/o H.No. 27, Raja Garden, Near Mithapur Chowk, Jalandhar declare that our son Karanveer Singh is out of our control. We disinherit him from our moveable and immovable properties. We and our family shall not be held responsible for any of him acts, deeds and things. All Please Note.

## ਬੇਦਖਲੀ ਨੋਟਿਸ

ਅਸੀਂ, ਜੀਤ ਰਾਮ ਪੁੱਤਰ ਸਰਦਾਰਾ ਰਾਮ ਅਤੇ ਜਸਵਿੰਦਰ ਕੌਰ ਪਤਨੀ ਜੀਤ ਰਾਮ ਦੋਵੇ ਵਾਸੀਆਨ ਬਿਆਸ ਪਿੰਡ ਥਾਣਾ ਆਦਮਪੁਰ, ਜਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਅਵਤਾਰ ਸਿੰਘ ਸੁੱਚੀ ਅਤੇ ਉਸਦੀ ਪਤਨੀ ਰਾਜ ਕੁਮਾਰੀ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਨਿਰਮਲ ਚੰਦ ਪੁੱਤਰ ਪਿਆਰਾ ਰਾਮ ਵਾਸੀ ਪਿੰਡ ਧੁਲੇਤਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਦਵਿੰਦਰ ਪਾਲ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਤਿੱਬੜੀ, ਡਾਕਖਾਨਾ ਪੁਲ ਤਿੱਬੜੀ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਕਮਲਜੀਤ ਸਿੰਘ ਉਰਫ ਬੰਟੀ ਅਤੇ ਮੇਰੀ ਨੂੰਹ ਨੀਲਮ ਉਰਫ ਰਾਜਬੀਰ ਕੌਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਮਾਡਰਨ ਸੈਕੂਲਰ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ



ਭੀਖੀ, (ਧਰਮਵੀਰ ਸ਼ਰਮਾ) ਮਾਡਰਨ ਸੈਕੂਲਰ ਪਬਲਿਕ ਸਕੂਲ ਦਾ ਸੀ.ਬੀ.ਐਸ.ਈ. ਵੱਲੋਂ ਐਲਾਨਿਆ ਗਿਆ ਬਾਰ੍ਹਵੀਂ ਤੇ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਤੇ ਸਾਰੇ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ।

ਸਕੂਲ ਪ੍ਰਿੰਸੀਪਲ ਅਮਨਦੀਪ ਕੌਰ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਵਿਚੋਂ ਸੋਮਨਪ੍ਰੀਤ ਸਿੰਘ ਨੇ 89.2 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਆਰਟਸ ਗਰੁੱਪ ਵਿਚੋਂ ਗੁਰਅਮਾਨਦੀਪ ਸਿੰਘ ਨੇ 86.6 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਜਸਕਰਨ ਸਿੰਘ ਨੇ 84.4 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਕਮਲਪ੍ਰੀਤ ਸਿੰਘ ਨੇ 82 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਾਇੰਸ ਗਰੁੱਪ ਵਿਚੋਂ ਸਿਮਰਨ ਕੌਰ ਨੇ 69.2 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਦਸਵੀਂ ਜਮਾਤ ਦੇ ਨਤੀਜੇ ਵਿੱਚ ਮਹਿਕਦੀਪ ਕੌਰ ਨੇ 88.2 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਸਹਿਜਵੀਰ ਕੌਰ ਨੇ 88 ਫ਼ੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਚਿਰਾਗ ਜਿੰਦਲ ਨੇ 85 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕਰਨ ਤੋਂ ਇਲਾਵਾ ਸ਼ਗਨਪ੍ਰੀਤ ਕੌਰ ਨੇ 84.4, ਹਰਮਨਪ੍ਰੀਤ ਕੌਰ ਅਤੇ ਰਮਨਦੀਪ ਕੌਰ ਨੇ 84, ਭੁਪੇਸ਼ ਸਿੰਗਲਾ ਨੇ 82.6 ਫੀਸਦੀ ਅੰਕ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਅਤੇ ਡਿਪਟੀ ਡਾਇਰੈਕਟਰ ਗੁਰਵਿੰਦਰ ਕੌਰ ਨੇ ਅੱਵਲ ਰਹੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਹੈਰੀਟੇਜ ਇੰਟਰਨੈਸ਼ਨਲ ਸਕੂਲ ਦੇ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ




ਭੀਖੀ, (ਧਰਮਵੀਰ ਸ਼ਰਮਾ) ਸੀ.ਬੀ.ਐਸ.ਈ. ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ ਵਿੱਚ ਹੈਰੀਟੇਜ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ, ਜਿਸ ਵਿੱਚ 10 ਵਿਦਿਆਰਥੀਆਂ ਨੇ 90 ਫੀਸਦੀ ਤੋਂ ਉੱਪਰ ਤੇ 16 ਵਿਦਿਆਰਥੀਆਂ ਨੇ 80 ਫ਼ੀਸਦੀ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਹਨ। ਸਕੂਲ ਪ੍ਰਿੰਸੀਪਲ ਦਿਲਪ੍ਰੀਤ ਖੁਰਾਨਾ ਨੇ ਦੱਸਿਆ ਕਿ ਲਖਵਿੰਦਰ ਸਿੰਘ ਨੇ 95.4, ਪ੍ਰਭਜੋਤ ਬਾਵਾ ਨੇ 95.2, ਹਰਸ਼ਨੀਤ ਕੌਰ ਨੇ 94.8, ਸਿਮਰਪ੍ਰੀਤ ਕੌਰ ਨੇ 94.4, ਜੈਸਮੀਨ ਕੌਰ ਨੇ 93, ਜਸਮੀਨ ਕੌਰ ਨੇ 93, ਦਿਲਪ੍ਰੀਤ ਕੌਰ ਨੇ 91.8, ਜਸਪ੍ਰੀਤ ਕੌਰ ਨੇ 90.8, ਜਪਿੰਦਰ ਕੌਰ ਨੇ 90.6, ਜਸ਼ਨਪ੍ਰੀਤ ਸਿੰਘ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੇ ਚੇਅਰਮੈਨ ਸੁਰੇਸ਼ ਸਿੰਗਲਾ ਤੇ ਡਾਇਰੈਕਟਰ ਰਾਜੇਸ਼ ਕਾਂਸਲ ਨੇ ਕਿਹਾ ਕਿ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਨਤੀਜਾ ਸ਼ਾਨਦਾਰ ਰਿਹਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਸਮੇਂ-ਸਮੇਂ 'ਤੇ ਸਕੂਲ ਅੰਦਰ ਸਿੱਖਿਆ ਸਬੰਧੀ ਸੈਮੀਨਾਰ ਕਰਾਏ ਜਾਂਦੇ ਹਨ ਅਤੇ ਤਜਰਬੇਕਾਰ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਸਬੰਧੀ ਹਰ ਮੁਸ਼ਕਲ ਨੂੰ ਹੱਲ ਕੀਤਾ ਜਾਂਦਾ ਹੈ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਵਣ ਵਿਭਾਗ ਨੇ ਨਾਰਦਨ ਬਾਈਪਾਸ 'ਤੇ ਹੋਏ ਕਬਜ਼ੇ ਹਟਵਾਏ



ਪਟਿਆਲਾ, (ਰਾਜਿੰਦਰ ਸਿੰਘ ਥਿੰਦ) ਵਣ ਮੰਡਲ ਅਫ਼ਸਰ ਪਟਿਆਲਾ ਗੁਰਅਮਨਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਣ ਰੇਂਜ ਪਟਿਆਲਾ ਅਧੀਨ ਪੈਂਦੇ ਨਾਰਦਨ ਬਾਈਪਾਸ ਤੇ ਲੋਕਾਂ ਵੱਲੋਂ ਵਣ ਰਕਬੇ ਵਿੱਚ ਰੇਤਾ, ਬੱਜਰੀ ਅਤੇ ਮਿੱਟੀ ਆਦਿ ਸੁੱਟ ਕੇ ਕੀਤੇ ਗਏ ਨਜਾਇਜ਼ ਕਬਜ਼ਿਆਂ ਨੂੰ ਵਣ ਰੇਂਜ ਅਫ਼ਸਰ ਸਵਰਨ ਸਿੰਘ, ਬਲਾਕ ਅਫ਼ਸਰ ਰਮਨਪ੍ਰੀਤ ਸਿੰਘ ਅਤੇ ਵਣ ਗਾਰਡ ਵਿਕਰਮਜੀਤ ਸਿੰਘ ਦੀ ਅਗਵਾਈ ਵਿੱਚ ਜੇ ਸੀ ਬੀ ਨਾਲ ਮੌਕੇ 'ਤੇ ਬੂਟੇ ਲਵਾਉਣ ਲਈ ਟੋਏ ਪੁੱਟ ਕੇ ਦੂਰ ਕਰਾਇਆ ਗਿਆ।ਆਉਣ ਵਾਲੇ ਸਮੇਂ ਵਿੱਚ ਇਸ ਜਗਾ ਤੇ ਵੱਖ-ਵੱਖ ਕਿਸਮਾਂ ਦੇ ਬੂਟੇ ਲਵਾਏ ਜਾਣਗੇ ਤੇ ਨਜਾਇਜ਼ ਕਬਜ਼ੇ ਕਰਨ ਵਾਲਿਆਂ ਖ਼ਿਲਾਫ਼ ਕੋਈ ਢਿੱਲ ਨਹੀਂ ਵਰਤੀ ਜਾਵੇਗੀ।

## ਬੇਦਖਲੀ ਨੋਟਿਸ

ਮੈਂ, ਧਰਮ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਰਾਊਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਰੂਪ ਸਿੰਘ ਅਤੇ ਉਸ ਦੀ ਪਤਨੀ ਨਿਸ਼ਾ ਰਾਣੀ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੋਤੀ ਪਤਨੀ ਲੇਟ ਕਬੀਰ ਬਹਾਦਰ ਵਾਸੀ ਮਕਾਨ ਨੰਬਰ 74, ਸੰਤੋਖਪੁਰਾ, ਸੋਢਲ ਰੋਡ, ਜਲੰਧਰ ਪੰਜਾਬ-144001 ਇੰਡੀਆ ਨੇ ਆਪਣੀ ਲੜਕੀ ਤੰਨੂ ਉਮਰ 19 ਸਾਲ, ਜੋ ਕੁਆਰੀ ਹੈ ਅਤੇ ਮੇਰੇ ਅਤੇ ਮੇਰੇ ਸਾਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ। ਸਾਡਾ ਕੋਈ ਕਹਿਣਾ ਨਹੀਂ ਮੰਨਦੀ ਅਤੇ ਆਪਣੀ ਮਰਜ਼ੀ ਕਰਦੀ ਹੈ। ਇਨ੍ਹਾਂ ਕਾਰਨਾਂ ਕਰਕੇ ਉਸ ਨੂੰ ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਰਹੀ ਹਾਂ। ਜਿਹੜਾ ਵੀ ਇਸ ਨਾਲ ਕਿਸੇ ਕਿਸਮ ਦਾ ਰਿਸ਼ਤਾ-ਨਾਤਾ ਜਾਂ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (11980)

ਮੈਂ ਜਗਮੋਹਨ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਭਿੱਖੀਵਿੰਡ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਨਮੋਲ ਸਿੰਘ ਸਾਡੇ ਕੰਟਰੋਲ ਤੋਂ ਬਾਹਰ ਹੈ । ਅਸੀਂ ਉਸ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਉਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਸਵਿੰਦਰ ਸਿੰਘ ਪੁੱਤਰ ਸ੍ਰ: ਹਰਭਜਨ ਸਿੰਘ ਵਾਸੀ ਮਕਾਨ ਨੰਬਰ: 79, ਨਿਰੰਕਾਰੀ ਕਲੋਨੀ, ਫਤਿਹਗੜ੍ਹ ਚੂੜੀਆਂ ਰੋਡ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਮੇਰੀ ਨੂੰਹ ਡੋਲੀ ਜੋ ਕਿ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ, ਜੇਕਰ ਇਹਨਾ ਨਾਲ ਮੇਰਾ ਕੋਈ ਵੀ ਭੈਣ ਭਰਾਂ ਰਿਸ਼ਤੇਦਾਰ ਦੂਰ ਨੇੜੇ ਨਿੱਕਟੀ ਸਾਕ ਸਬੰਧੀ ਸੱਜਣ ਮਿੱਤਰ ਵਗੈਰਾ ਲੈਣ ਦੇਣ ਕਰੇਗਾ ਤਾਂ ਲੈਣ ਦੇਣ ਕਰਨ ਵਾਲਾ ਹੀ ਜਿੰਮੇਵਾਰ ਹੋਵੇ,ਮੈਂ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਆਪਣੀ ਨੂੰਹ ਡੋਲੀ ਨੂੰ ਅੱਜ ਮਿਤੀ: 15/05/2025 ਨੂੰ ਆਪਣੀ ਕੁੱਲ ਚੱਲ ਅਤੇ ਅਚੱਲ ਜਾਇਦਾਦ ਵਿੱਚੋਂ ਆਪਣੇ ਘਰੋ ਬੇਦਖਲ ਕਰਦਾਂ ਹਾਂ, ਅੱਜ ਤੋਂ ਬਾਅਦ ਇਹਨਾ ਨਾਲ ਮੇਰਾ ਅਤੇ ਮੇਰੇ ਪਰਿਵਾਰ ਨਾਲ ਕਿਸੇ ਵੀ ਕਿਸਮ ਦਾ ਕੋਈ ਵੀ ਤਲਕ ਵਾਸਤਾ ਨਹੀ ਰਿਹਾ ਹੈ।

ਅਸੀਂ, ਸ਼ਾਮ ਸੁੰਦਰ ਪੁੱਤਰ ਸੋਹਨ ਲਾਲ ਅਤੇ ਜੀਵਨ ਕੁਮਾਰੀ ਪਤਨੀ ਸ਼ਾਮ ਸੁੰਦਰ ਵਾਸੀਆਨ ਵਾਰਡ ਨੰ: 7, ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਯੁਵਰਾਜ ਧੂੰਨਾ ਉਰਫ ਸੰਨੀ ਧੂੰਨਾ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਦੇ ਕਿਸੇ ਵੀ ਦੀਵਾਨੀ ਜਾਂ ਫੌਜਦਾਰੀ ਕਾਰਵਾਈ/ਮੁਕੱਦਮੇ ਨਾਲ ਸਾਡਾ ਕੋਈ ਵੀ ਲੈਣ-ਦੇਣ ਨਹੀਂ ਹੋਵੇਗਾ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਪ੍ਰੇਮ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਧਰਮਕੋਟ ਰੋਡ, ਕੋਟ ਈਸੇ ਖਾਂ, ਤਹਿ. ਧਰਮਕੋਟ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਮ ਸਿੰਘ ਅਤੇ ਨੂੰਹ ਬਿਮਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਗੁਰਬਚਨ ਸਿੰਘ ਉਰਫ ਬਚਨ ਸਿੰਘ ਪੁੱਤਰ ਸ੍ਰ: ਹਜਾਰਾ ਸਿੰਘ ਵਾਸੀ ਪਿੰਡ ਗੁਰੂਵਾਲੀ ਤਹਿਸੀਲ ਵਾ ਜ਼ਿਲਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਨੋਹ ਮਨਜੀਤ ਕੌਰ ਅਤੇ ਮੇਰੀ ਪੋਤਰੀ ਸਹਿਜਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ । ਇਹਨਾਂ ਨੂੰ ਮੈ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਹਨਾਂ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ। ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਅਸੀਂ, ਸਰਬਜੀਤ ਸਿੰਘ ਪੁੱਤਰ ਨਾਨਕ ਸਿੰਘ ਅਤੇ ਅਮਰਜੀਤ ਕੌਰ ਪਤਨੀ ਸਰਬਜੀਤ ਸਿੰਘ ਵਾਸੀਅਨ ਮਕਾਨ ਨੰਬਰ W.G. 232, ਇਸਲਾਮਾਬਾਦ, ਜਲੰਧਰ, ਪੰਜਾਬ, ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਮਨਪ੍ਰੀਤ ਸਿੰਘ ਅਤੇ ਉਸਦੀ ਪਤਨੀ ਸਿਮਰਦੀਪ ਕੌਰ ਅਤੇ ਉਹਨਾਂ ਦੀ ਲੜਕੀ ਰਹਿਮਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਉਹਨਾਂ ਨੂੰ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਸ਼ਿੰਦਰ ਸਿੰਘ ਸਪੁੱਤਰ ਨਰੈਣ ਸਿੰਘ ਵਾਸੀ ਮਕਾਨ ਨੰਬਰ 342/15 ਸੀ ਨੇਤਾ ਜੀ ਨਗਰ ਜਲੰਧਰ ਬਾਈਪਾਸ ਲੁਧਿਆਣਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਿਮਰਨਜੀਤ ਸਿੰਘ ਅਤੇ ਉਸਦੀ ਪਤਨੀ ਅਨਮੋਲਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਬੁਰੀ ਸੰਗਤ ਦਾ ਸ਼ਿਕਾਰ ਹੋ ਗਏ ਹਨ ਅਤੇ ਹਮੇਸ਼ਾ ਘਰ ਵਿੱਚ ਲੜਾਈ ਝਗੜਾ ਰੱਖਦੇ ਹਨ। ਇਸ ਲਈ ਮੈਂ ਇਹਨਾਂ ਦੋਵਾਂ ਨੂੰ ਆਪਣੀ ਚੱਲ ਅਤੇ ਅਚੱਲ ਸੰਪਤੀ ਤੋਂ ਬੇਦਖਲ ਕਰਦਾ ਹਾਂ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਪਿਆਰ ਕੌਰ ਪਤਨੀ ਗੋਪਾਲ ਸਿੰਘ ਵਾਸੀ ਪਿੰਡ ਝਬਾਲ ਕਲਾਂ ਤਹਿਸੀਲ ਅਤੇ ਜ਼ਿਲ੍ਹਾ ਤਰਨਤਾਰਨ ਬਿਆਨ ਕਰਦੀ ਹਾਂ ਕੀ ਮੇਰੇ ਲੜਕਾ ਬਬਲੂ, ਕਾਲੂ ਅਤੇ ਮੇਰੀ ਨੂਹ ਅਮਨ ਮੇਰੇ ਕਹਿਣ ਤੋਂ ਬਾਹਰ ਹਨ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ। ਇਨ੍ਹਾ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ

ਅਸੀਂ, ਕੁਲਵਿੰਦਰ ਸਿੰਘ ਪੁੱਤਰ ਕੁੰਦਨ ਸਿੰਘ ਅਤੇ ਸੁਖਵੰਤ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਮਕਾਨ ਨੰ. 305, ਸ਼ੇਰ ਸ਼ਾਹ ਸੂਰੀ ਰੋਡ, ਭੱਲਾ ਕਲੋਨੀ ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕੀ ਸਾਡਾ ਲੜਕਾ ਅੰਮ੍ਰਿਤਪਾਲ ਸਿੰਘ ਸਾਡੇ ਕਹਿਣ ਤੋਂ ਬਾਹਰ ਹੈ ਅਸੀਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ । ਉਹ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹਨ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ ਗੁਰਵੇਲ ਸਿੰਘ ਪੁੱਤਰ ਰਤਨ ਸਿੰਘ ਵਾਸੀ ਚੱਕ ਮਿਸ਼ਰੀ ਖਾਂ ਤਹਿਸੀਲ ਲੋਪੋਕੇ ਜ਼ਿਲ੍ਹਾ ਅੰਮ੍ਰਿਤਸਰ। ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਬਲਜਿੰਦਰ ਕੌਰ ਮੇਰੇ ਕਹਿਣੇ ਵਿੱਚ ਨਹੀਂ । ਮੈਂ ਉਸ ਨਾਲ ਆਪਣੇ ਸਾਰੇ ਸਬੰਧ ਤੋੜਦਾ ਹਾਂ। ਮੈਂ ਅਤੇ ਮੇਰਾ ਬਾਕੀ ਪਰਿਵਾਰ ਉਸ ਦੇ ਕਿਸੇ ਚੰਗੇ ਮਾੜੇ ਕੰਮ ਦਾ ਜਿੰਮੇਵਾਰ ਨਹੀਂ । ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ ।

ਮੈਂ ਸੁਰਜੀਤ ਕੌਰ ਪਤਨੀ ਲੇਟ ਸ. ਗੁਰਮੀਤ ਸਿੰਘ ਵਾਸੀ ਮਕਾਨ ਨੰ. 88, ਹਰਦੇਵ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਨੂਰ ਸਿੰਘ ਰਾਜਪਾਲ ਅਤੇ ਉਸਦੀ ਪਤਨੀ ਲਵਜੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ । ਜਿਸ ਕਾਰਨ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚਲ-ਅਚਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਲੈਣ ਦੇਣ ਕਰਦਾ ਹੈ , ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਮਨੋਜ ਕੁਮਾਰ ਪੁੱਤਰ ਬਿਕਰਮ ਰਾਏ ਵਾਸੀ ਪਲਾਟ ਨੰ. 24, ਨੂਰਪੁਰ ਕਲੋਨੀ, ਨੂਰਪੁਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਰਾਏ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੇ ਲੜਕੇ ਰਾਹੁਲ ਰਾਏ ਅਤੇ ਉਸਦੀ ਪਤਨੀ ਨਿਧੀ ਕੁਮਾਰੀ ਅਤੇ ਉਨ੍ਹਾਂ ਦਾ ਲੜਕਾ ਇਸ਼ਾਨ ਰਾਏ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਹਰਵੰਤ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਪਿੰਡ ਮੀਰਾਂ ਕੋਟ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਸ਼ਾਦੀਸ਼ੁਦਾ ਲੜਕਾ ਅੰਮ੍ਰਿਤਪਾਲ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਸ ਦੇ ਕਿਸੇ ਲੈਣ-ਦੇਣ ਦਾ ਜਿੰਮੇਵਾਰ ਨਹੀਂ ਹੋਵੇਗਾ। ਸਾਡਾ ਉਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਸੁਰਿੰਦਰ ਕੌਰ ਪਤਨੀ ਲੇਟ. ਰਣਜੀਤ ਸਿੰਘ ਵਾਸੀ ਪਿੰਡ: ਭੋਰਲਾ ਤਹਿ: ਸਮਰਾਲਾ ਜਿਲ੍ਹਾ ਲੁਧਿਆਣਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਜਵਿੰਦਰ ਸਿੰਘ ਅਤੇ ਇਸਦੀ ਪਤਨੀ ਸਿਮਰਨਜੀਤ ਕੌਰ ਅਤੇ ਇਸਦੀ ਲੜਕੀ ਗੁਨਨੀਤ ਕੌਰ ਪੁੱਤਰੀ ਗੁਰਮੁੱਖ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਵੀ ਤਾਲੁਕ ਵਾ ਵਾਸਤਾ ਨਹੀਂ ਹੋਵੇਗਾ।

ਮੈਂ, ਪਿਆਰਾ ਲਾਲ ਪੁੱਤਰ ਰੁਲੀਆ ਰਾਮ ਪਿੰਡ ਅਸ਼ਰਫਪੁਰ ਤਹਿਸੀਲ ਦਸੂਹਾ ਜਿਲਾ ਹੁਸ਼ਿਆਰਪੁਰ ਬਿਆਨ ਕਰਦਾਂ ਹੈ ਕਿ ਮੇਰਾ ਪੁੱਤਰ ਰਾਜੇਸ਼ ਕੁਮਾਰ ਤੇ ਮੇਰੀ ਨੂੰਹ ਨੀਲਮ ਪਤਨੀ ਰਾਜੇਸ਼ ਕੁਮਾਰ ਮੇਰੇ ਕਹਿਣੇ ਤੋ ਬਾਹਰ ਹਨ ਅਤੇ ਮਨਮਰਜੀਆ ਕਰਦੇ ਹਨ । ਇਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ। ਸਬੰਧਿਤ ਨੋਟ ਕਰਨ।

ਅਸੀਂ ਅਜੀਤ ਸਿੰਘ ਉਮਰ 68 ਸਾਲ ਪੁੱਤਰ ਸ੍ਰੀ ਚਰਨ ਸਿੰਘ ਵਾ ਕੁਲਦੀਪ ਕੌਰ ਉਮਰ 67 ਸਾਲ ਪਤਨੀ ਸ੍ਰੀ ਅਜੀਤ ਸਿੰਘ ਵਾਸੀਆਨ ਪਿੰਡ ਖੁਰਦਾਂ, ਥਾਣਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਵਿੰਦਰ ਸਿੰਘ ਵਾ ਉਸਦੀ ਪਤਨੀ ਰਮਨਦੀਪ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਵਾ ਸਾਡੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਡਬਲੂ ਪੁੱਤਰ ਰਾਮ ਜੀ ਵਾਸੀ ਕੁਕਾ ਮਾਰਕਿਟ, ਮਾਛੀਵਾੜਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਪੂਜਾ ਕੁਮਾਰੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਹਾਰਵਰਡ ਕਾਨਵੈਂਟ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਨਾਮਵਰ ਵਿਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਕਲਾਸ ਦਾ ਸੈਸ਼ਨ 2024-25 ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਇਹ ਨਤੀਜਾ 100 ਫੀਸਦੀ ਰਿਹਾ, ਜਿਸ ਵਿੱਚ ਬੱਚਿਆਂ ਨੇ ਬਹੁਤ ਚੰਗੇ ਹਾਸਲ ਅੰਕ ਹਾਸਲ ਕਰਕੇ ਆਪਣੇ ਸਕੂਲ ਦਾ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਉਹਨਾਂ ਦੱਸਿਆ ਕਿ ਸਕੂਲ ਦੀਆਂ ਵਿਦਿਆਰਥਣਾਂ ਸੋਫੀਆ ਗੋਇਲ 97.8%, ਅਤੇ ਸੁਖਪ੍ਰੀਤ ਕੌਰ 97.8% ਅੰਕ ਲੈ ਕੇ ਪਹਿਲੇ ਨੰਬਰ ਤੇ ਰਹੀਆਂ।ਇਸ ਤੋਂ ਇਲਾਵਾ ਤਨਵੀ ਬਤਰਾ 96.4%, ਸ਼ਰਨਪ੍ਰੀਤ ਕੌਰ 93.6%, ਅਰਸ਼ਦੀਪ ਕੌਰ 93%, ਗੌਰਵ ਬਾਂਸਲ 93%, ਅਵਨੀਤ ਕੌਰ 91.6%, ਸੁਖਪ੍ਰੀਤ ਕੌਰ 91.6%, ਅਭੀ ਗੋਇਲ 88.6%, ਸਬਰੀਨ ਕੌਰ 88.2%, ਜਸਕਰਨ ਸਿੰਘ 86.2%, ਰਾਮ 85.4%, ਨਵਨੀਤ ਕੌਰ 84%, ਭਬਦੀਪ ਕੌਰ 84%, ਗੁਰਪ੍ਰੀਤ ਸਿੰਘ 83.6%, ਜਸਦੀਪ ਕੌਰ 82.6%, ਮਾਨਜੋਤ ਸਿੰਘ 82.2%, ਮਨਵੀਰ ਕੌਰ 80% ਤੇ ਹਰਪ੍ਰੀਤ ਕੌਰ ਨੇ 79% ਅੰਕ ਹਾਸਲ ਕਰਕੇ ਸਕੂਲ ਦੇ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਕੂਲ ਦੇ ਸੱਤ ਵਿਦਿਆਰਥੀਆਂ ਨੇ ਪੰਜਾਬੀ ਵਿਸ਼ੇ ਵਿੱਚੋਂ 100 ਅੰਕ ਹਾਸਲ ਕੀਤੇ ਅਤੇ ਨੌਂ ਵਿਦਿਆਰਥੀਆਂ ਨੇ 99 ਅੰਕ ਹਾਸਲ ਕੀਤੇ।ਇਸ ਤੋਂ ਇਲਾਵਾ ਤਿੰਨ ਵਿਦਿਆਰਥੀਆਂ ਨੇ ਮੈਥ ਵਿੱਚੋਂ 98 ਅੰਕ, ਸਾਇੰਸ ਵਿੱਚੋਂ 97 ਅੰਕ, ਸੋਸ਼ਲ ਸਾਇੰਸ ਵਿੱਚੋਂ 97 ਅੰਕ, ਆਈ ਟੀ ਵਿੱਚੋਂ 97 ਅੰਕ ਤੇ ਹਿੰਦੀ ਵਿੱਚੋਂ 97 ਅੰਕ ਹਾਸਲ ਕੀਤੇ।

## ਭਾਈ ਮਸਤਾਨ ਸਿੰਘ ਸਕੂਲ ਨੇ ਮਾਰੀ ਬਾਜ਼ੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੀਬੀਐਸਈ ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ 'ਚ ਭਾਈ ਮਸਤਾਨ ਸਿੰਘ ਪਬਲਿਕ ਸਕੂਲ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ।ਵਿਦਿਆਰਥਣ ਗੁੰਜਨ ਗਰਗ ਨੇ 98 ਪ੍ਰਤੀਸ਼ਤ ਅੰਕਾਂ ਨਾਲ ਸਕੂਲ ਵਿੱਚੋਂ ਪਹਿਲਾ, ਅੰਗਦਵੀਰ ਗੁਪਤਾ ਨੇ 97.4 ਪ੍ਰਤੀਸ਼ਤ ਅੰਕਾਂ ਨਾਲ ਦੂਜਾ, ਰੋਹਿਤ ਰਾਜ ਤੇ ਰਬਲੀਨ ਕੌਰ ਨੇ 96.6 ਪ੍ਰਤੀਸ਼ਤ ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕਰਕੇ ਆਪਣਾ ਅਤੇ ਸਕੂਲ ਦਾ ਨਾਂਅ ਇਲਾਕੇ 'ਚ ਰੌਸ਼ਨ ਕੀਤਾ।ਇਸਦੇ ਨਾਲ ਹੀ ਅਰਪਿਤ ਨਾਰਾਯਨ ਨੇ 96.2 ਪ੍ਰਤੀਸ਼ਤ, ਆਯੂਸ਼ ਕੁਮਾਰ ਨੇ 95.8 ਪ੍ਰਤੀਸ਼ਤ, ਅਗਮਜੀਤ ਸਿੰਘ ਨੇ 95.6 ਪ੍ਰਤੀਸ਼ਤ, ਅਵਲੀਨ ਕੌਰ ਤੇ ਜੈਸਮੀਨ ਕੌਰ ਨੇ 95.4 ਪ੍ਰਤੀਸ਼ਤ, ਅਲੀਸ਼ਾ ਤੇ ਲਵਪ੍ਰੀਤ ਸਿੰਘ ਨੇ 95.2 ਪ੍ਰਤੀਸ਼ਤ, ਅਰਮਾਨਦੀਪ ਕੌਰ, ਤਨਮੇ ਸਹਿਗਲ ਅਤੇ ਮਹਿਕਪ੍ਰੀਤ ਕੌਰ ਨੇ 94 ਪ੍ਰਤੀਸ਼ਤ, ਅਗਮਜੀਤ ਸਿੰਘ ਨੇ 93.8 ਪ੍ਰਤੀਸ਼ਤ, ਭਵਨੀਤ ਸਿੰਘ ਅਤੇ ਤਨਵੀ ਸਹਿਗਲ ਨੇ 93.6 ਪ੍ਰਤੀਸ਼ਤ, ਨਵਨੀਤ ਕੌਰ ਨੇ 93.4 ਪ੍ਰਤੀਸ਼ਤ, ਅਨਮੋਲ ਕੌਰ, ਗੁਰਲਾਲ ਸਿੰਘ, ਈਸ਼ਵਰਜੋਤ ਸਿੰਘ, ਨਵਨੀਤ ਕੌਰ ਨੇ 93 ਪ੍ਰਤੀਸ਼ਤ, ਆਰੂਸ਼ ਲੂਣਾ, ਹਰਸਿਮਰਨ ਕੌਰ ਨੇ 92.8 ਪ੍ਰਤੀਸ਼ਤ, ਬਲਵੀਨ ਕੌਰ, ਤਨਵੀਰ ਕੌਰ ਨੇ 92.2 ਪ੍ਰਤੀਸ਼ਤ, ਸਿਮਰਨਪ੍ਰੀਤ ਕੌਰ ਨੇ 92 ਪ੍ਰਤੀਸ਼ਤ, ਜਸ਼ਨਪ੍ਰੀਤ ਕੌਰ, ਸੁਖਮਨੀ, ਗਗਿਮਾ ਅਤੇ ਨਵਿਆ ਗਰੋਵਰ ਨੇ 91.8 ਪ੍ਰਤੀਸ਼ਤ, ਗੁਰਦੀਪ ਸਿੰਘ ਨੇ 91.4 ਪ੍ਰਤੀਸ਼ਤ, ਕੀਰਤ ਬਰਾੜ, ਪ੍ਰਭਦਿਤ ਸਿੰਘ, ਸੰਤਵੀਰ ਸਿੰਘ ਨੇ 90.6 ਪ੍ਰਤੀਸ਼ਤ, ਸੁਖਮਨਦੀਪ ਕੌਰ, ਜਸਮੀਤ ਕੌਰ 90.2 ਪ੍ਰਤੀਸ਼ਤ, ਖੁਸ਼ਪਾਲਦੀਪ ਕੌਰ, ਦੀਪਕ ਕੁਮਾਰ, ਜਸਮੀਤ ਕੌਰ, ਜਸਮੀਨ ਕੌਰ, ਜਸਨੂਰ ਕੌਰ, ਮਾਨਿਆ ਤੇ ਜਪਨੀਤ ਕੌਰ ਨੇ 90 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।ਇਸ ਤੋਂ ਇਲਾਵਾ ਪੰਜਾਬੀ ਵਿੱਚ 103, ਅੰਗਰੇਜ਼ੀ ਵਿਚ 53, ਸਮਾਜਿਕ ਵਿਗਿਆਨ ਵਿੱਚੋਂ 37, ਸਾਇੰਸ ਵਿੱਚੋਂ 27, ਗਣਿਤ ਵਿੱਚੋਂ 26, ਆਈਟੀ ਵਿੱਚੋਂ 48 ਅਤੇ ਹਿੰਦੀ ਵਿੱਚੋਂ 24 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਗੁੰਜਨ ਗਰਗ ਨੇ ਅੰਗਰੇਜ਼ੀ ਵਿੱਚੋਂ 100 ਪ੍ਰਤੀਸ਼ਤ, ਆਰੂਸ਼ ਲੂਣਾ ਨੇ ਗਣਿਤ ਵਿੱਚੋਂ 100 ਪ੍ਰਤੀਸ਼ਤ, ਅੰਗਦਵੀਰ ਗੁਪਤਾ ਨੇ ਸਮਾਜਿਕ ਵਿਗਿਆਨ ਵਿੱਚੋਂ 100 ਪ੍ਰਤੀਸ਼ਤ, ਭਵਨੀਤ ਸਿੰਘ ਨੇ ਆਈਟੀ ਵਿੱਚੋਂ 100 ਪ੍ਰਤੀਸ਼ਤ, ਅਵਲੀਨ ਕੌਰ, ਅਲੀਸ਼ਾ ਤੇ ਨਵਨੀਤ ਕੌਰ ਨੇ ਪੰਜਾਬੀ ਵਿੱਚੋਂ ਸੌ ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।

## ਬਾਰਵੀਂ ਕਲਾਸ ਦਾ ਨਤੀਜਾ ਸ਼ਾਨਦਾਰ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਬਾਰਵੀਂ ਕਲਾਸ ਦਾ ਸੈਸ਼ਨ 2024-25 ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਕੂਲ ਦਾ ਨਤੀਜਾ 100 ਫ਼ੀਸਦੀ ਰਿਹਾ।ਸਾਰੇ ਬੱਚੇ ਬਹੁਤ ਵਧੀਆ ਅੰਕ ਹਾਸਲ ਕਰਕੇ ਪਾਸ ਹੋਏ ਹਨ।ਉਨ੍ਹਾਂ ਦੱਸਿਆ ਕਿ ਸਕੂਲ ਦੇ ਮੈਡੀਕਲ ਗਰੁੱਪ ਵਿੱਚੋਂ ਮਹਿਕਜੋਤ ਕੌਰ ਨੇ 93% ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਬਾਅਦ ਅਰਾਨਿਆ ਨੇ 91% ਅੰਕ ਹਾਸਲ ਕੀਤੇ।ਸਕੂਲ ਦੇ ਵਿਦਿਆਰਥਣ ਏਕਮਜੀਤ ਕੌਰ ਨੇ 85.4%, ਕਮਰਸ ਗਰੁੱਪ ਵਿੱਚ ਸੁਨੈਨਾ 87.4, ਜਸਨੂਰ ਕੌਰ 86%, ਨਵਨੀਤ ਕੌਰ 86% ,ਅਵਨੀਸ਼ ਸ਼ਰਮਾ 82%, ਜਸਕੀਰਤ ਕੌਰ 75.6%, ਖੁਸ਼ਪ੍ਰੀਤ ਕੌਰ 72%, ਲਵੀਤਾ 73%, ਮਨਪ੍ਰੀਤ ਕੌਰ 71.6%, ਸੁਮਨਪ੍ਰੀਤ ਕੌਰ 78%, ਗੁਰਸ਼ਾਨ ਸਿੰਘ 72% ਅੰਕ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ।ਇਸ ਸਮੇਂ ਸਕੂਲ ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ, ਪ੍ਰੈਜੀਡੈਂਟ ਮੈਡਮ ਨਵਜੋਤ ਕੌਰ ਬਰਾੜ ਅਤੇ ਪ੍ਰਿੰਸੀਪਲ ਮੈਡਮ ਹਿਨਾ ਗਰੋਵਰ ਨੇ ਬੱਚਿਆਂ ਨੂੰ ਉਹਨਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਉੱਪਰ ਵਧਾਈ ਦਿੱਤੀ।ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਾਰੇ ਬੱਚਿਆਂ ਨੇ ਬਹੁਤ ਵਧੀਆ ਅੰਕ ਹਾਸਲ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ।

## ਹੋਲੀ ਹਾਰਟ ਸਕੂਲ ਦਾ ਨਤੀਜਾ ਸ਼ਾਨਦਾਰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਜੀ ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਨੇ ਸੀ.ਬੀ.ਐੱਸ.ਈ. 10ਵੀਂ ਕਲਾਸ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਂਅ ਰੌਸ਼ਨ ਕੀਤਾ।ਪ੍ਰਬੰਧਕਾਂ ਅਨੁਸਾਰ ਸਕੂਲ ਦੇ ਨਿਤਪ੍ਰੀਤ ਸਿੰਘ ਨੇ 95 ਫ਼ੀਸਦੀ ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਜਸਮਨਜੀਤ ਕੌਰ ਨੇ 93 ਫ਼ੀਸਦੀ, ਜਗਰੀਤ ਕੌਰ, ਸੁਖਮਨਪਰੀਤ ਕੌਰ ਨੇ 92 ਫ਼ੀਸਦੀ, ਰਿਪਨਪਰੀਤ ਕੌਰ ਨੇ 91.4 ਫ਼ੀਸਦੀ ਤੇ ਪ੍ਰਭਲੀਨ ਕੌਰ ਨੇ 90 ਫ਼ੀਸਦੀ ਅੰਕ ਹਾਸਲ ਕੀਤੇ ਹਨ।ਡਾਇਰੈਕਟਰ ਰਾਕੇਸ਼ ਬਾਂਸਲ, ਵਾਈਸ ਪ੍ਰਿੰਸੀਪਲ ਸ੍ਰੀਮਤੀ ਪੂਜਾ ਸ਼ਰਮਾ ਨੇ ਦੱਸਿਆ ਕਿ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਦੀ ਅਗਵਾਈ ਹੇਠ ਸਕੂਲ ਨੇ ਸਿਰਫ਼ ਅਕਾਦਮਿਕ ਖੇਤਰ ਵਿੱਚ ਹੀ ਨਹੀਂ, ਸਗੋਂ ਚਰਿੱਤਰ ਨਿਰਮਾਣ ਤੇ ਵਿਅਕਤੀਗਤ ਵਿਕਾਸ ਵਿਚ ਵੀ ਵਿਦਿਆਰਥੀਆਂ ਨੂੰ ਮਜ਼ਬੂਤ ਬੁਨਿਆਦ ਦਿੱਤੀ।ਇਹ ਨਤੀਜੇ ਨਾ ਸਿਰਫ਼ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹਨ, ਸਗੋਂ ਉਨ੍ਹਾਂ ਦੇ ਮਾਪਿਆਂ ਦੇ ਸਹਿਯੋਗ, ਅਧਿਆਪਕਾਂ ਦੀ ਲਗਨ ਅਤੇ ਸਕੂਲ ਦੇ ਸਰਗਰਮ ਅਤੇ ਸ਼ਿਸ਼ਤਬੱਧ ਸਿੱਖਣ ਵਾਲੇ ਵਾਤਾਵਰਨ ਦਾ ਪਰਿਣਾਮ ਹਨ।ਸੰਸਥਾ ਦੇ ਕੁਆਰਡੀਨੇਟਰ ਮੈਡਮ ਪਰਦੀਪ ਕੌਰ ਗਰੇਵਾਲ ਨੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੰਦਿਆਂ ਅਧਿਆਪਕਾਂ ਦੀ ਮਿਹਨਤ ਦੀ ਵੀ ਸ਼ਲਾਘਾ ਕੀਤੀ।

## ਸਰਕਾਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਦੇ ਹਿਊਮੈਨਿਟੀਜ਼ ਗਰੁੱਪ ਵਿੱਚ ਬਾਰਵੀਂ ਸ਼੍ਰੇਣੀ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਐਲਾਨੇ ਨਤੀਜੇ ਵਿੱਚ ਸ਼ਤ-ਪ੍ਰਤੀਸ਼ਤ ਪਾਸ ਪ੍ਰਤੀਸ਼ਤਤਾ ਦਰਜ ਕੀਤੀ ਹੈ। ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਦੱਸਿਆ ਕਿ ਪ੍ਰੀਖਿਆ ਵਿੱਚ ਸਕੂਲ ਦੇ 65 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 94 ਫੀਸਦੀ ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕੀਤੀ ਅਤੇ 18 ਫੀਸਦੀ ਵਿਦਿਆਰਥੀਆਂ ਨੇ 80 ਫੀਸਦੀ ਤੋਂ ਵਧੇਰੇ ਅੰਕ ਪ੍ਰਾਪਤ ਕੀਤੇ ਹਨ। ਵਿਦਿਆਰਥਣ ਲਵਦੀਪ ਕੌਰ ਪੁੱਤਰੀ ਗੁਲਜ਼ਾਰ ਸਿੰਘ ਨੇ 500 ਅੰਕਾਂ ਵਿੱਚੋਂ 468 ਅੰਕ (93.6 ਫੀਸਦੀ) ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ, ਰੋਹਿਤ ਪੁੱਤਰ ਰਾਜੇਸ਼ ਕੁਮਾਰ ਨੇ 459 ਅੰਕ (91.8 ਫੀਸਦੀ) ਪ੍ਰਾਪਤ ਕਰਕੇ ਦੂਜਾ ਤੇ ਨਵਪ੍ਰੀਤ ਕੌਰ ਪੁੱਤਰੀ ਗੁਰਮੀਤ ਸਿੰਘ ਤੇ ਕਮਲਦੀਪ ਕੌਰ ਪੁੱਤਰੀ ਗੁਰਚਰਨ ਸਿੰਘ ਨੇ ਬਰਾਬਰ-ਬਰਾਬਰ 450 ਅੰਕ (90 ਫੀਸਦੀ) ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਾਨਦਾਰ ਨਤੀਜਾ ਆਉਣ 'ਤੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੇ ਪਹਿਲੀਆਂ ਪੁਜ਼ੀਸ਼ਨਾਂ ਮੱਲਣ ਵਾਲੇ ਵਿਦਿਆਰਥੀਆਂ ਨੂੰ ਮੋਮੈਂਟੋ ਦੇ ਕੇ ਸਨਮਾਨਤ ਵੀ ਕੀਤਾ। ਇਸ ਮੌਕੇ ਮਨਜੋਤ ਕੌਰ ਲੈਕ. ਅੰਗਰੇਜ਼ੀ, ਡਾ. ਰਣਜੋਧ ਸਿੰਘ ਲੈਕ. ਇਕਨਾਮਿਕਸ, ਚਮਕੌਰ ਸਿੰਘ ਲੈਕ. ਰਾਜਨੀਤੀ ਸ਼ਾਸਤਰ, ਗਲੋਰੀ ਲੈਕ. ਗਣਿੱਤ, ਸੁਖਵਿੰਦਰ ਕੌਰ ਲੈਕ. ਪੰਜਾਬੀ, ਕੁਲਵਿੰਦਰ ਸਿੰਘ ਡੀ ਪੀ ਈ, ਸੰਤੋਸ਼ ਕੁਮਾਰ ਅਤੇ ਮੋਨਿਕਾ ਕੰਪਿਊਟਰ ਟੀਚਰ, ਨਿਸ਼ਾ ਰਾਣੀ ਸਾਇੰਸ ਮਿਸਟ੍ਰੈਸ, ਅੰਮ੍ਰਿਤਪਾਲ ਸਿੰਘ, ਰਾਜਪ੍ਰੀਤ ਕੌਰ ਵੋਕੇਸ਼ਨਲ ਟੀਚਰ ਆਦਿ ਸਮੂਹ ਸਟਾਫ ਨੇ ਸਾਰੇ ਵਿਦਿਆਰਥੀਆਂ ਨੂੰ ਵਧੀਆ ਅੰਕਾਂ ਨਾਲ ਪਾਸ ਹੋਣ 'ਤੇ ਵਧਾਈ ਦਿੱਤੀ।

## ਝੋਨੇ ਦੀ ਸਿੱਧੀ ਬਿਜਾਈ ਵਾਲੇ ਕਿਸਾਨਾਂ ਨੂੰ ਮਿਲੇਗਾ 1500

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਦੀ ਵਿੱਤੀ ਮਦਦ ਦਿੱਤੀ ਜਾਵੇਗੀ।ਇਹ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਦਿੰਦਿਆਂ ਦੱਸਿਆ ਕਿ ਫ਼ਾਜ਼ਿਲਕਾ ਜ਼ਿਲ੍ਹਾ ਇਸ ਤਕਨੀਕ ਨੂੰ ਲਾਗੂ ਕਰਨ ਵਿਚ ਹਮੇਸ਼ਾ ਅੱਗੇ ਰਹਿੰਦਾ ਹੈ ਤੇ ਇਸ ਸਾਲ ਵੀ ਕਿਸਾਨ ਪਾਣੀ ਦੀ ਬਚਤ ਵਾਲੀ ਇਸ ਤਕਨੀਕ ਨੂੰ ਲਾਗੂ ਕਰਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਵਿਚ ਵਿਭਾਗ ਟਿਕਾਊ ਖੇਤੀਬਾੜੀ ਨੂੰ ਉਤਸ਼ਾਹਤ ਕਰਨ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਾਸਤੇ ਇਸ ਸਾਉਣੀ ਸੀਜ਼ਨ ਦੌਰਾਨ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਅਧੀਨ ਲਿਆਉਣ ਦਾ ਕੰਮ ਸ਼ੁਰੂ ਕਰ ਚੁੱਕਾ ਹੈ ਅਤੇ ਇਹ ਸਿੱਧੀ ਬਿਜਾਈ ਅੱਜ ਤੋਂ ਸ਼ੁਰੂ ਹੋ ਗਈ ਹੈ।

## ਨਤੀਜਾ ਸ਼ਾਨਦਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਫਰਵਰੀ-ਮਾਰਚ 2025 ਦਾ ਨਤੀਜਾ ਸ਼ਾਨਦਾਰ ਰਿਹਾ। ਏਕਮਦੀਪ ਸਿੰਘ ਸਪੁੱਤਰ ਜਸਕਰਨ ਸਿੰਘ ਨੇ 453/500 ਅੰਕ ਹਾਸਲ ਕਰਕੇ ਹਾਸਲ ਕਰਕੇ ਪਹਿਲਾ ਸਥਾਨ, ਕੋਮਲਦੀਪ ਕੌਰ ਸਪੁੱਤਰੀ ਗੁਰਵਿੰਦਰ ਸਿੰਘ ਨੇ 439/500 ਅੰਕ ਹਾਸਿਲ ਕਰਕੇ ਦੂਜਾ ਸਥਾਨ ਅਤੇ ਅਰਮਾਨਦੀਪ ਸਿੰਘ ਸਪੁੱਤਰ ਗੁਰਵਿੰਦਰ ਸਿੰਘ ਨੇ 432/500 ਅੰਕ ਹਾਸਿਲ ਕਰਕੇ ਤੀਜਾ ਸਥਾਨ ਹਾਸਲ ਕੀਤਾ ਅਤੇ ਇਸ ਤੋਂ ਇਲਾਵਾ ਬਾਕੀ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਆਪਣੇ ਮਾਪਿਆਂ ਅਤੇ ਆਪਣੀ ਸੰਸਥਾ ਦਾ ਨਾਂਅ ਇਲਾਕੇ ਵਿੱਚ ਰੌਸ਼ਨ ਕੀਤਾ।ਇਨ੍ਹਾਂ ਮੋਹਰੀ ਵਿਦਿਆਰਥੀਆਂ ਨੂੰ ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ ਨੇ ਐਵਾਰਡ ਦੇ ਕੇ ਸਨਮਾਨਤ ਕੀਤਾ ਅਤੇ ਮੂੰਹ ਮਿੱਠਾ ਕਰਾਇਆ।ਇਨ੍ਹਾਂ ਮੋਹਰੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਵਧਾਈਆਂ ਦਿੱਤੀਆਂ ਗਈਆਂ।

## ਨਰੇਗਾ ਮਜ਼ਦੂਰਾਂ ਵੱਲੋਂ 23 ਦੇ ਧਰਨੇ ਦੀ ਤਿਆਰੀ ਸੰਬੰਧੀ ਮੋਗਾ 'ਚ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਸੱਦੇ 'ਤੇ 23 ਮਈ ਨੂੰ ਦਿੱਤੇ ਜਾ ਰਹੇ ਜ਼ਿਲ੍ਹਾ ਪੱਧਰੀ ਧਰਨਿਆਂ ਦੀ ਤਿਆਰੀ ਵਜੋਂ ਅੱਜ ਮੋਗਾ ਜ਼ਿਲ੍ਹਾ ਦੀ ਮੀਟਿੰਗ ਸਥਾਨਕ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਸ਼ੇਰ ਸਿੰਘ ਦੌਲਤਪੁਰਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵੱਖ-ਵੱਖ ਬਲਾਕਾਂ ਦੇ ਆਗੂਆਂ ਨੇ ਹਿੱਸਾ ਲਿਆ।

ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਜਨਰਲ ਸਕੱਤਰ ਜਗਸੀਰ ਖੋਸਾ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦਾ ਕਾਨੂੰਨੀ ਹੱਕ ਦੇਣ ਵਿੱਚ ਵੀ ਵੱਡੀ ਪੱਧਰ 'ਤੇ ਅਣਗਹਿਲੀਆਂ ਕਰ ਰਹੀਆਂ ਹਨ, ਜਿਸ ਕਾਰਨ ਨਰੇਗਾ ਮਜ਼ਦੂਰਾਂ ਨੂੰ ਕਾਨੂੰਨੀ ਰੂਪ ਵਿੱਚ ਮਿਲੀ 100 ਦਿਨਾਂ ਦੇ ਕੰਮ ਦੀ ਗਰੰਟੀ ਦਾ ਤੀਜਾ ਕੁ ਹਿੱਸਾ ਹੀ ਮਿਲਦਾ ਹੈ। ਇਸ ਸਾਰੇ ਵਿਰੁੱਧ ਅਤੇ ਨਰੇਗਾ ਮਜ਼ਦੂਰਾਂ ਨੂੰ ਉਹਨਾਂ ਦਾ ਪੂਰਾ ਹੱਕ ਦਿਵਾਉਣ ਲਈ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਸੂਬਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ 23 ਮਈ ਨੂੰ ਜ਼ਿਲ੍ਹਾ ਪੱਧਰ 'ਤੇ ਵਿਸ਼ਾਲ ਧਰਨੇ ਅਤੇ ਮੁਜ਼ਾਹਰੇ ਕੀਤੇ ਜਾਣਗੇ। ਉਹਨਾਂ ਅੱਗੇ ਦੱਸਿਆ ਕਿ ਨਰੇਗਾ ਮਜ਼ਦੂਰਾਂ ਨੂੰ ਕਾਨੂੰਨੀ ਤੌਰ 'ਤੇ ਘਾਟ ਦਿਹਾੜੀ ਤੋਂ ਵੀ ਘੱਟ ਦਿਹਾੜੀ ਦਿੱਤੀ ਜਾ ਰਹੀ ਹੈ। ਨਰੇਗਾ ਮੇਟਾਂ ਨੂੰ ਵੀ ਲੋੜ ਵਾਲੀ ਦਿਹਾੜੀ ਹੀ ਦਿੱਤੀ ਜਾ ਰਹੀ ਹੈ ਜਦੋਂ ਕਿ ਨਰੇਗਾ ਮੇਟਾਂ ਨੂੰ ਸੈਮੀ ਸਕਿਲਡ ਵਾਲੀ ਦਿਹਾੜੀ ਅੱਜ ਦੇ ਸਮੇਂ ਵਿੱਚ 499 ਮਿਲਣੀ ਚਾਹੀਦੀ ਹੈ। ਉਹਨਾਂ ਦੱਸਿਆ ਕਿ ਇਸ ਧਰਨੇ ਵਿੱਚ ਨਰੇਗਾ ਦੀ ਪੇਮੈਂਟ 15 ਦਿਨਾਂ ਦੇ ਅੰਦਰ ਅੰਦਰ ਕਰਨ, ਕੰਮ ਦੇ ਦਿਨਾਂ ਦੀ ਗਿਣਤੀ 200 ਦਿਨ ਕਰਵਾਉਣ, ਨਰੇਗਾ ਦਿਹਾੜੀ ਰੇਟ 1000 ਰੁਪਏ ਕਰਵਾਉਣ, ਨਰੇਗਾ ਮਜ਼ਦੂਰਾਂ ਲਈ ਕੰਮ ਦਾ ਸਮਾਂ ਛੇ ਘੰਟੇ, ਕੰਮ ਵਾਲੀ ਜਗ੍ਹਾ 'ਤੇ ਮਿਲਦੀਆਂ ਸਹੂਲਤਾਂ ਫਸਟ ਏਡ ਬਾਕਸ ਜਾਂ ਪੀਣ ਵਾਲੇ ਪਾਣੀ ਦਾ ਪ੍ਰਬੰਧ ਨੂੰ ਅਸਲੀ ਰੂਪ ਵਿੱਚ ਲਾਗੂ ਕਰਵਾਉਣ ਲਈ ਆਵਾਜ਼ ਉਠਾਈ ਜਾਵੇਗੀ।

ਉਨ੍ਹਾਂ ਜ਼ਿਲ੍ਹੇ ਭਰ ਦੇ ਨਰੇਗਾ ਮਜ਼ਦੂਰਾਂ ਨੂੰ ਇਸ ਧਰਨੇ ਵਿੱਚ ਵੱਧ ਤੋਂ ਵੱਧ ਪਹੁੰਚਣ ਦੀ ਅਪੀਲ ਕੀਤੀ। ਇਸ ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਸਰਬਜੀਤ ਕੌਰ ਬੁੱਧ ਸਿੰਘ ਵਾਲਾ, ਸਵਰਾਜ ਸਿੰਘ ਢੁੱਡੀਕੇ ਜਸਵੀਰ ਸਿੰਘ ਮੱਲ੍ਹੀ, ਰਵਿੰਦਰ ਕੌਰ ਮਹੇਸ਼ਰੀ, ਸਰਬਜੀਤ ਕੌਰ ਮਹੇਸ਼ਰੀ, ਸਤਿਨਾਮ ਸਿੰਘ ਠੱਠੀ ਭਾਈ, ਰਾਜ ਸਿੰਘ ਡੱਗਾ ਚੂਹ, ਬੋਹੜ ਸਿੰਘ ਭੁੱਟਰ ਨੇ ਵੀ ਸੰਬੋਧਨ ਕੀਤਾ।

## ਵਣ ਵਿਭਾਗ ਦੀ ਜਗ੍ਹਾ 'ਚ ਮਿਲੀਭੁਗਤ ਨਾਲ ਨਜਾਇਜ਼ ਉਸਾਰੀ



**ਦੋਰਾਹਾ (ਹਰਮਿੰਦਰ ਸੇਠ)**-ਆਏ ਦਿਨ ਭਗਵੰਤ ਮਾਨ ਸਰਕਾਰ ਨਜਾਇਜ਼ ਕਬਜ਼ੇ ਛੁਡਵਾਉਣ ਦੇ ਬਿਆਨ ਜਾਰੀ ਕਰਕੇ ਵਾਹ-ਵਾਹ ਖੱਟ ਰਹੀ ਹੈ, ਪਰ ਦੂਜੇ ਪਾਸੇ ਵਣ ਵਿਭਾਗ ਦੋਰਾਹਾ ਰੇਂਜਰ ਦੇ ਅਧਿਕਾਰ ਖੇਤਰ ਵਿਚ ਆਉਂਦੀ ਜਗ੍ਹਾ ਵਿੱਚ ਮਿਲੀਭੁਗਤ ਨਾਲ ਹੋਟਲ ਵਾਲਿਆਂ ਨਜਾਇਜ਼ ਉਸਾਰੀ ਕਰ ਲਈ।ਪਰ ਵਣ ਵਿਭਾਗ ਕੁੰਭਕਰਨੀ ਨੀਂਦ ਤੋਂ ਨਹੀਂ ਜਾਗ ਰਿਹਾ।ਬੀਜਾ ਨੇੜੇ ਇਕ ਢਾਬਾ ਵੱਲੋਂ ਇਹ ਹੋਟਲ ਚਲਾਇਆ ਜਾ ਰਿਹਾ ਹੈ, ਜਿਸ ਨੇ ਵਣ ਵਿਭਾਗ ਦੀ ਜਗ੍ਹਾ ਵਿੱਚ ਹੀ ਆਸਮਾਨ ਛੂਹਦੇ ਵੱਡੇ-ਵੱਡੇ ਹੋਰਡਿੰਗ ਲਾ ਰੱਖੇ ਹਨ।ਪੱਤਾ ਤਾਂ ਹੋਰ ਹੋਟਲ ਮਾਲਕ ਨੇ ਹੋਟਲ ਦੇ ਸਾਹਮਣੇ ਡਰੇਨ ਦੀ ਨਜਾਇਜ਼ ਉਸਾਰੀ ਕਰ ਦਿੱਤੀ।ਇਹ ਡਰੇਨ ਕਿਸ ਮਕਸਦ ਲਈ ਬੰਦੀ ਗਈ ਹੈ, ਕਿਸੇ ਨੂੰ ਪਤਾ ਨਹੀਂ।ਵਣ ਵਿਭਾਗ ਦੇ ਫੀਲਡ ਕਮਚਾਰੀ ਤਾਂ ਥਾਣ ਗਾਰਡ ਕਿਸ ਜਗ੍ਹਾ 'ਤੇ ਨਿਗਰਾਨੀ ਤੇ ਆਪਣੀ ਡਿਊਟੀ ਨਿਭਾਅ ਰਹੇ ਹਨ, ਜਦਕਿ ਫੀਲਡ ਅਫ਼ਸਰ ਨੇ ਆਪਣੀ ਬੀਟ 'ਤੇ ਨਿਗਰਾਨੀ ਕਰਨੀ ਹੁੰਦੀ ਹੈ।ਇਸ ਡਰੇਨ ਦੀ ਉਸਾਰੀ ਇੱਕ-ਦੋ ਦਿਨ ਵਿਚ ਤਾਂ ਨਹੀਂ ਹੋ ਸਕਦੀ।

ਕਰੀਬ 200 ਫੁੱਟ ਲੰਬੀ ਡਰੇਨ ਬਣਾਉਣ ਵਿੱਚ ਕਾਫੀ ਸਮਾਂ ਲੱਗਾ ਹੋਵੇਗਾ।ਕੀ ਏਨੇ ਦਿਨ ਕਿਸੇ ਅਧਿਕਾਰੀ ਨੇ ਇੱਥੇ ਗੇੜ ਕਰਨੀ ਮੁਨਾਸਿਬ ਨਹੀਂ ਸਮਝੀ ਹੋਣੀ। ਜਦੋਂ ਇਸ ਬਾਰੇ ਵਣ ਵਿਭਾਗ ਦੋਰਾਹਾ ਦੇ ਰੇਂਜਰ ਦਾ ਪੱਖ ਲੈਣ ਫੋਨ ਕੀਤਾ ਤਾਂ ਪਤਾ ਲੱਗਾ ਕਿ ਉਹ ਛੁੱਟੀ 'ਤੇ ਚੱਲ ਰਹੇ ਹਨ। ਜਦੋਂ ਬੀਟ ਗਾਰਡ ਅਭਿਸ਼ੇਕ ਸ਼ਰਮਾ ਨਾਲ ਫੋਨ ਉਪਰ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਕਿਹਾ ਡਰੇਨ ਉਸਾਰੀ ਮੇਰੇ ਧਿਆਨ ਵਿੱਚ ਨਹੀਂ ਹੈ।ਫਿਰ ਕਿਹਾ ਕਿ ਹੋਟਲ ਵਾਲਿਆਂ ਨੇ ਡਰੇਨ ਬਣਾਉਣ ਲਈ ਅਪਲਾਈ ਕੀਤਾ ਹੋਇਆ ਹੈ।ਫਿਰ ਉਨ੍ਹਾਂ ਮੌਕਾ ਦੇਖ ਕੇ ਪੱਖ ਦੱਸਣ ਬਾਰੇ ਕਹਿ ਕੇ ਸਾਰ ਦਿੱਤਾ।

## ਕੋਠਾਗੁਰੂ ਤੇ ਭੋਡੀਪੁਰਾ 'ਚ ਸਿਆਸੀ ਤਰਥੱਲੀ ਦੇ ਆਸਾਰ

**ਬਠਿੰਡਾ (ਰਾਜੀਵ ਗੋਇਲ)**-ਹਲਕੇ ਦੇ ਦੋ ਪਿੰਡਾਂ ਵਿੱਚ ਸਿਆਸੀ ਤਰਥੱਲੀ ਮੱਚਣ ਦੀ ਸੰਭਾਵਨਾ ਬਣੀ ਹੋਈ ਹੈ। ਪਹਿਲਾਂ ਹਲਕੇ ਦੇ ਪਿੰਡ ਕੋਠਾਗੁਰੂ ਦੀ ਕੀਤੀ ਜਾਵੇ ਤਾਂ ਇਸ ਸਮੇਂ ਅਵਤਾਰ ਸਿੰਘ ਕੋਠਾਗੁਰੂ ਨਗਰ ਪੰਚਾਇਤ ਦੀ ਪ੍ਰਧਾਨਗੀ ਦੀ ਕੁਰਸੀ 'ਤੇ ਕਾਬਜ਼ ਹਨ, ਪਰ ਬੀਤੇ ਦਿਨੀਂ ਹੋਰਾਂ ਪਾਰਟੀਆਂ 'ਚੋਂ ਆਊਟ ਹੋ ਕੇ ਆਮ ਆਦਮੀ ਪਾਰਟੀ ਦਾ ਸ਼ਿੰਗਾਰ ਬਣਨ ਵਾਲੇ ਕੌਂਸਲਰਾਂ ਕਾਰਨ ਕੋਠਾਗੁਰੂ ਵਿਖੇ ਸਿਆਸੀ ਹਨੇਰੀ ਝੁੱਲਣ ਦੀ ਸੰਭਾਵਨਾ ਬਣੀ ਹੋਈ ਹੈ, ਕਿਉਂਕਿ ਇੱਥੇ ਮੌਜੂਦਾ ਪ੍ਰਧਾਨ ਦੀ ਕੁਰਸੀ ਖ਼ਤਰੇ 'ਚ ਜਾਪਦੀ ਹੈ। ਜਿਸ ਤਰ੍ਹਾਂ ਰਾਮਪੁਰਾ ਫੂਲ ਟਰੱਕ ਯੂਨੀਅਨ ਦੇ ਪ੍ਰਧਾਨ ਨੂੰ ਅਸਤੀਫ਼ਾ ਦਿੱਤੇ ਜਾਣ ਦਾ ਫ਼ੁਰਮਾਨ ਸੁਣਾਇਆ ਗਿਆ ਸੀ, ਇਸੇ ਤਰ੍ਹਾਂ ਕੋਠਾਗੁਰੂ ਵਿਖੇ ਵੀ ਹਲਕਾ ਵਿਧਾਇਕ ਦੀ ਜੇਬ ਵਿੱਚੋਂ ਨਵਾਂ ਪ੍ਰਧਾਨ ਨਿਕਲ ਕੇ ਬਾਹਰ ਆ ਸਕਦਾ ਹੈ, ਜਿਸ ਨਾਲ ਕੁਝ ਆਗੂਆਂ ਦੀ ਪੁਰਾਣੀਆਂ ਪਾਰਟੀਆਂ 'ਚ ਘਰ ਵਾਪਸੀ ਵੀ ਹੋ ਸਕਦੀ ਹੈ। ਭੋਡੀਪੁਰਾ ਪਿੰਡ ਦੀ ਕੀਤੀ ਜਾਵੇ ਤਾਂ ਇਸ ਪਿੰਡ ਵਿੱਚ ਵੋਟਾਂ ਵਾਲੇ ਦਿਨ ਤੋਂ ਹੀ ਚੱਲਦਾ ਆ ਰਿਹਾ ਝਮੇਲਾ ਰੁਕਣ ਦਾ ਨਾਂਅ ਹੀ ਨਹੀਂ ਲੈ ਰਿਹਾ। ਵੋਟਾਂ ਦੀ ਗਿਣਤੀ ਵਾਲੇ ਦਿਨੀਂ ਹੋਈ ਲੜਾਈ ਤੋਂ ਬਾਅਦ ਧਰਨੇ-ਧਰਨੀ ਹੋਣ ਮਗਰੋਂ ਪਿੰਡ ਵਾਸੀਆਂ ਵੱਲੋਂ ਮੁੜ ਨਵੀਂ ਜੰਗ ਸ਼ੁਰੂ ਕਰਨ ਦੇ ਸੰਕੇਤ ਦਿੱਤੇ ਗਏ ਹਨ। 'ਆਪ' ਦੇ ਇੱਕ ਵਰਕਰ ਨੇ ਦੱਸਿਆ ਕਿ ਅਸੀਂ ਇਸ ਮੌਕੇ ਪੰਜ ਮੈਂਬਰ ਇੱਕ ਪਾਸੇ ਹਾਂ ਤੇ ਸਰਪੰਚ ਧਾਮ ਕੁੱਲ ਚਾਰ ਮੈਂਬਰ ਸਨ, ਜਿਨ੍ਹਾਂ ਵਿੱਚੋਂ ਇੱਕ ਵਿਦੇਸ਼ ਚਲਾ ਗਿਆ ਤੇ ਹੁਣ ਸਰਪੰਚ ਧਾਮ ਤਿੰਨ ਮੈਂਬਰ ਬਚੇ ਹਨ ਅਤੇ ਉਹ ਉੱਥੇ ਕਿਸੇ ਵੀ ਮਤੇ 'ਤੇ ਦਸਤਖ਼ਤ ਨਾ ਕਰਕੇ ਪ੍ਰਬੰਧਕ ਲਵਾਉਣਾ ਚਾਹੁੰਦੇ ਹਨ। ਉਸ ਮੈਂਬਰ ਨੇ ਇੱਕ ਪੰਚਾਇਤ ਸੈਕਟਰੀ 'ਤੇ ਵੀ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਸਾਨੂੰ ਸੈਕਟਰੀ ਨੇ ਕਿਹਾ ਕਿ ਤੁਹਾਨੂੰ ਗਰਾਂਟ ਸਿੱਧਾ ਘਰ ਬੈਠਿਆਂ ਨੂੰ ਮਿਲ ਜਾਇਆ ਕਰੂ ਪਰ ਤੁਸੀਂ ਰੌਲਾ ਨਾ ਪਾਉ। ਦੂਜੇ ਪਾਸੇ ਸੰਬੰਧਤ ਸੈਕਟਰੀ ਨੇ ਤਾਂ ਭਾਵੇਂ ਆਪਣੇ ਉੱਪਰ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਾਕਾਰ ਦਿੱਤਾ ਹੈ, ਪਰ ਹੁਣ ਇਹ ਇਕੱਤਰ ਮੈਂਬਰ ਪਿੰਡ ਵਿੱਚ ਪ੍ਰਬੰਧਕ ਲਗਾਏ ਜਾਣ ਦੀ ਮੰਗ ਕਰ ਰਹੇ ਹਨ।

ਸੂਤਰਾਂ ਤੋਂ ਇਹ ਵੀ ਜਾਣਕਾਰੀ ਮਿਲੀ ਹੈ ਕਿ ਮਹਿਕਮੇ ਵੱਲੋਂ ਮੈਂਬਰਾਂ ਨੂੰ ਸਸਪੈਂਡ ਕਰਕੇ ਪ੍ਰਬੰਧਕ ਲਾਇਆ ਜਾ ਸਕਦਾ ਹੈ। ਕੁੱਝ ਵੀ ਹੋਵੇ ਹਲਕਾ ਰਾਮਪੁਰਾ ਫੂਲ ਵਿੱਚ ਆਮ ਆਦਮੀ ਪਾਰਟੀ ਦੇ ਜਿਹੜੇ ਆਗੂਆਂ ਨੇ ਮੁੱਢ ਤੋਂ ਪਾਰਟੀ ਦਾ ਝੰਡਾ ਚੁੱਕਿਆ ਸੀ, ਸਭਨਾਂ ਨੂੰ ਖੁੱਡੇ ਲਾਇਨ ਲਾ ਦਿੱਤਾ ਗਿਆ ਹੈ ਤੇ ਨਵੇਂ ਆਗੂਆਂ ਨੂੰ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਤਸਵੀਰਾਂ ਦਾ ਸ਼ਿੰਗਾਰ ਬਣਾਇਆ ਜਾ ਰਿਹਾ ਹੈ।

## ਬਠੋਈ ਕਲਾਂ 'ਚ ਪ੍ਰਸ਼ਾਸਨ ਤੇ ਪਿੰਡ ਵਾਸੀ ਆਹਮੋ-ਸਾਹਮਣੇ

### ਸ਼ਾਮਲਾਟ ਜ਼ਮੀਨ ਦਾ ਮੁੱਦਾ ਗਰਮਾਇਆ

**ਪਟਿਆਲਾ/ਡਕਾਲਾ (ਰਾਜਿੰਦਰ ਸਿੰਘ ਥਿੰਦ)**

ਪਿੰਡ ਬਠੋਈ ਕਲਾਂ ਵਿੱਚ ਪੰਜ ਦਹਾਕਿਆਂ ਤੋਂ ਪਿੰਡ ਵਾਸੀਆਂ ਵੱਲੋਂ ਵਾਹੀ ਜਾ ਰਹੀ 650 ਏਕੜ ਸ਼ਾਮਲਾਟ ਜ਼ਮੀਨ ਦਾ ਕਬਜ਼ਾ ਛੁਡਾਉਣ ਲਈ ਭਾਰੀ ਪੁਲੀਸ ਬਲ ਨਾਲ ਪੁੱਜੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਫ਼ਲਤਾ ਨਾ ਮਿਲ ਸਕੀ, ਕਿਉਂਕਿ ਕਾਰਵਾਈ ਦਾ ਵਿਰੋਧ ਕਰ ਰਹੇ ਪਿੰਡ ਵਾਸੀਆਂ ਦੇ ਹੱਕ 'ਚ ਵੱਖ-ਵੱਖ ਕਿਸਾਨ ਜਥੇਬੰਦੀਆਂ ਵੀ ਆ ਡਟੀਆਂ।ਇਥੋਂ ਤੱਕ ਕਿ ਰਾਤ ਤੱਕ ਵੀ ਪੁਲਸ ਤੇ ਕਿਸਾਨ ਧਿਰਾਂ ਇਨ੍ਹਾਂ ਖੇਤਾਂ 'ਚ ਹੀ ਡਟੀਆਂ ਹੋਈਆਂ ਸਨ।

ਇਸ ਦੌਰਾਨ ਕਿਸਾਨਾਂ ਨੇ ਇੱਥੇ ਪੱਕਾ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਉਧਰ, ਇਸ ਸ਼ਾਮਲਾਟ ਸਬੰਧੀ ਅਦਾਲਤ ਤੋਂ ਕੇਸ ਜਿੱਤਣ ਦਾ ਦਾਅਵਾ ਕਰ ਰਿਹਾ ਜ਼ਿਲ੍ਹਾ ਪ੍ਰਸ਼ਾਸਨ ਇਹ ਕਬਜ਼ਾ ਕਾਰਵਾਈ ਯਕੀਨੀ ਬਣਾਉਣ ਲਈ ਬਜ਼ਿੱਦ ਹੈ। ਇਸ ਕਾਰਨ 15 ਮਈ ਨੂੰ ਇਥੇ ਮੁੜ ਤੋਂ ਪ੍ਰਸ਼ਾਸਨ ਅਤੇ ਲੋਕਾਂ ਦੇ ਆਹਮੋ ਸਾਹਮਣੇ ਹੋਣ ਦੇ ਆਸਾਰ ਹਨ।ਪਿੰਡ ਵਿਚਲੀ 4816 ਕਨਾਲ 7 ਮਰਲੇ ਸ਼ਾਮਲਾਟ ਜ਼ਮੀਨ ਪਿੰਡ ਦੇ ਦੋ ਸੌ ਤੋਂ ਵੀ ਵੱਧ ਵਿਅਕਤੀਆਂ ਦੇ ਕਬਜ਼ੇ ਹੇਠ ਹੈ।ਇਨ੍ਹਾਂ ਦਾ ਤਰਕ ਹੈ ਕਿ ਇਹ ਜ਼ਮੀਨ ਉਨ੍ਹਾਂ ਦੇ ਪੁਰਖਿਆਂ ਵੱਲੋਂ ਪੰਜ ਦਹਾਕੇ ਪਹਿਲਾਂ ਸਖ਼ਤ ਮਿਹਨਤ ਕਰਕੇ ਵਾਹੀਯੋਗ ਬਣਾਈ ਸੀ, ਪਰ ਪ੍ਰਸ਼ਾਸਨ ਵੱਲੋਂ ਇਹ ਜ਼ਮੀਨ ਉਨ੍ਹਾਂ ਤੋਂ ਖੋਹਣ ਦੀ ਕੋਸ਼ਿਸ਼ ਨੂੰ ਉਹ ਕਾਮਯਾਬ ਨਹੀਂ ਹੋਣ ਦੇਣਗੇ।ਉਧਰ ਜ਼ਿਲ੍ਹਾ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਲਈ ਲੰਮੀ ਅਦਾਲਤੀ ਲੜਾਈ ਦੌਰਾਨ ਇਸ ਸਬੰਧੀ ਕੇਸ ਸਰਕਾਰ, ਪ੍ਰਸ਼ਾਸਨ ਦੇ ਹੱਕ 'ਚ ਹੋਣ ਮਗਰੋਂ ਹੀ ਇਹ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ। ਅਧਿਕਾਰੀਆਂ ਦਾ ਤਰਕ ਸੀ ਕਿ ਸ਼ਾਮਲਾਟ ਨਾਜਾਇਜ਼ ਕਬਜ਼ੇ ਹਟਾਉਣ ਲਈ ਕਬਜ਼ਾ ਵਾਰੰਟਾਂ ਦੀ ਤਾਮੀਲ ਕਰਾਉਣ ਲਈ ਹੀ ਮਾਲ ਮਹਿਕਮੇ ਦੇ ਅਧਿਕਾਰੀ ਇਥੇ ਪਹੁੰਚੇ ਪਰ ਪਿੰਡ ਵਾਸੀ ਧਰਨਾ ਲਾ ਕੇ ਬੈਠ ਗਏ।ਪੁਲਸ ਫੋਰਸ ਦੀ ਅਗਵਾਈ ਦੇ ਐੱਸ ਪੀ ਵੈਭਵ ਚੌਧਰੀ (ਆਈ ਪੀ ਐੱਸ) ਅਤੇ ਐੱਸ ਪੀ ਪਲਵਿੰਦਰ ਚੀਮਾ ਕਰ ਰਹੇ ਸਨ, ਉਥੇ ਹੀ ਸਿਵਲ ਪ੍ਰਸ਼ਾਸਨ ਦੇ ਅਧਿਕਾਰੀ ਵੀ ਪਹੁੰਚੇ ਹੋਏ ਸਨ।

ਇਨ੍ਹਾਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਕਬਜ਼ਾ ਵਾਰੰਟ ਤਾਮੀਲ ਕਰਵਾਉਣ ਲਈ ਆਏ ਸਨ।ਉਧਰ ਕਿਸਾਨ ਆਗੂਆਂ ਜਗਤਾਰ ਕਾਲਾਝਾੜ, ਬਲਰਾਜ ਜੋਸ਼ੀ, ਹਰਦੀਪ ਖਜ਼ਾਨਚੀ, ਜਸਵਿੰਦਰ ਬਰਾਸ, ਗੁਰਬਚਨ ਸਿੰਘ ਤੇ ਹਰਦੀਪ ਸੇਹਰਾ ਦਾ ਕਹਿਣਾ ਹੈ ਕਿ ਕਿਸਾਨਾਂ ਨਾਲ ਧੱਕਾ ਨਹੀਂ ਹੋਣ ਦਿੱਤਾ ਜਾਵੇਗਾ।

## ਛੇਵੇਂ ਤਨਖਾਹ ਕਮਿਸ਼ਨ ਵੱਲੋਂ ਪੇਸ਼ ਕੀਤੀ ਰਿਪੋਰਟ ਤੁਰੰਤ ਜਨਤਕ ਕਰੇ ਪੰਜਾਬ ਸਰਕਾਰ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਲੱਖਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਦੀ ਖੜੋਤ ਨੂੰ ਦੂਰ ਕਰਨ ਵਾਸਤੇ 8-16-24-32 ਸਾਲਾਂ ਦੀ ਸੇਵਾ ਬਾਅਦ ਤੇ ਫਿਰ 4-9-14 ਸਾਲਾਂ ਦੀ ਸੇਵਾ ਬਾਅਦ ਏਸੀਪੀ ਸਕੀਮ ਅਧੀਨ ਲਾਭ ਮਿਲਦੇ ਰਹੇ ਹਨ।ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਵੱਲੋਂ ਸਾਲ 2021 ਦੌਰਾਨ ਪੰਜਾਬ ਸਰਕਾਰ ਨੂੰ ਪੇਸ਼ ਕੀਤੀ ਗਈ ਆਪਣੀ ਰਿਪੋਰਟ ਦੇ ਪਾਰਟ-1 ਵਿੱਚ ਇਸ ਸਬੰਧੀ ਖਾਮੋਸ਼ੀ ਧਾਰਨ ਕਰ ਲੈਣ ਕਾਰਨ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੇ ਏ ਸੀ ਪੀ ਸਕੀਮ ਅਧੀਨ ਮਿਲਣ ਵਾਲੇ ਸਾਰੇ ਲਾਭਾਂ ਤੋਂ ਵਾਂਝੇ ਰਹਿ ਗਏ।ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂਆਂ ਦੀ 25 ਅਪ੍ਰੈਲ ਨੂੰ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋਈ ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਮੰਨਿਆ ਗਿਆ ਸੀ ਕਿ ਛੇਵੇਂ ਤਨਖਾਹ ਕਮਿਸ਼ਨ ਨੇ ਏ ਸੀ ਪੀ ਸਕੀਮ ਅਧੀਨ ਲਾਭ ਦੇਣ ਵਾਸਤੇ ਆਪਣੀ ਰਿਪੋਰਟ ਪੰਜਾਬ ਸਰਕਾਰ ਨੂੰ ਪੇਸ਼ ਕਰ ਦਿੱਤੀ ਹੈ।ਆਗੂਆਂ ਨੇ ਮੀਟਿੰਗ ਦੌਰਾਨ ਵਿੱਤ ਮੰਤਰੀ ਪੰਜਾਬ ਤੋਂ ਮੰਗ ਕੀਤੀ ਸੀ ਕਿ ਇਹ ਰਿਪੋਰਟ ਤੁਰੰਤ ਜਨਤਕ ਕੀਤੀ ਜਾਵੇ।ਵਿੱਤ ਮੰਤਰੀ ਵੱਲੋਂ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਇਹ ਰਿਪੋਰਟ ਤੁਰੰਤ ਜਨਤਕ ਕਰ ਦਿੱਤੀ ਜਾਵੇ, ਪਰ ਅਫ਼ਸੋਸ ਕਿ ਲਗਭਗ 20 ਦਿਨ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਇਹ ਰਿਪੋਰਟ ਜਨਤਕ ਨਹੀਂ ਕੀਤੀ ਗਈ।ਆਗੂਆਂ ਨੇ ਅੱਗੇ ਦੱਸਿਆ ਕਿ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ 9 ਮਈ ਨੂੰ ਸੀਨੀਅਰ ਜੂਨੀਅਰ ਦਾ ਲਾਭ ਦੇਣ ਸਬੰਧੀ ਜਾਰੀ ਪੱਤਰ ਵਿੱਚ ਮੰਨਿਆ ਹੈ ਕਿ ਪੰਜਾਬ ਦੇ ਮੁਲਾਜ਼ਮਾਂ ਲਈ ਏ ਸੀ ਪੀ ਸਕੀਮ ਅਧੀਨ ਲਾਭ ਦੇਣ ਦਾ ਮਾਮਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ।

## ਬਰੌਂਡਵੇ ਪਬਲਿਕ ਸਕੂਲ ਮਨਾਲ ਦਾ ਨਤੀਜਾ ਸ਼ਾਨਦਾਰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੀ.ਬੀ.ਐੱਸ.ਈ. ਬੋਰਡ ਵੱਲੋਂ ਦਸਵੀਂ ਤੇ ਬਾਰ੍ਹਵੀਂ ਦੇ ਐਲਾਨੇ ਨਤੀਜਿਆਂ ਵਿੱਚ ਬਰੌਂਡਵੇ ਪਬਲਿਕ ਸਕੂਲ ਮਨਾਲ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਸਕੂਲ ਦੇ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਦਾ ਨਤੀਜਾ ਸੌ ਫ਼ੀਸਦੀ ਰਿਹਾ ਹੈ।ਬਾਰ੍ਹਵੀਂ ਸ਼੍ਰੇਣੀ ਦੀ ਮੈਡੀਕਲ ਦੀ ਵਿਦਿਆਰਥਣ ਅਰਮਨਾਮਪ੍ਰੀਤ ਕੌਰ ਨੇ 96.8, ਹੁਸਨਪ੍ਰੀਤ ਸਿੰਘ (ਕਾਮਰਸ) ਨੇ 95, ਪ੍ਰਦੀਪ ਸਿੰਘ ਲੋਚਵ (ਕਾਮਰਸ) ਨੇ 94.8, ਅਸਨਾ (ਕਾਮਰਸ) ਨੇ 93.8,, ਹਰਜੋਤ ਕੌਰ (ਕਾਮਰਸ) ਨੇ 93.2, ਮਹਿਕਦੀਪ ਕੌਰ (ਕਾਮਰਸ) ਨੇ 93, ਅਰਸ਼ਦੀਪ ਕੌਰ (ਕਾਮਰਸ) ਨੇ 92.6, ਕੋਮਲਪ੍ਰੀਤ ਕੌਰ (ਆਰਟਸ ) ਨੇ 92.6, ਏਕਮਜੋਤ ਕੌਰ (ਮੈਡੀਕਲ) ਨੇ 92.2, ਖੁਸ਼ਵੀਰ ਕੌਰ ਕਾਮਰਸ ਨੇ 92, ਹਰਗੁਣ ਕੌਰ ਨੇ 91.4, ਮਨਕੀਰਤ ਕੌਰ ਆਰਟਸ ਨੇ 91.4, ਕੋਮਲਪ੍ਰੀਤ ਕੌਰ ਕਾਮਰਸ ਨੇ 91.2, ਕਰਨਵੀਰ ਜਿੰਦਲ ਮੈਡੀਕਲ ਨੇ 90.8, ਸਹਿਜਪ੍ਰੀਤ ਕੌਰ ਸੁਮੇਲ ਨੇ 90.8, ਅਰਸ਼ਪ੍ਰੀਤ ਕੌਰ ਆਰਟਸ ਨੇ 90.8, ਤਨਵੀਰ ਕੌਰ ਆਰਟਸ ਨੇ 90.6 ਪ੍ਰਤੀਸ਼ਤ ਅੰਕ ਲੈ ਕੇ ਮੈਰਿਟ ਵਿੱਚ ਆਪਣੀ ਮੋਹਰ ਲਾਈ।ਇਸੇ ਤਰ੍ਹਾਂ ਦਸਵੀਂ ਦੇ ਹੋਣਹਾਰ ਵਿਦਿਆਰਥੀ ਹਰਨੀਤ ਕੌਰ ਨੇ 97.8, ਅੰਮ੍ਰਿਤਪਾਲ ਕੌਰ ਨੇ 96.2, ਰਿਸ਼ਿਤਾ ਨੇ 95, ਵੀਰਪ੍ਰੀਤ ਕੌਰ ਨੇ 93.6, ਜਸਲੀਨ ਕੌਰ ਨੇ 93.2, ਈਸ਼ਾਨ ਚੀਮਾ ਨੇ 92.6, ਪਵਨੀਤ ਕੌਰ ਨੇ 92.4, ਅਹਿਲਦੀਪ ਕੌਰ ਨੇ 92.4, ਪ੍ਰਭਨੂਰ ਕੌਰ ਨੇ 90.8, ਤਨਵੀਰ ਸਿੰਘ ਨੇ 90.6, ਜਸਮਨਦੀਪ ਸਿੰਘ ਨੇ 90.4, ਅਰਮਨਾਮਦੀਪ ਸਿੰਘ ਨੇ 90.2 ਅਤੇ ਸੁਖਮਨੀ ਕੌਰ ਨੇ 90 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਜਿੱਥੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ, ਉੱਥੇ ਹੀ ਆਪਣੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ।

## ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਡਾਇਰੈਕਟਰ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ 20 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸੂਬੇ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਅਤੇ ਮਸਲਿਆਂ ਨੂੰ ਲੈ ਕੇ 20 ਮਈ ਨੂੰ ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ 34 ਸੈਕਟਰ ਚੰਡੀਗੜ੍ਹ ਸਥਿਤ ਦਫਤਰ ਦੇ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਉਪਰੋਕਤ ਜਾਣਕਾਰੀ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ 5 ਮਈ ਨੂੰ ਡਾਇਰੈਕਟਰ ਦੇ ਦਫ਼ਤਰ ਵਿੱਚ ਨੋਟਿਸ ਦਿੱਤਾ ਗਿਆ ਸੀ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਭਖਦੀਆਂ ਮੰਗਾਂ 'ਤੇ ਗੌਰ ਕੀਤੀ ਜਾਵੇ, ਪਰ ਕੋਈ ਕਾਰਵਾਈ ਨਹੀਂ ਹੋਈ, ਜਿਸ ਕਰਕੇ ਸੂਬਾ ਕਮੇਟੀ ਨੇ ਧਰਨਾ ਲਾਉਣ ਲਈ ਪ੍ਰੋਗਰਾਮ ਉਲੀਕਿਆ ਹੈ ।ਉਨ੍ਹਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਨੂੰ ਆਪਣੇ ਪਰਸਨਲ ਫੋਨਾਂ ਤੋਂ ਈ ਕੇ ਵਾਈ ਸੀ ਕਰਨ ਤੇ ਵੈਰੀਫਿਕੇਸ਼ਨ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਜਥੇਬੰਦੀ ਦੀ ਮੰਗ ਹੈ ਕਿ ਜਿੰਨੀ ਦੇਰ ਤੱਕ ਸਰਕਾਰ ਆਂਗਣਵਾੜੀ ਵਰਕਰਾਂ ਨੂੰ ਸਮਾਰਟ ਫੋਨ ਨਹੀਂ ਦਿੰਦੀ, ਓਨੀ ਦੇਰ ਆਂਗਣਵਾੜੀ ਵਰਕਰਾਂ ਕੋਲੋਂ ਇਹ ਕੰਮ ਨਾ ਕਰਾਏ ਜਾਣ।ਜੇਕਰ ਸਾਨੂੰ ਇਹ ਕੰਮ ਕਰਨ ਵਾਸਤੇ ਮਜਬੂਰ ਕੀਤਾ ਗਿਆ ਤਾਂ ਅਸੀਂ ਆਪਣੇ ਫੋਨਾਂ 'ਤੇ ਚੱਲ ਰਹੀ ਪੋਸ਼ਨ ਟਰੈਕਰ ਐਪ ਨੂੰ ਆਫਲੋਡ ਕਰ ਦੇਵਾਂਗੇ ਤੇ ਜਿੰਨੀ ਦੇਰ ਸਰਕਾਰੀ ਸਮਾਰਟ ਫੋਨ ਨਹੀਂ ਆਉਣਗੇ, ਅਸੀਂ ਪੋਸ਼ਨ ਟਰੈਕਰ ਐਪ ਨਹੀਂ ਚਲਾਵਾਂਗੇ। ਆਂਗਣਵਾੜੀ ਵਰਕਰਾਂ ਹੈਲਪਰਾਂ ਦਾ ਮਾਣ ਭੱਤਾ ਹਰ ਮਹੀਨੇ ਦੀ ਤਿੰਨ ਤਰੀਕ ਨੂੰ ਪੂਰੀ ਮਾਤਰਾ ਵਿੱਚ ਦੇਣਾ ਯਕੀਨੀ ਬਣਾਇਆ ਜਾਵੇ।ਜੇਕਰ ਇਹ ਮਾਣ ਭੱਤਾ ਸਮੇਂ ਸਿਰ ਨਾ ਦਿੱਤਾ ਗਿਆ ਤਾਂ ਆਗਣਵਾੜੀ ਕੇਂਦਰਾਂ ਦੇ ਵਿੱਚ ਚੱਲ ਰਹੇ ਕੰਮ ਬੰਦ ਕਰ ਦੇਵਾਂਗੇ।ਬਿਨਾਂ ਮਾਣ ਭੱਤੇ ਤੋਂ ਆਗਣਵਾੜੀ ਵਰਕਰਾਂ ਤੋਂ ਡਰਾ ਧਮਾਕਾ ਕੇ ਕੰਮ ਲਿਆ ਜਾ ਰਿਹਾ।ਕਈ ਬਲਾਕਾਂ ਦੇ ਵਿੱਚ ਛੇ ਛੇ ਮਹੀਨੇ ਤੋਂ ਮਾਣ ਭੱਤਾ ਨਹੀਂ ਮਿਲਿਆ।ਸਾਰੇ ਪੰਜਾਬ ਵਿੱਚ ਪਿਛਲੇਂ ਤਿੰਨ ਸਾਲ ਤੋਂ ਉੱਪਰ ਸਮਾਂ ਹੋ ਗਿਆ ਕਦੇ ਵੀ ਟਾਈਮ ਸਿਰ ਤੇ ਪੂਰਾ ਮਾਣ ਭੱਤਾ ਨਹੀਂ ਮਿਲਿਆ।ਆਂਗਣਵਾੜੀ ਕੇਂਦਰਾਂ ਦੇ ਵਿੱਚ ਆ ਰਿਹਾ ਰਾਸ਼ਨ ਬੇਹੱਦ ਘਟੀਆ ਕੁਆਲਟੀ ਦਾ ਹੈ ਅਤੇ ਬਹੁਤ ਜਿਆਦਾ ਮਾਤਰਾ ਦੇ ਵਿੱਚ ਸੁੱਟਿਆ ਜਾ ਰਿਹਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸਬੰਧਤ ਵਿਭਾਗ ਵੱਲੋਂ ਜੋ ਨਵੀਂ ਭਰਤੀ ਵਿੱਚ ਆਂਗਣਵਾੜੀ ਹੈਲਪਰਾਂ ਲਈ ਬੀ ਏ ਦੀ ਸ਼ਰਤ ਹਟਾਈ ਜਾਵੇ ।

## ਅਰਸ਼ ਵੱਲੋਂ ਸੂਬੇ ਵਿਚੋਂ ਤੀਜਾ ਸਥਾਨ



**ਭੀਖੀ (ਧਰਮਵੀਰ ਸ਼ਰਮਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਬਾਰ੍ਹਵੀਂ ਦੇ ਨਤੀਜੇ ਵਿੱਚ ਸ਼੍ਰੀ ਤਾਰਾ ਚੰਦ ਵਿੱਦਿਆ ਮੰਦਿਰ ਦੀ ਵਿਦਿਆਰਥਣ ਅਰਸ਼ ਵੱਲੋਂ ਸੂਬੇ ਵਿਚੋਂ ਤੀਜਾ ਸਥਾਨ ਹਾਸਲ ਕਰਨ ਦੀ ਉਪਲਬਧੀ 'ਤੇ ਸਕੂਲ ਪ੍ਰਬੰਧਨ, ਸਟਾਫ਼ ਤੇ ਵਿਦਿਆਰਥੀਆਂ ਵਲੋਂ ਕਸਬੇ ਵਿੱਚ ਸਨਮਾਨ ਯਾਤਰਾ ਕੱਢੀ ਗਈ। ਇਸ ਮੌਕੇ ਸ਼ਹਿਰੀਆਂ ਵਲੋਂ ਅਰਸ਼ ਦਾ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਅਰਸ਼ ਦੀ ਸਫਲਤਾ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸਕੂਲ ਨੂੰ ਇਸ ਵਿਦਿਆਰਥਣ 'ਤੇ ਮਾਣ ਹੈ, ਜਿਸਨੇ ਆਪਣੀ ਮਿਹਨਤ ਸਦਕਾ ਸਕੂਲ ਦਾ ਨਾਂਅ ਸੂਬਾ ਪੱਧਰ 'ਤੇ ਰੌਸ਼ਨ ਕੀਤਾ ਹੈ। ਸਕੂਲ ਪ੍ਰਬੰਧਕ ਮਾ. ਸਤੀਸ਼ ਕੁਮਾਰ ਨੇ ਕਿਹਾ ਕਿ ਵਿਦਿਆਰਥਣ ਦੀ ਸਫਲਤਾ 'ਤੇ ਸਕੂਲ ਅਤੇ ਪ੍ਰਬੰਧਕਾਂ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਸਕੂਲ ਪ੍ਰਬੰਧਨ ਵਲੋਂ ਸਿੱਖਿਆ ਦੇ ਬਹੁਪੱਖੀ ਵਿਕਾਸ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਇਸੇ ਉਦੇਸ਼ ਨਾਲ ਸਕੂਲ ਵਲੋਂ ਵਿਦਿਆਰਥੀਆਂ ਦੇਬਹੁਮੁੱਖੀ ਵਿਕਾਸ ਲਈ ਵੱਖ ਵੱਖ ਗਤੀਵਿਧੀਆਂ ਦਾ ਆਯੋਜਨ ਵੀ ਨਿਰੰਤਰ ਕੀਤਾ ਜਾਂਦਾ ਹੈ। ਇਸ ਮੌਕੇ ਮਾ. ਬ੍ਰਿਜ ਲਾਲ, ਐਡਵੋਕੇਟ ਮਨੋਜ ਕੁਮਾਰ ਸਿੰਗਲਾ, ਬਲਵਿੰਦਰ ਸਿੰਘ ਗੋਲਡੀ ਤੋਂ ਇਲਾਵਾ ਸਮੂਹ ਸਟਾਫ ਹਾਜਰ ਸੀ।

## ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੀ.ਬੀ.ਐਸ.ਈ ਦੁਆਰਾ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ 'ਚੋਂ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ 'ਚੋਂ ਗੁਰਕੀਰਤ ਸਿੰਘ ਨੇ 95.2% ਅੰਕਾਂ ਨਾਲ ਪਹਿਲਾ, ਮਨਪ੍ਰੀਤ ਸਿੰਘ ਨੇ 93.2% ਨਾਲ ਦੂਜਾ, ਐਸ਼ਵੀਰ ਕੌਰ ਨੇ 90.6% ਨਾਲ ਤੀਜਾ ਅਤੇ ਤਾਨੀਆ ਨੇ 90.4% ਅੰਕਾਂ ਨਾਲ ਚੌਥਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਅਦਿਤੀ, ਮਾਨਵਿਕਾ ਅਤੇ ਗੁਣਵੀਰ ਕੌਰ ਨੇ 90-90 ਫੀਸਦੀ ਅੰਕ ਹਾਸਲ ਕੀਤੇ। ਸਕੂਲ ਦੇ ਕੁੱਲ 84 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ 7 ਵਿਦਿਆਰਥੀਆਂ ਨੇ 90 ਫੀਸਦੀ ਤੇ 35 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵਧੇਰੇ ਅੰਕ ਹਾਸਲ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਐਮ. ਡੀ ਪ੍ਰੋਫੈਸਰ ਐਮ. ਐਲ ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ ਤੇ ਸਮੂਹ ਸਟਾਫ ਨੇ ਸ਼ਾਨਦਾਰ ਰਿਜਲਟ ਲਈ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀ ਵੱਲੋਂ ਕੈਮਰੇ ਲਗਵਾਉਣ ਲਈ ਪੰਜ ਲੱਖ ਦੀ ਸੈਂਕਸ਼ਨ ਲੈਟਰ ਜਾਰੀ

**ਸ੍ਰੀ ਮੁਕਤਸਰ ਸਾਹਿਬ ੀ(ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹੇ ਦੇ ਪਿੰਡ ਧੂਲਕੋਟ 'ਚ ਕੈਮਰੇ ਲਗਾਉਣ ਲਈ ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀ, ਸ੍ਰੀ ਮੁਕਤਸਰ ਸਾਹਿਬ ਸੁਖਜਿੰਦਰ ਸਿੰਘ ਕਾਉਣੀ ਨੇ ਆਪਣੇ ਦਫ਼ਤਰ ਵਿਖੇ ਪੰਜ ਲੱਖ ਰੁਪਏ ਦੀ ਰਾਸ਼ੀ ਦਾ ਸੈਂਕਸ਼ਨ ਲੈਟਰ ਜਾਰੀ ਕੀਤਾ।ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਕੈਮਰੇ ਲੱਗਣ ਨਾਲ ਜਿੱਥੇ ਸ਼ਰਾਰਤੀ ਅਨਸਰਾਂ ਉੱਤੇ ਨਜ਼ਰ ਰਹੇਗੀ, ਉੱਥੇ ਨਾਲ ਹੀ ਪਿੰਡ ਵਾਸੀ ਵੀ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਨਗੇ ਅਤੇ ਇਸ ਤਰ੍ਹਾਂ ਅਣਸੁਖਾਵੀਂ ਘਟਨਾ ਵਾਪਰਨ ਤੋਂ ਵੀ ਬਚਿਆ ਜਾ ਸਕੇਗਾ।ਇਸ ਮੌਕੇ ਸਰਪੰਚ ਛਿੰਦਰ ਕੌਰ ਪਤਨੀ ਇਕਬਾਲ ਸਿੰਘ, ਮਨਦੀਪ ਸਿੰਘ ਯੂਥ ਪ੍ਰਧਾਨ, ਸੁਖਜੀਤ ਸਿੰਘ ਮੈਂਬਰ, ਮੱਖਣ ਸਿੰਘ ਮੈਂਬਰ, ਸੁਖਮੰਦਰ ਸਿੰਘ ਮੈਂਬਰ, ਰੇਸ਼ਮ ਸਿੰਘ ਮੈਬਰ, ਚਰਨਜੀਤ ਸਿੰਘ, ਜਬਰਜੰਗ ਸਿੰਘ ਮੈਬਰ, ਹਰਮਨ ਸਿੰਘ, ਨਿਰਮਲ ਸਿੰਘ ਹਾਜ਼ਰ ਸਨ

## ਡਾ. ਬਲਜੀਤ ਕੌਰ ਨੇ ਗਤੀਵਿਧੀਆਂ ਦੀ ਕੀਤੀ ਸਮੀਖਿਆ



**ਸ੍ਰੀ ਮੁਕਤਸਰ ਸਾਹਿਬ/ਮਲੋਟ, (ਸ਼ਮਿੰਦਰਪਾਲ, ਪੂਜਾ, ਓਮ ਪ੍ਰਕਾਸ਼ ਸੇਖੂ)** ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤੇ ਮਲੋਟ ਹਲਕੇ ਤੋਂ ਵਿਧਾਇਕ ਡਾ. ਬਲਜੀਤ ਕੌਰ ਨੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਵਿਕਾਸ ਕਾਰਜਾਂ ਅਤੇ ਹੋਰ ਗਤੀਵਿਧੀਆਂ ਦੀ ਸਮੀਖਿਆ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਤੇ ਪੂਰੇ ਸੂਬੇ ਵਿੱਚ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਲਗਾਤਾਰ ਲੋੜੀਂਦੇ ਫੰਡ ਜਾਰੀ ਕੀਤੇ ਜਾ ਰਹੇ ਹਨ।ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੂਰੇ ਪੰਜਾਬ ਵਾਂਗ ਮਲੋਟ ਹਲਕੇ 'ਚ ਕਿਸੇ ਵੀ ਵਿਕਾਸ ਕਾਰਜ ਲਈ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਹਰ ਪ੍ਰੋਜੈਕਟ ਨੂੰ ਪੂਰੇ ਪਾਰਦਰਸ਼ੀ ਢੰਗ ਨੇਪਰੇ ਚਾੜ੍ਹਨਾ ਯਕੀਨੀ ਬਣਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਅਤੇ ਲੋਕਾਂ ਦੇ ਇੱਕ-ਇੱਕ ਪੈਸੇ ਨੂੰ ਲੋਕਾਂ ਦੀ ਭਲਾਈ ਲਈ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ।ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਨੂੰ ਸੰਜੀਦਗੀ ਨਾਲ ਨੱਥ ਪਾਈ ਜਾ ਰਹੀ ਹੈ ਤੇ ਕਿਸੇ ਨੂੰ ਵੀ ਸਰਕਾਰੀ ਪੈਸੇ ਜਾਂ ਲੋਕਾਂ ਤੋਂ ਪੈਸੇ ਉਗਰਾਹੁਣ ਦੀ ਕਿਸੇ ਵੀ ਕੀਮਤ 'ਤੇ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਲੋਕਾਂ ਦੀ ਖੱਜਲ ਖੁਆਰੀ ਰੋਕਣ ਲਈ ਉਨ੍ਹਾਂ ਦੀ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਲੋਕ ਪੱਖੀ ਫ਼ੈਸਲੇ ਲਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸਰਕਾਰੀ ਮਹਿਕਮਿਆਂ ਵਿੱਚ ਸੁਧਾਰ ਦੇ ਨਾਲ-ਨਾਲ ਉਨ੍ਹਾਂ ਦੀ ਸਰਕਾਰ ਵੱਲੋਂ ਸਮਾਜਕ ਸੁਧਾਰਾਂ ਲਈ ਵੀ ਲੋੜੀਂਦੇ ਯਤਨ ਲਗਾਤਾਰ ਜਾਰੀ ਹਨ।

## ਡਾਕਟਰ ਬਣ ਕੇ ਮਨੁੱਖਤਾ ਦੀ ਸੇਵਾ ਕਰਨਾ ਲੋਚਦੀ ਹੈ ਹੇਜਲ



**ਭੀਖੀ (ਧਰਮਵੀਰ ਸ਼ਰਮਾ)**-ਸੀ.ਬੀ.ਐਸ.ਈ. ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ ਵਿੱਚ ਸਰਵਹਿੱਤਕਾਰੀ ਵਿਦਿਆ ਮੰਦਿਰ ਦੀ ਵਿਦਿਆਰਥਣ ਹੇਜਲ ਨੇ 98.8 ਫੀਸਦੀ ਅੰਕ ਹਾਸਲ ਕਰਕੇ ਜਿਥੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ, ਉਥੇ ਆਪਣੇ ਸਕੂਲ ਦੀ ਸ਼ਾਨ ਵਿੱਚ ਵਧਾਈ ਹੈ। ਆਪਣੀ ਸਫਲਤਾ 'ਤੇ ਪ੍ਰਤੀਕਰਮ ਕਰਦਿਆਂ ਹੇਜਲ ਨੇ ਕਿਹਾ ਕਿ ਉਹ ਰੋਜਾਨਾ ਸਕੂਲ ਟਾਇਮ ਤੋਂ ਇਲਾਵਾ 7 ਘੰਟੇ ਨਿਰੰਤਰ ਪੜ੍ਹਾਈ ਕਰਦੀ ਹੈ ਅਤੇ ਉਸਦੀ ਦਿਲਚਸਪੀ ਮੈਡੀਕਲ ਲਾਇਨ ਦੀ ਸਿੱਖਿਆ ਹਾਸਲ ਕਰਨਾ ਹੈ। ਉਹ ਕਹਿੰਦੀ ਹੈ ਕਿ ਉਹ ਇੱਕ ਕਾਮਯਾਬ ਡਾਕਟਰ ਬਣ ਕੇ ਸਮਾਜ ਅਤੇ ਮਨੁੱਖਤਾ ਦੀ ਸੇਵਾ ਕਰਨਾ ਲੋਚਦੀ ਹੈ। ਸੇਜਲ ਦੀ ਮਾਤਾ ਹਿੰਦੀ ਅਧਿਆਪਕਾ ਪ੍ਰਿਆ ਰਾਣੀ ਨੇ ਕਿਹਾ ਕਿ ਉਸਦੀ ਬੇਟੀ ਸਹਿਜ, ਨਿਮਰ ਅਤੇ ਸ਼ਾਂਤ ਸੁਭਾਅ ਦੀ ਹੈ ਤੇ ਉਸਨੇ ਕਦੇ ਵੀ ਨਿੱਜੀ ਜ਼ਰੂਰਤ ਲਈ ਜ਼ਿਦ ਨਹੀਂ ਕੀਤੀ। ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਜਿੰਦਰਪਾਲ ਜਿੰਦਲ, ਉਪ ਪ੍ਰਧਾਨ ਪ੍ਰਸ਼ੋਤਮ ਮੱਤੀ ਅਤੇ ਸਕੂਲ ਪ੍ਰਿੰਸੀਪਲ ਗਗਨਦੀਪ ਪਰਾਸ਼ਰ ਨੇ ਹੇਜਲ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਸਦੇ ਇਸ ਮੁਕਾਮ ਨੇ ਸਕੂਲ ਦਾ ਰੁਤਬਾ ਵੀ ਉੱਚਾ ਕੀਤਾ ਹੈ ਅਤੇ ਸਾਨੂੰ ਅਜਿਹੇ ਵਿਦਿਆਰਥੀਆਂ 'ਤੇ ਹਮੇਸ਼ਾ ਮਾਣ ਰਹੇਗਾ।

## ਸੁਪਰੀਮ ਕਾਨਵੈਂਟ ਸਕੂਲ ਦਾ ਨਤੀਜਾ ਸ਼ਾਨਦਾਰ





**ਹਠੂਰ (ਨਛੱਤਰ ਸੰਧੂ)**-ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਦਾ ਸੀ.ਬੀ.ਐਸ.ਈ ਬੋਰਡ ਦੁਆਰਾ ਜਾਰੀ ਕੀਤਾ ਦਸਵੀਂ ਤੇ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਬਾਰ੍ਹਵੀਂ ਸਾਇੰਸ ਗਰੁੱਪ ਵਿੱਚ ਜਸ਼ਨਦੀਪ ਕੌਰ ਧਾਲੀਵਾਲ ਨੇ 96. 8% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਸੁਖਪ੍ਰੀਤ ਕੌਰ ਨੇ 95. 2% ਅੰਕਾਂ ਦੇ ਨਾਲ ਦੂਸਰਾ ਸਥਾਨ ਹਾਸਲ ਕੀਤਾ ਤੇ ਸੁਖਬੀਰ ਕੌਰ ਮਾਨ ਨੇ94. 2% ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ।ਕਾਮਰਸ ਗਰੁੱਪ ਵਿੱਚ ਕਮਲ ਵੀਰ ਕੌਰ ਧਾਲੀਵਾਲ ਨੇ97. 8% ਤੇ ਵੰਸ਼ਿਕਾ ਜੈਨ ਨੇ97. 8% ਅੰਕਾਂ ਨਾਲ ਪਹਿਲਾ ਸਥਾਨ, ਦਿਲਜਾਨ ਸਿੰਘ ਧਾਲੀਵਾਲ ਨੇ 94. 8% ਅੰਕਾਂ ਨਾਲ ਦੂਜਾ ਸਥਾਨ ਤੇ ਜਸ਼ਨਦੀਪ ਕੌਰ ਢਿੱਲੋਂ ਨੇ 91% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਬਾਰ੍ਹਵੀਂ ਆਰਟਸ ਗਰੁੱਪ ਵਿੱਚ ਦਲਵੀਰ ਕੌਰ ਨੇ87. 2% ਅੰਕਾਂ ਨਾਲ ਪਹਿਲਾ ਸਥਾਨ ,ਜਗਜੀਵਨ ਸਿੰਘ ਨੇ 86. 2% ਨਾਲ ਦੂਜਾ ਸਥਾਨ ਤੇ ਸੁਖਮਨਪ੍ਰੀਤ ਕੌਰ ਨੇ 77. 2% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਜੇਕਰ ਬਾਰ੍ਹਵੀਂ ਕਲਾਸ ਦੀ ਵਿਸ਼ਿਆਂ ਦੇ ਮੁਤਾਬਕ ਗੱਲ ਕੀਤੀ ਜਾਵੇ ਤਾਂ ਅੰਗਰੇਜ਼ੀ ਵਿਸ਼ੇ ਵਿੱਚ ਕਮਲ ਵੀਰ ਕੌਰ ਧਾਲੀਵਾਲ ਨੇ 100 ਵਿੱਚੋਂ 97 ਅੰਕ ਫ਼ਿਜ਼ੀਕਲ ਐਜੂਕੇਸ਼ਨ ਵਿੱਚ ਸੁਖਪ੍ਰੀਤ ਕੌਰ ਨੇ 100 ਵਿੱਚੋਂ 99 ਅੰਕ ਕਮਿਸਟਰੀ ਵਿਸ਼ੇ ਵਿੱਚ ਜਸ਼ਨਦੀਪ ਕੌਰ ਧਾਲੀਵਾਲ ਨੇ 100 ਵਿੱਚੋਂ 100 ਅੰਕ ਅਤੇ ਬਿਜ਼ਨੈੱਸ ਸਟੱਡੀ ਵਿੱਚ ਕਮਲ ਵੀਰ ਕੌਰ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ।

ਇਸੇ ਤਰ੍ਹਾਂ ਫ਼ਿਜ਼ਿਕਸ ਵਿਸ਼ੇ ਵਿੱਚ ਸੁਖਬੀਰ ਕੌਰ ਮਾਨ ਨੇ 100 ਵਿੱਚੋਂ 95 ਅੰਕ ਅਕਾਊਂਟਸ ਵਿਸ਼ੇ ਵਿੱਚ ਵੰਸ਼ਿਕਾ ਜੈਨ ਨੇ 100 ਵਿੱਚੋਂ 98 ਅੰਕ ਇਕਨੋਮਿਕਸ ਵਿਸ਼ੇ ਵਿੱਚ ਦਿਲਜਾਨ ਸਿੰਘ ਧਾਲੀਵਾਲ ਨੇ 100 ਵਿੱਚੋਂ 99 ਅੰਕ ਤੇ ਬਾਓਲੋਜੀ ਵਿਸ਼ੇ ਵਿੱਚ ਜਸ਼ਨਦੀਪ ਕੌਰ ਧਾਲੀਵਾਲ ਨੇ 100 ਵਿੱਚੋਂ 97 ਅੰਕ ਪ੍ਰਾਪਤ ਕੀਤੇ ਮੈਥ ਵਿਸ਼ੇ ਵਿੱਚ ਸੁਖਬੀਰ ਕੌਰ ਮਾਨ ਨੇ 100 'ਚੋਂ 87 ਅੰਕ ਲਏ।

ਆਰਟਸ ਗਰੁੱਪ ਵਿੱਚ ਲਖਵਿੰਦਰ ਸਿੰਘ ਧਾਲੀਵਾਲ ਨੇ ਵਿਸ਼ੇ ਵਾਰ ਪੰਜਾਬੀ ਵਿੱਚ 100 ਵਿੱਚੋਂ 93 ਅੰਕ ਹਿਸਟਰੀ ਵਿਸ਼ੇ ਵਿੱਚ ਜਗਜੀਵਨ ਸਿੰਘ ਨੇ 100 ਅੰਕਾਂ ਵਿੱਚੋਂ 87 ਅੰਕ ਰਾਜਨੀਤੀ ਸ਼ਾਸਤਰ ਵਿੱਚ ਦਿਲਜੀਤ ਕੌਰ ਨੇ 100 ਅੰਕਾਂ ਵਿੱਚੋਂ 88 ਅੰਕ ਪ੍ਰਾਪਤ ਕੀਤੇ। ਇਸੇ ਤਰ੍ਹਾਂ ਦਸਵੀਂ ਕਲਾਸ ਦਾ ਨਤੀਜਾ ਵੀ ਸ਼ਾਨਦਾਰ ਰਿਹਾ ਜਿਸ ਵਿੱਚ ਮਹਿਕ ਪ੍ਰੀਤ ਕੌਰ ਸਿੱਧੂ ਨੇ 91.4 ਅੰਕਾਂ ਨਾਲ ਪਹਿਲਾ ਸਥਾਨ ਕਮਲਦੀਪ ਕੌਰ ਨੇ 90% ਅੰਕਾਂ ਦੇ ਨਾਲ ਦੂਸਰਾ ਸਥਾਨ ਤੇ ਦਵਿੰਦਰ ਸਿੰਘ ਨੇ 89.8 ਅੰਕਾਂ ਦੇ ਨਾਲ ਤੀਸਰਾ ਸਥਾਨ ਹਾਸਲ ਕੀਤਾ। ਵਿਸ਼ੇ ਵਾਰ ਵੰਡ ਅਨੁਸਾਰ ਪੰਜਾਬੀ ਵਿਸ਼ੇ ਵਿੱਚੋਂ ਮਹਿਕਪ੍ਰੀਤ ਕੌਰ ਸਿੱਧੂ ਖੁਸ਼ਪ੍ਰੀਤ ਕੌਰ ਗੋਬਿੰਦਪ੍ਰੀਤ ਸਿੰਘ ਤੇ ਸੁਖਬੀਰ ਕੌਰ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ ਸਮਾਜਿਕ ਸਿੱਖਿਆ ਵਿਸ਼ੇ ਵਿੱਚੋਂ ਖੁਸ਼ਪ੍ਰੀਤ ਕੌਰ ਨੇ 100 ਅੰਕਾਂ ਵਿੱਚੋਂ 98 ਅੰਕ ਪ੍ਰਾਪਤ ਕੀਤੇ ਸਾਇੰਸ ਵਿਸ਼ੇ ਵਿੱਚੋਂ ਮਹਿਕਪ੍ਰੀਤ ਕੌਰ ਸਿੱਧੂ, ਦਵਿੰਦਰ ਸਿੰਘ, ਕਮਲਦੀਪ ਕੌਰ ਨੇ 100 ਅੰਕਾਂ ਵਿੱਚੋਂ 94 ਅੰਕ ਪ੍ਰਾਪਤ ਕੀਤੇ। ਮੈਥ ਵਿਸ਼ੇ ਵਿੱਚ ਦਵਿੰਦਰ ਸਿੰਘ ਨੇ 100 ਅੰਕਾਂ ਵਿੱਚੋਂ 89 ਅੰਕ ਲੈ ਕੇ ਵਿਸ਼ੇ ਵਾਰ ਪਹਿਲਾ ਸਥਾਨ ਹਾਸਲ ਕੀਤਾ।

## ਨਜਾਇਜ਼ ਅਸਲੇ ਸਮੇਤ 2 ਗ੍ਰਿਫ਼ਤਾਰ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਜ਼ਿਲ੍ਹਾ ਪੁਲਸ ਨੇ ਐਸ ਐਸ ਪੀ ਡਾ. ਅਖਿਲ ਚੌਧਰੀ, ਆਈ.ਪੀ.ਐਸ. ਦੀ ਅਗਵਾਈ ਹੇਠ ਗੁਪਤ ਸੂਚਨਾ ਦੇ ਅਧਾਰ 'ਤੇ ਚਲਾਈ ਗਈ ਕਾਰਵਾਈ ਦੌਰਾਨ ਪਿੰਡ ਆਧਣੀਆਂ (ਥਾਣਾ ਲੰਬੀ) ਨੇੜੇ ਨਜਾਇਜ਼ ਹਥਿਆਰਾਂ ਸਮੇਤ 2 ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ।ਇਹ ਗ੍ਰਿਫ਼ਤਾਰੀ ਇੱਕ ਛੋਟੀ ਕਾਰ ਚੇਜ਼ ਤੋਂ ਬਾਅਦ ਕੀਤੀ ਗਈ।

ਇਹ ਓਪਰੇਸ਼ਨ ਐਸ ਪੀ (ਡੀ) ਤੇ ਡੀ ਐਸ ਪੀ (ਡੀ) ਦੀ ਸਿੱਧੀ ਨਿਗਰਾਨੀ ਹੇਠ ਕੀਤਾ ਗਿਆ।ਸ਼ੁਰੂਆਤੀ ਜਾਂਚ ਦੌਰਾਨ ਇਹ ਪਤਾ ਲੱਗਾ ਹੈ ਕਿ ਦੋਸ਼ੀ 13 ਮਈ ਨੂੰ ਥਾਣਾ ਸਿਟੀ ਮਲੋਟ ਦੀ ਹਦ ਵਿੱਚ ਹੋਈ ਦੋ ਪਾਰਟੀਆਂ ਵਿਚਾਲੇ ਲੜਾਈ ਵਿੱਚ ਸ਼ਾਮਲ ਸਨ, ਜਿਸ ਦੌਰਾਨ ਇਨ੍ਹਾਂ ਵਲੋਂ ਗੋਲੀਬਾਰੀ ਵੀ ਕੀਤੀ ਗਈ ਸੀ।ਉਕਤ ਹਥਿਆਰ ਵੀ ਇਸੇ ਘਟਨਾ ਵਿੱਚ ਵਰਤੇ ਜਾਣ ਦੀ ਸੰਭਾਵਨਾ ਹੈ।

ਇਸ ਸਬੰਧੀ ਪਹਿਲਾਂ ਹੀ ਮੁਕਦਮਾ ਤਹਿਤ ਧਾਰਾਵਾਂ ਬੀਐਸਐਨਅਧੀਨ ਥਾਣਾ ਸਿਟੀ ਮਲੋਟ ਵਿੱਚ ਦਰਜ ਕੀਤੀ ਗਈ ਹੈ।ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾਲ ਸੰਭਾਵਿਤ ਤੌਰ 'ਤੇ ਇੱਕ ਯੋਜਨਾ ਬੱਧ ਕਤਲ ਨੂੰ ਰੋਕ ਲਿਆ ਗਿਆ ਹੈ, ਜੋ ਥਾਣਾ ਮਲੋਟ ਖੇਤਰ ਵਿੱਚ ਕੀਤਾ ਜਾਣਾ ਸੀ।

## ਡੀ.ਵੀ.ਐੱਮ.ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸੀ.ਬੀ.ਐੱਸ.ਈ ਬੋਰਡ ਵਲੋਂ ਐਲਾਨੇ ਗਏ 10ਵੀਂ ਤੇ 12ਵੀਂ ਦੇ ਨਤੀਜੇ ਵਿੱਚ ਡੀ.ਵੀ.ਐੱਮ.ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਉਦੇਕਰਨ (ਸ੍ਰੀ ਮੁਕਤਸਰ ਸਾਹਿਬ) ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਪ੍ਰਿੰਸੀਪਲ ਡਾ. ਰਾਜ ਕੁਮਾਰੀ ਨੇ ਦੱਸਿਆ ਕਿ 12ਵੀਂ ਵਿੱਚੋਂ ਆਦਿਤਿਆ ਕੁਮਾਰ ਸੁੰਦਰਾਏ (ਸਪੁੱਤਰ ਅਸ਼ੋਕ ਕੁਮਾਰ ਸੁੰਦਰਾਏ) ਨੇ ਮੈਡੀਕਲ ਗਰੁੱਪ ਵਿੱਚੋਂ 89% ਅੰਕ ਨਾਲ ਪਹਿਲਾ ਸਥਾਨ, ਮੈਡੀਕਲ ਗਰੁੱਪ ਵਿੱਚੋਂ ਗੁਰਜੋਤਪ੍ਰੀਤ ਸਿੰਘ (ਸਪੁੱਤਰ ਗੁਰਵਿੰਦਰ ਸਿੰਘ) ਨੇ 80% ਅੰਕ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ।ਨਾਨ-ਮੈਡੀਕਲ ਗਰੁੱਪ ਵਿੱਚੋਂ ਬੀਰਜੋਤ ਕੌਰ (ਸਪੁੱਤਰੀ ਰਮਿੰਦਰਜੀਤ ਸਿੰਘ ਬੇਦੀ) ਨੇ 82% ਅੰਕ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ।ਕਾਮਰਸ ਗਰੁੱਪ ਵਿੱਚੋਂ ਅਨੁਰੀਤ ਕੌਰ (ਸਪੁੱਤਰੀ ਮਨਪ੍ਰੀਤ ਸਿੰਘ) ਨੇ 87.4% ਅੰਕ ਨਾਲ ਪਹਿਲਾ ਸਥਾਨ ਤੇ ਸ਼ਰਨਜੀਤ ਕੌਰ (ਸਪੁੱਤਰੀ ਗੁਰਮੀਤ ਸਿੰਘ) ਨੇ 84.4% ਅੰਕ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ।ਆਰਟਸ ਗਰੁੱਪ ਵਿੱਚੋਂ ਰਿਸ਼ਿਤਕਾ ਕੰਵਰ (ਸਪੁੱਤਰੀ ਸਮੇ ਸਿੰਘ ਰਾਜਪੂਤ) ਨੇ 85% ਅੰਕ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ 10ਵੀਂ ਦੇ ਵਿਦਿਆਰਥੀਆਂ ਵਿੱਚੋਂ ਹਰਪ੍ਰੀਤ ਕੌਰ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਵਿਕਰਮਜੀਤ ਸਿੰਘ ਮਾਨੇਸ ਨੇ 89% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਯੁਵਰਾਜ ਨੇ 88.2 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।

## 4.35 ਗ੍ਰਾਮ ਹੈਰੋਇਨ ਸਮੇਤ ਕਾਬੂ



**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਅਤੇ ਪਲਿਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਬ ਇੰਸਪੈਕਟਰ ਸਤਨਾਮ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਲਾਚੌਰ ਅਤੇ ਭੂਸ਼ਣ ਲਾਲ ਐਸ ਆਈ ਦੀ ਟੀਮ ਵੱਲੋਂ ਮਨਦੀਪ ਸਿੰਘ ਉਰਫ ਦੀਪਾ ਪੁੱਤਰ ਰਸ਼ਪਾਲ ਸਿੰਘ ਵਾਸੀ ਪਿੰਡ ਖੰਡੂਪੁਰ ਨੂੰ 4.35 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਹੈ। ਕਥਿਤ ਦੋਸ਼ੀ ਦੇ ਖਿਲਾਫ ਥਾਣਾ ਸਿਟੀ ਬਲਾਚੌਰ ਵਿਖੇ ਮੁਕੱਦਮਾ ਨੰਬਰ 64 ਮਿਤੀ 12 - 5 - 25 ਅ/ਧ 21 ਐਨ ਡੀ ਪੀ ਐਸ ਐਕਟ ਦੇ ਤਹਿਤ ਦਰਜ ਕੀਤਾ ਗਿਆ ਹੈ। ਐਸ ਐਚ ਓ ਸਤਨਾਮ ਸਿੰਘ ਨੇ ਦੱਸਿਆ ਕਿ ਕਥਿਤ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਨ ਉਪਰੰਤ ਲੁਧਿਆਣਾ ਜੇਲ੍ਹ ਵਿਖੇ ਭੇਜਿਆ ਜਾ ਰਿਹਾ ਹੈ। ਕਥਿਤ ਦੋਸ਼ੀ ਦੇ ਕੀਤੇ ਇੰਕਸ਼ਾਫ ਮੁਤਾਬਕ ਬਿਕਰਮ ਸਿੰਘ ਉਰਫ ਵਿੱਕੀ ਪੁੱਤਰ ਜੈਪਾਲ ਸਿੰਘ ਵਾਸੀ ਫਿਰਨੀ ਮਜ਼ਾਰਾ ਨੂੰ ਨਾਮਜਦ ਕਰਕੇ ਮੁਕੱਦਮੇ ਵਿੱਚ ਵਾਧਾ ਕੀਤਾ ਗਿਆ ਹੈ।

## 20 ਦੀ ਦੇਸ਼-ਵਿਆਪੀ ਹੜਤਾਲ ਦੀ ਸਫਲਤਾ ਲਈ ਟਰੇਡ ਯੂਨੀਅਨਾਂ ਤੇ ਜਨਤਕ ਜਥੇਬੰਦੀਆਂ ਕੀਤੀ ਮੀਟਿੰਗ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਇਥੇ ਜ਼ਿਲੇ ਦੀਆਂ ਸੀਟੂ,ਏਟਕ, ਸੀਟੀਯੂ ਨਾਲ ਸਬੰਧਤ ਅਤੇ ਹੋਰ ਜਨਤਕ ਜਥੇਬੰਦੀਆਂ ਦੀ ਸਾਂਝੀ ਵਿਸ਼ਾਲ ਮੀਟਿੰਗ ਸਰਵਸਾਥੀ ਨਿਰੰਜਣ ਦਾਸ ਮੇਹਲੀ, ਜਸਵੰਤ ਸਿੰਘ ਸੈਣੀ, ਕਰਨੈਲ ਸਿੰਘ ਰਾਹੋਂ ਦੀ ਪ੍ਰਧਾਨਗੀ ਹੇਠ ਹੋਈ। ਸੀਟੂ ਪੰਜਾਬ ਦੇ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ ਨੇ ਦੱਸਿਆ ਕਿ ਡੇਢ ਦਰਜਨ ਤੋਂ ਵੱਧ ਬੁਲਾਰਿਆਂ ਨੇ 20 ਮਈ ਦੀ ਦੇਸ਼ ਵਿਆਪੀ ਹੜਤਾਲ ਦੀ ਸਫਲਤਾ ਤਿਆਰੀ ਲਈ ਕੀਤੇ ਕੰਮਾਂ ਦੀ ਜਾਣਕਾਰੀ ਦਿੱਤੀ। ਜ਼ਿਲੇ ਦੇ ਇੰਡਸਟਰੀਅਲ ਏਰੀਆ ਦੀਆਂ ਫੈਕਟਰੀਆਂ ਅੱਗੇ ਹੜਤਾਲ ਦੀ ਤਿਆਰੀ ਵਿਚ ਗੇਟ ਮੀਟਿੰਗਾਂ ਕੀਤੀਆਂ ਗਈਆਂ ਹਨ, ਗੇਟਾਂ ਅੱਗੇ ਬੈਨਰ, ਪੋਸਟਰ ਚਿਪਕਾਏ ਜਾ ਚੁੱਕੇ ਹਨ। ਵਰਕਰਾਂ ਨੂੰ ਹੈਂਡ ਬਿੱਲ ਵੰਡੇ ਜਾ ਰਹੇ ਹਨ। ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ,ਮਿਡ ਡੇ ਮੀਲ ਕੁੱਕ ਵਰਕਰਾਂ ਦੀਆਂ ਜਥੇਬੰਦੀਆਂ ਮੀਟਿੰਗਾਂ ਕਰਕੇ ਹੜਤਾਲ ਲਈ ਪ੍ਰੇਰਿਆ ਜਾ ਰਿਹਾ ਹੈ। ਰੋਡਵੇਜ਼ ਵਰਕਰਾਂ ਵਲੋਂ ਬੱਸਾਂ ਦਾ ਚੱਕਾ ਜਾਮ ਕਰਕੇ ਹੜਤਾਲ ਵਿੱਚ ਸ਼ਾਮਲ ਹੋਇਆ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਹੜਤਾਲ ਦਾ ਮੁਕੰਮਲ ਸਮਰਥਨ ਕਰਨ ਦਾ ਐਲਾਨ ਕੀਤਾ ਅਤੇ ਭਾਰਤ ਬੰਦ ਵਰਗੇ ਹਾਲਾਤ ਬਣਾਉਣ ਦੇ ਯਤਨ ਕੀਤੇ ਜਾਣਗੇ।ਸ਼ਹਿਰ ਦੀਆਂ ਟੈਕਸੀ ਯੂਨੀਅਨ ਵੱਲੋਂ ਹੜਤਾਲ ਦਾ ਸਮਰਥਨ ਕਰਦੇ ਹੋਏ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਇਆ ਜਾਵੇਗਾ।ਮਿਡ ਡੇ ਮੀਲ ਕੁੱਕ ਵਰਕਰਾਂ, ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ ਅਤੇ ਮਨਰੇਗਾ ਵਰਕਰ ਹੜਤਾਲ ਕਰਨ ਉਪਰੰਤ ਰੈਲੀ ਅਤੇ ਵਿਖਾਵੇ ਵਿੱਚ ਸ਼ਾਮਲ ਹੋਣਗੇ। ਜਿਸ ਵਿਚ ਮਹਾਂ ਸਿੰਘ ਰੌੜੀ, ਨਿਰੰਜਣ ਦਾਸ ਮੇਹਲੀ, ਪ੍ਰੇਮ ਰੱਕੜ, ਚਰਨਜੀਤ ਸਿੰਘ ਦੌਲਤਪੁਰ, , ਕੁਲਦੀਪ ਦੌੜਕਾ, ਨਰਿੰਦਰ ਪੰਡੋਰੀ, ਬਿਕਰਮ ਸਿੰਘ, ਦਸੌਂਧਾ ਸਿੰਘ, ਨਿਰਮਲ ਸਿੰਘ ਔਜਲਾ, ਅਮਰਜੀਤ ਕੌਰ, ਕਰਨੈਲ ਸਿੰਘ ਰਾਹੋਂ,ਸੋਮ ਲਾਲ, ਜਸਵੰਤ ਸਿੰਘ ਸੈਣੀ,ਰਾਣਾ ਟੈਕਸੀ ਯੂਨੀਅਨ ਪ੍ਰਮੁੱਖ ਸਨ। ਫੈਸਲਾ ਕੀਤਾ ਗਿਆ ਕਿ ਸਾਰੀਆਂ ਜਥੇਬੰਦੀਆਂ ਹੜਤਾਲ ਕਰਕੇ ਠੀਕ 11 ਵਜੇ ਸਵੇਰੇ ਜਨਰਲ ਬੱਸ ਸਟੈਂਡ ਨਵਾਂ ਸ਼ਹਿਰ ਰੈਲੀ ਵਿਚ ਸ਼ਾਮਿਲ ਹੋਣ, ਰੈਲੀ ਉਪਰੰਤ ਸ਼ਹਿਰ ਅੰਦਰ ਵਿਸ਼ਾਲ ਪ੍ਰਦਰਸ਼ਨ ਕੀਤਾ ਜਾਵੇਗਾ ।ਮੀਟੰਗ ਵਿੱਚ ਕਮਿਊਨਿਸਟ ਅਤੇ ਕਿਸਾਨ ਆਗੂ ਕਾਮਰੇਡ ਪ੍ਰੇਮ ਸਿੰਘ ਮੰਢਾਲੀ ਦੇ ਕਤਲ ਦੀ ਨਿਖੇਧੀ ਕੀਤੀ ਗਈ ਅਤੇ ਪੁਲਸ ਪ੍ਰਸ਼ਾਸਨ ਤੋਂ ਕਾਤਲਾਂ ਨੂੰ ਜਲਦੀ ਤੋਂ ਜਲਦੀ ਗਿਰਫਤਾਰ ਕਰਨ ਦੀ ਮੰਗ ਕੀਤੀ ਗਈ।

## ਸੰਯੁਕਤ ਕਿਸਾਨ ਮੋਰਚਾ ਨੇ ਜੰਗ ਦੇ ਖਿਲਾਫ਼ ਕੱਢਿਆ ਅਮਨ ਮਾਰਚ

**ਰੂਪਨਗਰ (ਨਵਾਂ ਜ਼ਮਾਨਾ ਸਰਵਿਸ)**— ਸੰਯੁਕਤ ਕਿਸਾਨ ਮੋਰਚੇ ਤੇ ਸੱਦੇ 'ਤੇ ਮੋਰਚੇ ਵਿੱਚ ਸ਼ਾਮਿਲ ਕਿਸਾਨ ਜਥੇਬੰਦੀਆਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਬਾਗ ਵਿੱਚ ਇਕੱਠ ਕਰਨ ਉਪਰੰਤ ਬੇਲਾ ਚੌਂਕ ਵਿਖੇ ਸ਼ਹੀਦ ਭਗਤ ਸਿੰਘ ਦੇ ਬੁੱਤ ਤੱਕ ਜੰਗ ਦੇ ਖਿਲਾਫ ਅਮਨ ਮਾਰਚ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਅਤੇ ਜੰਗ ਨਾਲ ਆਮ ਲੋਕਾਂ ਉੱਪਰ ਮਾਰੂ ਅਸਰ ਪੈਂਦਾ ਹੈ ਅਤੇ ਮਜ਼ਦੂਰਾਂ ਕਿਸਾਨਾਂ ਦੇ ਪੁੱਤਰ ਜੋ ਬਾਡਰ ਤੇ ਡਿਊਟੀ ਕਰਦੇ ਹਨ ਉਹਨਾਂ ਦਾ ਜਾਨੀ ਨੁਕਸਾਨ ਹੁੰਦਾ ਹੈ।ਇਹ ਜੰਗਾਂ ਹਥਿਆਰਾਂ ਦੇ ਵਪਾਰੀਆਂ ਦੀ ਸ਼ਹਿ ਤੇ ਵਿਕਾਸਸ਼ੀਲ ਦੇਸ਼ ਲੜਦੇ ਹਨ ਜਿਸ ਨਾਲ ਵਿਕਾਸਸ਼ੀਲ ਦੇਸ਼ਾਂ ਦੀ ਅਰਥ ਵਿਵਸਥਾ ਵਿਗੜਦੀ ਹੈ ਅਤੇ ਵਿਕਸਿਤ,ਸਾਮਰਾਜੀ ਹਥਿਆਰਾਂ ਦੇ ਵਪਾਰੀ ਦੇਸ਼ ਇਹਨਾਂ ਜੰਗਾਂ ਤੋਂ ਮੋਟੇ ਮੁਨਾਫੇ ਕਮਾਉਂਦੇ ਹਨ, ਆਮ ਪਰਵਾਰਾਂ ਦੇ ਨੌਜਵਾਨ ਇਸ ਜੰਗ ਦੀ ਭੱਠੀ ਵਿੱਚ ਬਾਲਣ ਬਣ ਕੇ ਸੜਦੇ ਹਨ। ਜਿਹੜੇ ਵੀ ਦੋਵਾਂ ਦੇਸ਼ਾਂ ਦਰਮਿਆਨ ਮਸਲੇ ਹਨ ਉਹ ਗੱਲਬਾਤ ਨਾਲ ਹੱਲ ਹੋਣੇ ਚਾਹੀਦੇ ਹਨ ਅਤੇ ਕੱਟੜਪੰਥੀ ਦਹਿਸ਼ਤਗਰਦਾਂ ਵੱਲੋਂ ਆਮ ਲੋਕਾਂ ਦਾ ਡੋਲਿਆ ਜਾਂਦਾ ਖੂਨ ਬੰਦ ਹੋਣਾ ਚਾਹੀਦਾ ਹੈ। ਸਾਰੇ ਗੁਆਂਢੀ ਦੇਸ਼ਾਂ ਨੂੰ ਆਪਣੇ ਮਸਲੇ ਗੱਲਬਾਤ ਨਾਲ ਹੱਲ ਕਰਨੇ ਚਾਹੀਦੇ ਹਨ ਅਤੇ ਆਪਣੇ ਦੇਸ਼ ਵਾਸੀਆਂ ਦੀ ਖੁਸ਼ਹਾਲੀ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਹ ਅਨੁਸ਼ਾਸਨ ਬੱਧ ਅਮਨ ਮਾਰਚ 'ਸੰਯੁਕਤ ਕਿਸਾਨ ਮੋਰਚੇ ਦੀ ਪੁਕਾਰ ਅਮਨ,ਸ਼ਾਂਤੀ ਸੱਭਿਆਚਾਰ,ਜੰਗ ਵਿਰੋਧੀ ਤਾਕਤਾਂ ਜਿੰਦਾਬਾਦ ਅਤੇ ਜੰਗਬਾਜ਼ ਤਾਕਤਾਂ ਮੁਰਦਾਬਾਦ' ਦੇ ਨਾਅਰੇ ਲਾਉਂਦਾ ਕਾਮਰੇਡ ਦਲੀਪ ਸਿੰਘ ਘਨੌਲਾ ਸੀਨੀਅਰ ਕਿਸਾਨ ਆਗੂ ਵੱਲੋਂ ਆਏ ਹੋਏ ਸਾਥੀਆਂ ਦਾ ਧੰਨਵਾਦ ਕਰਨ 'ਤੇ ਸਮਾਪਤ ਹੋਇਆ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸੁਰਜੀਤ ਸਿੰਘ ਢੇਰ, ਕਾਮਰੇਡ ਬਜਿੰਦਰ ਪੰਡਿਤ,ਤਰਲੋਚਨ ਸਿੰਘ ਹੁਸੈਨਪੁਰ,ਕਾਮਰੇਡ ਪਵਨ ਕੁਮਾਰ ਸਰਪੰਚ ਚੱਕਕਰਮਾਂ, ਕੁਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਆਗੂ ਕਾਮਰੇਡ ਦਵਿੰਦਰ ਨੰਗਲੀ, ਕਾਮਰੇਡ ਸੁਖਵੀਰ ਸਿੰਘ ਸੁੱਖਾ, ਗੁਰਨਾਮ ਸਿੰਘ ਔਲਖ , ਜਗਦੀਸ਼ ਲਾਲ,ਜਮਹੂਰੀ ਕਿਸਾਨ ਸਭਾ ਆਗੂ ਧਰਮਪਾਲ ਸੈਣੀ ਮਾਜਰਾ,ਜਰਨੈਲ ਸਿੰਘ ਘਨੌਲਾ,ਸ਼ਮਸ਼ੇਰ ਸਿੰਘ ਹਵੇਲੀ, ਕਿਰਤੀ ਕਿਸਾਨ ਮੋਰਚਾ ਆਗੂ ਕਾਮਰੇਡ ਦਵਿੰਦਰ ਸਰਥਲੀ,ਜਰਨੈਲ ਸਿੰਘ ਮਗਰੋੜ ,ਸੀਟੂ ਆਗੂ ਕਾਮਰੇਡ ਗੁਰਦੇਵ ਸਿੰਘ ਬਾਗੀ,ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਆਗੂ ਰੁਪਿੰਦਰ ਸਿੰਘ ਰੂਪਾ ਖਵਾਸਪੁਰ, ਕਾਮਰੇਡ ਕਾਕਾ ਰਾਮ ਮੋਰਿੰਡਾ,ਤਰਕਸ਼ੀਲ ਆਗੂ ਸਾਥੀ ਅਸ਼ੋਕ ਕੁਮਾਰ, ਕਾਮਰੇਡ ਅਮਰ ਸਿੰਘ ਬੜਾ ਪਿੰਡ, ਗੁਰਨਾਮ ਸਿੰਘ ਬੜਾ ਪਿੰਡ,ਭਗਤ ਸਿੰਘ ਬਿੱਕੋਂ, ਪਿਆਰਾ ਸਿੰਘ ਬੇਲੀਆਂ ਆਦਿ ਆਗੂ ਹਾਜ਼ਰ ਸਨ।



## ਯੋਗਸ਼ਾਲਾ ਲੋਕਾਂ ਨੂੰ ਦੇ ਰਹੀ ਹੈ ਨਿਰੋਗ ਜੀਵਨ ਦਾ ਆਨੰਦ : ਐੱਸ ਡੀ ਐੱਮ

**ਜ਼ੀਰਕਪੁਰ (ਕ੍ਰਿਸ਼ਨ ਗਰਗ)**— ਐਸ.ਡੀ.ਐਮ, ਡੇਰਾਬੱਸੀ, ਅਮਿਤ ਗੁਪਤਾ ਨੇ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਅਧੀਨ ਸੂਬਾ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਤੰਦਰੁਸਤ ਸਿਹਤ ਅਤੇ ਮਾਨਸਿਕ ਤਣਾਅ ਤੋਂ ਰਹਿਤ ਜੀਵਨ ਪ੍ਰਦਾਨ ਕਰਨ ਦੇ ਮਿਸ਼ਨ ਤਹਿਤ ਸ਼ੁਰੂ ਕੀਤੀ ਮੁਹਿੰਮ ਨਾਲ ਯੋਗਾ ਅਭਿਆਸ ਰਾਹੀਂ ਲੋਕ ਆਪਣੀ ਤੰਦਰੁਸਤ ਜੀਵਨ ਸ਼ੈਲੀ ਦਾ ਆਨੰਦ ਮਾਣ ਰਹੇ ਹਨ। ਯੋਗ ਅਭਿਆਸ ਨਾਲ ਸਿਹਤਮੰਦ ਤਬਦੀਲੀਆਂ ਲਿਆਉਣ ਲਈ ਆਰੰਭੇ ਉਪਰਾਲੇ ਆਮ ਲੋਕਾਂ ਲਈ ਨਿੱਤ ਦਿਨ ਦੀਆਂ ਮੁਸ਼ਕਿਲਾਂ ਤੋਂ ਰਾਹਤ ਪਾਉਣ 'ਚ ਮੱਦਦਗਾਰ ਹੋ ਰਹੇ ਹਨ।ਉਨ੍ਹਾਂ ਨੇ ਦੱਸਿਆ ਕਿ ਯੋਗਾ ਟ੍ਰੇਨਰ ਬਬਿਤਾ ਰਾਣੀ ਵੱਲੋਂ ਡੇਰਾਬੱਸੀ ਵਿਖੇ ਰੋਜ਼ਾਨਾ 6 ਯੋਗਾ ਕਲਾਸਾਂ ਲਗਾ ਕੇ ਲੋਕਾਂ ਨੂੰ ਨਿਰੋਗ ਅਤੇ ਤਣਾਅ ਮੁਕਤ ਜੀਵਨ ਪ੍ਰਦਾਨ ਕੀਤਾ ਜਾ ਰਿਹਾ ਹੈ। ਯੋਗਾ ਇੰਸਟ੍ਰਕਟਰ ਬਬਿਤਾ ਰਾਣੀ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਰੋਜ਼ਾਨਾ ਲੱਗਣ ਵਾਲੀਆ ਯੋਗਾ ਕਲਾਸਾਂ ਵਿੱਚ ਲੋਕ ਰੋਗ ਮੁਕਤੀ ਦੇ ਨਾਲ ਨਾਲ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਦਾ ਅਨੰਦ ਲੈ ਰਹੇ ਹਨ।ਉਸ ਦਾ ਕਹਿਣਾ ਹੈ ਕਿ ਅੱਜ ਕਲ੍ਹ ਦੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਲੋਕ ਕਿਸੇ ਨਾ ਕਿਸੇ ਕਾਰਨ ਕਰਕੇ ਮਾਨਸਿਕ ਤਣਾਅ ਵਿੱਚੋਂ ਵੀ ਗੁਜ਼ਰ ਰਹੇ ਹਨ ਪ੍ਰੰਤੂ ਯੋਗਾ ਨਾਲ ਉਹ ਹੁਣ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ। ਜ਼ਿਹਨੀ ਤੇ ਲੋਕ ਵੱਖ-ਵੱਖ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਬਿਮਾਰੀਆਂ ਤੋਂ ਪੀੜਤ ਹੋਣ ਕਾਰਨ ਯੋਗ ਨੂੰ ਇਨ੍ਹਾਂ ਤੋਂ ਰਾਹਤ ਲਈ ਬੇਹਤਰੀਨ ਉਪਾਅ ਸਮਝਦੇ ਹਨ। ਬਬਿਤਾ ਰਾਣੀ ਨੇ ਦੱਸਿਆ ਕਿ ਯੋਗਾ ਨੂੰ ਜੀਵਨ ਦਾ ਜ਼ਰੂਰੀ ਅੰਗ ਬਣਾਉਣ ਨਾਲ ਅਸੀਂ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਜੋ ਸਾਨੂੰ ਸਰੀਰਕ ਜਾਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀਆਂ ਹਨ, ਤੋਂ ਵੱਖ-ਵੱਖ ਆਸਣਾਂ ਦੀ ਮੱਦਦ ਨਾਲ ਹੀ ਛੁਟਕਾਰਾ ਪਾ ਸਕਦੇ ਹਾਂ।



## ਗੁਰੂ ਗੋਬਿੰਦ ਸਿੰਘ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੱਬੀ)** ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚਮਕੌਰ ਸਾਹਿਬ ਦਾ ਦਸਵੀਂ ਦਾ ਨਤੀਜਾ ਸੌ ਫੀਸਦ ਰਿਹਾ। ਸਕੂਲ ਦੀ ਇਹ ਪਹਿਲੀ ਦਸਵੀਂ ਜਮਾਤ ਹੈ ਜਿਸ ਨੇ ਸੀਬੀਐਸਈ, ਨਵੀਂ ਦਿੱਲੀ ਤੋਂ ਪ੍ਰੀਖਿਆ ਪਾਸ ਕੀਤੀ ਹੈ। ਸਕੂਲ ਦੇ ਕੁੱਲ 23 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ ਸੀ ਅਤੇ ਸਾਰੇ ਵਿਦਿਆਰਥੀ ਬੁਹਤ ਹੀ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ ਹਨ। ਜੈਸਮੀਨ ਕੌਰ ਪਿੰਡ ਓਇੰਦ ਨੇ 92 ਫੀਸਦ ਨਾਲ ਪਹਿਲਾਂ ਸਥਾਨ ਪ੍ਰਾਪਤ ਕੀਤਾ। ਗੁਰਸਿਮਨ ਕੌਰ ਲੁਠੇੜੀ ਅਤੇ ਰਮਜੋਤ ਪਿੰਡ ਸਲੇਮਪੁਰ ਨੇ ਕ੍ਰਮਵਾਰ 91.6 ਫੀਸਦ ਤੇ 86 ਫੀਸਦ ਅੰਕ ਲੈ ਕੇ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਡਾਇਰੈਕਟਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਸਕੂਲ ਨੂੰ ਪਿਛਲੇ ਸਾਲ ਹੀ ਸੀਬੀਐਸਈ ਤੋਂ ਮਾਨਤਾ ਪ੍ਰਾਪਤ ਕਰਵਾਇਆ ਗਿਆ ਸੀ ਅਤੇ ਇਹ ਪਹਿਲੀ ਦਸਵੀਂ ਜਮਾਤ ਹੈ ਜਿਸ ਨੇ ਸੀਬੀਐਸਈ ਤੋਂ ਪ੍ਰੀਖਿਆ ਦਿੱਤੀ ਹੈ। ਇਸ ਤੋਂ ਪਹਿਲਾਂ ਇਹ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਸੀ। ਉਨ੍ਹਾਂ ਸਾਰੇ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਸਕੂਲ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਦੱਸਿਆ ਕਿ ਇਹ ਨਤੀਜਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਖਤ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਸੰਸਥਾ ਦੇ ਬੱਚੇ ਹੋਰ ਵੀ ਬੁਲੰਦੀਆਂ ਨੂੰ ਛੂਹਣਗੇ। ਇਸ ਮੌਕੇ ਅਵਤਾਰ ਸਿੰਘ, ਰਜਿੰਦਰ ਸਿੰਘ, ਸੁਰਿੰਦਰਪਾਲ ਸਿੰਘ ਅਤੇ ਨਿਧੀ ਸ਼ਰਮਾ ਆਦਿ ਹਾਜ਼ਰ ਸਨ।

## ਵਿਦਿਆਰਥੀਆਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਲਹਿਰ ਤੇ ਟ੍ਰੈਫਿਕ ਨਿਯਮਾਂ ਬਾਰੇ ਕੀਤਾ ਜਾਗਰੂਕ

**ਖਰੜ (ਹਰਨਾਮ ਸਿੰਘ ਡੱਲਾ)**- ਐੱਸ.ਐੱਸ.ਪੀ ਅਤੇ ਐੱਸ.ਪੀ. ਟ੍ਰੈਫਿਕ,ਮੁਹਾਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰਨੈਲ ਸਿੰਘ ਡੀ.ਐੱਸ.ਪੀ. ਟ੍ਰੈਫਿਕ, ਮੁਹਾਲੀ ਨੇ ਸਰਕਾਰੀ ਹਾਈ ਸਮਾਰਟ ਸਕੂਲ, ਦੇਸੂ ਮਾਜਰਾ ਵਿਖੇ ਵਿਦਿਆਰਥੀਆਂ ਨੂੰ 'ਯੁੱਧ ਨਸ਼ਿਆਂ ਵਿਰੁੱਧ' ਲਹਿਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਦੱਸਿਆ ਕਿ ਨਸ਼ੇ ਜਿੱਥੇ ਵਿਅਕਤੀਗਤ ਰੂਪ ਵਿੱਚ ਨੁਕਸਾਨ ਪਹੁੰਚਾਉਂਦੇ ਹਨ, ਉੱਥੇ ਪਰਿਵਾਰ, ਸਮਾਜ ਅਤੇ ਦੇਸ਼ ਲਈ ਵੀ ਘਾਤਕ ਹਨ। ਉਹਨਾਂ ਨੇ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਰੁਚੀ ਰੱਖਣ ਅਤੇ ਸਿਹਤਯਾਬ ਬਣ ਕੇ ਸੂਬੇ ਅਤੇ ਦੇਸ ਦੇ ਵਿਕਾਸ ਲਈ ਕੰਮ ਕਰਨ ਪ੍ਰਤੀ ਵੀ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਉਹਨਾਂ ਵੱਲੋਂ ਟ੍ਰੈਫਿਕ ਨਿਯਮਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ।ਉਹਨਾਂ ਨੇ ਟ੍ਰੈਫਿਕ ਦੇ ਸਮੁੱਚੇ ਨਿਯਮਾਂ ਦੀ ਪਾਲਣਾ ਕਰਨ ਵੱਲ ਵੀ ਧਿਆਨ ਦੇਣ ਲਈ ਕਿਹਾ। ਉਹਨਾਂ ਨੇ ਸਕੂਟਰ ਚਾਲਕ ਦੇ ਨਾਲ- ਨਾਲ ਪਿੱਛੇ ਬੈਠੇ ਵਿਅਕਤੀ ਨੂੰ ਆਈ.ਐੱਸ.ਆਈ. ਮਾਰਕ ਨਿਸ਼ਾਨ ਵਾਲਾ ਹੈਲਮੇਟ ਪਾਉਣ 'ਤੇ ਜ਼ੋਰ ਦਿੱਤਾ। ਇਹ ਵੀ ਦੱਸਿਆ ਕਿ ਚਾਰ ਪਹੀਆ ਵਾਹਨਾਂ ਵਿੱਚ ਸਵਾਰੀ ਦੌਰਾਨ ਸੀਟ ਬੈਲਟ ਲਗਾਉਣੀ ਬਹੁਤ ਜ਼ਰੂਰੀ ਹੈ ਅਤੇ ਇਹਨਾਂ ਦੀ ਉਲੰਘਣਾ ਨਾ ਸਿਰਫ ਜੁਰਮਾਨੇ ਯੋਗ ਹੈ, ਸਗੋਂ ਇਹ ਜਾਨ ਲਈ ਵੀ ਖ਼ਤਰਾ ਹੈ। ਉਨ੍ਹਾਂ ਨੇ ਕਿਹਾ ਕਿ ਡਰਾਈਵਿੰਗ ਦੌਰਾਨ ਮੋਬਾਈਲ ਦੀ ਵਰਤੋਂ ਧਿਆਨ ਭੰਗ ਕਰਦੀ ਹੈ ਜੋ ਕਿ ਦੁਰਘਟਨਾਵਾਂ ਦਾ ਮੁੱਖ ਕਾਰਨ ਬਣਦੀ ਹੈ। ਪੁਲਿਸ ਤੋਂ ਮਦਦ ਲੈਣ ਅਤੇ ਦੇਣ ਲਈ ਹੈਲਪਲਾਈਨ ਨੰਬਰ 112 ਦੀ ਵੀ ਜਾਣਕਾਰੀ ਦਿੱਤੀ। 9ਵੀਂ ਜਮਾਤ ਦੀ ਮਿੱਠੂ ਨੇ ਵੀ ਇਸ ਸੈਮੀਨਾਰ ਤੋਂ ਪ੍ਰੇਰਿਤ ਹੋ ਕੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ 'ਤੇ ਜੋਨ ਇੰਚਾਰਜ ਟ੍ਰੈਫਿਕ ਓਮ ਬੀਰ ਸਿੰਘ ਸਿੰਘ ਵੀ ਹਾਜਰ ਸਨ।

## ਦ ਨੌਰਵੁੱਡ ਸਕੂਲ ਚਾਹਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਬਲਾਚੌਰ (ਜਸਵਿੰਦਰ ਬੈਂਸ)**— ਸੈਂਟਰਲ ਬੋਰਡ ਆਫ ਸੈਕੰਡਰੀ (ਸੀ.ਬੀ.ਐੱਸ.ਈ) ਦੁਆਰਾ ਐਲਾਨੇ ਗਏ 10ਵੀਂ ਜਮਾਤ ਦੀ ਸਲਾਨਾ ਬੋਰਡ ਪ੍ਰੀਖਿਆ ਵਿੱਚ ਦ ਨੌਰਵੁੱਡ ਸਕੂਲ, ਚਾਹਲ ਦਾ ਪਹਿਲੇ ਬੈਚ ਦਾ ਨਤੀਜਾ 100 ਫੀਸਦੀ ਰਿਹਾ।ਪ੍ਰਿੰਸੀਪਲ ਰਵਿੰਦਰ ਸਿੰਘ ਭਨੋਟ ਨੇ ਦੱਸਿਆ ਕਿ ਹੋਣਹਾਰ ਵਿਦਿਆਰਥੀ ਕਨਵ ਨੇ 90.5% ਅੰਕਾਂ ਦੇ ਨਾਲ ਪਹਿਲਾ ਮੁਸਕਾਨ ਚੌਧਰੀ ਨੇ 90.1% ਅੰਕਾਂ ਦੇ ਨਾਲ ਦੂਜਾ ਤੇ ਮਨਤ ਚੌਧਰੀ ਨੇ 86.86% ਅੰਕਾਂ ਦੇ ਨਾਲ ਤੀਜਾ ਸਥਾਨ ਹਾਸਿਲ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਨਾ ਸਿਰਫ ਆਪਣੇ ਸਕੂਲ ਦਾ ਸਗੋਂ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਂਅ ਵੀ ਰੌਸ਼ਨ ਕੀਤਾ। ਇਸ ਮੌਕੇ ਆਏ ਹੋਏ ਵਿਦਿਆਰਥੀਆਂ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੰਦੇ ਹੋਏ ਮੂੰਹ ਮਿੱਠਾ ਕਰਵਾਇਆ ਗਿਆ ਤੇ ਸਕੂਲ ਉੱਤੇ ਵਿਸ਼ਵਾਸ ਕਰਨ ਲਈ ਮਾਤਾ-ਪਿਤਾ ਦਾ ਧੰਨਵਾਦ ਕੀਤਾ ਗਿਆ। ਚੇਅਰਮੈਨ ਮੋਹਿਤ ਕੁਮਾਰ ਨੇ ਕਿਹਾ ਕਿ ਦ ਨੌਰਵੁੱਡ ਸਕੂਲ, ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਵਿਸ਼ਵਾਸ ਰੱਖਦਾ ਹੈ। ਸਕੂਲ ਮੈਨੇਜਮੈਂਟ ਨੇ ਇਸ ਉਪਲੱਬਧੀ ਤੇ ਸਮੂਹ ਸਟਾਫ ਮੈਂਬਰਾ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਆਪਣੀ ਮਿਹਨਤ ਸਦਕਾ ਸਕੂਲ ਦਾ ਨਾਂਅ ਰੌਸ਼ਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

## ਮਜੀਠਾ ਜ਼ਹਿਰੀਲੀ ਸ਼ਰਾਬ ਕਾਂਡ ਨਾਲ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਹੋਈ ਠੁੱਸ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਬੀਤੇ ਦਿਨੀ ਜੋ ਅੰਮ੍ਰਿਤਸਰ ਦੇ ਸ਼ਹਿਰ ਮਜੀਠਾ ਵਿਖੇ ਜ਼ਹਿਰੀਲੀ ਸ਼ਰਾਬ ਨਾਲ 26 ਮਨੁੱਖੀ ਜਾਨਾਂ ਦਾ ਵੱਡਾ ਨੁਕਸਾਨ ਹੋ ਗਿਆ ਹੈ ਇਸ ਨਾਲ ਆਮ ਆਦਮੀ ਪਾਰਟੀ ਦੀ ਨਸ਼ਿਆਂ ਨੂੰ ਖਤਮ ਕਰਨ ਦੀ 'ਯੁੱਧ ਨਸ਼ਿਆਂ ਵਿਰੁੱਧ' ਨੀਤੀ ਠੁਸ ਹੋ ਗਈ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਮਜੀਠਾ ਵਿਖੇ ਹੋਏ ਵੱਡੇ ਦੁਖਾਂਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕੀਤਾ। ਸਿੰਗੜੀਵਾਲਾ ਨੇ ਕਿਹਾ ਕਿ ਅਜਿਹੀ ਜ਼ਹਿਰੀਲੀ ਸ਼ਰਾਬ ਦਾ ਧੰਦਾ ਕਰਕੇ ਲੋਕਾਂ ਦੀਆਂ ਜਾਨਾਂ ਨਾਲ ਖਿਲਵਾੜ ਕਰਨ ਵਾਲਿਆਂ ਦੀ ਤਹਿ ਤੱਕ ਜਾ ਕੇ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਗ੍ਰਿਫਤਾਰ ਕਰਕੇ ਸਜਾਵਾਂ ਦਿਵਾਉਣ ਦੀ ਜਿੰਮੇਵਾਰੀ ਭਗਵੰਤ ਮਾਨ ਸਰਕਾਰ ਨਿਭਾਏ ਤਾਂ ਕਿ ਗੈਰ ਕਾਨੂੰਨੀ ਤਰੀਕੇ ਨਾਲ ਸ਼ਰਾਬ ਬਣਾਉਣ ਤੇ ਵਪਾਰ ਨਾ ਹੋ ਸਕੇ ਅਤੇ ਨਾ ਹੀ ਆਮ ਲੋਕਾਂ ਨੂੰ ਕੋਈ ਮੌਤ ਦੇ ਮੂੰਹ ਵਿਚ ਧਕੇਲਣ ਦੀ ਗੁਸਤਾਖੀ ਕਰ ਸਕੇ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਜਿਸ ਤਰੀਕੇ ਨਾਲ ਸ਼ਰੇਆਮ ਪ੍ਰਸ਼ਾਸਨ ਦੇ ਨੱਕ ਹੇਠ ਨਕਲੀ ਜਹਰੀਲੀ ਸ਼ਰਾਬ ਵੇਚੀ ਜਾ ਰਹੀ ਹੈ ਉਸ ਵਿੱਚ ਸਰਕਾਰ ਦੇ ਕਿਸੇ ਐਮਐਲਏ ਜਾਂ ਮੰਤਰੀ ਦਾ ਹੱਥ ਵੀ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਦੁੱਖ ਭਰੇ ਸਾਜਿਸ਼ੀ ਕਾਂਡ ਦੀ ਸਿਟਿੰਗ ਜੱਜ ਤੋਂ ਇਨਕੁਆਰੀ ਕਰਾ ਕੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ।

## ਜ਼ਿਲ੍ਹਾ ਪੱਧਰੀ ਟੀਮ ਵੱਲੋਂ ਹਾਈਬ੍ਰਿਡ ਝੋਨੇ ਦੀ ਵਿਕਰੀ ਸੰਬੰਧੀ ਚੈਕਿੰਗ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**— ਸੰਯੁਕਤ ਡਾਇਰੈਕਟਰ, ਖੇਤੀਬਾੜੀ (ਘਣੀ ਖੇਤੀ) ਪੰਜਾਬ ਅਤੇ ਮੁੱਖ ਖੇਤੀਬਾੜੀ ਅਫਸਰ ਐੱਸ.ਏ.ਐੱਸ.ਨਗਰ ਡਾ. ਗੁਰਮੇਲ ਸਿੰਘ ਦੀ ਅਗਵਾਈ ਅਧੀਨ ਬਲਾਕ ਖਰੜ, ਡੇਰਾਬੱਸੀ ਅਤੇ ਮਾਜਰੀ ਦੀਆਂ ਮੰਡੀਆਂ ਵਿੱਚ ਬੀਜ ਵਿਕਰੇਤਾਵਾਂ ਦੀਆਂ ਦੁਕਾਨਾਂ ਅਤੇ ਗੋਦਾਮਾਂ ਦੀ ਖੇਤੀਬਾੜੀ ਅਫਸਰ ਡਾ. ਸੁਭਕਰਨ ਸਿੰਘ, ਡਾ. ਰਮਨ ਕਰੋੜੀਆ ਅਤੇ ਖੇਤੀਬਾੜੀ ਵਿਕਾਸ ਅਫਸਰ ਡਾ. ਗੁਰਦਿਆਲ ਕੁਮਾਰ ਅਤੇ ਡਾ. ਜਸਵਿੰਦਰ ਸਿੰਘ ਦੁਆਰਾ ਚੈਕਿੰਗ ਕੀਤੀ ਗਈ। ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸ਼ਿਫਾਰਸਾਂ ਤੇ ਹਾਈਬ੍ਰਿਡ ਝੋਨੇ ਦੀਆਂ ਸਾਰੀਆਂ ਕਿਸਮਾਂ ਦੀ ਵਿਕਰੀ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ ਤਾਂ ਜੋ ਮੰਡੀਕਰਨ ਦੌਰਾਨ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਲਈ ਵਿਭਾਗ ਵੱਲੋਂ ਇਨ੍ਹਾਂ ਹੁਕਮਾਂ ਨੂੰ ਯਕੀਨੀ ਬਣਾਉਣ ਲਈ ਸਮੇਂ ਸਮੇਂ 'ਤੇ ਚੈਕਿੰਗਾਂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਕੋਈ ਵੀ ਬੀਜ ਵਿਕਰੇਤਾ ਹਾਈਬ੍ਰਿਡ ਝੋਨੇ ਦਾ ਬੀਜ ਕਿਸਾਨਾਂ ਨੂੰ ਮੁਹੱਈਆ ਨਾ ਕਰੇ। "ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੀ ਵਿਕਰੀ ਤੇ ਪਾਬੰਦੀ ਸਬੰਧੀ ਖਰੜ ਦੇ ਪ੍ਰਮੁੱਖ ਬੀਜ ਵਿਕਰੇਤਾਵਾਂ ਵੱਲੋਂ ਕਿਹਾ ਗਿਆ ਕਿ ਉਹ ਸਰਕਾਰ ਅਤੇ ਖੇਤੀਬਾੜੀ ਵਿਭਾਗ ਦੇ ਇਸ ਕਦਮ ਨਾਲ ਸਹਿਮਤ ਹਨ ਅਤੇ ਵਪਾਰਕ ਪੱਖ ਤੋਂ ਸੰਤੁਸ਼ਟ ਹਨ, ਕਿਉਂਕਿ ਹਾਈਬ੍ਰਿਡ ਬੀਜ ਮੰਗਵਾਉਣ ਲਈ ਉਨ੍ਹਾਂ ਨੂੰ ਕੰਪਨੀਆਂ ਨੂੰ ਅਗਾਊਂ ਤੌਰ ਤੇ ਵਧੇਰੇ ਪੂੰਜੀ ਅਦਾ ਕਰਨੀ ਪੈਂਦੀ ਸੀ।" ਮੁੱਖ ਖੇਤੀਬਾੜੀ ਅਫਸਰ ਡਾ. ਗੁਰਮੇਲ ਸਿੰਘ ਨੇ ਜਾਣਕਾਰੀ ਦਿੱਤੀ ਕਿ ਹੁਣ ਤੱਕ ਬੀਜ ਐਕਟ ਅਧੀਨ ਕੁੱਲ 30 ਸੈਂਪਲ ਲੈ ਕੇ ਬੀਜ ਪਰਖ ਦੇ ਮਾਪਦੰਡਾਂ ਨੂੰ ਜਾਂਚਣ ਲਈ ਲੈਬੋਰਟਰੀਆਂ ਨੂੰ ਭੇਜੇ ਜਾ ਚੁੱਕੇ ਹਨ। ਉਨ੍ਹਾਂ ਨੇ ਬੀਜ ਡੀਲਰਾਂ ਪਾਸ ਉਪਲਬੱਧ ਝੋਨੇ ਦੀਆਂ ਕਿਸਮਾਂ ਪੀ.ਆਰ-126,ਪੀ.ਆਰ-114, ਪੀ.ਆਰ-128,ਪੀ.ਆਰ.-121, ਪੀ.ਬੀ. 1692,ਪੀ.ਬੀ.1509, ਪੀ.ਬੀ.1401 ਅਤੇ ਪੀ.ਬੀ. 1718 ਦੀ ਬਿਜਾਈ ਨੂੰ ਤਰਜੀਹ ਦੇਣ ਲਈ ਕਿਸਾਨ ਵੀਰਾਂ ਨੂੰ ਅਪੀਲ ਕੀਤੀ।



## ਸੜਕ ਹਾਦਸੇ 'ਚ ਮਾਂ ਦੀ ਮੌਤ, ਧੀ ਗੰਭੀਰ ਜ਼ਖਮੀ

**ਬੰਗਾ (ਅਵਤਾਰ ਕਲੇਰ)** ਬੰਗਾ ਦੇ ਸਾਹਲੋਂ ਰੋਡ 'ਤੇ ਹੋਏ ਸੜਕ ਹਾਦਸੇ ਵਿੱਚ ਪਿੰਡ ਭਰੋਮਾਜਰਾ ਦੀ ਇੱਕ ਔਰਤ ਦੀ ਮੌਤ ਹੋ ਗਈ ਜਦੋਂ ਕਿ ਉਸ ਦੀ ਧੀ ਗੰਭੀਰ ਜ਼ਖਮੀ ਹੋ ਗਈ। ਜ਼ਖਮੀ ਲੜਕੀ ਨੂੰ ਇਲਾਜ ਲਈ ਨਵਾਂਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਭਰੋਮਜਾਰਾ ਦੀ ਆਸ਼ਾ ਰਾਣੀ (57) ਪਤਨੀ ਹੁਸਨ ਲਾਲ ਆਪਣੀ ਧੀ ਲੱਕੀ ਨਾਲ ਬੰਗਾ ਤੋਂ ਆਪਣੇ ਪਿੰਡ ਭਰੋਮਾਜਰਾ ਵੱਲ ਪੈਦਲ ਜਾ ਰਹੀ ਸੀ। ਜਦੋਂ ਉਹ ਆਪਣੇ ਪਿੰਡ ਦੇ ਨਜ਼ਦੀਕ ਪਹੁੰਚੀ, ਤਾਂ ਸੇਂਟ ਸੋਲਜਰ ਪਬਲਿਕ ਸਕੂਲ ਬੰਗਾ ਦੀ ਬੱਸ ਨਾਲ ਹਾਦਸਾ ਹੋ ਗਿਆ। ਇਸ ਘਟਨਾ 'ਚ ਆਸ਼ਾ ਰਾਣੀ ਅਤੇ ਉਸਦੀ ਧੀ ਲੱਕੀ ਗੰਭੀਰ ਜ਼ਖਮੀ ਹੋ ਗਈਆਂ। ਉਹਨਾਂ ਨੂੰ ਇਲਾਜ ਲਈ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਚੈਰੀਟੇਬਲ ਹਸਪਤਾਲ ਵਿਖੇ ਲਿਜਾਇਆ ਗਿਆ। ਜਿੱਥੇ ਆਸ਼ਾ ਰਾਣੀ ਦੀ ਮੌਤ ਹੋ ਗਈ ਜਦੋਂ ਕਿ ਉਸ ਦੀ ਧੀ ਲੱਕੀ ਨੂੰ ਨਵਾਂ ਸ਼ਹਿਰ ਵਿਖੇ ਨਿਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ।



## ਮਿਆਰੀ ਸਿੱਖਿਆ ਤੇ ਬਿਹਤਰ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ ਮੁੱਖ ਤਰਜੀਹ : ਡਾ. ਸੁੱਖੀ



**ਨਵਾਂਸ਼ਹਿਰ (ਮਨੋਜ ਲਾਡੀ)**— ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਿੱਖਿਆ ਦੇ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣ ਲਈ ਜੀਅ ਤੋੜ ਯਤਨ ਜਾਰੀ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਕੰਟੇਨਰ ਅਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਬੰਗਾ ਦੇ ਪਿੰਡ ਬਖਲੌਰ ਰਟੈਂਡਾ ਸੇਖੂਪੁਰ ਅਤੇ ਲੜੋਆ ਦੇ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕਰੋੜਾਂ ਰੁਪਏ ਦੇ ਫੰਡ ਸਿਰਫ ਸਿੱਖਿਆ ਦੇ ਖੇਤਰ ਵਿਚ ਜਾਰੀ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਸਰਕਾਰ ਸਿੱਖਿਆ ਦਾ ਮਿਆਰ ਉੱਪਰ ਚੁੱਕਣ ਲਈ ਕਿੰਨੀ ਗੰਭੀਰ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਨਾਲ-ਨਾਲ ਬਿਨਾਂ ਕਿਸੇ ਸਿਫਾਰਸ ਜਾਂ ਰਿਸ਼ਵਤ ਤੋਂ ਅਧਿਆਪਕਾਂ ਦੀ ਪੱਕੀ ਭਰਤੀ ਕਰਨੀ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਹੀ ਅੱਜ ਦੇ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਵਧੀਆ ਸਹੂਲਤਾਂ ਉਪਲਬੱਧ ਹਨ। ਇਸ ਮੌਕੇ ਉਨਾਂ ਦੇ ਨਾਲ ਸੋਹਣ ਲਾਲ ਢੰਡਾ, ਪਵਨਜੀਤ ਸਿੰਘ ਸਿੱਧੂ ਕਮਲਜੀਤ ਮੇਹਲੀ, ਮਾਸਟਰ ਮੱਖਣ ਕੋਆਰਡੀਨੇਟਰ ਸੁਰਜੀਤ ਕੁਮਾਰ ਸੁਖਦੇਵ ਸਿੰਘ ਸਕੂਲਾਂ ਦੇ ਵਿਦਿਆਰਥੀਆਂ ਅਤੇ ਸਟਾਫ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜਰ ਸਨ।

## ਗੁਰਦੁਆਰਾ ਸ਼ਹੀਦ ਬਾਬਾ ਮਤੀ ਦੇ ਸੇਵਾਦਾਰ 'ਤੇ ਜਾਨ ਲੇਵਾ ਹਮਲਾ

**ਆਦਮਪੁਰ (ਪਰਮਜੀਤ ਸਿੰਘ)**- ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਦੇ ਸੇਵਾਦਾਰਾਂ ਉੱਤੇ ਕੁਝ ਨੌਜਵਾਨਾਂ ਵਲੋਂ ਜਾਨਲੇਵਾ ਹਮਲਾ ਕਰ ਗੰਭੀਰ ਰੂਪ 'ਚ ਜ਼ਖ਼ਮੀ ਕਰਨ ਦਾ ਸਮਾਚਾਰ ਹੈ। ਜੇਰੇ ਇਲਾਜ਼ ਜ਼ਖਮੀ ਪਰਮਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਡਰੋਲੀ ਕਲਾਂ ਨੇ ਦੱਸਿਆ ਕਿ ਸ਼ਾਮ ਨੂੰ ਗੁਰਦੁਆਰਾ ਸੂਸਾ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਮੱਥਾ ਟੇਕ ਕੇ ਵਾਪਸ ਆਪਣੇ ਪਿੰਡ ਨੂੰ ਆ ਰਿਹਾ ਸੀ ਕਿ ਪਿੰਡ ਕਡਿਆਣਾ ਨੇੜੇ ਕਰੀਬ ਅੱਠ ਨੌਜਵਾਨ ਜੋ ਇੱਕ ਗੱਡੀ ਤੇ ਦੋ ਮੋਟਰਸਾਈਕਲ 'ਤੇ ਸਵਾਰ ਸਨ, ਵੱਲੋਂ ਸਾਨੂੰ ਘੇਰ ਕੇ ਸਾਡੇ 'ਤੇ ਤੇਜ਼ਧਾਰਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ ਤੇ ਸਾਡਾ ਮੋਟਰਸਾਈਕਲ ਉੱਪਰ ਗੱਡੀ ਚੜਾ ਕੇ ਉਸ ਨੂੰ ਤੋੜ ਭੰਨ ਕਰਕੇ ਮੌਕੇ ਤੋਂ ਫਰਾਰ ਹੋ ਗਏ। ਹਮਲਾ ਕਰਨ ਵਾਲਿਆਂ ਵਿੱਚੋਂ ਤਿੰਨ ਨੌਜਵਾਨ ਜਸਕਰਨ, ਅਮਨ ਤੇ ਸਾਗਰ ਪਿੰਡ ਕੋਹਜਾ ਥਾਣਾ ਆਦਮਪੁਰ ਰਹਿਣ ਵਾਲੇ ਹਨ ਤੇ ਬਾਕੀ ਅਣਪਛਾਤੇ ਹਨ । ਜੇਰੇ ਇਲਾਜ ਪੀੜ੍ਹਤ ਦੇ ਬਿਆਨ ਲੈਣ ਪਹੁੰਚੇ ਥਾਣਾ ਆਦਮਪੁਰ ਦੇ ਮੁਖੀ ਐਸ.ਐਚ.ਉ. ਹਰਦੇਵਪ੍ਰੀਤ ਨੇ ਦੱਸਿਆ ਕਿ ਜ਼ਖ਼ਮੀ ਦੇ ਬਿਆਨਾਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।




## ਬਾਈਟ ਸੰਸਥਾ ਦਾ 12ਵੀ ਦਾ ਨਤੀਜ਼ਾ ਰਿਹਾ 100%



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**— ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 12ਵੀ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਨਤੀਜਾ 100% ਰਿਹਾ। ਇਸ ਨਤੀਜੇ ਵਿੱਚ ਇਸ਼ਦੀਪ ਸਿੰਘ ਨੇ ਪਹਿਲਾ, ਜੈਸਮੀਨ ਕੌਰ ਨੇ ਦੂਸਰਾ ਤੇ ਅਦਿੱਤਯ ਪ੍ਰਤਾਪ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਇਲਾਕੇ ਵਿੱਚ ਸੰਸਥਾਂ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ ਡਾਇਰੈਕਟਰ ਸਰਬਜੀਤ ਸਿੰਘ ਗਿੱਲ ਨੇ ਸਭ ਵਿਦਿਆਰਥੀਆ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਸੰਸਥਾ ਦਾ ਮਿਹਨਤੀ ਸਟਾਫ਼ ਹੋਣ ਕਰਕੇ ਹਰ ਸਾਲ ਨਤੀਜਾ ਹਰ ਕਲਾਸ ਦਾ 100% ਰਹਿੰਦਾ ਹੈ। ਇਸ ਮੌਕੇ 'ਤੇ ਮੈਡਮ ਕੁਲਦੀਪ ਕੌਰ, ਸੰਦੀਪ ਕੁਮਾਰ, ਮੈਡਮ ਜਸਪ੍ਰੀਤ ਕੌਰ, ਕਮਲਦੀਪ ਕੌਰ, ਨਵਜੋਤ ਕੌਰ, ਸਰਬਜੀਤ ਕੌਰ ਅਤੇ ਪਾਇਲ ਨੇ ਸਭ ਵਿਦਿਆਰਥੀਆ ਦਾ ਮੂੰਹ ਮਿੱਠਾ ਕਰਵਾਇਆ ਤੇ ਸਭ ਨੂੰ ਵਧਾਈ ਦਿੱਤੀ।

## ਬੇਗਮਪੁਰਾ ਟਾਈਗਰ ਫੋਰਸ ਨੇ ਭੇਜਿਆ ਮੁੱਖ ਮੰਤਰੀ ਨੂੰ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਵਿੱਚ ਕਰੋੜਾਂ ਰੁਪਏ ਨਾਲ ਬਣੇ ਆਕਸੀਜਨ ਜਨਰੇਸ਼ਨ ਪਲਾਂਟ ਨੂੰ ਤੁਰੰਤ ਚਾਲੂ ਕਰਨ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਹੁਸ਼ਿਆਰਪੁਰ ਰਾਹੀਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਂਅ ਇੱਕ ਮੰਗ ਪੱਤਰ ਭੇਜਿਆ ਗਿਆ। ਮੰਗ ਪੱਤਰ ਵਿੱਚ ਉਹਨਾਂ ਕਿਹਾ ਕਿ ਅਜੋਕੇ ਸਮੇਂ ਅੰਦਰ ਸਿਵਲ ਹਸਪਤਾਲ ਹੁਸ਼ਿਆਰਪੁਰ ਅੰਦਰ ਸਿਹਤ ਪ੍ਰਬੰਧ ਰੱਬ ਆਸਰੇ ਹੀ ਚੱਲ ਰਹੇ ਹਨ। ਇਸ ਸਬੰਧੀ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਿਹਗੜ੍ਹ ਨੇ ਕਿਹਾ ਕਿ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦੋ ਆਕਸੀਜਨ ਜਨਰੇਸ਼ਨ ਪਲਾਂਟ ਕਰੋੜਾਂ ਰੁਪਏ ਦੀ ਲਾਗਤ ਨਾਲ ਸਥਾਪਿਤ ਕੀਤੇ ਹੋਏ ਹਨ ਤਾਂ ਜੋ ਹੰਗਾਮੀ ਹਾਲਤ ਵਿੱਚ ਮਰੀਜ਼ਾਂ ਦੀ ਜਾਨ ਬਚਾਉਣ ਲਈ ਤੁਰੰਤ ਜੀਵਨ ਰੱਖਿਆ ਉਪਕਰਨਾਂ ਦੀ ਤੁਰੰਤ ਵਰਤੋਂ ਕੀਤੀ ਜਾ ਸਕੇ। ਇਸ ਮਕਸਦ ਲਈ ਆਕਸੀਜਨ ਪਹੁੰਚਾਉਣ ਲਈ ਸਿਵਲ ਹਸਪਤਾਲ ਦੇ ਸਾਰੇ ਕਮਰਿਆਂ ਵਿੱਚ ਪਾਈਪਾਂ ਰਾਹੀਂ ਸਪਲਾਈ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਆਗੂਆਂ ਨੇ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਦੀ ਟੀਮ ਵੱਲੋਂ ਇਸ ਆਕਸੀਜਨ ਪਲਾਂਟ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਕੀਤੇ ਦੌਰੇ ਦੌਰਾਨ ਇਹ ਵੇਖਿਆ ਗਿਆ ਕਿ ਦੋਵੇਂ ਆਕਸੀਜਨ ਜਨਰੇਸ਼ਨ ਪਲਾਂਟਾਂ ਦੀ ਤਾਲਾਬੰਦੀ ਕੀਤੀ ਹੋਈ ਹੈ ਅਤੇ ਇਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹਨ। ਉਹਨਾਂ ਕਿਹਾ ਕਿ ਪੁੱਛ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਇਹ ਦੋਵੇਂ ਪਲਾਂਟ ਬੰਦ ਪਏ ਹੋਏ ਹਨ। ਇਹਨਾਂ ਦਾ ਮਰੀਜ਼ਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ। ਉਨਾਂ ਮੰਗ ਕੀਤੀ ਕਿ ਲੰਬੇ ਸਮੇਂ ਤੋਂ ਬੰਦ ਪਏ ਇਹਨਾਂ ਆਕਸੀਜਨ ਪਲਾਂਟਾਂ ਨੂੰ ਚਾਲੂ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ, ਸ਼ਨੀ ਸੀਣਾ ਪ੍ਰਧਾਨ ਬਲਾਕ ਚੱਬੇਵਾਲ, ਸਤੀਸ਼ ਕੁਮਾਰ ਸ਼ੇਰਗੜ੍ਹ ਜਿਲ੍ਹਾ ਸੀਨੀਅਰ ਮੀਤ ਪ੍ਰਧਾਨ,ਭਿੰਦਾ ਸੀਣਾ,ਸਤੀਸ਼ ਕੁਮਾਰ ਬਸੀ ਬਾਹਦ ਆਦਿ ਹਾਜ਼ਰ ਸਨ।




## ਟਾਈਮ ਮੈਨੇਜਮੈਂਟ ਵਿਸ਼ੇ 'ਤੇ ਵਿਸ਼ੇਸ਼ ਲੈਕਚਰ



**ਮਾਹਿਲਪੁਰ (ਸ਼ਫ਼ਰੀ)** ਇਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਦੇ ਨਿਰਦੇਸ਼ਾਂ ਤਹਿਤ ਕਾਲਜ ਦੇ ਵੱਖ ਵੱਖ ਵਿਭਾਗਾਂ ਦੇ ਅਧਿਆਪਕਾਂ ਵੱਲੋਂ ਸ਼ੁਰੂ ਕੀਤੀ ਵਿਸ਼ੇਸ਼ ਲੈਕਚਰ ਲੜੀ ਤਹਿਤ ਕਾਮਰਸ ਵਿਭਾਗ ਦੇ ਮੁਖੀ ਡਾ. ਬਿਮਲਾ ਜਸਵਾਲ ਵੱਲੋਂ ਟਾਈਮ ਮੈਨੇਜਮੈਂਟ ਵਿਸ਼ੇ 'ਤੇ ਇੱਕ ਵਿਸ਼ੇਸ਼ ਲੈਕਚਰ ਦਿੱਤਾ ਗਿਆ। ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਵੱਲੋਂ ਸ਼ੁਰੂ ਕੀਤੀ ਇਸ ਲੈਕਚਰ ਲੜੀ ਨਾਲ ਅੰਤਰ ਅਨੁਸ਼ਾਸਨੀ ਅਧਿਐਨ ਵਿਧੀ ਨੂੰ ਉਤਸ਼ਾਹ ਮਿਲਦਾ ਹੈ। ਇਸ ਮੌਕੇ ਡਾ. ਬਿਮਲਾ ਜਸਵਾਲ ਨੇ ਟਾਈਮ ਮੈਨੇਜਮੈਂਟ ਦੇ ਵੱਖ-ਵੱਖ ਪਹਿਲੂਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ।ਉਹਨਾਂ ਆਮ ਜ਼ਿੰਦਗੀ ਦੀਆਂ ਉਦਾਹਰਣਾਂ ਦੇ ਕੇ ਟਾਈਮ ਮੈਨੇਜਮੈਂਟ ਅਧੀਨ ਘੱਟ ਤੋਂ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਚੰਗੀ ਕੁਸ਼ਲਤਾ ਨਾਲ ਕੰਮ ਕਰਨ ਸਬੰਧੀ ਨੁਕਤੇ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਹਰ ਘਰ, ਸਮਾਜ, ਸੰਸਥਾ ਜਾਂ ਕਿਸੇ ਵੀ ਕੰਪਨੀ ਵਿੱਚ ਟਾਈਮ ਮੈਨੇਜਮੈਂਟ ਦੀ ਆਪਣੀ ਮਹੱਤਤਾ ਹੁੰਦੀ ਹੈ ਜਿਸ ਨੂੰ ਅਪਨਾ ਕੇ ਕੋਈ ਵੀ ਵਿਅਕਤੀ ਆਪਣੀ ਜ਼ਿੰਦਗੀ ਨੂੰ ਹੋਰ ਬਿਹਤਰੀਨ ਬਣਾ ਸਕਦਾ ਹੈ ਅਤੇ ਆਪਣੇ ਕੰਮ ਨੂੰ ਵੀ ਚੰਗੀ ਚੰਗੇ ਤਰੀਕੇ ਨਾਲ ਕਰ ਸਕਦਾ ਹੈ। ਇਸ ਮੌਕੇ ਕਾਮਰਸ ਵਿਭਾਗ ਦੇ ਪ੍ਰੋ ਡਾ ਰਕੇਸ਼ ਕੁਮਾਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਪ੍ਰੋ ਬਿਮਲਾ ਜਸਵਾਲ ਨੂੰ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ। ਲੈਕਚਰ ਦੌਰਾਨ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਜ਼ਿਲ੍ਹੇ 'ਚ 510475 ਮੀਟ੍ਰਿਕ ਟਨ ਕਣਕ ਦੀ ਨਿਰਵਿਘਨ ਖ਼ਰੀਦ ਹੋਈ : ਡੀ ਸੀ

**ਜਲੰਧਰ (ਸ਼ੈਲੀ ਐਲਬਰਟ)**: ਜ਼ਿਲ੍ਹੇ ਵਿੱਚ ਕਣਕ ਦਾ ਖ਼ਰੀਦ ਸੀਜ਼ਨ ਆਪਣੀ ਅਖੀਰ 'ਤੇ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਸੁਚੱਜੇ ਪ੍ਰਬੰਧਾਂ ਸਦਕਾ ਬੀਤੇ ਦਿਨ ਤੱਕ 510475 ਮੀਟ੍ਰਿਕ ਟਨ ਕਣਕ ਦੀ ਨਿਰਵਿਘਨ ਢੰਗ ਨਾਲ ਖ਼ਰੀਦ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਣਕ ਦੀ ਖ਼ਰੀਦ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੱਲ੍ਹ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 510539 ਮੀਟ੍ਰਿਕ ਟਨ ਕਣਕ ਵਿਕਰੀ ਲਈ ਪਹੁੰਚੀ, ਜਿਸ ਵਿੱਚੋਂ 510475 ਮੀਟ੍ਰਿਕ ਟਨ ਫ਼ਸਲ ਦੀ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਨਗ੍ਰੇਨ ਵੱਲੋਂ 167016 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 137480 ਪਨਸਪ ਵੱਲੋਂ 115573, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 57343, ਐਫ.ਸੀ.ਆਈ. ਵੱਲੋਂ 28060 ਅਤੇ ਪ੍ਰਾਈਵੇਟ ਵਪਾਰੀਆਂ ਵੱਲੋਂ 5002 ਮੀਟ੍ਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਕੀਤੀ ਫ਼ਸਲ ਦੀ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ ਕਿਸਾਨਾਂ ਨੂੰ 1221 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਉਣ ਦੇ ਨਾਲ-ਨਾਲ ਤੇਜ਼ੀ ਨਾਲ ਲਿਫ਼ਟਿੰਗ ਵੀ ਕੀਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਖ਼ਰੀਦ ਪ੍ਰਕਿਰਿਆ ਨੂੰ ਨਿਰਵਿਘਨ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਅਤੇ ਕਣਕ ਦੀ ਬੰਪਰ ਪੈਦਾਵਾਰ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ 79 ਸਥਾਈ ਮੰਡੀਆਂ ਤੋਂ ਇਲਾਵਾ 23 ਆਰਜ਼ੀ ਮੰਡੀਆਂ ਵੀ ਸਥਾਪਤ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਦੀ ਸਹੂਲਤ ਲਈ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ।ਓਧਰ, ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਪੰਜਾਬ ਸਰਕਾਰ ਦਾ ਧੰਨਵਾਦ ਵੀ ਪ੍ਰਗਟਾਇਆ ਜਾ ਰਿਹਾ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵਲੋਂ ਮੰਡੀਆਂ ਵਿੱਚ ਸੁਚਾਰੂ ਢੰਗ ਨਾਲ ਸਾਰੇ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਨਾਲੋ-ਨਾਲ ਕਣਕ ਦੀ ਖ਼ਰੀਦ ਅਤੇ ਅਦਾਇਗੀ ਲਈ ਸੂਬਾ ਸਰਕਾਰ ਦਾ ਧੰਨਵਾਦ ਪ੍ਰਗਟਾਇਆ ।

## ਮੋਹਿਤ ਭੰਡਾਰੀ ਦਾ ਜਨਮ ਦਿਨ ਮਨਾਇਆ



**ਫਿਲੌਰ (ਬੀ ਐੱਸ ਕੈਨੇਡੀ)** ਇਥੇ ਹਨੂੰਮਾਨ ਮੰਦਰ ਦੀ ਗਰਾਊਂਡ ਵਿਖੇ ਯੋਗਾ ਦੀ ਮੁੱਖ ਸੰਚਾਲਕ ਗੀਨਾ ਤਾਂਗੜੀ ਨੇ ਆਪਣੀ ਟੀਮ ਨਾਲ ਉਘੇ ਸਮਾਜ ਸੇਵਕ ਮੋਹਿਤ ਭੰਡਾਰੀ ਦਾ 42ਵਾਂ ਜਨਮ ਦਿਨ ਮਨਾਇਆ। ਤਾਂਗੜੀ ਨੇ ਕਿਹਾ ਕਿ ਮੋਹਿਤ ਭੰਡਾਰੀ ਦੁੱਖ ਸੁੱਖ ਵਿਚ ਗਰੀਬ ਪਰਵਾਰ ਦੀ ਮਦਦ ਕਰਦੇ ਹਨ। ਇਸ ਮੌਕੇ ਡਾਕਟਰ ਪੂਰਨ ਚੰਦ ਸੁਰਿੰਦਰ ਕੈਂਥ ਕੌਂਸਲਰ ਮਨੋਜ ਗੁਲਾਟੀ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਸਨ।

## ਰੁਪਿੰਦਰ ਕੌਰ ਨੇ ਜ਼ਿਲ੍ਹੇ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ

**ਮਹਿਤਪੁਰ (ਰਾਜਾ)** ਸੀ. ਬੀ. ਐਸ .ਈ. ਬੋਰਡ ਵੱਲੋਂ ਇਸ ਸਾਲ ਲਈ ਗਈ ਬਾਰਵੀਂ ਜਮਾਤ ਦੇ ਐਲਾਨੇ ਕਮਰਸ ਗਰੁੱਪ ਦੇ ਨਤੀਜੇ ਵਿੱਚੋਂ 500 ਚੋਂ 493 ਅੰਕ (98.6 ਫ਼ੀਸਦੀ) ਪ੍ਰਾਪਤ ਕਰਕੇ ਮਲਾਵੀ ਦੇਵੀ ਦਇਆਨੰਦ ਮਾਡਲ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਦੀ ਵਿਦਿਆਰਥਣ ਰੁਪਿੰਦਰ ਕੌਰ ਨੇ ਜ਼ਿਲ੍ਹਾ ਜਲੰਧਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਪਰਵਾਰ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਖ਼ੁਸ਼ੀ ਦੇ ਮੌਕੇ 'ਤੇ ਰੁਪਿੰਦਰ ਕੌਰ ਦੇ ਪਿਤਾ ਐਸੋਸੀਏਟ ਪ੍ਰੋਫ਼ੈਸਰ ਬਲਵਿੰਦਰ ਸਿੰਘ, ਮਾਤਾ ਸਾਇੰਸ ਮਿਸਟਰੈਸ਼ ਕਮਲਜੀਤ ਕੌਰ, ਪ੍ਰਿੰਸੀਪਲ ਨੇ ਮੂੰਹ ਮਿਠਾ ਕਰਵਾ ਕੇ ਸ਼ੁੱਭਕਾਮਨਾਵਾਂ ਦਿੰਦੇ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਦਿੱਤੀ।



## ਸੰਯੁਕਤ ਕਿਸਾਨ ਮੋਰਚਾ ਤਹਿਸੀਲ ਸ਼ਾਹਕੋਟ ਨੇ ਕੱਢਿਆ ਅਮਨ ਮਾਰਚ

**ਸ਼ਾਹਕੋਟ (ਗਿਆਨ ਸੈਦਪੁਰੀ)** ਬੁੱਧਵਾਰ ਨੂੰ ਸੰਯੁਕਤ ਕਿਸਾਨ ਮੋਰਚਾ ਦੇ ਫੈਸਲੇ ਅਨੁਸਾਰ ਤਹਿਸੀਲ ਸ਼ਾਹਕੋਟ ਵੱਲੋਂ ਬੱਸ ਸਟੈਂਡ ਸ਼ਾਹਕੋਟ 'ਤੇ ਵਿਸ਼ਾਲ ਇਕੱਠ ਕਰਕੇ ਤਖਤੀਆਂ, ਬੈਨਰ ਅਤੇ ਨਾਰਿਆਂ ਦੀ ਗੂੰਜ ਹੇਠ ਅਮਨ ਮਾਰਚ ਕੱਢਿਆ ਗਿਆ।ਜਿਸ ਦਾ ਉਦੇਸ਼ ਅਮਨ ਸ਼ਾਂਤੀ ਬਣਾਈ ਰੱਖਣਾ ਅਤੇ ਭਾਈਚਾਰਕ ਸਾਂਝ ਨੂੰ ਅੱਗੇ ਵਧਾਉਣਾ ਹੈ। ਜੰਗ ਦੇ ਬੁਰੇ ਪ੍ਰਭਾਵਾਂ ਬਾਰੇ ਸ਼ਹਿਰ ਵਾਸੀਆਂ ਨੂੰ ਜਾਗਰੂਕ ਕੀਤਾ ਗਿਆ। ਇਸ ਮਾਰਚ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸ਼ਾਹਕੋਟ, ਪੰਜਾਬ ਖੇਤ ਮਜ਼ਦੂਰ ਯੂਨੀਅਨ ਅਤੇ ਇਲਾਕੇ ਦੇ ਅਮਨ ਪਸੰਦ ਲੋਕਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਬਾਜ਼ਾਰਾਂ ਵਿੱਚ ਲੋਕਾਂ ਨੇ ਇਸ ਨੂੰ ਬੜੇ ਉਤਸ਼ਾਹ ਨਾਲ ਸੁਣਿਆ ਤੇ ਮਾਰਚ ਦੀ ਪ੍ਰਸ਼ੰਸਾ ਕੀਤੀ। ਮਾਰਚ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਚਾਹਲ ਨੇ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਸਗੋਂ ਜੰਗ ਆਪਣੇ ਆਪ ਵਿੱਚ ਇੱਕ ਮਸਲਾ ਹੈ। ਉਹਨਾਂ ਨੇ ਸ਼ਹਿਰ ਤੇ ਇਲਾਕਾ ਨਿਵਾਸੀਆਂ ਨੂੰ ਇਸ ਫਿਰਕੂ ਮਾਹੌਲ ਵਿੱਚ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ। ਇਸ ਸ਼ਾਂਤੀ ਮਾਰਚ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਹਿੱਸਾ ਲਿਆ ਜਿਹਨਾਂ ਵਿੱਚ ਸੁਖਜਿੰਦਰ ਲਾਲੀ, ਦਿਲਬਾਗ ਸਿੰਘ, ਬਲਦੇਵ ਸਿੰਘ ਗੱਟੀ, ਬੂਟਾ ਸਿੰਘ ਮੁਰੀਦਵਾਲ, ਜਿੰਦਰ ਬਾਗਪੁਰ, ਜਗੀਰ ਜੋ ਸਨ, ਸਤਨਾਮ ਨੀਟਾ, ਪਾਲ ਬਾਗਪੁਰ, ਬਲਕਾਰ ਸਿੰਘ ਫਾਜਲਵਾਲ, ਜਸਪਾਲ ਸਿੰਘ ਸੰਡਾਵਾਲ, ਪਰਮਿੰਦਰ ਸਿੰਘ ਸੰਡਾਵਾਲ, ਸੁਰਜੀਤ ਸਿੰਘ ਸੰਡਾਵਾਲ, ਗੁਰਮੀਤ ਸਿੰਘ ਬੁੱਢਣਵਾਲ, ਬਿੱਟੂ ਸ਼ਾਹ, ਕਸ਼ਮੀਰ ਸਿੰਘ ਬਾਹਮਣੀਆਂ, ਹਜ਼ੂਰਾ ਸਿੰਘ, ਜਸਵੀਰ ਸਿੰਘ, ਨਿਰਮਲ ਸਿੰਘ ਸਲੈਚਾ, ਪ੍ਰੀਤਮ ਸਿੰਘ ਸੈਦਪੁਰ, ਅਮਰੀਕ ਸਿੰਘ ਸੈਦਪੁਰ, ਮਨਜੀਤ ਸਿੰਘ ਸਾਬੀ, ਨਿਰਮਲ ਸਿੰਘ ਢਿੱਲੋਂ, ਨਿਰਮਲ ਸਿੰਘ ਹੁੰਦਲ, ਗੁਰਦੇਵ ਸਿੰਘ ਦੇਬੀ, ਨਿਰਮਲ ਸਿੰਘ ਖਾਲਸਾ, ਸਾਬਾ ਢਿੱਲੋਂ ਕਾਂਗਣਾ, ਬਲਕਾਰ ਸਿੰਘ, ਜੱਸੀ ਸੰਧੂ ਨਸੂੜੀ, ਜਸਮੇਲ ਸਿੰਘ ਕਾਕੜ ਕਲਾਂ, ਕਰਨੈਲ ਸਿੰਘ ਫਾਜਲਵਾਲ, ਗੁਰਮੀਤ ਸਿੰਘ ਫਾਜਲਵਾਲ, ਸੁਖਬੀਰ ਸਿੰਘ ਦਾਨੇਵਾਲ, ਬਲਦੇਵ ਸਿੰਘ ਗਿੱਲਣ, ਮਨਜਿੰਦਰ ਮਲਸੀਆਂ, ਅਤੇ ਅਮਰ ਸਿੰਘ ਬੀਟੀ ਅਮਰਜੀਤ ਸਿੰਘ ਬੀਟੀ ਆਦਿ ਹਾਜ਼ਰ ਸਨ।




## ਆਈ ਸੀ ਸੀ ਡਬਲਯੂ ਬਹਾਦਰੀ ਪੁਰਸਕਾਰਾਂ ਲਈ ਬੱਚਿਆਂ ਤੇ ਨੌਜਵਾਨਾਂ ਤੋਂ ਨਾਮਜ਼ਦਗੀਆਂ ਮੰਗੀਆਂ

**ਸਾਹਿਬਜਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਭਾਰਤੀ ਬਾਲ ਭਲਾਈ ਪ੍ਰੀਸ਼ਦ ਨੇ ਬੱਚਿਆਂ ਅਤੇ ਨੌਜਵਾਨਾਂ ਪਾਸੋਂ ਆਈ ਸੀ ਸੀ ਡਬਲਯੂ ਬਹਾਦਰੀ ਪੁਰਸਕਾਰਾਂ - 2025 ਲਈ ਅਰਜੀਆਂ ਮੰਗੀਆਂ ਹਨ। ਜਾਣਕਾਰੀ ਦਿੰਦੇ ਹੋਏ, ਡਾ. ਪ੍ਰੀਤਮ ਸਿੱਧੂ, ਸਕੱਤਰ, ਬਾਲ ਭਲਾਈ ਪ੍ਰੀਸ਼ਦ, ਪੰਜਾਬ ਨੇ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਲਈ, 6 ਤੋਂ 18 ਸਾਲ ਦੀ ਉਮਰ (ਬਾਲ ਪੁਰਸਕਾਰ) ਜਾਂ 18 ਤੋਂ 24 ਸਾਲ ਦੀ ਉਮਰ (ਯੁਵਾ ਪੁਰਸਕਾਰ) ਦੇ ਯੋਗ ਪ੍ਰਾਰਥੀਆਂ ਦੀਆਂ ਨਾਮਜਦਗੀਆਂ ਡਿਪਟੀ ਕਮਿਸ਼ਨਰ ਦਫਤਰਾਂ ਰਾਹੀਂ ਨਿਰਧਾਰਿਤ ਫਾਰਮੈਟ ਵਿੱਚ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਡੁੱਬਣ ਅਤੇ ਜੰਗਲੀ ਜਾਨਵਰਾਂ ਦੇ ਹਮਲੇ ਤੋਂ ਬਚਾਉਣ ਦੇ ਮਾਮਲੇ ਬਹਾਦਰੀ ਦੇ ਪ੍ਰਤੀਕ ਹਨ ਪਰ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਹੋ ਸਕਦੀਆਂ ਹਨ, ਜਿੱਥੇ ਇੱਕ ਬੱਚੇ ਦੀ ਬਹਾਦਰੀ ਦਾ ਖਾਸ ਕੰਮ ਸਪੱਸ਼ਟ ਤੌਰ 'ਤੇ ਦਿਖਾਈ ਦੇਵੇ। ਇਹ ਜਾਨ ਦੇ ਜੋਖਮ, ਸਰੀਰਕ ਸੱਟ ਦੇ ਖਤਰੇ ਅਤੇ ਜਾਂ ਕਿਸੇ ਸਮਾਜਿਕ ਬੁਰਾਈ/ਅਪਰਾਧ ਦੇ ਵਿਰੁੱਧ ਹਿੰਮਤ ਅਤੇ ਦਲੇਰੀ ਭਰਪੂਰ ਸਵੈ-ਇੱਛਾ ਨਾਲ ਨਿਰਸਵਾਰਥ ਸੇਵਾ ਦਾ ਕੰਮ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਾਮਜਦਗੀਆਂ 1 ਜੁਲਾਈ, 2024 ਤੋਂ 30 ਸਤੰਬਰ, 2025 ਦੇ ਵਿਚਕਾਰ ਵਾਪਰੀਆਂ ਘਟਨਾਵਾਂ ਦੇ ਸਬੰਧ ਵਿੱਚ, ਡਿਪਟੀ ਕਮਿਸ਼ਨਰ ਦਫਤਰਾਂ ਰਾਹੀਂ ਬਾਲ ਭਲਾਈ ਪ੍ਰੀਸ਼ਦ ਦਫਤਰ ਨੂੰ 5 ਅਕਤੂਬਰ, 2025 ਤੱਕ ਪਹੁੰਚਣੀਆਂ ਲਾਜਮੀ ਹਨ। ਹਰੇਕ ਅਰਜੀ ਦੇ ਨਾਲ ਕੇਸ ਦੀ "ਤਸਦੀਕ" ਕੀਤੀ ਹੋਣੀ ਚਾਹੀਦੀ ਹੈ।ਅਰਜੀ ਦੀ ਸਿਫਾਰਸ਼ ਉਸ ਸਕੂਲ/ਕਾਲਜ ਦੇ ਪ੍ਰਿੰਸੀਪਲ/ਮੁੱਖ ਅਧਿਆਪਕ, ਰਾਜ/ਯੂਟੀ ਬਾਲ ਭਲਾਈ ਪ੍ਰੀਸਦ ਦੇ ਪ੍ਰਧਾਨ ਜਾਂ ਜਨਰਲ ਸਕੱਤਰ ਜਾਂ ਕਿਸੇ ਹੋਰ ਅਹੁਦੇਦਾਰ ਜਾਂ ਕਿਸੇ ਸੇਵਾਮੁਕਤ ਸਰਕਾਰੀ ਅਧਿਕਾਰੀ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਧੂਰੀਆਂ ਅਰਜੀਆਂ ਜਾਂ ਨਿਰਧਾਰਤ ਫਾਰਮੈਟ ਵਿੱਚ ਨਾ ਭੇਜੀਆਂ ਗਈਆਂ ਅਰਜੀਆਂ ਨੂੰ ਰੱਦ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਸਾਰੇ ਸਹਾਇਕ ਦਸਤਾਵੇਜ ਸੂਚੀਬੱਧ ਸਮਰੱਥ ਅਧਿਕਾਰੀਆਂ ਦੁਆਰਾ ਸਹੀ ਢੰਗ ਨਾਲ ਪ੍ਰਮਾਣਿਤ ਕੀਤੇ ਜਾਣ ਅਤੇ ਸਥਾਨਕ/ਖੇਤਰੀ ਭਾਸ਼ਾ ਵਿੱਚ ਸਾਰੇ ਦਸਤਾਵੇਜ ਹਿੰਦੀ/ਅੰਗਰੇਜੀ ਵਿੱਚ ਅਨੁਵਾਦ ਦੇ ਨਾਲ ਹੋਣ। ਅਖਬਾਰਾਂ ਦੀਆਂ ਕਲਿੱਪਿੰਗਾਂ/ਮੈਗਜੀਨ ਦੀਆਂ ਕਲਿੱਪਿੰਗਾਂ ਅਰਜੀ ਫਾਰਮ ਨਾਲ ਨੱਥੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਪੁਰਸਕਾਰਾਂ ਵਿੱਚ 1,00,000/- ਰੁਪਏ ਦੀ ਇਨਾਮੀ ਰਾਸ਼ੀ ਵਾਲੇ ਆਈ ਸੀ ਸੀ ਡਬਲਯੂ ਭਾਰਤ ਪੁਰਸਕਾਰ ਤੋਂ ਇਲਾਵਾ 75,000 ਰੁਪਏ ਦੀ ਇਨਾਮੀ ਰਾਸ਼ੀ ਵਾਲੇ ਆਈ ਸੀ ਸੀ ਡਬਲਯੂ ਧਰੁਵ ਪੁਰਸਕਾਰ, ਆਈ ਸੀ ਸੀ ਡਬਲਯੂ ਮਾਰਕੰਡੇਯ ਪੁਰਸਕਾਰ, ਆਈ ਸੀ ਸੀ ਡਬਲਯੂ ਸਰਵਣ ਪੁਰਸਕਾਰ, ਆਈ ਸੀ ਸੀ ਡਬਲਯੂ ਪ੍ਰਹਿਲਾਦ ਪੁਰਸਕਾਰ, ਆਈ ਸੀ ਸੀ ਡਬਲਯੂ ਏਕਲਵਿਆ ਪੁਰਸਕਾਰ, ਆਈ ਸੀ ਸੀ ਡਬਲਯੂ ਅਭਿਮਨਿਊ ਪੁਰਸਕਾਰ ਅਤੇ 40,000 ਰੁਪਏ ਦੀ ਇਨਾਮੀ ਰਾਸ਼ੀ ਵਾਲੇ ਜਨਰਲ ਪੁਰਸਕਾਰਾਂ ਤੋਂ ਇਲਾਵਾ ਇੱਕ ਤਗਮਾ (ਸੋਨਾ/ਚਾਂਦੀ) ਅਤੇ ਇੱਕ ਸਰਟੀਫਿਕੇਟ ਸ਼ਾਮਲ ਹਨ।

# ਏਕਮ ਪਬਲਿਕ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ ਰਿਹਾ ਸੌ ਫੀਸਦੀ

**ਮਹਿਤਪੁਰ (ਰਾਜਾ)**

ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਵੱਲੋਂ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਏਕਮ ਪਬਲਿਕ ਸਕੂਲ ਮਹਿਤਪੁਰ ਦੇ 15 ਵਿਦਿਆਰਥੀਆਂ ਨੇ 90% ਤੋਂ ਉੱਪਰ ਅਤੇ 41 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਹ ਜਾਣਕਾਰੀ ਸਕੂਲ ਡਾਇਰੈਕਟਰ ਨਿਰਮਲ ਸਿੰਘ ਢਿੱਲੋਂ ਅਤੇ ਪ੍ਰਿੰਸੀਪਲ ਸ੍ਰੀਮਤੀ ਅਮਨਦੀਪ ਕੌਰ ਵੱਲੋਂ ਸਾਂਝੇ ਤੌਰ 'ਤੇ ਦਿੱਤੀ ਗਈ। ਉਹਨਾਂ ਦੱਸਿਆ ਕਿ ਸੁਸ਼ਮੀਤ ਕੌਰ ਨੇ 96.2%,ਸੁਮਿਤ ਅਰੋੜਾ 96.2%,ਗੁਰਪ੍ਰੀਤ ਸਿੰਘ 95.8%,ਹਿਤੇਸ਼ ਰਾਣਾ 95.6%,ਰੁਪਿੰਦਰ ਕੌਰ 94.6%, ਐਸ਼ਪ੍ਰੀਤ ਕੌਰ 94.4%,ਜਸਮੀਨ ਕੌਰ 94.0%, ਅਰਸ਼ਦੀਪ ਕੌਰ 93.2%,ਮਿਲਵੀਰ ਕੌਰ 93%, ਮਨਪ੍ਰੀਤ ਕੌਰ 92.2%, ਰਾਜਵਿੰਦਰ ਸਿੰਘ 91.4%,ਜਸਲੀਨ ਕੌਰ 91.2% ਜਸਵਿੰਦਰ ਕੌਰ 90.2%,ਰੁਕਮਨਜੀਤ ਕੌਰ 90.2% ਅਤੇ ਅਸ਼ਨੀਤ ਕੌਰ ਨੇ 89.6% ਅੰਕ ਪ੍ਰਾਪਤ ਕਰਕੇ ਆਪਣਾ ਨਾਂਅ ਮੈਰਿਟ ਵਿੱਚ ਦਰਜ ਕਰਵਾਇਆ। ਪੰਜਾਬੀ ਵਿਸ਼ੇ ਵਿੱਚ ਛੇ ਬੱਚਿਆਂ ਗੁਰਪ੍ਰੀਤ ਸਿੰਘ, ਜਸਵਿੰਦਰ ਕੌਰ ,ਸੁਮਿਤ ਅਰੋੜਾ, ਅਨੁਰੀਤ ਕੌਰ, ਅਰਸ਼ਦੀਪ ਕੌਰ ਅਤੇ ਅਰਸ਼ਦੀਪ ਕੌਰ ਨੇ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਕੀਰਤੀਮਾਨ ਸਥਾਪਿਤ ਕੀਤਾ ਜਦਕਿ 58 ਵਿਦਿਆਰਥੀਆਂ ਨੇ ਪੰਜਾਬੀ ਵਿਸ਼ੇ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸੇ ਇਸੇ ਪ੍ਰਕਾਰ ਕੰਪਿਊਟਰ ਵਿਸ਼ੇ ਵਿੱਚੋਂ ਪੰਜ ਬੱਚਿਆਂ ਗੁਰਸਾਜਨ ਸਿੰਘ, ਰੁਪਿੰਦਰ ਕੌਰ,ਸੁਸ਼ਮੀਤ, ਗੁਰਪ੍ਰੀਤ ਸਿੰਘ ਅਤੇ ਮਨਤੇਜ ਸਿੰਘ ਨੇ 100 ਵਿੱਚੋਂ 99 ਅੰਕ ਪ੍ਰਾਪਤ ਕੀਤੇ ਜਦਕਿ 23 ਬੱਚਿਆਂ ਨੇ 90 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਸਕੂਲ ਪ੍ਰਿੰਸੀਪਲ ਸ੍ਰੀਮਤੀ ਅਮਨਦੀਪ ਕੌਰ ਨੇ ਦੱਸਿਆ ਕਿ ਸਮਾਜਿਕ ਸਿੱਖਿਆ ਵਿਸ਼ੇ ਵਿੱਚੋਂ ਰੁਪਿੰਦਰ ਕੌਰ ਨੇ 99 ਅੰਕ ਪ੍ਰਾਪਤ ਕੀਤੇ ਜਦ ਕਿ 16 ਹੋਰ ਵਿਦਿਆਰਥੀਆਂ ਨੇ 90 ਤੋਂ ਉੱਪਰ ਅੰਕ ਪ੍ਰਾਪਤ ਕੀਤੇ। ਉਹਨਾਂ ਅੱਗੇ ਦੱਸਿਆ ਕਿ ਇੰਗਲਿਸ਼ ਦੇ ਵਿੱਚੋਂ ਐਸ਼ਪ੍ਰੀਤ ਕੌਰ ਨੇ 98 ਅੰਕ ਪ੍ਰਾਪਤ ਕੀਤੇ। ਇਸਦੇ ਨਾਲ ਹੀ 14 ਹੋਰ ਵਿਦਿਆਰਥੀਆਂ ਨੇ 90 ਤੋਂ ਵੱਧ ਅੰਕ ਹਾਸਿਲ ਕੀਤੇ। ਇਸੇ ਪ੍ਰਕਾਰ ਗਣਿਤ ਵਿਸ਼ੇ ਵਿੱਚੋਂ ਸੁਮਿਤ ਅਰੋੜਾ ਨੇ 97 ਅਤੇ 8 ਹੋਰ ਬੱਚਿਆਂ ਨੇ 90 ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸਦੇ ਨਾਲ ਹੀ ਸੁਸ਼ਮੀਤ ਕੌਰ ਨੇ ਸਾਇੰਸ ਵਿਸ਼ੇ ਵਿੱਚੋਂ 97 ਅਤੇ 7 ਹੋਰ ਵਿਦਿਆਰਥੀਆਂ ਨੇ 90 ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਇਸ ਦੇ ਨਾਲ ਹੀ ਉਹਨਾਂ ਆਪਣੇ ਮਿਹਨਤੀ ਤੇ ਤਜਰਬੇਕਾਰ ਅਧਿਆਪਕਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਮੈਨੇਜਮੈਂਟ ਤੋਂ ਦਲਜੀਤ ਸਿੰਘ ਵਾਈਸ ਪ੍ਰਿੰਸੀਪਲ ਸਮੀਕਸ਼ਾ ਸ਼ਰਮਾ , ਦਲਜੀਤ ਕੌਰ,ਸਵਪਨਦੀਪ ਕੌਰ, ਚੇਤਨਾ ਰਾਜਦੇਵ ਅਤੇ ਅਧਿਆਪਕਾਂ ਵਿੱਚੋਂ ਦਲਵੀਰ ਕੌਰ, ਦੀਪਤੀ ਕਵਾਤਰਾ ,ਰਣਜੋਤ ਸਿੰਘ, ਚੰਦਨ ਸਿੰਘ ,ਪੂਨਮ ਸ਼ਰਮਾ,ਰੇਖਾ ਸ਼ਰਮਾ, ਜਸਪ੍ਰੀਤ ਕੌਰ ਅਤੇ ਤਮੰਨਾ ਹਾਜ਼ਰ ਸਨ।



# ਐੱਸ ਕੇ ਐੱਮ ਦੇ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਜੰਗਬਾਜ਼ਾਂ ਖਿਲਾਫ ਰੋਸ ਪ੍ਰਦਰਸ਼ਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਹਰਬੰਸ ਸਿੰਘ ਸੰਘਾ ਮੈਂਬਰ ਐਸ.ਕੇ.ਐਮ ਪੰਜਾਬ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਵਿਖੇ ਜੰਗਬਾਜ਼ਾਂ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਰੋਸ ਪ੍ਰਦਰਸ਼ਨ ਵਿੱਚ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਸਰਗਰਮ ਮੈਂਬਰ ਸ਼ਾਮਲ ਹੋਏ। ਬੁਲਾਰਿਆਂ ਨੇ ਜੰਗਬਾਜ਼ਾਂ ਦੇ ਮਨਸੂਬਿਆਂ ਤੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਦੱਸਿਆ ਕਿ ਉਹ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਵੱਖ-ਵੱਖ ਤਰੀਕਿਆਂ ਨੂੰ ਆਪਸ ਵਿੱਚ ਲੜਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਇਹ ਦੋਵੇਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਦੀ ਲੋੜ ਹੈ। ਸਾਡੇ ਦੇਸ਼ ਭਾਰਤ ਵਿੱਚ ਜਦੋਂ ਵੀ ਚੋਣਾਂ ਆਉਂਦੀਆਂ ਹਨ, ਉਸ ਸਮੇਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਜਿਸ ਦਾ ਫਾਇਦਾ ਹਾਕਮ ਧਿਰ ਲੈਣ ਲਈ ਤਿਆਰ ਰਹਿੰਦੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਜੰਗ ਨਹੀਂ ਅਮਨ ਚਾਹੁੰਦੇ ਹਾਂ, ਉਨ੍ਹਾਂ ਦੋਵਾਂ ਦੇਸ਼ਾਂ ਦੀਆਂ ਜੰਗਬਾਜ਼ ਸਰਕਾਰਾਂ ਨੂੰ ਲਾਹਨਤਾਂ ਪਾਈਆਂ। ਬੁਲਾਰਿਆਂ ਨੇ ਦਸਿਆ ਕਿ ਹਰ ਵਾਰ ਪੰਜਾਬ ਦੀ ਧਰਤੀ ਨੂੰ ਜੰਗ ਦਾ ਅਖਾੜਾ ਬਣਾਇਆ ਜਾਂਦਾ ਹੈ।ਹਾਕਮ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੇ ਹਨ। ਇਸ ਇਕੱਠ ਨੂੰ ਭੁਪਿੰਦਰ ਸਿੰਘ ਕਿਰਤੀ ਕਿਸਾਨ ਯੂਨੀਅਨ, ਰਜਿੰਦਰ ਸਿੰਘ ਬੀ.ਕੇ.ਯੂ ਉਗਰਾਹਾਂ, ਹਰਬੰਸ ਸਿੰਘ ਸੰਘਾ ਕਿਸਾਨ ਕਮੇਟੀ ਦੋਆਬਾ ਪੰਜਾਬ, ਸਾਥੀ ਹਰਿ ਅਤੇ ਹਰ ਕਿਸਾਨ ਆਗੂਆਂ ਨੇ ਸੰਬੋਧਨ ਕੀਤਾ।

# ਐੱਸ ਟੀ ਐੱਸ ਵਰਲਡ ਸਕੂਲ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਗੁਰਾਇਆ (ਬਿੰਦਰ ਸੁਮਨ)**

ਐੱਸ.ਟੀ.ਐੱਸ ਵਰਲਡ ਸਕੂਲ ਨੇ ਸੀ.ਬੀ.ਐੱਸ.ਈ ਦੀ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ 100% ਨਤੀਜਾ ਹਾਸਲ ਕਰਕੇ ਸਕੂਲ ਦੀ ਮਾਣ-ਵਡਾਉ ਪਰੰਪਰਾ ਨੂੰ ਜਾਰੀ ਰੱਖਿਆ। ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਇਮਤਿਹਾਨ ਵਿੱਚ ਆਪਣੇ ਵਧੀਆ ਨਤੀਜਿਆਂ ਨਾਲ ਮਾਪਿਆਂ, ਅਧਿਆਪਕਾਂ ਅਤੇ ਸਕੂਲ ਦੀਆਂ ਉਮੀਦਾਂ 'ਤੇ ਪੂਰਾ ਉਤਰਦੇ ਹੋਏ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬਾਰਵੀਂ ਜਮਾਤ ਦੇ ਕੁੱਲ 63 ਵਿਦਿਆਰਥੀਆਂ ਵਿੱਚੋਂ ਸਕੂਲ ਦੇ ਕਾਮਰਸ ਵਿਭਾਗ ਵਿੱਚ ਨੇਹਨੀ ਬਾਲਾ 93%, ਜਸਲੀਨ ਕੌਰ 89% ਸਮਨਪ੍ਰੀਤ ਕੌਰ 88% ਅੰਕ ਹਾਸਿਲ ਕੀਤੇ। ਇਸ ਦੇ ਨਾਲ ਹੀ ਮੈਡੀਕਲ ਵਿਭਾਗ ਵਿੱਚ ਕਰਮਜੀਤ ਸਿੰਘ ਚੀਮੀ 91%, ਨਿਖਿਲ ਸਿਮਰ 90.6%, ਸੁਖਦੀਪ ਨੇ 89%ਅੰਕ ਹਾਸਿਲ ਕੀਤੇ।ਆਰਟਸ ਵਿਭਾਗ ਵਿੱਚ ਗਗਨਦੀਪ ਕੌਰ 84% ਕੁਲਜੀਤ ਕੌਰ 81% ਸੁਖਦੀਪ ਕੌਰ 80% ਅੰਕ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਪ੍ਰਭਜੋਤ ਗਿੱਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ, "ਇਹ ਨਤੀਜਾ ਸਿੱਖਿਆ ਪ੍ਰਤੀ ਸਾਡੇ ਸੰਕਲਪ, ਵਿਦਿਆਰਥੀਆਂ ਦੀ ਲਗਨ, ਅਤੇ ਅਧਿਆਪਕਾਂ ਦੀ ਮਿਹਨਤ ਦਾ ਨਤੀਜਾ ਹੈ। ਅਸੀਂ ਹਰ ਵਿਦਿਆਰਥੀ ਨੂੰ ਭਵਿੱਖ ਵਿੱਚ ਹੋਰ ਉਚਾਈਆਂ ਛੂਹਣ ਦੀਆਂ ਸ਼ੁਭਕਾਮਨਾਵਾਂ ਦਿੰਦੇ ਹਾਂ।" ਸਕੂਲ ਵੱਲੋਂ ਇਹ ਵੀ ਦੱਸਿਆ ਗਿਆ ਕਿ ਕਈ ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਹਾਸਲ ਕਰਕੇ ਵਿਸ਼ੇਸ਼ ਮਾਣ ਹਾਸਿਲ ਕੀਤਾ। ਇਹ ਨਤੀਜੇ ਐੱਸ.ਟੀ.ਐੱਸ ਵਰਲਡ ਸਕੂਲ ਦੀ ਉੱਚ ਮਿਆਰੀ ਸਿੱਖਿਆ ਅਤੇ ਵਿਅਕਤੀਗਤ ਧਿਆਨ ਦੇ ਦ੍ਰਿੜ ਨਿਸ਼ਚੇ ਨੂੰ ਦਰਸਾਉਂਦੇ ਹਨ। ਸਕੂਲ ਦੇ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਉਪਲਬਧੀ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖੀ ਯਤਨਾਂ ਲਈ ਹੌਸਲਾ ਅਫਜ਼ਾਈ ਕੀਤੀ।



# ਟਰਾਂਸਪੋਰਟ ਵਿਭਾਗ ਦੀਆਂ ਗ਼ਲਤ ਨੀਤੀਆਂ ਕਾਰਨ ਗੁਆਂਢੀ ਸੂਬਿਆਂ 'ਚ ਜਾਣ ਲੱਗੇ ਟਰੱਕ ਅਪਰੇਟਰ



**ਚੰਡੀਗੜ੍ਹ, (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੇ ਹਜ਼ਾਰਾਂ ਟਰੱਕ ਗੁਆਂਢੀ ਸੂਬਿਆਂ ਵਿਚ ਰਜਿਸਟ੍ਰੇਸ਼ਨ ਕਰਵਾਉਣ ਲਈ ਮਜਬੂਰ ਹੋ ਰਹੇ ਹਨ ਤੇ ਇਸ ਕਾਰਨ ਸੂਬਾ ਸਰਕਾਰ ਨੂੰ ਜੀਐਸਟੀ ਤੇ ਟੈਕਸਾਂ ਦੇ ਰੂਪ ਵਿੱਚ ਸੈਂਕੜੇ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।ਸੂਬੇ ਦੇ ਟਰੱਕ ਅਪਰੇਟਰਾਂ ਦਾ ਇਕ ਵਫ਼ਦ ਪੰਜਾਬ ਦੇ ਸਟੇਟ ਟਰਾਂਸਪੋਰਟ ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਨੂੰ ਮਿਲਿਆ ਤੇ ਮੰਗ ਕੀਤੀ ਕਿ ਹਰੇਕ ਜ਼ਿਲੇ ਵਿੱਚ ਇਕ ਇਕ ਮੋਟਰ ਵਹੀਕਲਜ਼ ਇੰਸਪੈਕਟਰ ਲਾਇਆ ਜਾਵੇ ਜਿਸ ਨਾਲ ਟਰੱਕਾਂ ਦੀ ਰਜਿਸਟ੍ਰੇਸ਼ਨ ਜਲਦੀ ਹੋ ਸਕੇ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸ਼ਨ ਵਿਚ ਮੁਸ਼ਕਿਲਾਂ ਕਾਰਨ ਹਜ਼ਾਰਾਂ ਟਰੱਕ ਗੁਆਂਢੀ ਸੂਬਿਆਂ ਵਿਚ ਰਜਿਸਟ੍ਰੇਸ਼ਨ ਕਰਵਾਉਣ ਲਈ ਮਜਬੂਰ ਹਨ। ਇਸ ਕਰਕੇ ਸੂਬੇ ਨੂੰ ਸੈਂਕੜੇ ਕਰੋੜ ਰੁਪਏ ਦੇ ਮਾਲੀਏ ਦਾ ਨੁਕਸਾਨ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਟਰੱਕ ਅਪਰੇਟਰਾਂ 'ਤੇ ਟੈਕਸਾਂ ਦਾ ਵੱਡਾ ਬੋਝ ਪਾ ਦਿਤਾ ਗਿਆ ਹੈ। ਨਵੇਂ ਟਰੱਕਾਂ ਲਈ ਚਾਰ ਸਾਲ ਦਾ ਐਡਵਾਂਸ ਟੈਕਸ ਅਤੇ ਪੁਰਾਣੇ ਟਰੱਕਾਂ ਨੂੰ ਇਕ ਸਾਲ ਦਾ ਟੈਕਸ ਦੇਣਾ ਪੈਂਦਾ ਹੈ ਜਦੋਂ ਕਿ ਗੁਆਂਢੀ ਸੂਬੇ ਇਕ ਤੇ ਤਿੰਨ ਮਹੀਨੇ ਦਾ ਵੀ ਟੈਕਸ ਲੈਂਦੇ ਹਨ। ਉਨ੍ਹਾਂ ਮੰਗ ਕੀਤੀ ਕਿ ਪਹਿਲਾਂ ਵਾਂਗੂ ਸਰਲ ਟੈਕਸ ਲਿਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਗਰੀਨ ਟੈਕਸ ਬੰਦ ਕੀਤਾ ਜਾਵੇ ਅਤੇ ਸਕਰੈਪ ਨੀਤੀ ਲਾਗੂ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਰਮਿਟ ਲੈਣ ਦੀ ਨੀਤੀ ਸਰਲ ਬਣਾਈ ਜਾਵੇ।ਇਸ ਮੌਕੇ ਟਰੱਕ ਅਪਰੇਟਰਾਂ ਨੇ ਪ੍ਰੇਮ ਸਿੰਘ ਨੂੰ ਆਪਣਾ ਆਗੂ ਚੁਣ ਲਿਆ ਤੇ ਉਨ੍ਹਾਂ ਦੀ ਅਗਵਾਈ ਵਿਚ ਮਾਮਲੇ ਹੱਲ ਕਰਵਾਉਣ ਲਈ ਯਤਨ ਕੀਤੇ ਜਾਣਗੇ ਤੇ ਲੋੜ ਪੈਣ 'ਤੇ ਅੰਦੋਲਨ ਕੀਤਾ ਜਾਏਗਾ।ਇਸ ਦੇ ਨਾਲ ਹੀ ਗਿਆਰਾਂ ਮੈਂਬਰੀ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ।ਵਫ਼ਦ ਵਿਚ ਪ੍ਰੇਮ ਸਿੰਘ ਤੋਂ ਇਲਾਵਾ ਜਸਬੀਰ ਸਿੰਘ,ਜੈ ਪ੍ਰਕਾਸ਼, ਦੀਦਾਰ ਸਿੰਘ, ਸਤਨਾਮ ਸਿੰਘ,ਬਲਵੀਰ ਸਿੰਘ, ਰਾਵਿੰਦਰ ਪਾਲ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ ਢੇਰ, ਗੁਰਜੰਟ ਸਿੰਘ, ਰਣਧੀਰ ਸਿੰਘ ਆਦਿ ਸ਼ਾਮਲ ਸਨ।

# ਆਦੇਸ਼ ਇੰਟਰਨੈਸ਼ਨਲ ਸਕੂਲ ਮਿਆਣੀ ਦਾ ਬਾਰ੍ਹਵੀਂ ਤੇ ਦਸਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਸੀ.ਬੀ ਐਸ. ਈ. ਬੋਰਡ ਵੱਲੋਂ ਘੋਸ਼ਿਤ ਕੀਤੇ ਗਏ ਬਾਰ੍ਹਵੀਂ ਅਤੇ ਦਸਵੀਂ ਦੇ ਨਤੀਜੇ ਵਿੱਚ ਆਦੇਸ਼ ਸਕੂਲ ਮਿਆਣੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਅਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ।ਸਕੂਲ ਦੇ ਚੇਅਰਮੈਨ ਡਾ.ਲਖਮੀਰ ਸਿੰਘ ਚੌਧਰੀ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ ਸਦਕਾ ਅੱਜ ਸਕੂਲ ਦੀ ਝੋਲੀ ਸ਼ਾਨਦਾਰ ਨਤੀਜੇ ਆਏ ਹਨ।ਪ੍ਰਿੰਸੀਪਲ ਵਿਨੋਦ ਕੁਮਾਰ ਨੇ ਦੱਸਿਆ ਕਿ ਕੁਲਵੀਰ ਕੌਰ ਕਾਮਰਸ ਦੀ ਵਿਦਿਆਰਥਣ ਨੇ 92%ਅੰਕ ਹਾਸਿਲ ਕਰਕੇ ਪਹਿਲਾ ਸਥਾਨ, ਰੁਪਿੰਦਰ ਕੌਰ ਕਾਮਰਸ ਦੀ ਵਿਦਿਆਰਥਣ ਨੇ 90%ਅੰਕ ਹਾਸਿਲ ਕਰਕੇ ਦੂਜਾ ਸਥਾਨ ਗੁਰਪ੍ਰੀਤ ਕੌਰ ਕਾਮਰਸ ਦੀ ਵਿਦਿਆਰਥਣ ਨੇ 87% ਅੰਕ ਹਾਸਿਲ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਉਹਨਾਂ ਨੇ ਦੱਸਿਆ ਰੁਪਿੰਦਰ ਕੌਰ ਨੇ ਬੈਂਕਿੰਗ ਵਿਸ਼ੇ ਵਿੱਚੋਂ 96 ਅੰਕ,ਅਮਨਦੀਪ ਕੌਰ ਨੇ 94 ਅੰਕ, ਕੁਲਬੀਰ ਕੌਰ ਨੇ 93 ਅੰਕ, ਅਰਸ਼ਵੀਰ ਸਿੰਘ ਨੇ ਪੋਲੀਟੀਕਲ ਸਾਇੰਸ ਵਿੱਚੋਂ 93 ਅੰਕ,ਜਸਪ੍ਰੀਤ ਕੌਰ ਨੇ ਸਰੀਰਕ ਸਿੱਖਿਆ ਵਿੱਚੋਂ 91 ਅੰਕ ਕੁਲਬੀਰ ਕੌਰ ਨੇ ਅਕਾਊਂਟੈਂਸੀ ਵਿੱਚੋਂ 91 ਅੰਕ, ਰੁਪਿੰਦਰ ਕੌਰ ਨੇ ਬਿਜ਼ਨਸ ਸਟਡੀ ਵਿੱਚੋਂ 91 ਅੰਕ ਅਤੇ ਤਵਲੀਨ ਕੌਰ ਨੇ ਬੈਂਕਿੰਗ ਵਿੱਚੋਂ 91 ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਹੀ ਦਸਵੀਂ ਜਮਾਤ ਵਿੱਚੋਂ ਹਰਸਿਮਰਨ ਕੌਰ ਨੇ ਪਹਿਲਾ ਸਥਾਨ, ਸਮਰਪ੍ਰੀਤ ਸਿੰਘ ਨੇ ਦੂਜਾ ਸਥਾਨ ਅਤੇ ਸਿਮਰਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਕੂਲ ਮੈਨਜਮੈਂਟ ਅਤੇ ਸਟਾਫ ਵੱਲੋਂ ਵਧਾਈ ਦਿੱਤੀ ਗਈ । ਇਸ ਮੌਕੇ ਵਾਈਸ ਪ੍ਰਿੰਸੀਪਲ ਲਵਨੀਤ ਕੌਰ , ਪ੍ਰਦੀਪ ਕੌਰ, ਸ਼ੈਲਪ੍ਰੀਤ ਕੌਰ,ਗੁਰਕਿਰਤ ਕੌਰ, ਗੁਰਪ੍ਰੀਤ ਕੌਰ, ਸ਼ਬੀਰ ਮਹੁੰਮਦ , ਪਰਜੀਤ ਕੌਰ , ਮਧੂ ਬਾਲਾ,ਵਨਸ਼ਿਤਾ,ਜਸਪਿੰਦਰ ਕੌਰ, ਰੁਪਿੰਦਰ ਕੌਰ,ਸ਼ਿਵਾਨੀ, ਕਰਨ ਕੁਮਾਰ ਆਦਿ ਹਾਜ਼ਰ ਸਨ ।






ਆਦਮਪੁਰ ਦੇ ਨਜਦੀਕੀ ਪਿੰਡ ਖੋਜਕੀਪੁਰ ਦੇ ਗੁਰਦੁਆਰਾ ਬਾਬਾ ਟਾਹਲੀ ਵਿਖੇ ਹਰ ਸਾਲ ਦੀ ਤਰ੍ਹਾਂ ਬਾਬਾ ਜਵਾਹਰ ਦਾਸ ਜੀ ਸੂਸਾਂ ਵਾਲਿਆਂ ਦੇ ਸਾਲਾਨਾ ਜੋੜ ਮੇਲੇ 'ਤੇ ਗੁਰੂ ਕਾ ਲੰਗਰ , ਲੱਡੂ ਅਤੇ ਠੰਡੇ ਮਿੱਠੇ ਜਲ ਦੀ ਲਗਾਈ ਗਈ ਛਬੀਲ ।
(ਫੋਟੋ ਅਤੇ ਵੇਰਵਾ : ਪਰਮਜੀਤ ਸਿੰਘ ਆਦਮਪੁਰ)

# ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਕਰਵਾਇਆ 162ਵਾਂ ਮਹੀਨਾਵਾਰ ਸਮਾਗਮ

**ਫਗਵਾੜਾ (ਜਸਵਿੰਦਰ ਢੱਡਾ)**- ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਅਜੀਤ ਸਿੰਘ ਢਿੱਲੋਂ ਦੀ ਯਾਦ ਵਿਚ 162ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਸੀਨੀਅਰ ਸਿਟੀਜ਼ਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਵਿਪਨ ਖੁਰਾਨਾ ਪ੍ਰਧਾਨ ਜਨਤਾ ਸੇਵਾ ਸੰਮਤੀ ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਨੇ ਲੋੜਵੰਦ ਪਰਵਾਰਾਂ ਦੀਆਂ ਔਰਤਾਂ ਨੂੰ ਰਾਸ਼ਨ ਦੀ ਵੰਡ ਕਰਦਿਆਂ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਜਨਰਲ ਸਕੱਤਰ ਸੁਰਿੰਦਰ ਪਾਲ ਨੇ ਪਤਵੰਤਿਆਂ ਨੂੰ ਜੀ ਆਇਆਂ ਆਖਿਆ। ਸਮਾਗਮ ਦੇ ਪ੍ਰਬੰਧਕ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਇਹ ਸੇਵਾ ਪਿਛਲੇ ਕਰੀਬ 14 ਸਾਲਾਂ ਤੋਂ ਨਿਰੰਤਰ ਜਾਰੀ ਹੈ। ਜਿਸ ਵਿੱਚ ਸਵ. ਅਜੀਤ ਸਿੰਘ ਢਿੱਲੋਂ ਦੇ ਪਰਵਾਰ ਦਾ ਵੱਡਮੁੱਲਾ ਯੋਗਦਾਨ ਮਿਲਦਾ ਹੈ। ਜੋ ਆਪਣੇ ਜੀਵਨ ਕਾਲ ਦੌਰਾਨ ਸਮਾਜ ਸੇਵਾ ਨੂੰ ਸਮਰਪਿਤ ਰਹੇ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਅੱਗੇ ਵਧ ਕੇ ਕੰਮ ਕੀਤਾ। ਪ੍ਰੇਮ ਨਗਰ ਮੁਹੱਲੇ ਦੇ ਵਿਕਾਸ ਵਿਚ ਵੀ ਉਹਨਾਂ ਨੇ ਹਮੇਸ਼ਾ ਵੱਧ-ਚੜ੍ਹ ਕੇ ਯਤਨ ਕੀਤੇ। ਇਸ ਮੌਕੇ ਮੋਹਨ ਲਾਲ ਤਨੇਜਾ, ਮਨੀਸ਼ ਕਨੌਂਜੀਆ, ਐਸ.ਸੀ. ਚਾਵਲਾ, ਵੰਦਨਾ ਸ਼ਰਮਾ, ਬਲਦੇਵ ਸ਼ਰਮਾ ਆਦਿ ਹਾਜ਼ਰ ਸਨ।



# ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਦਾ 12ਵੀਂ ਜਮਾਤ ਦੇ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਸੀ ਬੀ ਐਸ ਈ (ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ) ਦੇ 2024-25 ਦੇ ਵਿਦਿਅਕ ਸੈਸ਼ਨ ਲਈ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ ਵਿੱਚ, ਗ੍ਰੀਨ ਮਾਡਲ ਟਾਊਨ, ਲੋਹਾਰਾਂ ਅਤੇ ਨੂਰਪੁਰ ਰੋਡ ਸ਼ਾਖਾਵਾਂ ਦੇ ਇੰਨੋਸੈਂਟ ਹਾਰਟਸ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਨਾਲ ਸੰਸਥਾ ਦਾ ਮਾਣ ਵਧਾਇਆ।ਲੋਹਾਰਾਂ ਸ਼ਾਖਾ ਤੋਂ, ਤ੍ਰਿਸ਼ਾ ਅਰੋੜਾ ਨੇ ਹਿਊਮੈਨਿਟੀਜ਼ ਸਟ੍ਰੀਮ ਵਿੱਚ 99% ਦੇ ਸ਼ਾਨਦਾਰ ਅੰਕਾਂ ਨਾਲ ਟਾਪ ਕੀਤਾ। ਗ੍ਰੀਨ ਮਾਡਲ ਟਾਊਨ ਸ਼ਾਖਾ ਵਿੱਚ, ਯੋਜੀਤ ਵਰਮਾ ਨੇ ਕਾਮਰਸ ਵਿੱਚ 98.6% ਅੰਕ ਪ੍ਰਾਪਤ ਕੀਤੇ, ਜਦੋਂ ਕਿ ਲੋਹਾਰਾਂ ਤੋਂ ਹਰਪ੍ਰੀਤ ਪਾਲ ਨੇ 97.8% ਅੰਕ ਪ੍ਰਾਪਤ ਕੀਤੇ। ਮੈਡੀਕਲ ਸਟ੍ਰੀਮ ਵਿੱਚ, ਗ੍ਰੀਨ ਮਾਡਲ ਟਾਊਨ ਦੀ ਪਲਕਸ਼ੀ ਨੇ 97.6% ਅਤੇ ਅਰਪਿਤ ਗੁਪਤਾ ਨੇ ਨਾਨ-ਮੈਡੀਕਲ ਵਿੱਚ 95.6% ਅੰਕ ਪ੍ਰਾਪਤ ਕੀਤੇ, ਜਿਸ ਨਾਲ ਸਕੂਲ ਦਾ ਮਾਣ ਵਧਾਇਆ।ਗ੍ਰੀਨ ਮਾਡਲ ਟਾਊਨ ਦੇ ਕਾਮਰਸ ਸਟ੍ਰੀਮ ਵਿੱਚ, ਸਮਾਇਰਾ ਬਦਨ ਨੇ 96.6% ਅਤੇ ਅਵਲੀਨ ਚੌਹਾਨ ਨੇ 96.4% ਅੰਕ ਪ੍ਰਾਪਤ ਕੀਤੇ। ਨਾਨ-ਮੈਡੀਕਲ ਸਟ੍ਰੀਮ ਵਿੱਚ, ਏਕਮਬੀਰ ਸਿੰਘ ਨੇ 95% ਅੰਕ ਪ੍ਰਾਪਤ ਕੀਤੇ। ਲੋਹਾਰਾਂ ਬ੍ਰਾਂਚ ਤੋਂ, ਯਸ਼ਿਕਾ ਸਿੰਗਲਾ ਨੇ 95.8% ਅਤੇ ਸ਼ੁਭੀ ਸਿੰਘ ਨੇ 95.4% ਅੰਕ ਪ੍ਰਾਪਤ ਕੀਤੇ। ਕੁੱਲ ਮਿਲਾ ਕੇ, 46 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, ਅਤੇ 137 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ।ਅਲੱਗ-ਅਲੱਗ ਵਿਸ਼ਿਆਂ ਵਿੱਚ, 13 ਵਿਦਿਆਰਥੀਆਂ ਨੇ ਪੇਂਟਿੰਗ ਵਿੱਚ ਸੰਪੂਰਨ 100, ਅਕਾਊਂਟੈਂਸੀ ਵਿੱਚ 2, ਬਿਜ਼ਨਸ ਸਟੱਡੀਜ਼ ਵਿੱਚ 2, ਸਰੀਰਕ ਸਿੱਖਿਆ ਵਿੱਚ 1, ਇਨਫੋਰਮੇਸ਼ਨ ਪ੍ਰੈਕਟਿਸ ਵਿੱਚ 1, ਰਾਜਨੀਤੀ ਸ਼ਾਸਤਰ ਵਿੱਚ 1 ਅਤੇ ਕਥਕ ਡਾਂਸ ਵਿੱਚ 2 ਵਿਦਿਆਰਥੀਆਂ ਨੇ ਅਧਿਕਤਮ 100 ਅੰਕ ਪ੍ਰਾਪਤ ਕੀਤੇ।ਤਿੰਨੋਂ ਸ਼ਾਖਾਵਾਂ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ), ਸ਼੍ਰੀਮਤੀ ਸ਼ਾਲੂ ਸਹਿਗਲ (ਲੋਹਾਰਾਂ), ਅਤੇ ਸ਼੍ਰੀਮਤੀ ਜਸਮੀਤ ਬਖਸ਼ੀ (ਨੂਰਪੁਰ ਰੋਡ) - ਨੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ। ਇੰਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਸਿਲਵਰ ਓਕ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ ਰਿਹਾ ਸ਼ਾਨਦਾਰ



**ਟਾਂਡਾ, (ਓਂਕਾਰ ਸਿੰਘ, ਜਸਵਿੰਦਰ ਸੰਧੂ )**

ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਦਾ ਦਸਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੀ ਅਗਵਾਈ ਵਿੱਚ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਦਾ ਦਸਵੀਂ ਕਲਾਸ ਦਾ ਨਤੀਜਾ ਵੀ ਸ਼ਾਨਦਾਰ ਰਿਹਾ। ਪ੍ਰਿੰਸੀਪਲ ਸੰਗਰ ਨੇ ਕਿਹਾ ਕਿ ਸਾਨੂੰ ਇਹ ਦੱਸਦੇ ਹੋਏ ਬੜਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਜਿੱਥੇ ਸਾਡੇ ਸਕੂਲ ਦੀ ਵਿਦਿਆਰਥਣ ਸਿਮਰਨਪ੍ਰੀਤ ਕੌਰ ਨੇ 97%,ਅੰਕ ਹਾਸਲ ਕਰਕੇ ਸਕੂਲ ਦੀ ਟੋਪਰ ਬਣੀ ਅਤੇ ਸਕੂਲ ਦਾ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਉੱਥੇ ਹੀ ਸਕੂਲ ਦੇ ਕੁੱਲ 50 ਤੋਂ ਉੱਪਰ ਬੱਚਿਆਂ ਨੇ 80% ਤੋਂ ਵੱਧ ਅੰਕ ਹਾਸਿਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ, ਜਿਨਾਂ ਵਿੱਚ ਰਾਜਦੀਪ ਕੌਰ ਅਤੇ ਤ੍ਰਿਪਤੀ ਨੇ 95% ਅੰਕ ਹਾਸਲ ਕੀਤੇ, ਆਸ਼ੀਸ਼ ਨੇ 94%, ਮਨਜੋਤ ਕੌਰ ਨੇ 93%, ਸਿਮਰਪ੍ਰੀਤ ਕੌਰ, ਮਿਤੁਲ ਬਹਿਲ ਅਤੇ ਗੌਰਵੀ ਨੇ 92% ਅੰਕ ਹਾਸਿਲ ਕੀਤੇ। ਇਸ ਤੋਂ ਇਲਾਵਾ ਗੁਰਨੂਰ ਕੌਰ, ਮੁਸਕਾਨਪ੍ਰੀਤ ਕੌਰ, ਗੁਰਲਵਲੀਨ, ਅਤੇ ਰਿਤਨਪ੍ਰੀਤ ਨੇ 91% ਅੰਕ ਹਾਸਲ ਕਰਕੇ ਸਕੂਲ ਨੂੰ ਮਾਣ ਦਵਾਇਆ। ਸੋਨਮ, ਨਵਕਿਰਨ ਕੌਰ, ਹਰਲੀਨ ਕੌਰ, ਮਨਰਾਜ ਸਿੰਘ, ਸੁਖਪਾਲ ਸਿੰਘ, ਕਰਮਜੀਤ ਕੌਰ, ਤਰਨਜੋਤ ਕੌਰ ਨੇ 90% ਅੰਕ ਹਾਸਲ ਕੀਤੇ। ਜਸਮੀਤ ਸਿੰਘ, ਅਭਿਜੋਤ ਸਿੰਘ, ਪ੍ਰਭਜੋਤ ਸਿੰਘ ਨੇ 88% ਅੰਕ ਲਏ। ਰਮਨਦੀਪ ਕੌਰ, ਮਨਰੀਤ ਕੌਰ, ਆਂਚਲਪ੍ਰੀਤ ਕੌਰ, ਸੁਖਪ੍ਰੀਤ ਸਿੰਘ, ਮਨਮੀਤ ਕੌਰ ਨੇ 87% ਅੰਕ ਹਾਸਲ ਕੀਤੇ। ਇਸ ਤੋਂ ਇਲਾਵਾ ਰੁਪਿੰਦਰਪ੍ਰੀਤ ਕੌਰ, ਹਰਜੋਬਨ ਸਿੰਘ, ਰੋਬਿਨਜੋਤ, ਇਸ਼ਕਾ, ਪ੍ਰਣਵ ਅਤੇ ਰਮਨਪ੍ਰੀਤ ਕੌਰ ਨੇ 86% ਅੰਕ ਹਾਸਿਲ ਕੀਤੇ। ਕਰਨਦੀਪ ਨੇ 85%, ਲਵਪ੍ਰੀਤ ਕੌਰ ਨੇ 84%, ਹਰਲੀਨ ਕੌਰ, ਮਨਪ੍ਰੀਤ ਸਿੰਘ ਅਤੇ ਜਸਮੀਨ ਸੈਣੀ ਨੇ 83% ਨੰਬਰ ਲਏ, ਦੀਪ ਸੁਰਿੰਦਰ ਅਤੇ ਲਵਪ੍ਰੀਤ ਕੌਰ ਨੇ 82% ਅੰਕ ਹਾਸਲ ਕੀਤੇ, ਵੰਸ਼ਪ੍ਰੀਤ, ਲਕਸ਼ਦੀਪ ਅਤੇ ਮਨਮੀਤ ਨੇ 81% ਅੰਕ ਹਾਸਿਲ ਕੀਤੇ, ਗੁਰਜੀਤ, ਕਰਨਵੀਰ, ਦੀਪਿਕਾ, ਸ਼ਬਨਮਪ੍ਰੀਤ, ਅੰਸ਼ਿਕਾ, ਜਸਨੂਰ ਅਤੇ ਐਸ਼ਪ੍ਰੀਤ ਨੇ 80% ਅੰਕ ਹਾਸਲ ਕੀਤੇ। ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਸੰਗਰ ਨੇ ਬੱਚਿਆਂ ਨੂੰ ਅਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਜਿੱਥੇ ਬੀਤੇ ਦਿਨ ਸਕੂਲ ਦਾ ਬਾਰਵੀਂ ਦਾ ਨਤੀਜਾ ਸ਼ਾਨਦਾਰ ਰਿਹਾ ਸੀ, ਉੱਥੇ ਹੀ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਵੀ ਇਹ ਸਾਬਿਤ ਕੀਤਾ ਹੈ ਕਿ ਉਹ ਵੀ ਕਿਸੇ ਤੋਂ ਘੱਟ ਨਹੀਂ ਹਨ, ਸੋ ਅੱਜ ਉਹਨਾਂ ਨੇ ਵੀ ਸ਼ਾਨਦਾਰ ਨਤੀਜਾ ਦਿੰਦੇ ਹੋਏ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਮੌਕੇ 'ਤੇ ਸਕੂਲ ਦੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਰਿਸੋਰਸ ਕੋਡੀਨੇਟਰ ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਗੁਰਪ੍ਰੀਤ ਕੌਰ, ਰਾਜਵੀਰ ਕੌਰ, ਸੁਮੀਤ, ਬਲਜੀਤ, ਸੁਸ਼ੀਲ, ਮੋਨਿਕਾ, ਵਰਿੰਦਰ, ਸੁਰੇਸ਼, ਵਿਨੇ, ਸ਼ਿਲਪਾ, ਰੋਹਿਤ, ਸੋਨੂ, ਗੁਰਦੇਵ, ਹਰਜੀਤ ਅਤੇ ਹੋਰ ਸਟਾਫ ਵੀ ਮੌਜੂਦ ਸੀ।

# ਚੰਡੀਗੜ੍ਹ ਬਸਤੀ 'ਚ ਨਸ਼ਿਆਂ ਖਿਲਾਫ਼ ਚਲਾਇਆ ਕਾਸੋ ਅਪਰੇਸ਼ਨ

**ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਓਕਾਰ ਸਿੰਘ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਵਿਢੀ ਗਈ ਮੁਹਿੰਮ ਤਹਿਤ ਟਾਂਡਾ ਵਿੱਚ ਪੁਲਸ ਨੇ ਕਾਸੋ ਆਪਰੇਸ਼ਨ ਕਰਦੇ ਹੋਏ ਨਸ਼ਿਆਂ ਸਬੰਧੀ ਚੈਕਿੰਗ ਕੀਤੀ। ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐਸ.ਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਦੀ ਅਗਵਾਈ ਵਿੱਚ ਚੰਡੀਗੜ੍ਹ ਬਸਤੀ (ਚੰਡੀਗੜ੍ਹ ਕਲੋਨੀ) ਵਿੱਚ ਐਸ.ਐਚ.ਓ ਟਾਂਡਾ ਗੁਰਿੰਦਰਜੀਤ ਸਿੰਘ ਗੁਰਿੰਦਰਜੀਤ ਸਿੰਘ ਨਾਗਰਾ ਦੀ ਦੇਖ-ਰੇਖ ਹੇਠ ਕੀਤੇ ਗਏ ਸਰਚ ਆਪਰੇਸ਼ਨ ਵਿੱਚ ਟਾਂਡਾ ਪੁਲਸ ਦੀ ਟੀਮ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦੇ ਹੋਏ ਨਸ਼ਿਆਂ ਦੀ ਤਸਕਰੀ ਅਤੇ ਨਸ਼ਿਆਂ ਦਾ ਕਾਰੋਬਾਰ ਛੱਡਣ ਲਈ ਕਿਹਾ। ਉਨਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਟਾਂਡਾ ਵਿੱਚ ਨਸ਼ਿਆਂ ਦਾ ਕਾਰੋਬਾਰ ਕਰਦੇ ਹੋਏ ਕੋਈ ਫੜਿਆ ਗਿਆ ਤਾਂ ਉਸ ਖਿਲਾਫ ਕਾਨੂੰਨ ਅਨੁਸਾਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

# ਦਰੱਖਤ ਕਟਵਾਉਣ ਲਈ ਦੁਕਾਨਦਾਰ ਮਾਰ ਰਿਹੈ ਵਣ ਵਿਭਾਗ ਦੇ ਚੱਕਰ : ਧੀਮਾਨ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**—ਅੱਡਾ ਦੌਲਤ ਖਾਂ ਵਿਖੇ ਦੁਕਾਨ ਵਾਲੇ ਪਲਾਟ ਵਿਚੋਂ ਦਰੱਖਤ ਚੁਕਵਾਉਣ ਨੂੰ ਲੈ ਕੇ ਦੁਕਾਨਦਾਰ ਪਿਛਲੇ 2 ਸਾਲਾਂ ਤੋਂ ਵਣ ਵਿਭਾਗ ਦੇ ਅਫਸਰਾਂ ਦੇ ਮਾਰ ਰਿਹਾ ਹੈ। ਵਣ ਵਿਭਾਗ ਸੜਕਾਂ ਕਿਨਾਰੇ ਲੋਕਾਂ ਦੀਆਂ ਦੁਕਾਨਾ ਅਤੇ ਘਰਾਂ ਉਤੇ ਝੁਕੇ ਦਰੱਖਤਾਂ ਨੂੰ ਨਾ ਕੱਟ ਕੇ ਪ੍ਰੇਸ਼ਾਨਕਰ ਰਿਹਾ ਹੈ ।ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਦੱਸਿਆ ਕਿ ਅੱਡਾ ਬੱਸੀ ਦੌਲਤ ਖਾਂ ਵਿਚ ਇਕ ਦੁਕਾਨਦਾਰ ਰਸ਼ਪਾਲ ਸਿੰਘ ਵੱਲੋਂ ਪਲਾਟ ਦੇ ਵਿਚ ਪਿਛਲੇ ਲੰਬੇ ਸਮੇਂ ਤੋਂ ਡਿੱਗੇ ਦਰੱਖਤ ਨੂੰ ਕਟਵਾਉਣ ਲਈ ਲਗਾਤਾਰ 2 ਸਾਲਾਂ ਤੋਂ ਦਫਤਰ ਦੇ ਚੱਕਰ ਮਾਰੇ ਜਾ ਰਹੇ ਹਨ ਪਰ ਦਰਖਤ ਨਹੀਂ ਕੱਟਿਆ ਜਾ ਰਿਹਾ।



# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅਮਨ ਮਾਰਚ ਕੀਤਾ

**ਫਿਲੌਰ (ਹਰਜਿੰਦਰ ਕੌਰ ਚਾਹਲ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਇਥੇ ਅਮਨ ਮਾਰਚ ਕੀਤਾ ਗਿਆ। ਇਸ ਮਾਰਚ ਜ਼ਰੀਏ ਲੋਕਾਂ ਨੂੰ ਸੁਨੇਹਾ ਦਿੱਤਾ ਗਿਆ ਕਿ ਅਮਨ ਨਾਲ ਹੀ ਤਰੱਕੀ ਦਾ ਰਾਹ ਫੜਿਆ ਜਾ ਸਕਦਾ ਹੈ। ਜੰਗ ਨਾਲ ਬਰਬਾਦੀ ਤੋਂ ਬਿਨਾਂ ਕੁੱਝ ਨਹੀਂ ਨਿਕਲੇਗਾ। ਆਗੂਆਂ ਨੇ ਕਿਹਾ ਕਿ ਆਪਣੀ ਸੁਰੱਖਿਆ ਮਜ਼ਬੂਤ ਕਰਕੇ ਹੀ ਲੋਕਾਂ ਦੀ ਜਾਨ ਮਾਲ ਦੀ ਰਾਖੀ ਕੀਤੀ ਜਾ ਸਕਦੀ ਹੈ। ਆਪਣੀ ਸੁਰੱਖਿਆ 'ਚ ਢਿੱਲ ਰੱਖਕੇ ਦੂਜਿਆਂ ਨੂੰ ਉਲਾਂਭੇ ਤਾਂ ਦਿੱਤੇ ਜਾ ਸਕਦੇ ਹਨ, ਜੰਗ ਤਾਂ ਲਾਈ ਜਾ ਸਕਦੀ ਹੈ ਪਰ ਜੰਗ ਨਾਲ ਵੀ ਮਰਨੇ ਆਮ ਲੋਕ ਹੀ ਹਨ।ਅਮਨ ਮਾਰਚ ਦੀ ਅਗਵਾਈ ਜਮਹੂਰੀ ਕਿਸਾਨ ਸਭਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਕੀਤੀ। ਇਸ ਮੌਕੇ ਜਸਵਿੰਦਰ ਸਿੰਘ ਢੇਸੀ, ਸੰਤੋਖ ਸਿੰਘ ਸੰਧੂ, ਮੱਖਣ ਸਿੰਘ ਕੰਦੋਲਾ, ਕੁਲਜੀਤ ਫਿਲੌਰ, ਤਰਜਿੰਦਰ ਸਿੰਘ ਧਾਲੀਵਾਲ, ਨਿਰਮਲ ਤੱਗੜ, ਰਾਮ ਨਾਥ ਦੁਸਾਂਝ, ਸੁਰਜੀਤ ਸਿੰਘ ਸਮਰਾ, ਜਸਬੀਰ ਸਿੰਘ ਭੋਲੀ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।



# ਸੂਬਾ ਪੱਧਰੀ ਕੁਸ਼ਤੀ ਚੈਂਪੀਅਨਸ਼ਿਪ 'ਚੋਂ 3 ਕਾਂਸੀ ਦੇ ਮੈਡਲ ਜਿੱਤੇ



**ਬੰਗਾ (ਅਵਤਾਰ ਕਲੇਰ)**

ਬੀਤੇ ਦਿਨੀਂ ਮਲੇਰਕੋਟਲਾ ਵਿਖੇ ਹੋਈ ਫਰੀ ਸਟਾਈਲ ਕੁਸ਼ਤੀ ਚੈਂਪੀਅਨਸ਼ਿਪ (ਅੰਡਰ 17 ਲੜਕੇ) ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕੁਸ਼ਤੀ ਅਖਾੜੇ ਸ੍ਰੀ ਗੁਰੂ ਹਰਗੋਬਿੰਦ ਸਪੋਰਟਸ ਕਲੱਬ ਬਾਹੜੋਵਾਲ ਦੇ ਪਹਿਲਵਾਨਾਂ ਵੱਲੋਂ ਤਿੰਨ ਕਾਂਸੀ ਦੇ ਮੈਡਲ ਜਿੱਤਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲਵਾਨ ਜਸਕਰਨਦੀਪ ਪੁੱਤਰ ਲਵਲੀ ਪਿੰਡ ਬਹਿਰਾਮ ਨੇ 45 ਕਿਲੋ ਭਾਰ ਵਰਗ ਵਿਚੋਂ,ਪਹਿਲਵਾਨ ਯੁਵਰਾਜ ਪੁੱਤਰ ਦੇਸ ਰਾਜ ਪੱਲੀ ਝਿੱਕੀ ਨੇ 48 ਕਿਲੋਗ੍ਰਾਮ ਭਾਰ ਵਰਗ ਵਿਚੋਂ ਅਤੇ ਦਿਲਸ਼ਾਨ ਸਿੰਘ ਪੁੱਤਰ ਮਾਸਟਰ ਗੁਰਨਾਮ ਰਾਮ ਭਰੋ ਮਜਾਰਾ ਨੇ 60 ਕਿਲੋ ਭਾਰ ਵਰਗ ਵਿਚੋਂ ਕਾਂਸੀ ਦੇ ਮੈਡਲ ਜਿੱਤ ਕੇ ਸੂਬਾ ਪੱਧਰੀ ਕੁਸ਼ਤੀ ਮੁਕਾਬਲਿਆਂ ਵਿਚ ਸ਼ਾਨਦਾਰ ਕੁਸ਼ਤੀ ਦਾ ਪ੍ਰਦਰਸ਼ਨ ਕਰਕੇ ਆਪਣਾ, ਆਪਣੇ ਮਾਪਿਆਂ ਦਾ, ਅਖਾੜੇ ਦਾ ਨਾਂਅ ਰੋਸ਼ਨ ਕੀਤਾ ਹੈ। ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ ਨੇ ਜੇਤੂ ਪਹਿਲਵਾਨਾਂ ਦਾ ਸਨਮਾਨ ਕੀਤਾ। ਇਸ ਮੌਕੇ ਚੇਅਰਮੈਨ ਮਲਕੀਅਤ ਸਿੰਘ ਬਾਹੜੋਵਾਲ, ਸਰਬਜੀਤ ਸਿੰਘ ਸਾਬਕਾ ਸਰਪੰਚ ਬਾਹੜੋਵਾਲ, ਬਲਬੀਰ ਸੋਂਧੀ ਕੋਚ ਮਾਸਟਰ ਗੁਰਨਾਮ ਰਾਮ, ਮਾਸਟਰ ਸੁਖਵਿੰਦਰ ਸਿੰਘ,ਬਲਜੀਤ ਸਿੰਘ ਕੰਗ, ਕੁਲਵੰਤ ਰਾਮ ਗਹਿਲ ਮਜਾਰੀ ਅਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਆਖਰੀ ਸਾਲ ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

**ਜਲੰਧਰ (ਸ਼ੈਲੀ ਐਲਬਰਟ)**-ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਰਹਿਨੁਮਾਈ ਹੇਠ ਪ੍ਰੋ. ਕਸ਼ਮੀਰ ਕੁਮਾਰ (ਮੁੱਖੀ ਵਿਭਾਗ) ਦੁਆਰਾ ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਇਲੈਕਟ੍ਰੀਕਲ ਵਿਭਾਗ ਵਿੱਚ ਆਖਰੀ ਸਾਲ ਦੇ ਵਿਦਿਆਰਥੀਆਂ ਲਈ ਦੂਸਰੇ ਸਾਲ ਦੇ ਵਿਦਿਆਰਥੀਆਂ ਵਲੋਂ ਇੱਕ ਵਿਦਾਇਗੀ ਪਾਰਟੀ ਆਯੋਜਿਤ ਕੀਤੀ ਗਈ।ਇਸ ਦੌਰਾਨ ਦੋਵਾਂ ਕਲਾਸਾਂ ਦੇ ਵਿਦਿਆਰਥੀਆਂ ਨੇ ਖੂਬ ਮਨੋਰੰਜਨ ਕੀਤਾ। ਆਖਰੀ ਸਾਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਮਾਰੋਹ ਦੌਰਾਨ ਸਨਮਾਨਿਤ ਵੀ ਕੀਤਾ ਗਿਆ। ਮੁੱਖੀ ਵਿਭਾਗ ਵਲੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਕੇ ਆਸ਼ੀਰਵਾਦ ਦਿੱਤਾ ਗਿਆ ਤਾਂਕਿ ਭਵਿੱਖ ਵਿੱਚ ਉਹ ਆਪਣੀਆਂ ਸੇਵਾਵਾਂ ਚੰਗੇ ਤਰੀਕੇ ਨਾਲ ਨਿਭਾ ਸਕਣ।ਜਿੱਥੇ ਵਿਕ੍ਰਮਜੀਤ ਸਿੰਘ ਨੇ ਮੰਚ ਦਾ ਸੰਚਾਲਨ ਨਿਭਾਇਆ ਉੱਥੇ ਵਿਭਾਗ ਦੇ ਸਾਰੇ ਸਟਾਫ਼ ਨੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ।ਦੋਵਾਂ ਕਲਾਸਾਂ ਦੇ ਲੱਗ-ਭੱਗ 80 ਵਿਦਿਆਰਥੀ ਸ਼ਾਮਲ ਸਨ।



# ਬਲਾਕ ਪ੍ਰਧਾਨ ਕੇਸ਼ਵ ਸੈਣੀ ਵੱਲੋਂ ਬੁੱਢੀ ਪਿੰਡ ਦੇ ਵਿਕਾਸ ਲਈ 2 ਲੱਖ ਦਾ ਚੈੱਕ ਭੇਟ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਟਾਂਡਾ ਕੇਸ਼ਵ ਸਿੰਘ ਸੈਣੀ ਨੇ ਬੁੱਢੀ ਪਿੰਡ ਦੇ ਵਿਕਾਸ ਕਾਰਜਾਂ ਲਈ 2 ਲੱਖ ਰੁਪਏ ਦਾ ਚੈੱਕ ਭੇਂਟ ਕੀਤਾ। ਸਰਪੰਚ ਬਲਵੰਤ ਸਿੰਘ ਬੁੱਢੀ ਪਿੰਡ ਨੂੰ ਪਿੰਡ ਦੇ ਕਮਿਊਨਿਟੀ ਹਾਲ ਵਾਸਤੇ ਚੈੱਕ ਭੇਂਟ ਕਰਦੇ ਹੋਏ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਨੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੀ ਅਗਵਾਈ ਵਿੱਚ ਜਿੱਥੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜ ਜਾਰੀ ਹਨ ਉੱਥੇ ਹੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਹੂਲਤ ਵਾਸਤੇ ਕਮਿਊਨਿਟੀ ਹਾਲ ਵੀ ਬਣਵਾਏ ਜਾ ਰਹੇ। ਇਸ ਸਮੇਂ ਉਹਨਾਂ ਦੱਸਿਆ ਕਿ ਜੋ ਵਿਕਾਸ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਹੋਇਆ ਹੈ ਉਹ ਅੱਜ ਤੱਕ ਰਾਜ ਕਰ ਚੁੱਕੀਆਂ ਦੂਸਰੀਆਂ ਪਾਰਟੀਆਂ ਨੇ ਨਹੀਂ ਕੀਤਾ ਇਸੇ ਕਾਰਨ ਹੀ ਅੱਜ ਵੱਡੀ ਗਿਣਤੀ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦਾ ਹਿੱਸਾ ਬਣ ਰਹੇ ਹਨ। ਇਸ ਸਮੇਂ ਉਨਾ ਨੇ ਹੋਰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਸਾਨੂੰ ਆਪਣਾ ਯੋਗਦਾਨ ਪਾ ਕੇ ਇਹ ਨਸ਼ੇ ਖਤਮ ਕਰਨ ਲਈ ਅੱਗੇ ਆਉਣਾ ਚਾਹੀਦਾ। ਇਸ ਮੌਕੇ ਹੋਰਨਾਂ ਤੋਂ ਬਲਾਕ ਪ੍ਰਧਾਨ ਸੰਦੀਪ ਕੁਮਾਰ ਬਲਾਕ ਪ੍ਰਧਾਨ ਸਰਬਜੀਤ ਵਿੱਕੀ,ਇਲਾਵਾ ਪੰਚ ਬਲਵਿੰਦਰ ਸਿੰਘ ,ਪੰਚ ਹਰਮੇਲ ਸਿੰਘ, ਪੰਚ ਅਮਰਜੀਤ ਕੌਰ, ਪੰਚ ਲਛਮੀ, ਪੰਚ ਮਹਿੰਦਰ ਕੌਰ, ਪੰਚ ਪਰਮਿੰਦਰ ਕੌਰ ਵੀ ਹਾਜ਼ਰ ਸਨ।



# ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ, ਹੁਸ਼ਿਆਰਪੁਰ ਦੇ ਹੋਣਹਾਰ ਵਿਦਿਆਰਥੀਆਂ ਨੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐਸਈ) ਦੀਆਂ 10ਵੀਂ ਅਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਅਤੇ 100 ਪ੍ਰਤੀਸ਼ਤ ਨਤੀਜੇ ਪ੍ਰਾਪਤ ਕੀਤੇ ਹਨ। ਵਿਦਿਆਰਥੀਆਂ ਦੀ ਇਸ ਵੱਡੀ ਪ੍ਰਾਪਤੀ ਕਾਰਨ ਸਕੂਲ ਕੈਂਪਸ ਵਿੱਚ ਖੁਸ਼ੀ ਅਤੇ ਮਾਣ ਦਾ ਮਾਹੌਲ ਹੈ। ਵੈਭਵ ਓਹਰੀ ਨੇ 96% ਅੰਕ ਪ੍ਰਾਪਤ ਕਰਕੇ 10ਵੀਂ ਜਮਾਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਦਿਵਯਾਂਸ਼ੂ ਨੇ 95% ਅੰਕਾਂ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਧੈਰਿਆ ਸ਼ਰਮਾ ਨੇ 90% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਆਪਣੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਭਾਵਨਾ ਨਾਲ, ਇਨ੍ਹਾਂ ਵਿਦਿਆਰਥੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਟੀਚਾ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਇਸਨੂੰ ਪੂਰੀ ਲਗਨ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। 12ਵੀਂ ਜਮਾਤ ਵਿੱਚ ਵੀ, ਵਿਦਿਆਰਥੀਆਂ ਨੇ ਚਾਰੋਂ ਸਟ੍ਰੀਮਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੈਡੀਕਲ ਸਟ੍ਰੀਮ ਵਿੱਚ, ਅਸ਼ਮਪ੍ਰੀਤ ਨੇ 84% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਅਕਸ਼ਿਤਾ ਨੇ 80% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਸੰਧਿਆ ਨੇ 79% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਸਟ੍ਰੀਮ ਵਿੱਚ, ਅਨਵੀ ਨੇ 92% ਅੰਕਾਂ ਨਾਲ ਪਹਿਲਾ ਸਥਾਨ, ਤਰਨਦੀਪ ਨੇ 87% ਅੰਕਾਂ ਨਾਲ ਦੂਜਾ ਅਤੇ ਸੁਹਾਨੀ ਨੇ 81% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਕਾਮਰਸ ਸਟ੍ਰੀਮ ਵਿੱਚ, ਸੰਚਿਤ ਨੇ 94% ਅੰਕਾਂ ਨਾਲ ਪਹਿਲਾ ਸਥਾਨ, ਹਰਮਨ ਨੇ 90% ਅੰਕਾਂ ਨਾਲ ਦੂਜਾ ਅਤੇ ਮਾਧਵੀ ਨੇ 89% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਆਰਟਸ ਫੈਕਲਟੀ ਵਿੱਚ, ਕਮਲਪ੍ਰੀਤ ਨੇ 92% ਅੰਕਾਂ ਨਾਲ ਪਹਿਲਾ ਸਥਾਨ, ਸਾਨਵੀ ਨੇ 86% ਅੰਕਾਂ ਨਾਲ ਦੂਜਾ ਸਥਾਨ ਅਤੇ ਅੰਗਦ ਵੀਰ ਨੇ 76% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਇਸ ਸ਼ਾਨਦਾਰ ਸਫਲਤਾ ਲਈ ਸਾਰੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੇ ਸਮਰਪਣ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਕੈਂਪਸ ਡਾਇਰੈਕਟਰ ਡਾ. ਚੰਦਰਮੋਹਨ ਨੇ ਵੀ ਇਸ ਸਫਲਤਾ ਲਈ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਸਕੂਲ ਭਵਿੱਖ ਵਿੱਚ ਵੀ ਅਜਿਹੀ ਸ਼ਾਨਦਾਰ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਰਹੇਗਾ।

# ਚਾਰ ਰੋਜ਼ਾ ਸ਼ਹੀਦੀ ਜੋੜ ਮੇਲੇ ਦਾ ਪੋਸਟਰ ਜਾਰੀ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਮਨਾਏ ਜਾ ਰਹੇ 4 ਰੋਜ਼ਾ ਸ਼ਹੀਦੀ ਜੋੜ ਮੇਲੇ ਦੇ ਸਮਾਗਮਾਂ ਸੰਬੰਧੀ ਪੋਸਟਰ ਸੰਤ ਬਾਬਾ ਨਰਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਜਾਰੀ ਕੀਤਾ।ਸੰਤਾਂ ਨੇ ਦੱਸਿਆ ਕਿ 29 ਮਈ ਨੂੰ ਨਾਮ ਸਿਮਰਨ ਅਖੰਡ ਜਾਪ ਆਰੰਭ ਹੋਣਗੇ, ਜਿਸਦੇ ਭੋਗ 31 ਮਈ ਨੂੰ ਪਾਏ ਜਾਣਗੇ, 30 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਸਦੇ ਭੋਗ 1 ਜੂਨ ਨੂੰ ਪਾਏ ਜਾਣਗੇ। ਉਪਰੰਤ ਢਾਡੀ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ, ਕਵੀਸ਼ਰ ਗਿਆਨੀ ਗੁਰਕੀਰਤ ਸਿੰਘ ਡਬਲ ਐਮ. ਏ., ਭਾਈ ਰਣਜੋਧ ਸਿੰਘ ਨਡਾਲੋਂ, ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਭਾਈ ਸੁਖਦੇਵ ਸਿੰਘ ਨਡਾਲੋਂ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ, ਕਥਾ, ਢਾਡੀ ਵਾਰਾਂ ਤੇ ਕਵੀਸ਼ਰੀ ਵਾਰਾਂ ਰਾਹੀਂ ਨਿਹਾਲ ਕਰਨਗੇ । ਇਸ ਮੌਕੇ ਜਥੇਦਾਰ ਇਕਬਾਲ ਸਿੰਘ ਖੇੜਾ, ਜਥੇਦਾਰ ਜਸਬੀਰ ਸਿੰਘ ਭੱਟੀ, ਭਾਈ ਲਖਵਿੰਦਰ ਸਿੰਘ ਬਿੰਦਾ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਭਾਈ ਅਕਾਸ਼ਦੀਪ ਸਿੰਘ ਬਾਸਰਕੇ ਗਿੱਲਾਂ, ਭਾਈ ਜਰਨੈਲ ਸਿੰਘ ਨਡਾਲੋਂ, ਧਰਮਿੰਦਰ ਸਿੰਘ ਸੋਨੂੰ, ਕਮਲਜੀਤ ਸਿੰਘ ਰਾਣਾ ਅਜਨੋਹਾ, ਬਲਜਿੰਦਰ ਸਿੰਘ ਪੰਜੋੜ, ਲਵਲੀਨ ਸਿੰਘ ਨੂਰੜ, ਸੁਖਦੇਵ ਸਿੰਘ ਨੂਰੜ, ਮਨਜੀਤ ਸਿੰਘ ਰਣਧੀਰਗੜ, ਮਾਸਟਰ ਇਕਬਾਲ ਸਿੰਘ ਅਜਨੋਹਾ, ਪਰਮਜੀਤ ਸਿੰਘ ਪੰਜੋੜ, ਕਿਸ਼ਨ ਸਿੰਘ ਲਾਂਗਰੀ, ਬਿੰਦਰ ਸਿੰਘ, ਪਰਮਜੀਤ ਸਿੰਘ ਪੰਮਾ ਆਦਿ ਹਾਜ਼ਰ ਸਨ।

# ਗਿਆਨੀ ਬਲਵੰਤ ਸਿੰਘ ਦੀ 40ਵੀਂ ਸਾਲਾਨਾ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ

**ਐੱਸ ਏ. ਐੱਸ. ਨਗਰ (ਗੁਰਜੀਤ ਬਿੱਲਾ)**

ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਗੁ: ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਸੱਚ ਖੰਡ ਵਾਸੀ ਗਿਆਨੀ ਬਲਵੰਤ ਸਿੰਘ ਜੀ ਦੀ 40ਵੀਂ ਸਾਲਾਨਾ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। ਬਰਸੀ ਦੇ ਸਬੰਧ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਸਮਾਗਮ ਵਿੱਚ ਭਾਈ ਚਮਕੌਰ ਸਿੰਘ ਪਟਿਆਲੇ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਗਿਆਨੀ ਬਲਵੰਤ ਸਿੰਘ ਦਾ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਵੱਲੋਂ ਲਗਾਤਾਰ 55 ਸਾਲ ਗੁ: ਸਾਹਿਬ ਜੀ ਦੇ ਮੁੱਖ ਗ੍ਰੰਥੀ ਵਜੋਂ ਅਣਥੱਕ ਸੇਵਾ ਨਿਭਾਉਣ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂੰ ਕਰਵਾਇਆ।

ਭਾਈ ਲਵਪ੍ਰੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣੇ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਰਾਜੀਵੰਦਰ ਕੌਰ ਦਾ ਢਾਡੀ ਜੱਥਾ, ਧੰਨ ਧੰਨ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਕਵੀਸ਼ਰੀ ਜੱਥਾ, ਸ਼੍ਰੋਮਣੀ ਪ੍ਰਚਾਰਕ ਭਾਈ ਸੁਰਜੀਤ ਸਿੰਘ ਸਿੰਘ ਦਮਦਮੀ ਟਕਸਾਲ, ਭਾਈ ਮਨਪ੍ਰੀਤ ਸਿੰਘ, ਭਾਈ ਤੇਜਿੰਦਰ ਸਿੰਘ, ਭਾਈ ਨਿਰਮੈਲ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਮਨਜੀਤ ਸਿੰਘ, ਬੀਬੀ ਬਖਸ਼ਿੰਦਰ ਕੌਰ , ਭਾਈ ਗੁਰਵਿੰਦਰ ਸਿੰਘ ਭਾਈ ਗੁਰਦੀਪ ਸਿੰਘ, ਭਾਈ ਗੁਰਪ੍ਰਤਾਪ ਸਿੰਘ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਨਿਤਿਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਸੁਖਵਿੰਦਰ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਕਥਾ ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਸੰਤ ਮਹਾਂਪੁਰਖਾਂ, ਧਾਰਮਿਕ ਆਗੂਆਂ, ਪਿੰਡ ਅਤੇ ਇਲਾਕੇ ਦੇ ਧਾਰਮਿਕ ਅਤੇ ਸਿਆਸੀ ਆਗੂਆਂ ਨੇ ਸੱਚ ਖੰਡ ਵਾਸੀ ਗਿ: ਬਲਵੰਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



## ਅਕਾਲ ਅਕੈਡਮੀ ਦਾ ਨਤੀਜਾ ਸ਼ਾਨਦਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸੀ ਬੀ ਐਸ ਈ ਬੋਰਡ ਵੱਲੋਂ ਐਲਾਨੇ ਦਸਵੀਂ ਦੇ ਨਤੀਜਿਆਂ 'ਚ ਅਕਾਲ ਅਕੈਡਮੀ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਭਨੂਰ ਕੌਰ ਨੇ 97.8% ਅੰਕ ਲੈ ਕੇ ਪਹਿਲਾ, ਦਿਲਨੂਰਪ੍ਰੀਤ ਕੌਰ ਨੇ 97.6% ਅੰਕ ਲੈ ਕੇ ਦੂਜਾ ਅਤੇ ਵਿਸ਼ਵਜੀਤ ਸਿੰਘ ਨੇ 97.4% ਤੀਜਾ ਸਥਾਨ ਪ੍ਰਾਪਤ ਕੀਤਾ। 28 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ। ਵਿਸ਼ਿਆਂ ਅਨੁਸਾਰ ਪੰਜਾਬੀ ਵਿੱਚੋਂ 100, ਸਮਾਜਿਕ ਸਿੱਖਿਆ ਵਿੱਚੋਂ 99 ਅੰਗਰੇਜ਼ੀ ਵਿੱਚੋਂ 98, ਸਾਇੰਸ ਵਿੱਚੋਂ 96, ਇੰਨਫਰਮੇਸ਼ਨ ਤਕਨੋਲਜੀ ਵਿੱਚੋਂ 98, ਗਣਿਤ ਵਿੱਚੋਂ 96 ਅੰਕ ਟਾਪ ਸਕੋਰ ਰਿਹਾ। ਪੰਜਾਬੀ ਵਿਸ਼ੇ ਵਿੱਚੋਂ 19 ਵਿਦਿਆਰਥੀਆਂ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਪ੍ਰਿੰਸੀਪਲ ਸਿੰਬਲਪ੍ਰੀਤ ਕੌਰ ਗਰੇਵਾਲ ਨੇ ਸਫ਼ਲਤਾ ਦਾ ਸਿਹਰਾ ਮਿਹਨਤੀ ਸਟਾਫ਼ ਨੂੰ ਦਿੰਦੇ ਹੋਏ ਮਾਪਿਆਂ, ਵਿਦਿਆਰਥੀਆਂ ਤੇ ਸਟਾਫ਼ ਨੂੰ ਵਧਾਈ ਦਿੱਤੀ।

## ਡੀ ਏ ਵੀ ਸਕੂਲ ਰਾਜਪੁਰਾ ਦੇ ਨਤੀਜੇ ਸ਼ਾਨਦਾਰ





**ਰਾਜਪੁਰਾ (ਰਮੇਸ਼ ਕਟਾਰੀਆ)**-ਸੀ ਬੀ ਐਸ ਈ ਵੱਲੋਂ ਐਲਾਨੇ ਗਏ ਡੀ.ਏ.ਵੀ. ਪਬਲਿਕ ਸਕੂਲ ਦੇ 10ਵੀਂ ਅਤੇ 12ਵੀਂ ਦੇ ਨਤੀਜੇ ਸ਼ਾਨਦਾਰ ਰਹੇ। ਸਕੂਲ ਦੇ ਵਿਦਿਆਰਥੀਆਂ ਨੇ ਫਿਰ 10ਵੀਂ ਅਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ ਸਕੂਲ ਦਾ ਨਾਂਅ ਰੌਸ਼ਨ ਕੀਤਾ। ਦਸਵੀਂ ਦੀਆਂ ਵਿਦਿਆਰਥਣਾਂ ਰਵਲੀਨ ਕੌਰ ਅਤੇ ਸੁਮੇਧਾ ਸਿੰਘ ਨੇ 94 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ, ਖੁਸ਼ੀ ਨੇ 91.2 ਪ੍ਰਤੀਸ਼ਤ ਦੂਜਾ ਸਥਾਨ ਅਤੇ ਚਾਹਤ ਨੇ 90.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। 12ਵੀਂ ਜਮਾਤ ਦੀ ਸਾਇੰਸ ਦੀ ਵਿਦਿਆਰਥਣ ਅਮਨਪ੍ਰੀਤ ਨੇ 97.4 ਪ੍ਰਤੀਸ਼ਤ, ਕਾਮਰਸ ਦੀ ਵਿਦਿਆਰਥਣ ਦਿਸ਼ਿਤਾ ਨੇ 96.4 ਪ੍ਰਤੀਸ਼ਤ ਅਤੇ ਆਰਟਸ ਦੀ ਵਿਦਿਆਰਥਣ ਵਿਸ਼ਾਖਾ ਨੇ 91 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ।ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਜਿਸ ਵਿੱਚ ਅਰਥ ਸ਼ਾਸਤਰ ਵਿੱਚ 100, ਪੇਂਟਿੰਗ ਵਿੱਚ 100 ਅਤੇ ਕੈਮਿਸਟਰੀ ਵਿੱਚ 100 ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਅਲਪਨਾ ਪਾਠਕ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਬੱਚਿਆਂ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ।

## ਪੰਜਾਬ ਕਾਨਵੈਂਟ ਸਕੂਲ ਨੇ 12ਵੀਂ ਦੇ ਨਤੀਜਿਆਂ 'ਚ ਮਾਰੀਆਂ ਮੱਲਾਂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸੀ.ਬੀ.ਐੱਸ.ਈ ਬੋਰਡ ਵੱਲੋਂ ਬਾਰ੍ਹਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ। ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਦੇ ਬੱਚਿਆਂ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਅਤੇ ਨਤੀਜਾ 100 ਫੀਸਦੀ ਰਿਹਾ। ਨਾਨ ਮੈਡੀਕਲ ਸਟਰੀਮ 'ਚੋਂ ਖੁਸ਼ਦੀਪ ਕੌਰ ਨੇ 95.2 ਫੀਸਦੀ, ਗੁਰਪ੍ਰੀਤ ਸਿੰਘ ਰਣੌਤਾ 91.2 ਫੀਸਦੀ, ਪਰਿਸ਼ਾ 90 ਫੀਸਦੀ, ਹਰਸ਼ ਕੁਮਾਰ 89 ਫੀਸਦੀ, ਦਿਵਆ ਗੁਪਤਾ 85 ਫੀਸਦੀ ਅਤੇ ਮੈਡੀਕਲ ਸਟਰੀਮ ਵਿਚੋਂ ਪਰਨੀਤ ਕੌਰ 91ਫੀਸਦੀ, ਸਿਮਰਨ ਕੌਰ 90 ਫੀਸਦੀ, ਵੈਭਵ ਬਠਵਾਲ 83.2 ਫੀਸਦੀ, ਮੰਨਤ ਪੁਰਾਣਾ 82.6 ਫੀਸਦੀ, ਗੋਰਿਸ਼ ਬਾਂਸਲ 81.6 ਫੀਸਦੀ, ਆਨਿਆ 81.6 ਫੀਸਦੀ ਅਤੇ ਕਾਮਰਸ ਸਟਰੀਮ 'ਚੋਂ ਨਵਦੀਪ ਕੌਰ 95 ਫੀਸਦੀ, ਰਾਜਵੀਰ ਕੌਰ 90.6 ਫੀਸਦੀ, ਸਾਹਿਲ ਤੁਰਾ 90.2 ਫੀਸਦੀ, ਸੁਖਮਨਦੀਪ ਸਿੰਘ 90.2 ਫੀਸਦੀ, ਗੁਰਸੇਵਕ ਸਿੰਘ 90.2 ਫੀਸਦੀ, ਜਸਮੀਨ ਕੌਰ 88 ਫੀਸਦੀ, ਹਰਮਨਦੀਪ ਸਿੰਘ 87.2 ਫੀਸਦੀ, ਪਰਾਂਚਵੀ ਸ਼ਰਮਾ 86.4 ਫੀਸਦੀ, ਸੁਖਨਾਜ਼ ਸਿੰਘ ਬਰਾੜ 86.4 ਫੀਸਦੀ, ਸੁਮਨਪ੍ਰੀਤ ਕੌਰ 85.6 ਫੀਸਦੀ, ਜਸਪ੍ਰੀਤ ਕੌਰ 84.6 ਫੀਸਦੀ, ਵੰਸ਼ ਗੁਪਤਾ 83.8 ਫੀਸਦੀ, ਖੁਸ਼ਦੀਪ ਕੌਰ 83.6 ਫੀਸਦੀ, ਤਨਵੀਰ ਸਿੰਘ 83 ਫੀਸਦੀ, ਲਵਪ੍ਰੀਤ ਕੌਰ 82.8 ਫੀਸਦੀ, ਜਸਕਰਨ ਸਿੰਘ 82 ਫੀਸਦੀ, ਮਨਵੀਰ ਕੌਰ 81 ਫੀਸਦੀ, ਜਸਪ੍ਰੀਤ ਕੌਰ 80.2ਫੀਸਦੀ ਅੰਕ ਪ੍ਰਾਪਤ ਕਰ ਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਅਤੇ ਬਾਕੀ ਬੱਚਿਆਂ ਨੇ ਵੀ ਬਾਰ੍ਹਵੀ ਕਲਾਸ ਵਿਚੋਂ ਚੰਗੇ ਅੰਕ ਪ੍ਰਾਪਤ ਕੀਤੇ। ਪ੍ਰਿੰਸੀਪਲ ਮੈਡਮ ਨੀਲਿਮਾ ਅਰੋੜਾ ਨੇ ਬੱਚਿਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਡਾਇਰੈਕਟਰ ਅਜੇਪਾਲ ਸਿੰਘ ਨੇ ਸਮੂਹ ਸਟਾਫ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਚੇਅਰਮੈਨ ਆਰ ਕੇ ਗੁਪਤਾ, ਡਾਇਰੈਕਟਰ ਅਜੇਪਾਲ ਸਿੰਘ, ਵਾਈਸ ਚੇਅਰਮੈਨ ਰਮਨ ਮਿੱਤਲ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਮੈਡਮ ਰਚਨਾ ਮਿੱਤਲ ਆਦਿ ਹਾਜ਼ਰ ਸਨ।

## ਅਕੈਡੀਮਿਆ ਵਰਲਡ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ




**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੀ.ਬੀ.ਐਸ.ਈ ਨੇ 10ਵੀਂ ਜਮਾਤ ਦੀ ਬੋਰਡ ਪ੍ਰੀਖਿਆ (2024-25) ਦਾ ਨਤੀਜਾ ਐਲਾਨ ਕਰ ਦਿੱਤਾ ਹੈ ਤੇ ਅਕੈਡੀਮਿਆ ਵਰਲਡ ਸਕੂਲ, ਸੁਨਾਮ ਦੇ ਵਿਦਿਆਰਥੀ ਚਮਕਦੇ ਹੋਏ ਸਾਹਮਣੇ ਆਏ ਹਨ। ਸਕੂਲ ਦੇ ਚੇਅਰਮੈਨ ਗਗਨਦੀਪ ਸਿੰਘ ਨੇ ਦੱਸਿਆ ਕਿ ਸੀ.ਬੀ.ਐਸ.ਈ ਬੋਰਡ ਦੀਆਂ ਪ੍ਰੀਖਿਆਵਾਂ 'ਚ ਸਕੂਲ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਦਰਅਸਲ ਇਹ ਸਕੂਲ ਦੇ ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਲਈ ਮਾਣ ਵਾਲੀ ਗੱਲ ਹੈ ਜਿਨ੍ਹਾਂ ਦੇ ਬੱਚਿਆਂ ਨੇ ਬੋਰਡ ਦੀ ਪ੍ਰੀਖਿਆ 'ਚ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ। ਦਸਵੀਂ ਜਮਾਤ ਦੀ ਵਿਦਿਆਰਥਣ ਦੀਕਸ਼ਾ ਸ਼ਰਮਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 97.8 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਯੁਵਰਾਜ ਸਿੰਗਲਾ ਨੇ 95.6 ਪ੍ਰਤੀਸ਼ਤ ਅੰਕ ਹਾਸਲ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਕਸ਼ਿਕਾ ਨੇ 95.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਸਿਮਰਨਪ੍ਰੀਤ ਕੌਰ 93.8 ਪ੍ਰਤੀਸ਼ਤ , ਜੈਸਮੀਨ ਕੌਰ 93 ਪ੍ਰਤੀਸ਼ਤ, ਸ਼ਗਨਪ੍ਰੀਤ ਕੌਰ 92.8 ਪ੍ਰਤੀਸ਼ਤ, ਹਰਸ਼ੀਤ ਸਿੰਘ 92.4 ਪ੍ਰਤੀਸ਼ਤ, ਦੀਵਾਨਸ਼ੀ ਗੋਇਲ 88.8 ਪ੍ਰਤੀਸ਼ਤ, ਅਵਨੀਤ ਕੌਰ 87.8 ਪ੍ਰਤੀਸ਼ਤ, ਅਵਨੀਤ ਕੌਰ ਵਿਰਕ 86 ਪ੍ਰਤੀਸ਼ਤ , ਸਨਯਾ 85.4 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ।ਬਾਕੀ ਸਾਰੇ ਬੱਚਿਆਂ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ਹਨ। ਸਕੂਲ ਦੇ ਪ੍ਰਿੰਸੀਪਲ ਰਣਜੀਤ ਕੌਰ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਉਪਰਾਲੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਸ਼ਲਾਘਾ ਕੀਤੀ।

## ਰੂਪ ਵਾਟਿਕਾ ਸਕੂਲ ਦੇ ਦਸਵੀਂ ਤੇ ਬਾਰ੍ਹਵੀਂ ਦੇ ਨਤੀਜੇ ਸ਼ਾਨਦਾਰ



**ਜਗਰਾਉਂ (ਅਮਿਤ ਖੰਨਾ)**-ਸੀ.ਬੀ.ਐਸ.ਈ.ਬੋਰਡ ਦੁਆਰਾ ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜੇ ਘੋਸ਼ਿਤ ਕੀਤੇ ਗਏ, ਜਿਸ ਵਿੱਚ ਰੂਪ ਵਾਟਿਕਾ ਸਕੂਲ ਜਗਰਾਉਂ ਦੇ ਬੱਚਿਆਂ ਨੇ ਸ਼ਾਨਦਾਰ ਨਤੀਜੇ ਪੇਸ਼ ਕੀਤੇ।ਸਕੂਲ ਦਾ ਨਤੀਜਾ ਸ਼ਤ ਪ੍ਰਤੀਸ਼ਤ ਰਿਹਾ।ਇਹਨਾਂ ਬੱਚਿਆਂ ਵਿੱਚੋਂ ਕਮਰਸ ਸਟਰੀਮ ਦੀ ਦਿਲਪ੍ਰੀਤ ਕੌਰ ਨੇ 96.2% ਨੰਬਰ ਹਾਸਲ ਕਰਕੇ ਸਕੂਲ ਅਤੇ ਜਗਰਾਉਂ ਸ਼ਹਿਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਕਮਰਸ ਸਟਰੀਮ ਦੀ ਦੂਜੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਨੇ 94.8% ਨੰਬਰ ਹਾਸਲ ਕਰਕੇ ਸਕੂਲ ਅਤੇ ਸ਼ਹਿਰ ਵਿੱਚ ਦੂਜਾ ਸਥਾਨ ਹਾਸਿਲ ਕੀਤਾ । ਕਮਰਸ ਸਟਰੀਮ ਦੀ ਹੀ ਵਿਦਿਆਰਥਣ ਖੁਸ਼ੀ ਮਦਾਨ ਨੇ 92.8% ਨੰਬਰ ਲੈ ਕੇਸਕੂਲ ਵਿੱਚ ਤੀਜਾ ਸਥਾਨ ਹਾਸਲ ਕੀਤਾ। ਸਾਇੰਸ ਗਰੁੱਪ ਦੀ ਅਵਨੀ ਸ਼ਰਮਾ ਨੇ 90 ਪ੍ਰਤੀਸ਼ਤ ਨੰਬਰ ਹਾਸਲ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਦੀ ਮਾਨਿਆ ਜੈਨ ਨੇ 92.6% ਨੰਬਰ , ਆਰਟਸ ਗਰੁੱਪ ਦੀ ਭਾਵਨਾ ਸ਼ਰਮਾ ਨੇ 91.2% ਅੰਕ ਹਾਸਲ ਕਰਕੇ ਸਕੂਲ ਅਤੇ ਸ਼ਹਿਰ ਵਿੱਚ ਦੂਜਾ ਸਥਾਨ ਹਾਸਲ ਕੀਤਾ। ਆਰਟਸ ਗਰੁੱਪ ਦੀ ਹਰਸ਼ਿਤਾ ਨੇ 86.8% ਨੰਬਰ ਲੈ ਕੇ ਸਕੂਲ ਵਿੱਚ ਤੀਜਾ ਸਥਾਨ ਹਾਸਲ ਕੀਤਾ।ਕੇਸਰ ਨੇ 85.6% ਨੰਬਰ ਪ੍ਰਾਪਤ ਕੀਤੇ।ਸਕੂਲ ਦੇ ਬਾਕੀ ਬੱਚਿਆਂ ਨੇ ਵੀ ਬਹੁਤ ਹੀ ਸ਼ਾਨਦਾਰ ਨਤੀਜੇ ਦਿੱਤੇ।ਜਮਾਤ ਦਸਵੀਂ ਦੇ ਨਤੀਜੇ ਵੀ ਬਹੁਤ ਹੀ ਸ਼ਾਨਦਾਰ ਰਹੇ।ਜਮਾਤ ਦਸਵੀਂ ਦੇ ਬੱਚੇ ਕਾਵਿਆ ਵਰਮਾ ਨੇ 95% ਨੰਬਰ ਹਾਸਲ ਕਰਕੇ ਪਹਿਲਾ ਅਤੇ ਸ਼ਹਿਰ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

ਸ਼ੋਰਿਆ ਸ਼ਰਮਾ ਨੇ 92.4% ਨੰਬਰ ਲੈ ਕੇ ਸਕੂਲ ਵਿੱਚ ਦੂਜਾ ਸਥਾਨ ਹਾਸਲ ਕੀਤਾ। ਨੂਪੁਰ ਖੁਰਾਨਾ ਨੇ 92% ਅੰਕ ਤੀਜਾ ਸਥਾਨ ਹਾਸਲ ਕੀਤਾ । ਰਿਸ਼ਵ ਜੈਨ ਨੇ 90.6% ਅੰਕ ਹਾਸਲ ਕੀਤੇ ਅਤੇ ਨੈਤਿਕ ਮਲਹੋਤਰਾ ਨੇ 90.2% ਅੰਕ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਕੰਪਿਊਟਰ ਸਿੱਖਿਆ ਵਿੱਚ ਸ਼ੁਭਮ ਨੇ 100 ਅੰਕ , ਇਸ਼ਾਨੀ ਨੇ 95, ਅਦਿਤੀ ਨੇ 92, ਮੁਦਿਤਾ ਜੈਨ ਨੇ 92, ਆਸਮਾ ਨੇ 90, ਕੋਮਲ ਨੇ 90 ਅਤੇ ਮਹਿਕ ਨੇ 91 ਨੰਬਰ ਹਾਸਲ ਕੀਤੇ।ਪੰਜਾਬੀ ਵਿੱਚ ਕਿਰਨ ਨੇ 92, ਕੋਮਲ ਨੇ 93, ਰਿਸ਼ਵ ਨੇ 90, ਨੈਤਿਕ ਨੇ 91, ਅਵਨੀਤ ਨੇ 92 ਰੀਆ ਮਹਿਤਾ ਨੇ 90, ਦਰਸ਼ਨੇ 92 , ਖੁਸ਼ੀ ਨੇ 93, ਆਸਮਾਨੇ 92 ਅਤੇ ਅਵਿਸ਼ੀ ਨੇ 90 ਅੰਕ ਹਾਸਲ ਕੀਤੇ।ਕੰਪਿਊਟਰ ਸਿੱਖਿਆ ਵਿੱਚ ਰਿਸ਼ਵ ਨੇ 96, ਨੈਤਿਕ ਨੇ 96, ਰਾਜਵੀਰ ਨੇ 95, ਮਨਵੀਰ ਨੇ 93, ਦਰਸ਼ ਨੇ 93, ਰੀਆ ਨੇ 92, ਸੁਖਮਨ ਦੇ 91 , ਅਕਸ਼ਰਾ ਨੇ 91 ਅਤੇ ਜਸਲੀਨ ਨੇ 90 ਅੰਕ ਹਾਸਲ ਕੀਤੇ।ਹਿਸਾਬ ਵਿੱਚ ਰਿਸ਼ਵ ਨੇ 97, ਰਾਜਵੀਰ ਨੇ 93 ਅਤੇ ਮਨਵੀਰ ਨੇ 91 ਅੰਕ ਹਾਸਲ ਕੀਤੇ।ਸਾਇੰਸ ਵਿੱਚ ਨੈਤਿਕ ਨੇ 90 ਅੰਕ ਹਾਸਲ ਕੀਤੇ। ਅੰਗਰੇਜ਼ੀ ਵਿੱਚ ਸੁਖਮਨ ਨੇ 91 ਹਾਸਲ ਕੀਤੇ।ਸਮਾਜਿਕ ਸਿੱਖਿਆ ਵਿੱਚ ਖੁਸ਼ੀ ਨੇ 92 ਅੰਕ ਹਾਸਲ ਕੀਤੇ। ਸਕੂਲ ਦੇ ਮੁੱਖ ਅਧਿਆਪਕ ਸ੍ਰੀਮਤੀ ਵਿੰਮੀ ਠਾਕੁਰ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਬੱਚਿਆਂ ਨੇ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ।

# ਸੰਯੁਕਤ ਕਿਸਾਨ ਮੋਰਚਾ ਨੇ ਮੋਗਾ 'ਚ ਜੰਗਬਾਜ਼ ਤਾਕਤਾਂ ਵਿਰੁੱਧ ਕੀਤਾ ਅਮਨ ਮਾਰਚ

## ਸਰਕਾਰਾਂ ਬੁਨਿਆਦੀ ਮੁੱਦਿਆਂ ਤੋਂ ਧਿਆਨ ਹਟਾ ਕੇ ਲੋਕਾਂ ਨੂੰ ਜੰਗ ਦੀ ਭੱਠੀ 'ਚ ਨਾ ਝੋਕਣ : ਐੱਸ ਕੇ ਐੱਮ




**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਯੁਕਤ ਕਿਸਾਨ ਮੋਰਚਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮੋਗਾ ਦੀ ਨਵੀਂ ਦਾਣਾ ਮੰਡੀ 'ਚ ਵਿਸ਼ਾਲ ਇਕੱਠ ਕੀਤਾ ਗਿਆ ਅਤੇ ਦੇਸ਼ ਦੀ ਸਰਕਾਰ ਵੱਲੋਂ ਜੋ ਨੈਰੇਟਿਵ ਸਿਰਜਿਆ ਜਾ ਰਿਹਾ ਹੈ ਉਸ ਖਿਲਾਫ ਵਿਚਾਰਾਂ ਕਰਦੇ ਹੋਏ ਸੰਯੁਕਤ ਕਿਸਾਨ ਮੋਰਚਾ ਦੀਆਂ ਜਥੇਬੰਦੀਆਂ 'ਚ ਬੀ.ਕੇ.ਯੂ ਲੱਖੋਵਾਲ ਦੇ ਜ਼ਿਲ੍ਹਾ ਭੁਪਿੰਦਰ ਸਿੰਘ ਦੌਲਤਪੁਰਾ, ਜ਼ਿਲ੍ਹਾ ਜਨਰਲ ਰਵਿੰਦਰ ਸਿੰਘ ਭੋਲਾ, ਬੀ.ਕੇ.ਯੂ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ, ਬੀ.ਕੇ.ਯੂ ਉਗਰਾਹਾਂ ਦੀ ਮਹਿਲਾ ਮੀਤ ਪ੍ਰਧਾਨ ਕੁਲਦੀਪ ਕੌਰ, ਕਿਰਤੀ ਕਿਸਾਨ ਯੂਨੀਅਨ ਛਿੰਦਰ ਕੌਰ ਰੋਡੇ, ਬੀ.ਕੇ.ਯੂ ਉਗਰਾਹਾਂ ਦੇ ਵਿੱਤ ਸਕੱਤਰ ਬਲੌਰ ਸਿੰਘ ਘੱਲਕਲਾਂ, ਕਿਰਤੀ ਕਿਸਾਨ ਯੂਨੀਅਨ ਚਮਕੌਰ ਸਿੰਘ ਰੋਡੇ, ਭਾਰਤੀ ਕਮਿਊਨਿਸਟ ਪਾਰਟੀ ਦੇ ਸਕੱਤਰ ਕੁਲਦੀਪ ਭੋਲਾ, ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਕੁੱਲ ਹਿੰਦ ਕਿਸਾਨ ਸਭਾ ਸੂਰਤ ਸਿੰਘ ਧਰਮਕੋਟ, ਹਰਦਿਆਲ ਸਿੰਘ ਘਾਲੀ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਪੰਜਾਬ ਖੇਤ ਮਜ਼ਦੂਰ ਯੂਨੀਅਨ ਜਗਰਾਜ ਸਿੰਘ ਕੁੱਸਾ, ਪੰਜਾਬ ਗੌਰਮੈਂਟ ਟਰਾਂਸਪੋਰਟ ਵਰਕਰ ਯੂਨੀਅਨ ਦੇ ਸੂਬਾ ਆਗੂ ਜਗਦੀਸ਼ ਸਿੰਘ ਚਾਹਲ, ਨੌਜਵਾਨ ਭਾਰਤ ਸਭਾ ਕਰਮਜੀਤ ਮਾਣੂਕੇ, ਬੀ.ਕੇ.ਯੂ ਤੋਤੇ ਵਾਲਾ ਕੁਲਜੀਤ ਸਿੰਘ ਰੋਂਤਾ, ਕੌਮੀ ਕਿਸਾਨ ਯੂਨੀਅਨ ਨਰਿੰਦਰ ਪਾਲ ਸਿੰਘ, ਬੀ.ਕੇ.ਯੂ ਪੰਜਾਬ ਹਰਨੇਕ ਸਿੰਘ ਵੱਲੋਂ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰਾਂ ਬੁਨਿਆਦੀ ਮੁੱਦਿਆਂ ਤੋਂ ਧਿਆਨ ਹਟਾਕੇ ਲੋਕਾਂ ਨੂੰ ਜੰਗ ਦੀ ਭੱਠੀ 'ਚ ਨਾ ਝੋਕਣ। ਅਸੀਂ ਕਦੇ ਵੀ ਜੰਗ ਨਹੀਂ ਚਾਹੁੰਦੇ, ਅਸੀਂ ਅਮਨ ਪਸੰਦ ਲੋਕ ਹਾਂ। ਅਸੀਂ ਚਾਹੁੰਦੇ ਹਾਂ ਕਿ ਹਰੇਕ ਮਸਲੇ ਦਾ ਹੱਲ ਗੱਲਬਾਤ ਨਾਲ ਹੋਣਾ ਚਾਹੀਦਾ ਹੈ। ਇਸ ਜੰਗ ਦਾ ਨੁਕਸਾਨ ਜ਼ਿਆਦਾ ਪੰਜਾਬ ਦਾ ਹੋਵੇਗਾ ਕਿਉਂਕਿ ਪੰਜਾਬ ਬਾਰਡਰ ਏਰੀਆ ਹੈ। ਇਸ ਸਮੇਂ ਸੰਯੁਕਤ ਕਿਸਾਨ ਮੋਰਚਾ ਨੇ ਮੰਗ ਕੀਤੀ ਹੈ ਕਿ ਭਰਾ ਮਾਰੂ ਜੰਗਾਂ ਨਾਲ ਦੇਸ਼ ਦੇ ਲੋਕਾਂ ਦੇ ਮਸਲਿਆਂ ਤੋਂ ਧਿਆਨ ਭਟਕਾਉਣ ਦੀ ਨੀਤੀ ਬੰਦ ਕਰੋ। ਦੇਸ਼ ਅੰਦਰ ਫਿਰਕੂ ਪਾਟਕ ਪਾਉਣਾ ਬੰਦ ਕੀਤਾ ਜਾਵੇ, ਫਿਰਕੂ ਰਾਸ਼ਟਰਵਾਦੀ ਸਿਆਸਤ ਤਹਿਤ ਅੰਨ੍ਹੀ ਤੇ ਫਿਰਕੂ ਦੇਸ਼ ਭਗਤੀ ਉਭਾਰਨੀ ਬੰਦ ਕੀਤੀ ਜਾਵੇ, ਗੁਆਂਢੀ ਮੁਲਕਾਂ ਨਾਲ ਅਮਨ ਭਰੇ ਸੁਖਾਵੇਂ ਸਬੰਧ ਕਾਇਮ ਕਰਨ ਦੀ ਨੀਤੀ ਅਪਣਾਈ ਜਾਵੇ ਅਤੇ ਲੋਕਾਂ ਦੇ ਖਜ਼ਾਨੇ ਦੀਆਂ ਭਾਰੀ ਰਕਮਾਂ ਹਥਿਆਰਾਂ 'ਤੇ ਖਰਚਣਾ ਬੰਦ ਕੀਤਾ ਜਾਵੇ, ਲੋਕਾਂ ਦੀ ਰੋਜ਼ੀ ਰੋਟੀ, ਰੁਜ਼ਗਾਰ ਤੇ ਖੁਸ਼ਹਾਲੀ ਲਈ ਬੁਨਿਆਦੀ ਮਸਲੇ ਹੱਲ ਕੀਤੇ ਜਾਣ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਨੇ ਜੋ ਟਰੇਡ ਯੂਨੀਅਨ ਵੱਲੋਂ 20 ਮਈ ਨੂੰ ਬੰਦ ਦਾ ਸੱਦਾ ਦਿੱਤਾ ਹੈ ਉਸ ਪੂਰਨ ਰੂਪ ਵਿੱਚ ਹਮਾਇਤ ਦੇਣ ਦਾ ਐਲਾਨ ਕੀਤਾ। ਇਸ ਮੌਕੇ ਜਸਮੇਲ ਸਿੰਘ ਰਾਜੇਆਣਾ, ਲਖਵਿੰਦਰ ਸਿੰਘ ਰੌਲੀ, ਬਲਰਾਜ ਸਿੰਘ ਖਾਲਸਾ, ਸਾਹਿਬ ਸਿੰਘ ਬੋਗੇ ਵਾਲਾ, ਅਵਤਾਰ ਸਿੰਘ, ਬਲਵੰਤ ਸਿੰਘ, ਗੁਰਬਚਨ ਸਿੰਘ ਚੰਨੂਵਾਲਾ, ਸਿੰਦਰਪਾਲ ਸਿੰਘ, ਬੇਅੰਤ ਸਿੰਘ, ਸ਼ਿੰਦਰਪਾਲ ਕੌਰ ਰੋਡੇ, ਹਰਵਿੰਦਰ ਕੌਰ ਕਿਸ਼ਨਪੁਰਾ, ਹਰਪ੍ਰੀਤ ਸਿੰਘ ਢੁੱਡੀਕੇ, ਅਬੇ ਢੁੱਡੀਕੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਤੇ ਵਰਕਰ ਹਾਜ਼ਰ ਸਨ। ਸਮਾਗਮ ਦੌਰਾਨ ਸਟੇਜ ਸਕੱਤਰ ਭੂਮਿਕਾ ਮੁਕੰਦ ਕਮਲ ਬਾਘਾ ਪੁਰਾਣਾ ਵਲੋਂ ਨਿਭਾਈ ਗਈ।

## ਭਾਗਸਰ ਦੇ ਨੌਜਵਾਨ ਬਰਜਿੰਦਰ ਸਿੰਘ ਨੇ ਪੀ ਜੀ ਆਈ 'ਚ ਕੀਤੇ ਸੈੱਲ ਦਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਬੀਤੀ ਰਾਤ ਜੈ ਬਾਬੇ ਦੀ ਬਲੱਡ ਸੇਵਾ ਸੋਸਾਇਟੀ ਨੂੰ ਓ ਪੌਜ਼ਟਿਵ ਦੇ ਪਲੇਟਲੈਸ ਦੀ ਜ਼ਰੂਰਤ ਪਈ ਤਾਂ ਸੋਸਾਇਟੀ ਦੇ ਮੈਂਬਰ ਨੇ ਗੁਰਕੀਰਤ ਸਿੰਘ ਬਰਾੜ ਪੁੱਤਰ ਬੋਹੜ ਸਿੰਘ ਪਿੰਡ ਭਾਗਸਰ ਜ਼ਿਲ੍ਹਾ ਸ੍ਰੀ ਮੁਕਤਸਰ ਨੂੰ ਫੋਨ ਕੀਤਾ ਤਾਂ ਉਹ ਪਿੰਡ ਗਏ ਤਾਂ ਓਹਨਾ ਨੂੰ ਜਦੋਂ ਦੱਸਿਆਂ ਕਿ ਸੈੱਲਾਂ ਦੀ ਜ਼ਰੂਰਤ ਹੈ ਤਾਂ ਓਹਨਾ ਨੇ ਤੁਰੰਤ ਆਪਣੇ ਦੋਸਤ ਬਰਜਿੰਦਰ ਸਿੰਘ ਨੂੰ ਓਸੇ ਸਮੇਂ ਭੇਜਿਆ ਤਾਂ ਬਰਜਿੰਦਰ ਸਿੰਘ ਤੁਰੰਤ ਸੈੱਲ ਦੇਣ ਲਈ ਪੁੱਜੇ। ਅਸੀਂ ਬਰਜਿੰਦਰ ਸਿੰਘ ਤੇ ਨਾਲ ਗੁਰਕੀਰਤ ਸਿੰਘ ਬਰਾੜ ਪਿੰਡ ਭਾਗਸਰ ਦਾ ਜੈ ਬਾਬੇ ਦੀ ਬਲੱਡ ਸੇਵਾ ਸੋਸਾਇਟੀ ਵੱਲੋ ਦਿਲੋਂ ਧੰਨਵਾਦ ਕਰਦੇ ਹਾਂ ਤੇ ਹੋਰ ਲੋਕਾਂ ਨੂੰ ਵੀ ਅਪੀਲ ਕਰਦੇ ਹਾਂ ਜੇਕਰ ਕੋਈ ਚੰਡੀਗੜ੍ਹ ਦੇ ਆਸ ਪਾਸ ਜਾਂ ਚੰਡੀਗੜ੍ਹ ਰਹਿੰਦਾ ਤੇ ਖ਼ੂਨ ਦਾਨ ਕਰਨ ਲਈ ਸਮਰੱਥ ਹੈ, ਤੰਦਰੁਸਤ ਹੈ ਤਾਂ ਸੋਸਾਇਟੀ ਨੰਬਰ 9855312-394 'ਤੇ ਪ੍ਰਵੀਨ ਮਦਾਨ ਨੂੰ ਆਪਣਾ ਨਾਮ ਨੰਬਰ ਤੇ ਬਲੱਡ ਗਰੁੱਪ ਜ਼ਰੂਰ ਨੋਟ ਕਰਵਾਓ। ਤੁਹਾਡਾ ਦਿੱਤਾ ਖ਼ੂਨ 3 ਜ਼ਿੰਦਗੀਆਂ ਨੂੰ ਬਚਾਉਂਦਾ ਹੈ।

## ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਨਵੇਂ ਆਏ ਜੱਜ ਸਾਹਿਬਾਨ ਦੇ ਸਵਾਗਤ 'ਚ ਸਮਾਗਮ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਸਮਾਣਾ ਦੀਆਂ ਜੁਡੀਸ਼ੀਅਲ ਅਦਾਲਤਾਂ ਵਿਖੇ ਆਏ ਨਵੇਂ ਜੱਜ ਸਾਹਿਬਾਨ ਦੇ ਸਵਾਗਤ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਇੱਕ ਸਾਦਾ ਸਮਾਗਮ ਕੀਤਾ ਗਿਆ। ਜਿਸ ਵਿੱਚ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਦੀ ਅਗਵਾਈ ਹੇਠ ਵਕੀਲ ਸਾਹਿਬਾਨ ਵੱਲੋਂ ਸਮਾਣਾ ਦੀਆਂ ਅਦਾਲਤਾਂ ਵਿਖੇ ਆਏ ਨਵੇਂ ਜੱਜ ਸਾਹਿਬਾਨ ਕਪਿਲਦੇਵ ਸਿੰਗਲਾ ਐਡੀਸ਼ਨਲ ਪ੍ਰਿੰਸੀਪਲ ਜੱਜ ਫੈਮਿਲੀ ਕੋਰਟ ਸਮਾਣਾ, ਮਨਦੀਪ ਸਿੰਘ ਅਡੀਸ਼ਨਲ ਸਿਵਿਲ ਜੱਜ ਸੀਨੀਅਰ ਡਿਵੀਜ਼ਨ ਸਮਾਣਾ, ਮੈਡਮ ਡਾਕਟਰ ਰਾਜਵਿੰਦਰ ਕੌਰ, ਮੈਡਮ ਜਸਲੀਨ ਕੌਰ ਬਵੇਜਾ, ਮੈਡਮ ਮੋਹਨੀ ਗੋਇਲ, ਮੈਡਮ ਡਿੰਪਲ ਗਰਗ ਸਾਰੇ ਸਿਵਲ ਜੂਨੀਅਰ ਡਵੀਜ਼ਨ ਸਮਾਣਾ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਹਨਾਂ ਦਾ ਸਵਾਗਤ ਕੀਤਾ।ਇਸ ਮੌਕੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਸਮਾਣਾ ਦੀਆਂ ਜੁਡੀਸ਼ੀਅਲ ਅਦਾਲਤਾਂ ਵਿੱਚ ਅਦਾਲਤੀ ਬੈਂਚ ਜ਼ਿਆਦਾ ਹੋਣ ਕਰਕੇ ਇਕ ਵਕੀਲ ਇੱਕੋ ਸਮੇਂ ਸਾਰੀਆਂ ਅਦਾਲਤਾਂ ਵਿੱਚ ਨਹੀਂ ਪੇਸ਼ ਨਹੀਂ ਹੋ ਸਕਦਾ, ਇਸ ਲਈ ਕਿਸੇ ਵਕੀਲ ਦੀ ਕਿਸੇ ਕੇਸ ਵਿੱਚ ਗੈਰ ਹਾਜ਼ਰੀ ਨਾ ਲਗਾਈ ਜਾਵੇ। ਉਹਨਾਂ ਕਿਹਾ ਕਿ ਸਟੇਅ ਮੈਟਰ ਕੇਸਾਂ ਅਤੇ ਬੇਲ ਐਪਲੀਕੇਸ਼ਨਾਂ ਵਿੱਚ ਵਕੀਲ ਸਾਹਿਬਾਨ ਨੂੰ ਵੱਧ ਤੋਂ ਵੱਧ ਰਿਲੀਫ ਦਿੱਤਾ ਜਾਵੇ।ਉਹਨਾਂ ਅਦਾਲਤੀ ਬੈਂਚ ਨੂੰ ਵਿਸ਼ਵਾਸ ਦਿਵਾਇਆ ਕਿ ਬਾਰ ਐਸੋਸੀਏਸ਼ਨ ਸਮਾਣਾ ਅਦਾਲਤੀ ਬੈਂਚ ਨੂੰ ਪੂਰਾ ਸਹਿਯੋਗ ਦੇਵੇਗੀ ਤਾਂ ਜੋ ਬਾਹਰ ਅਤੇ ਬੈਂਚ ਦਾ ਆਪਸੀ ਵਧੀਆ ਤਾਲਮੇਲ ਬਣਿਆ ਰਹੇ।ਇਸ ਮੌਕੇ ਜੱਜ ਸਾਹਿਬਾਨ ਵੱਲੋਂ ਅਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ ਮਨਦੀਪ ਸਿੰਘ ਨੇ ਬਾਰ ਐਸੋਸੀਏਸ਼ਨ ਨੂੰ ਵਿਸ਼ਵਾਸ ਦਵਾਇਆ ਕਿ ਕਿ ਉਹ ਬਾਰ ਐਸੋਸੀਏਸ਼ਨ ਨਾਲ ਮਿਲ ਕੇ ਚੱਲਣਗੇ ਪ੍ਰੰਤੂ ਬਾਰ ਐਸੋਸੀਏਸ਼ਨ ਵੀ ਅਦਾਲਤੀ ਬੈਂਚਾਂ ਨੂੰ ਪੂਰਾ ਸਹਿਯੋਗ ਦੇਵੇ ਤਾਂ ਜੋ ਉਹ ਉੱਚ ਅਦਾਲਤਾਂ ਵੱਲੋਂ ਦਿੱਤੇ ਟਾਰਗੇਟਾਂ ਨੂੰ ਪੂਰਾ ਕਰ ਸਕਣ।ਉਹਨਾਂ ਕਿਹਾ ਕਿ ਸੀਨੀਅਰ ਅਤੇ ਜੂਨੀਅਰ ਵਕੀਲਾਂ ਨੂੰ ਬਰਾਬਰਤਾ ਦਿੱਤੀ ਜਾਵੇਗੀ।ਇਸ ਮੌਕੇ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਐਡਵੋਕੇਟ ਸੰਦੀਪ ਜਿੰਦਲ, ਸੈਕਟਰੀ ਐਡਵੋਕੇਟ ਕਸ਼ਮੀਰ ਸਿੰਘ ਚੂੰਬਰ, ਜੁਆਇੰਟ ਸੈਕਟਰੀ ਕੁਲਜੀਤ ਸਿੰਘ ਵਿਰਕ, ਕੈਸ਼ੀਅਰ ਐਡਵੋਕੇਟ ਬਘੇਲ ਸਿੰਘ ਸੰਧੂ, ਲਾਈਬ੍ਰੇਰੀਅਨ ਐਡਵੋਕੇਟ ਖਵਾਬ ਸੋਨੀ, ਐਗਜੈਕਟਿਵ ਮੈਂਬਰ ਐਡਵੋਕੇਟ ਅਰਨਦੀਪ ਸਿੰਘ ਸੰਧੂ, ਨੇਹਾ ਚੋਪੜਾ, ਜਸਵਿੰਦਰ ਸਿੰਘ ਗੋਲਣ ਤੋਂ ਇਲਾਵਾ ਸਾਬਕਾ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ, ਕੁਲਵਿੰਦਰ ਸਿੰਘ ਗਲੌਲੀ, ਅਰਵਿੰਦਰ ਸਿੰਘ ਸੇਖੋਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਡਵੋਕੇਟਸ ਹਾਜ਼ਰ ਸਨ

# ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ ਨੂੰ ਸਦਮਾ, ਚਾਚੀ ਦਾ ਦੇਹਾਂਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਬਾਘਾ ਪੁਰਾਣਾ ਦੇ ਮੁੱਖ ਸੇਵਾਦਾਰ ਜਗਸੀਰ ਸਿੰਘ ਕਾਲੇਕੇ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਬਹੁਤ ਹੀ ਸਤਿਕਾਰਯੋਗ ਚਾਚੀ ਸ੍ਰੀਮਤੀ ਗੁਰਦੀਪ ਕੌਰ ਗਿੱਲ ਧਰਮ ਪਤਨੀ ਸੁਖਦੇਵ ਸਿੰਘ ਪ੍ਰਮਾਤਮਾ ਪਾਸੋਂ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਇਸ ਸੰਸਾਰ ਤੋਂ ਅਲਵਿਦਾ ਆਖ ਗਏ। ਇਸ ਦੀ ਦੁੱਖ ਦੀ ਘੜੀ ਵਿਚ ਜਗਸੀਰ ਸਿੰਘ ਕਾਲੇਕੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਾਘਾ ਪੁਰਾਣਾ, ਗੁਰਮੇਲ ਸਿੰਘ ਸੋਹਣ ਆੜ੍ਹਤੀਆ, ਲਖਵੀਰ ਸਿੰਘ ਬਾਜ ਯੂ.ਐਸ.ਏ ਨਾਲ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਮਾਲਵਿਕਾ ਸੂਦ ਹਲਕਾ ਇੰਚਾਰਜ ਕਾਂਗਰਸ, ਭੁਪਿੰਦਰ ਸਿੰਘ ਸਾਹੋਕੇ ਹਲਕਾ ਇੰਚਾਰਜ ਨਿਹਾਲ ਸਿੰਘ ਵਾਲਾ, ਸਾਬਕਾ ਜ਼ਿਲ੍ਹਾ ਪ੍ਰਧਾਨ ਗੁਰਬਚਨ ਸਿੰਘ ਬਰਾੜ, ਬਲਾਕ ਪ੍ਰਧਾਨ ਗੁਰਤੇਜ ਸਿੰਘ ਨੱਥੂਵਾਲਾ, ਬਲਾਕ ਪ੍ਰਧਾਨ ਹਰਦੀਸ਼ ਸਿੰਘ ਸੇਖਾ, ਸ਼ਹਿਰੀ ਪ੍ਰਧਾਨ ਦੀਪਾ ਅਰੋੜਾ, ਯੂਥ ਪ੍ਰਧਾਨ ਗਗਨ ਸਰਪੰਚ ਨਿਗਾਹਾਂ, ਬਲਾਕ ਪ੍ਰਧਾਨ ਕਿਸਾਨ ਕਾਂਗ ਲਾਭ ਸਿੰਘ ਠੱਠੀ, ਬਲਾਕ ਪ੍ਰਧਾਨ ਕਿਸਾਨ ਕਾਂਗ ਜਸਪਾਲ ਸਿੰਘ ਆਲਮਵਾਲਾ, ਬਿੱਟੂ ਮਿੱਤਲ ਸਾਬਕਾ ਪ੍ਰਧਾਨ, ਚੇਅਰਮੈਨ ਕਿਰਨਜੀਤ ਸਿੰਘ ਵਾਂਦਰ, ਨਗਿੰਦਰ ਮਾਹਲਾਂ ਕਲਾਂ, ਰਾਮਦਿਆਲ ਮਾਹਲਾਂ ਖੁਰਦ, ਜਗਦੇਵ ਛੋਟਾ ਘਰ, ਰਾਜਾ ਵੱਡਾ ਘਰ, ਜੱਜ ਹਰੀਏਵਾਲਾ, ਕੁਲਵੀਰ ਭਲੂਰ, ਰਣਜੀਤ ਭਲੂਰ, ਜੀਵਨ ਭਲੂਰ, ਗੁਰਮੇਲ ਨੱਥੂਵਾਲਾ, ਚੰਦ ਨੱਥੂਵਾਲਾ, ਸੁਰਜੀਤ ਡੇਮਰੂ, ਅਵਤਾਰ ਡੇਮਰੂ ਖੁਰਦ, ਗੁਰਾ ਸਿੰਘ ਡੇਮਰੂ, ਦਰਸ਼ਨ ਸੈਕਟਰੀ ਲੰਡੇ, ਅੰਮ੍ਰਿਤਪਾਲ ਲੰਡੇ, ਗੁਰਦੇਵ ਕੋਠੇ ਸੰਗਤਸਰ, ਅਮਨਾ ਸਰਪੰਚ ਸਮਾਲਸਰ ਖੁਰਦ, ਰਣਜੀਤ ਸਿੰਘ ਕੋਠੇ ਸਮਾਲਸਰ, ਅਮਰਜੀਤ ਸਿੰਘ ਸਮਾਲਸਰ, ਬੱਬੂ ਰੋਡੇ, ਬੱਬਲੂ ਰੋਡੇ, ਡਾ. ਬਲਦੇਵ ਸਿੰਘ ਰੋਡੇ, ਦੀਪਾ ਰੋਡੇ, ਸੁਖਦੇਵ ਲੰਗੇਆਣਾ ਪੁਰਾਣਾ, ਜੋਗਿੰਦਰ ਲੰਗੇਆਣਾ ਪੁਰਾਣਾ, ਸਤਨਾਮ ਲੰਗੇਆਣਾ ਪੁਰਾਣਾ, ਸੁੱਖਾ ਲੰਗੇਆਣਾ, ਸੀਪਾ ਰਾਜਿਆਣਾ, ਕਾਕਾ ਪੰਚ ਆਲਮਵਾਲਾ, ਨੰਬਰਦਾਰ ਗੁਰਸੇਵਕ ਸਿੰਘ, ਸੁਖਚੈਨ ਨਿਗਾਹਾਂ, ਸੰਦੀਪ ਜੈਮਲਵਾਲਾ, ਸੋਨਾ ਜੈਮਲਵਾਲਾ, ਗੁਰਦੇਵ ਸਿੰਘ ਭੇਖਾ, ਹਰਪ੍ਰੀਤ ਸਿੰਘ ਚੰਦ ਨਵਾਂ, ਹਰਬੰਸ ਸਿੰਘ ਚੰਦ ਪੁਰਾਣਾ, ਮੇਜਰ ਸਿੰਘ ਗਿੱਲ, ਜਗਸੀਰ ਸਿੰਘ ਥਰਾਜ, ਹਰਜੀਤ ਕੋਟਲਾ, ਲਵਪ੍ਰੀਤ ਮਾੜੀ, ਮੇਜਰ ਸਿੰਘ ਗੁਰੂਸਰ ਮਾੜੀ, ਜਗਜੀਤ ਮੱਲਕੇ, ਹਰਜਿੰਦਰ ਬਰਾੜ ਮੱਲਕੇ, ਹਰਪ੍ਰੀਤ ਪੰਜਗਰਾਈਂ, ਜਗਸੀਰ ਜੱਗਾ ਸਾਬਕਾ ਕੌਂਸਲਰ, ਸ਼ਸ਼ੀ ਸਾਬਕਾ ਕੌਂਸਲਰ, ਗੁਰਮੱਖ ਸਿੰਘ ਸਾਬਕਾ ਕੌਂਸਲਰ, ਬੀਬੀ ਕ੍ਰਿਸ਼ਨਾ ਸਮਾਲਸਰ, ਤੇਜਪਾਲ ਕੌਰ, ਡਾ. ਰਿੰਕੂ, ਹਰਜਿੰਦਰ ਪੰਜਗਰਾਈ, ਪ੍ਰਧਾਨ ਕਮਲਜੀਤ ਸੁਖਾਨੰਦ, ਸੋਹਣ ਸੰਤੂਵਾਲਾ, ਪ੍ਰਧਾਨ ਹਰਜੀਤ ਢਿਲਵਾਂ, ਗੁਰਚਰਨ ਥਰਾਜ, ਸਰਪੰਚ ਭੀਮ ਸਿੰਘ, ਬਲਦੇਵ ਫੌਜੀ, ਲੱਖੀ ਸਮਾਧ, ਜਗਸੀਰ ਕੋਠੇ ਘੋਲੀਆਂ, ਮੈਂਬਰ ਗੁਰਮੀਤ ਕਾਲੇਕੇ, ਨੈਬ ਸਿੰਘ ਨੱਥੋਕੇ, ਮੇਜਰ ਸਿੰਘ ਬੁੱਧ ਸਿੰਘ ਵਾਲਾ, ਗੋਰਾ ਚੰਨੂਵਾਲਾ, ਪ੍ਰਧਾਨ ਜਗਦੇਵ ਲਧਾਈਕੇ, ਮੰਦਰ ਕੋਟਲਾ, ਜੱਸੂ ਜੀਤਾ ਸਿੰਘ ਵਾਲਾ, ਮਨਜੀਤ ਦੱਲੂਵਾਲਾ, ਕਰਨੈਲ ਸਿੰਘ ਪੀ.ਪੀ, ਫੈਰੀ ਸੰਘਾ, ਘਨ੍ਹਈਆ ਜੰਡਲੀਆ, ਹੈਪੀ ਸਹਿਗਲ ਦੇ ਇਲਾਵਾ ਵੱਖ ਵੱਖ ਪਾਰਟੀਆਂ ਦੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਸਖਸ਼ੀਅਤਾਂ ਨੇ ਇਸ ਦੁੱਖ ਦੀ ਘੜੀ ਵਿਚ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

# ਸੰਯੁਕਤ ਕਿਸਾਨ ਮੋਰਚੇ ਨੇ ਕੀਤਾ ਅਮਨ ਮਾਰਚ




**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ)**-ਦੇਸ਼ ਵਿੱਚ ਬਣੇ ਜੰਗ ਦੇ ਮਾਹੌਲ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਅੱਜ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਵੱਡੀ ਗਿਣਤੀ ਕਿਸਾਨ ਅਨਾਜ ਮੰਡੀ ਸੰਗਰੂਰ ਵਿੱਚ ਇਕੱਠੇ ਹੋਏ ਅਤੇ ਉਥੇ ਰੈਲੀ ਕਰਨ ਉਪਰੰਤ ਸ਼ਹਿਰ ਦੇ ਬਜ਼ਾਰਾਂ ਵਿਚ ਅਮਨ ਮਾਰਚ ਕੱਢਿਆ ਗਿਆ ਅਤੇ ਜੰਗਬਾਜ਼ ਤਾਕਤਾਂ ਨੂੰ ਜੰਗ ਦਾ ਮਾਹੌਲ ਬਣਾਉਣ ਤੋਂ ਬਾਜ਼ ਆਉਣ ਦੀ ਚੇਤਾਵਨੀ ਦਿੱਤੀ। ਲੋਕਾਂ ਨੂੰ ਇਹਨਾਂ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ।ਰੈਲੀ ਨੂੰ ਸੰਬੋਧਨ ਕਰਦਿਆਂ ਭਾਕਿਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਭਾਕਿਯੂ ਏਕਤਾ ਡਕੌਂਦਾ ਦੇ ਸੂਬਾ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਮੇਜਰ ਸਿੰਘ ਪੁੰਨਾਵਾਲ, ਭਾਕਿਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ, ਭਾਕਿਯੂ ਡਕੌਂਦਾ ਧਨੇਰ ਦੇ ਜ਼ਿਲਾ ਸਕੱਤਰ ਜਗਤਾਰ ਸਿੰਘ ਦੁੱਗਾਂ, ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਜ਼ਿਲ੍ਹਾ ਆਗੂ ਨਿਰੰਜਨ ਸਿੰਘ ਸਫੀਪੁਰ ਨੇ ਦੱਸਿਆ ਕਿ ਦੇਸ਼ ਵਿੱਚ ਜੋ ਪਿਛਲੇ ਦਿਨਾਂ ਵਿੱਚ ਜੰਗ ਦਾ ਮਾਹੌਲ ਬਣਿਆ ਇਸ ਮਾਹੌਲ ਲਈ ਦੇਸ਼ ਦੇ ਹਾਕਮਾਂ ਦੀਆਂ ਜੰਗਬਾਜ਼ ਨੀਤੀਆਂ ਜ਼ਿੰਮੇਵਾਰ ਹਨ। ਪਹਿਲਗਾਮ ਵਿੱਚ ਮਾਰੇ ਗਏ ਸੈਲਾਨੀਆਂ ਦੇ ਕਤਲੇਆਮ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੰਗ ਕੀਤੀ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਕਿ ਸੁਰੱਖਿਆ ਏਜੰਸੀਆਂ ਦੀ ਚੇਤਾਵਨੀ ਦੇ ਬਾਵਜੂਦ ਵੱਡੀ ਗਿਣਤੀ ਸੈਲਾਨੀਆਂ ਦੀ ਆਮਦ ਵਾਲੇ ਖੇਤਰ ਵਿਚੋਂ ਸੁਰੱਖਿਆ ਕਿਉਂ ਹਟਾਈ ਗਈ ਪਰ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਪੂਰਾ ਕਰਨ ਲਈ ਦੇਸ਼ ਵਿੱਚ ਜੰਗ ਦਾ ਮਾਹੌਲ ਬਣਾਇਆ ਗਿਆ ਅਤੇ ਸੋਸ਼ਲ ਮੀਡੀਆ ਉੱਪਰ ਫਿਰਕੂ ਹਨੇਰੀ ਝੁਲਾ ਕੇ ਇੱਕ ਫਿਰਕੇ ਵਿਸ਼ੇਸ਼ ਦੇ ਲੋਕਾਂ ਖਿਲਾਫ ਨਫਰਤ ਦਾ ਮਾਹੌਲ ਪੈਦਾ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਜੰਗ ਨਹੀਂ ਰੁਜ਼ਗਾਰ, ਇਲਾਜ, ਪੜ੍ਹਾਈ ਦੀਆਂ ਸਹੂਲਤਾਂ ਅਤੇ ਜਮਹੂਰੀ ਮਾਹੌਲ ਦੀ ਲੋੜ ਹੈ। ਕਿਰਤੀ ਲੋਕਾਂ ਨੂੰ ਜੰਗਬਾਜ਼ ਸਾਮਰਾਜੀ ਤਾਕਤਾਂ ਖਿਲਾਫ ਇੱਕਜੁੱਟ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ।ਰੈਲੀ ਕਰਨ ਉਪਰੰਤ ਦਾਣਾ ਮੰਡੀ ਤੋਂ ਭਗਤ ਸਿੰਘ ਚੌਕ, ਵੱਡੇ ਚੌਕ ਹੁੰਦੇ ਹੋਏ ਬੱਸ ਸਟੈਂਡ ਤੱਕ ਅਮਨ ਮਾਰਚ ਕੱਢ ਕੇ ਲੋਕਾਂ ਨੂੰ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ ਗਿਆ ਤੇ ਜੰਗਬਾਜ਼ ਹਾਕਮਾਂ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ ਗਿਆ। ਇਸ ਰੈਲੀ ਨੂੰ ਬੀਕੇਯੂ ਏਕਤਾ ਉਗਰਾਹਾਂ ਦੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ, ਭਾਕਿਯੂ ਰਾਜੇਵਾਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਕਸ਼ਮੀਰ ਸਿੰਘ ਘਰਾਚੋਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਇੰਦਰਪਾਲ ਸਿੰਘ ਪੁੰਨਾਵਾਲ, ਭਾਕਿਯੂ ਡਕੌਂਦਾ ਬੁਰਜਗਿੱਲ ਦੇ ਜ਼ਿਲ੍ਹਾ ਪ੍ਰਧਾਨ ਕਰਮ ਸਿੰਘ ਬਲਿਆਲ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਜ਼ਿਲ੍ਹਾ ਆਗੂ ਨਿਰਮਲ ਸਿੰਘ ਬਟੜਿਆਣਾ, ਹਰਮੇਲ ਸਿੰਘ ਮਹਿਰੋਕ, ਦਰਬਾਰਾ ਸਿੰਘ ਛਾਜਲਾ, ਦਰਸ਼ਨ ਸਿੰਘ ਕੂੰਨਰਾਂ, ਰਣਧੀਰ ਸਿੰਘ ਭੱਟੀਵਾਲ, ਮਹਿੰਦਰ ਸਿੰਘ ਭੱਠਲ, ਡੀਟੀਐਫ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਵੀ ਸੰਬੋਧਨ ਕੀਤਾ।

# ਸੇਫ ਸਕੂਲ ਵਾਹਨ ਪਾਲਸੀ ਨੂੰ ਸਖਤੀ ਨਾਲ ਲਾਗੂ ਕਰਨ ਲਈ ਕਰਵਾਇਆ ਟ੍ਰੇਨਿੰਗ ਪ੍ਰੋਗਰਾਮ




**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਅਭਿਜੀਤ ਕਪਲਿਸ਼ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਗਿੱਦੜਬਾਹਾ ਵਿਖੇ ਸਮੂਹ ਸਕੂਲਾਂ ਦੇ ਪ੍ਰਿੰਸੀਪਲ ਅਤੇ ਟਰਾਂਸਪੋਰਟ ਇੰਚਾਰਜ ਲਈ ਸੇਫ ਸਕੂਲ ਵਾਹਨ ਪਾਲਸੀ ਤਹਿਤ ਜੇ.ਐਨ.ਜੇ. ਡੀ.ਏ.ਵੀ. ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗਿੱਦੜਬਾਹਾ ਵਿਖੇ ਟ੍ਰੇਨਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਡਾ. ਸ਼ਿਵਾਨੀ ਨਾਗਪਾਲ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਬੱਚਿਆ ਦੀ ਸੁਰੱਖਿਆ ਨੂੰ ਸੁਨਿਸਚਿਤ ਕਰਨ ਲਈ ਸੇਫ ਸਕੂਲ ਪਾਲਸੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਬੱਸ ਦੇ ਪਿੱਛੇ ਅਤੇ ਅੱਗੇ "ਸਕੂਲ ਬੱਸ" ਲਿਖਿਆ ਹੋਣਾ ਲਾਜ਼ਮੀ ਹੈ। ਜੇਕਰ ਇਹ ਕਿਰਾਏ 'ਤੇ ਲਈ ਗਈ ਬੱਸ ਹੈ, ਤਾਂ "ਔਨ ਸਕੂਲ ਡਿਊਟੀ" ਸਪਸ਼ਟ ਦਰਸਾਇਆ ਜਾਣਾ ਲਾਜ਼ਮੀ ਹੈ। ਬੱਸ ਵਿੱਚ ਇੱਕ ਫਸਟ-ਏਡ-ਬਾਕਸ, ਸੀ.ਸੀ.ਟੀ.ਵੀ. ਕੈਮਰਾ ਹੋਣਾ ਲਾਜ਼ਮੀ ਹੈ। ਬੱਸ ਦੀਆਂ ਖਿੜਕੀਆਂ ਨੂੰ ਹੋਰੀਜ਼ੈਂਟਲ ਗਰਿੱਲਾਂ ਨਾਲ ਫਿੱਟ ਕੀਤਾ ਜਾਣਾ ਲਾਜ਼ਮੀ ਹੈ। ਬੱਸ ਵਿੱਚ ਅੱਗ ਬੁਝਾਊ ਯੰਤਰ ਹੋਣਾ ਲਾਜ਼ਮੀ ਹੈ। ਬੱਸ 'ਤੇ ਸਕੂਲ ਦਾ ਨਾਂ ਅਤੇ ਟੈਲੀਫੋਨ ਨੰਬਰ ਲਿਖਿਆ ਹੋਣਾ ਚਾਹੀਦਾ ਹੈ ਅਤੇ ਟਰਾਂਸਪੋਰਟ ਅਥਾਰਟੀ ਦਾ ਫੋਨ ਨੰਬਰ ਵੀ ਲਾਜ਼ਮੀ ਹੋਣਾ ਚਾਹੀਦਾ ਹੈ। ਬੱਸ ਦੇ ਦਰਵਾਜ਼ੇ ਭਰੋਸੇਯੋਗ ਤਾਲੇ ਨਾਲ ਫਿੱਟ ਕੀਤੇ ਜਾਣੇ ਲਾਜ਼ਮੀ ਹਨ। ਸਕੂਲ ਬੱਸ ਵਿੱਚ ਸਪੀਡ ਗਵਰਨਰ ਤੇ ਸਕੂਲ ਬੱਸ ਦੀ ਬਾਡੀ ਪੀਲੇ ਰੰਗ ਦੀ ਹੋਣੀ ਲਾਜ਼ਮੀ ਹੈ। ਸਕੂਲੀ ਬੈਗਾਂ ਨੂੰ ਸੁਰੱਖਿਅਤ ਰੱਖਣ ਲਈ ਸੀਟਾਂ ਦੇ ਹੇਠਾਂ ਇੱਕ ਜਗ੍ਹਾ ਫਿੱਟ ਹੋਣੀ ਲਾਜ਼ਮੀ ਹੈ। ਵਾਹਨ ਸੜਕ ਦੇ ਯੋਗ ਹੋਣਾ ਚਾਹੀਦਾ ਹੈ ਅਤੇ ਇੱਕ ਸਾਲਾਨਾ ਫਿਟਨੈਸ ਸਰਟੀਫਿਕੇਟ ਲੈ ਕੇ ਜਾਣਾ ਲਾਜ਼ਮੀ ਹੈ। ਸਕੂਲੀ ਬੱਸਾਂ ਦਾ ਬੀਮਾ ਲਾਜ਼ਮੀ ਹੈ। ਸਕੂਲ ਬੱਸ ਵੈਧ ਪ੍ਰਦੂਸ਼ਣ ਕੰਟਰੋਲ ਸਰਟੀਫਿਕੇਟ ਲਾਜ਼ਮੀ ਹੈ। ਸਕੂਲੀ ਬੱਚਿਆਂ ਨੂੰ ਲਿਜਾਣ ਵਾਲੇ ਹਰ ਵਾਹਨ, ਬੱਸ, ਵੈਨ ਜਾਂ ਆਵਾਜਾਈ ਦੇ ਅਜਿਹੇ ਹੋਰ ਸਾਧਨਾਂ ਕੋਲ ਉੱਚਿਤ ਪਰਮਿਟ/ਇਜਾਜ਼ਤ ਹੋਣੀ ਲਾਜ਼ਮੀ ਹੈ। ਸਕੂਲ ਬੱਸ ਦੇ ਡਰਾਈਵਰ ਕੋਲ -ਟਰਾਂਸਪੋਰਟ ਵਾਹਨ ਚਲਾਉਣ ਲਈ ਇੱਕ ਵੈਧ ਲਾਇਸੰਸ ਅਤੇ ਘੱਟੋ-ਘੱਟ 5 ਸਾਲ ਦਾ ਤਜਰਬਾ ਲਾਜ਼ਮੀ ਹੈ। ਸਕੂਲ ਬੱਸ ਦੇ ਡਰਾਈਵਰ ਕੋਲ ਪੁਲਸ ਵੈਰੀਫਿਕੇਸ਼ਨ ਸਰਟੀਫਿਕੇਟ ਹੋਣਾ ਲਾਜ਼ਮੀ ਹੈ ਅਤੇ ਉਸ ਦਾ ਟ੍ਰੈਫਿਕ ਅਪਰਾਧਾਂ ਦਾ ਕੋਈ ਪਿਛਲਾ ਰਿਕਾਰਡ ਨਹੀਂ ਹੋਣਾ ਚਾਹੀਦਾ। ਸਕੂਲ ਬੱਸ ਦੇ ਡਰਾਈਵਰ ਅਤੇ ਕੰਡਕਟਰ/ਅਟੈਂਡੈਂਟ ਨੂੰ ਸਹੀ ਵਰਦੀ ਪਹਿਨਣੀ ਚਾਹੀਦੀ ਹੈ, ਜਿਸ 'ਤੇ ਡਰਾਈਵਰ ਅਤੇ ਕੰਡਕਟਰ ਦਾ ਲਾਇਸੈਂਸ ਨੰਬਰ ਲਿਖਿਆ ਹੋਣਾ ਲਾਜ਼ਮੀ ਹੈ। ਵਾਹਨ ਦੇ ਡਰਾਈਵਰਾਂ ਦਾ ਮੈਡੀਕਲ ਫਿਟਨੈਸ ਅਤੇ ਡੋਪ ਟੈਸਟ ਜ਼ਿਲ੍ਹੇ ਦੇ ਸਿਵਲ ਸਰਜਨ ਦੁਆਰਾ ਕੀਤਾ ਜਾਵੇਗਾ। ਹਰ ਬੱਸ ਲਈ ਜਿਸ ਵਿੱਚ ਲੜਕੀਆਂ ਹੋਣ, ਔਰਤ ਸੇਵਾਦਾਰ ਲਾਜ਼ਮੀ ਹੈ। ਬੱਸ ਡਰਾਈਵਰ ਨੂੰ ਸਕੂਲ ਬੱਸ ਵਿੱਚ ਲਿਜਾਏ ਜਾ ਰਹੇ ਬੱਚਿਆਂ ਦੇ ਨਾਵਾਂ ਦੀ ਇੱਕ ਪੂਰੀ ਸੂਚੀ ਆਪਣੇ ਨਾਲ ਰੱਖਣੀ ਲਾਜ਼ਮੀ ਹੈ, ਜਿਸ ਵਿੱਚ ਨਾਮ ਤੋਂ ਇਲਾਵਾ ਕਲਾਸ, ਰਿਹਾਇਸ਼ੀ ਪਤਾ, ਬਲੱਡ ਗਰੁੱਪ ਅਤੇ ਰੁਕਣ ਦੇ ਬਿੰਦੂ, ਰੂਟ ਪਲਾਨ, ਆਦਿ ਹੋਵੇ। ਹਰੇਕ ਬੱਸ ਵਿੱਚ ਹਾਜ਼ਰੀ ਰਜਿਸਟਰ ਲਾਜ਼ਮੀ ਹੈ ਜਿੱਥੇ ਕੰਡਕਟਰ ਬੱਚੇ ਦੀ ਹਾਜ਼ਰੀ ਦੀ ਨਿਸ਼ਾਨਦੇਹੀ ਕਰੇਗਾ। ਸਕੂਲ ਬੱਸ ਦਾ ਐਮਰਜੈਂਸੀ ਐਗਜ਼ਿਟ ਹੋਣਾ ਚਾਹੀਦਾ ਹੈ (ਸੱਜੇ ਪਾਸੇ ਅਤੇ ਪਿੱਛੇ )। ਸਕੂਲ ਕੋਲ ਸਕੂਲੀ ਵੈਨਾਂ ਦੀ ਪਾਰਕਿੰਗ ਸਬੰਧੀ ਆਪਣੀ ਜਗ੍ਹਾ ਹੋਣੀ ਲਾਜ਼ਮੀ ਹੈ। ਸਕੂਲ ਵਿੱਚ ਬੱਸ ਤੋਂ ਚੜ੍ਹਨ ਅਤੇ ਉਤਰਨ ਸਮੇਂ ਬੱਚੇ ਵੱਲੋਂ ਕਿਸੇ ਵੀ ਸੂਰਤ ਵਿੱਚ ਰੋਡ ਕਰਾਸ ਨਹੀਂ ਕਰਵਾਇਆ ਜਾਵੇਗਾ। ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਹਾਜਰ ਹੋਏ ਸਾਰੇ ਸਕੂਲ ਦੇ ਪ੍ਰਿੰਸੀਪਲ ਅਤੇ ਟਰਾਂਸਪੋਰਟ ਇੰਚਾਰਜ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਸੇਫ ਸਕੂਲ ਵਾਹਨ ਪਾਲਸੀ ਦੇ ਨਿਯਮਾਂ ਦੀ ਆਪਣੇ ਆਪਣੇ ਸਕੂਲਾਂ ਵਿੱਚ ਸਖਤੀ ਨਾਲ ਪਾਲਣਾ ਕਰਨਗੇ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਲਵਿੰਦਰ ਸਿੰਘ, ਜੇ ਐਨ ਜੇ ਡੀ ਏ ਵੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗਿੱਦੜਬਾਹਾ ਦੇ ਪ੍ਰਿੰਸੀਪਲ ਸ ਗੁਰਦਾਸ ਮਾਨ ਅਤੇ ਸੋਰਵ ਚਾਵਲਾ ਲੀਗਲ ਕਮ- ਪ੍ਰੋਫੇਸ਼ਨ ਅਫਸਰ, ਸਮੂਹ ਸਕੂਲਾਂ ਦੇ ਪ੍ਰਿੰਸੀਪਲ ਅਤੇ ਟਰਾਂਸਪੋਰਟ ਇੰਚਾਰਜ ਵੀ ਮੌਜੂਦ ਸਨ।

## ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦਾ 10ਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸੀ.ਬੀ.ਐਸ.ਈ. ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਵਿੱਚ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਦਾ ਨਤੀਜਾ ਇਸ ਸਾਲ ਵੀ ਸ਼ਤ ਪ੍ਰਤੀਸ਼ਤ ਰਿਹਾ।ਸਕੂਲ ਵਿਦਿਆਰਥੀ ਲਿਪਸਾ ਮਿੱਤਲ ਨੇ 98%, ਚਾਹਤਪ੍ਰੀਤ ਕੌਰ ਨੇ 97.6%, ਸੁਖਇੰਦਰ ਕੌਰ ਨੇ 96.4 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਮਹਿਕਪ੍ਰੀਤ ਕੌਰ, ਜਸਨੂਰ ਕੌਰ, ਪ੍ਰਭਜੋਤ ਕੌਰ, ਗੁਰਵੀਰ ਸਿੰਘ ਕੁੰਨਰ, ਨਵਜੋਤ ਕੌਰ, ਮੁਹੰਮਦ ਅਬਦੁਲ ਰਹਿਮਾਨ, ਮਨਵੀਰ ਸਿੰਘ ਗਿੱਲ, ਕੰਵਰ ਰਾਜਦੀਪ ਸਿੰਘ, ਭਵਜੋਤ ਕੌਰ ਅਮਨਜੋਤ ਕੌਰ, ਹੁਸਨਪ੍ਰੀਤ ਕੌਰ, ਸੁਖਮਨ ਕੌਰ, ਜੈਸਮੀਨ ਕੌਰ ਗਿੱਲ, ਮਨਜੋਤ ਸਿੰਘ, ਮਨਿੰਦਰ ਸਿੰਘ, ਸੁਮਨਜੋਤ ਕੌਰ, ਅਵਨੀਤ ਕੌਰ, ਗੁਰਸਿਮਰਤ ਕੌਰ, ਅਮਨਪ੍ਰੀਤ ਕੌਰ, ਜਸ਼ਨਦੀਪ ਕੌਰ, ਹੈਵਨੀਤ ਕੌਰ, ਕਰਨ ਗੋਇਲ, ਅੰਸ਼ਦੀਪ ਸਿੰਘ, ਗਗਨਪ੍ਰੀਤ ਕੌਰ, ਪਰਨੀਤ ਕੌਰ, ਕੋਮਲਪ੍ਰੀਤ ਕੌਰ, ਗਗਨਦੀਪ ਸਿੰਘ, ਗੁਰਵੀਰ ਸਿੰਘ, ਕਰਨਜੋਤ ਸਿੰਘ, ਤਮੰਨਾ ਸ਼ਰਮਾ, ਪ੍ਰਭਜੀਤ ਸਿੰਘ, ਜਸਕਰਨ ਸਿੰਘ, ਦਕਸ਼ ਵਰਮਾ, ਪਰਵਿੰਦਰ ਸਿੰਘ, ਦੁਸੰਤ ਕੁਮਾਰ ਅਤੇ ਸੁਖਪ੍ਰੀਤ ਸਿੰਘ ਨੇ 80% ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਹਨ। ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ, ਵਾਈਸ ਪ੍ਰਿੰਸੀਪਲ ਸੀਮਾ ਠਾਕੁਰ, ਸਕੂਲ ਪ੍ਰਬੰਧਕਾਂ ਅਤੇ ਸਟਾਫ਼ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

## ਗੁਰੂ ਨਾਨਕ ਮਾਡਲ ਸਕੂਲ ਦਾ ਨਤੀਜਾ ਸ਼ਾਨਦਾਰ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦਾ ਸੀ.ਬੀ.ਐਸ.ਈ ਬੋਰਡ ਨਵੀਂ ਦਿੱਲੀ ਦੁਆਰਾ ਐਲਾਨਿਆ ਗਿਆ ਦਸਵੀਂ ਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਦੇ ਬਾਰ੍ਹਵੀਂ ਜਮਾਤ ਦੇ ਕੁੱਲ 140 ਵਿਦਿਆਰਥੀਆਂ ਵਿੱਚੋਂ ਸ਼ਿਵਾਨੀ ਕਾਮਰਸ ਨੇ 95.6 ਫੀਸਦੀ ਅੰਕ, ਸਹਿਜਪ੍ਰੀਤ ਸਿੰਘ ਕਾਮਰਸ ਨੇ 94 ਫੀਸਦੀ ਅੰਕ, ਰਸਨਪ੍ਰੀਤ ਕੌਰ ਅਤੇ ਹਰਦੀਪ ਸਿੰਘ ਕਾਮਰਸ ਨੇ 93 ਫੀਸਦੀ ਅੰਕ, ਅਰਸ਼ਪ੍ਰੀਤ ਕੌਰ ਕਾਮਰਸ ਨੇ 92.6 ਫ਼ੀਸਦੀ ਅੰਕ, ਕੀਰਤ ਕਾਮਰਸ ਨੇ 91.8 ਫੀਸਦੀ ਅੰਕ, ਤਰਨਪ੍ਰੀਤ ਸਿੰਘ ਮੈਡੀਕਲ ਨੇ 91.2 ਫ਼ੀਸਦੀ ਅੰਕ, ਸਪਨਜੋਤ ਕੌਰ ਕਾਮਰਸ ਨੇ 91 ਫ਼ੀਸਦੀ ਅੰਕ, ਜਤਿਨ ਸ਼ਰਮਾ ਨਾਨ-ਮੈਡੀਕਲ ਨੇ 90.2 ਫੀਸਦੀ ਅੰਕ, ਅਰਮਾਨਪ੍ਰੀਤ ਸਿੰਘ ਮੈਡੀਕਲ ਅਤੇ ਇਮਨਜੋਤ ਕੌਰ ਕਾਮਰਸ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਆਪਣੇ ਸਕੂਲ, ਮਾਤਾ-ਪਿਤਾ, ਅਧਿਆਪਕਾਂ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਅਲੱਗ-ਅਲੱਗ ਵਿਸ਼ਿਆਂ ਵਿੱਚੋਂ ਵਧੀਆ ਅੰਕ ਪ੍ਰਾਪਤ ਕੀਤੇ।ਬਿਜ਼ਨੈੱਸ ਸਟੱਡੀਜ਼ ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ।ਇਸੇ ਤਰ੍ਹਾਂ ਹੀ ਅਕਾਊਂਟ ਵਿਸ਼ੇ ਵਿੱਚੋਂ 98 ਅੰਕ, ਅੰਗਰੇਜ਼ੀ, ਪੰਜਾਬੀ ਤੇ ਫ਼ਿਜ਼ੀਕਲ ਐਜੂਕੇਸ਼ਨ ਵਿਸ਼ੇ ਵਿੱਚੋਂ 97 ਅੰਕ, ਕਮਿਸਟਰੀ ਤੇ ਇਕਨਾਮਿਕਸ ਵਿਸ਼ੇ ਵਿੱਚੋਂ 95 ਅੰਕ, ਫ਼ਿਜ਼ਿਕਸ ਵਿਸ਼ੇ ਵਿੱਚੋਂ 92 ਅੰਕ ਅਤੇ ਬਾਇਓਲਾਜੀ ਵਿਸ਼ੇ ਵਿੱਚੋਂ 91 ਅੰਕ ਪ੍ਰਾਪਤ ਕੀਤੇ।ਇਸੇ ਤਰ੍ਹਾਂ ਦਸਵੀਂ ਜਮਾਤ ਦੇ ਕੁੱਲ 166 ਵਿਦਿਆਰਥੀਆਂ ਵਿੱਚੋਂ ਮਨਜੋਤ ਕੌਰ ਨੇ 93.3 ਫੀਸਦੀ ਅੰਕ, ਕਰਮਵੀਰ ਕੌਰ ਨੇ 93 ਫ਼ੀਸਦੀ ਅੰਕ, ਦਿਪਾਂਸ਼ੀ ਨੇ 92.3 ਫੀਸਦੀ ਅੰਕ, ਸਮਰਿਧੀ ਮਿਸ਼ਰਾ ਨੇ 92 ਫ਼ੀਸਦੀ ਅੰਕ, ਨੰਦਿਕਾ ਨੇ 91.7 ਫੀਸਦੀ ਅੰਕ, ਪਰਨੀਤ ਕੌਰ ਅਤੇ ਮਾਨਿਯਾ ਨੇ 91.3 ਫ਼ੀਸਦੀ ਤੇ ਮਨੀਸ਼ ਕੁਮਾਰ ਨੇ 90.7 ਫੀਸਦੀ ਅੰਕ ਪ੍ਰਾਪਤ ਕੀਤੇ।ਇਸ ਮੌਕੇ 'ਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਮੀਤ ਪ੍ਰਧਾਨ ਪਵਿੱਤਰਪਾਲ ਸਿੰਘ ਪਾਂਗਲੀ ਤੇ ਸਾਰੇ ਕਮੇਟੀ ਮੈਂਬਰਾਂ ਨੇ ਪ੍ਰਿੰਸੀਪਲ ਡੀ.ਪੀ. ਠਾਕੁਰ, ਸਮੂਹ ਸਟਾਫ, ਮਾਤਾ-ਪਿਤਾ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸ਼ਲਾਘਾ ਕੀਤੀ।

## ਮਾਊਂਟ ਲਿਟਰਾ ਜੀ ਸਕੂਲ ਦੇ ਵਿਦਿਆਰਥੀ ਛਾਏ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਬੋਰਡ ਨਵੀਂ ਦਿੱਲੀ ਤੋਂ ਐਫੀਲਿਏਟਡ ਮਾਊਂਟ ਲਿਟਰਾ ਜੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਆਏ ਦਿਨ ਕੋਈ ਨਾ ਕੋਈ ਅਜਿਹੀ ਪ੍ਰਾਪਤੀ ਕੀਤੀ ਜਾਂਦੀ ਹੈ, ਜਿਸ ਨਾਲ ਇਲਾਕੇ ਵਿੱਚ ਸਕੂਲ ਦਾ ਤੇ ਉਨ੍ਹਾਂ ਦੇ ਮਾਪਿਆਂ ਦਾ ਨਾਂਅ ਰੌਸ਼ਨ ਹੁੰਦਾ ਹੈ। ਸੀ.ਬੀ.ਐੱਸ.ਈ. ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ 100% ਰਿਹਾ।ਸਕੂਲ ਦੀ ਬਾਰ੍ਹਵੀਂ ਕਾਮਰਸ ਸਟਰੀਮ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 92.2% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਦੇ ਨਾਲ ਹੀ ਵਿਦਿਆਰਥਣ ਜਸ਼ਨਪ੍ਰੀਤ ਨੇ 91.8% ਅਤੇ ਮਨਪ੍ਰੀਤ ਕੌਰ ਨੇ 87% ਅੰਕ ਪ੍ਰਾਪਤ ਕੀਤੇ। ਸਾਇੰਸ ਸਟਰੀਮ ਵਿੱਚ ਵਿਦਿਆਰਥਣ ਨਵਨੀਤ ਕੌਰ ਨੇ 88.2% ਤੇ ਅਰਸ਼ਦੀਪ ਕੌਰ ਨੇ 83.6% ਅੰਕ ਪ੍ਰਾਪਤ ਕਰ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ, ਪ੍ਰਿੰਸੀਪਲ ਗੀਤਾ ਪਿੱਲੇ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਕੂਲ ਸਟਾਫ਼ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹਨਾਂ ਨੂੰ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਮਾਣ ਹੈ ਕਿ ਉਨ੍ਹਾਂ ਨੇ ਆਪਣੇ ਅਧਿਆਪਕਾਂ ਦੀ ਯੋਗ ਅਗਵਾਈ ਹੇਠ ਸਖ਼ਤ ਮਿਹਨਤ ਨਾਲ ਇਹ ਪ੍ਰਾਪਤੀ ਕੀਤੀ ਹੈ।

## ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐਸ.ਈ.ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀਆਂ ਨੇ ਸੀ.ਬੀ.ਐਸ.ਈ. 2024-25 ਜਮਾਤ 10ਵੀਂ, 12ਵੀਂ ਬੋਰਡ ਪ੍ਰੀਖਿਆਵਾਂ ਵਿੱਚ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਤੇ ਉਨ੍ਹਾਂ ਦੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।10ਵੀਂ ਤੇ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਵਿੱਚੋਂ ਜਪਰੀਨ ਕੌਰ ਸਿੱਧੂ ਨੇ 96.6%, ਰੂਪਾਸ਼ੀ ਨੇ 96.4%, ਯੁਵਰਾਜ ਸ਼ਰਮਾ ਨੇ 95.4%, ਮਹਿਕਪ੍ਰੀਤ ਕੌਰ ਨੇ 94.6%, ਰਾਧਿਕਾ ਨੇ 94%, ਅਰਸ਼ਪ੍ਰੀਤ ਕੌਰ ਅਤੇ ਸ਼ੁਭਦੀਪ ਕੌਰ ਨੇ 96% ਅੰਕ, ਵਨਦੀਪ ਕੌਰ ਨੇ 96% ਅੰਕ, ਰਾਵਤ ਕੌਰ ਨੇ 3% ਅੰਕ ਪ੍ਰਾਪਤ ਕੀਤੇ।92.8, ਨਵਦੀਪ ਕੌਰ ਅਤੇ ਨਵਰੀਤ ਕੌਰ ਮਾਨ ਨੇ 92.2%,ਨਿਰੰਜਨਦੀਪ ਸਿੰਘ ਨੇ 91.4, ਅਨੰਨਿਆ ਨੇ 91.2, ਹਰਗੁਣਜੀਤ ਸਿੰਘ ਸਿੱਧੂ ਨੇ 90.4, ਹਰਜੋਤ ਕੌਰ ਨੇ 90%, ਜਸ਼ਨਜੋਤ ਕੌਰ ਘਾਰੂ ਅਤੇ ਜਸ਼ਨਜੋਤ ਕੌਰ ਨੇ 90% ਅੰਕ ਪ੍ਰਾਪਤ ਕੀਤੇ।ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ ਬਹੁਤ ਪ੍ਰਭਾਵਸ਼ਾਲੀ ਨਤੀਜੇ ਦਿਖਾ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਦੇ ਚੇਅਰਮੈਨ ਇੰਜੀਨੀਅਰ ਸ਼੍ਰੀ ਕਮਲੇਸ਼ ਸਰਾਫ ਜੀ, ਵਾਈਸ-ਚੇਅਰਮੈਨ ਸ਼੍ਰੀ ਅਮਿਤ ਸਰਾਫ਼ ਨੇ ਬੱਚਿਆਂ ਦੇ ਸ਼ਾਨਦਾਰ ਪ੍ਰੀਖਿਆ ਨਤੀਜੇ ਦੇਖ ਕੇ ਖੁਸ਼ੀ ਪ੍ਰਗਟ ਕੀਤੀ ਤੇ ਉਨ੍ਹਾਂ ਨੂੰ ਵਧਾਈ ਦਿੱਤੀ।ਉਨ੍ਹਾਂ ਬੱਚਿਆਂ, ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੱਤੀ।

## ਸ਼ਿਵਾਲਿਕ ਪਬਲਿਕ ਸਕੂਲ ਦੇ ਵਿਦਿਆਰਥੀ ਛਾਏ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸ਼ਿਵਾਲਿਕ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸੀ ਬੀ ਐਸ ਈ ਬੋਰਡ ਦੇ ਨਤੀਜਿਆਂ ਵਿੱਚ ਤੂਤੀ ਬੋਲਣ ਲਾ ਦਿੱਤੀ।ਪ੍ਰਿੰਸੀਪਲ ਸਰਬਜੀਤ ਸਿੰਘ ਨੇ ਕਿਹਾ ਕਿ ਸਾਡੇ ਸਕੂਲ ਦੀਆਂ ਹੋਣਹਾਰ ਵਿਦਿਆਰਥਣਾਂ ਨੀਯਤੀ 95.6% ਨੇ ਪਹਿਲਾ ਸਥਾਨ ਦੀਕਸ਼ਾ 95.2% ਨਾਲ ਦੂਜਾ ਅਤੇ ਗੁਰਸਿਮਰਨ ਕੌਰ 93.8% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਇਸਦੇ ਨਾਲ ਹੀ ਅਨੇਕਾਂ ਹੋਰ ਵਿਦਿਆਰਥੀਆਂ ਨੇ ਵੀ ਸ਼ਿਵਾਲਿਕ ਪਬਲਿਕ ਸਕੂਲ ਦੇ ਰਿਜਲਟ ਨੂੰ 100% ਕਰਨ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਆਗੂ ਗੌਰਵ ਗਰਗ ਲੱਕੀ ਨੇ ਕਿਹਾ ਕਿ ਬੱਚਿਆਂ ਦੀ ਮਿਹਨਤ ਲਈ ਉਨ੍ਹਾਂ ਦੇ ਮਾਪੇ, ਸਕੂਲ ਦਾ ਅਨੁਸ਼ਾਸਨ ਤੇ ਪ੍ਰਿੰਸੀਪਲ ਸਰਬਜੀਤ ਸਿੰਘ ਦੇ ਅਣਥੱਕ ਯਤਨਾਂ ਨਾਲ ਹੀ ਵਿਦਿਆਰਥੀ ਇਹ ਮੁਕਾਮ ਹਾਸਲ ਕਰ ਸਕੇ। ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ, ਅਸ਼ੋਕ ਕੁਮਾਰ ਗਰਗ, ਜਗਮੇਲ ਸਿੰਘ, ਗੌਰਵ ਗਰਗ ਲੱਕੀ, ਦੀਪੀ ਗਰਗ, ਅੰਕੁਰ ਗਰਗ ਤੇ ਪ੍ਰਿੰਸੀਪਲ ਸਰਬਜੀਤ ਸਿੰਘ ਨੇ ਬੱਚਿਆਂ ਦੇ ਮਾਪਿਆਂ ਦਾ ਸਕੂਲ ਪ੍ਰਤੀ ਵਿਸ਼ਵਾਸ ਬਰਕਰਾਰ ਰੱਖਣ ਤੇ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਵਧਾਈ ਦਿੱਤੀ।

## ਪੰਜਾਬ 'ਚ ਝੋਨੇ ਦੀ ਸਿੱਧੀ ਬਿਜਾਈ ਸ਼ੁਰੂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਰਕਾਰ ਨੇ ਖਰੀਫ਼ ਸੀਜ਼ਨ 2025 ਲਈ ਝੋਨੇ ਦੀ ਸੀਧੀ ਬਿਜਾਈ ਤਕਨੀਕ ਨੂੰ ਉਤਸ਼ਾਹ ਦੇਣ ਲਈ ਵੱਡਾ ਟੀਚਾ ਰੱਖਿਆ ਹੈ।ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਇਸ ਵਾਰ 5 ਲੱਖ ਏਕੜ ਵਿੱਚ ਡੀ ਐੱਸ ਆਰ ਤਕਨੀਕ ਰਾਹੀਂ ਝੋਨੇ ਦੀ ਬਿਜਾਈ ਹੋਵੇਗੀ।ਕਿਸਾਨਾਂ ਲਈ ਵੱਡਾ ਫ਼ਾਇਦਾ ਡੀ ਐੱਸ ਆਰ ਤਕਨੀਕ ਅਪਣਾਉਣ ਵਾਲੇ ਕਿਸਾਨਾਂ ਨੂੰ 1,500 ਪ੍ਰਤੀ ਏਕੜ ਆਰਥਿਕ ਮਦਦ ਮਿਲੇਗੀ।ਬਾਸਮਤੀ ਉਗਾਉਣ ਵਾਲੇ ਕਿਸਾਨ ਵੀਡੀ ਐੱਸ ਆਰ ਤੇ 1,500 ਪ੍ਰਤੀ ਏਕੜ ਦੀ ਮਦਦ ਲਈ ਯੋਗ ਹਨ।ਪਿਛਲੇ ਸਾਲ ਦੀ ਪ੍ਰਗਤੀ 2024 ਵਿੱਚ 2.53 ਲੱਖ ਏਕੜ ਵਿੱਚ ਝੋਨੇ ਦੀ ਬਿਜਾਈ ਹੋਈ, ਜੋ 2023 ਦੀ ਤੁਲਨਾ ਵਿੱਚ 47% ਵੱਧ ਹੈ।2024 ਵਿੱਚ 21,338 ਕਿਸਾਨਾਂ ਨੂੰ 29.02 ਕਰੋੜ ਦੀ ਸਿੱਧੀ ਆਰਥਿਕ ਮਦਦ ਦਿੱਤੀ ਗਈ।ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਨੇ ਕਿਸਾਨਾਂ ਨੂੰ ਡੀ ਐੱਸ ਆਰ ਤਕਨੀਕ ਅਪਣਾਉਣ ਤੇ ਸਰਕਾਰੀ ਸਕੀਮਾਂ ਦਾ ਲਾਭ ਚੁੱਕਣ ਦੀ ਅਪੀਲ ਕੀਤੀ ਹੈ।ਇਸ ਤਕਨੀਕ ਨਾਲ ਨਿਰੰਤਰ ਘਟ ਰਹੇ ਜਲ-ਸਤਹ ਨੂੰ ਬਚਾਉਣ ਤੇ ਖੇਤੀ ਨੂੰ ਟਿਕਾਊ ਬਣਾਉਣ ਵਿੱਚ ਮਦਦ ਮਿਲੇਗੀ।

## ਮੁਲਾਜ਼ਮ ਤੇ ਕਿਸਾਨ ਜਥੇਬੰਦੀਆਂ ਵੱਲੋਂ ਜੰਗਬਾਜ਼ਾਂ ਦੇ ਵਿਰੋਧ 'ਚ ਅਮਨ ਮਾਰਚ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਉੱਪਰ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਜਥੇਬੰਦੀਆਂ ਦਾ ਇਕੱਠ ਕੰਪਨੀ ਬਾਗ ਵਿਖੇ ਕੀਤਾ ਗਿਆ। ਜਿਸ ਨੂੰ ਸੰਬੋਧਨ ਕਰਦਿਆਂ ਪ੍ਰੋਫੈਸਰ ਪਰਮਿੰਦਰ ਸਿੰਘ ਨੇ ਭਾਰਤ ਪਾਕਿਸਤਾਨ ਦੀ ਜੰਗ ਅਤੇ ਉਸ ਪਿੱਛੇ ਅਮਰੀਕੀ ਸਾਮਰਾਜ ਦੇ ਅਸਲ ਮਨਸੂਬਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਕੋਈ ਦੇਸ਼ ਉਦੋਂ ਹੀ ਤਰੱਕੀ ਕਰ ਸਕਦਾ ਹੈ ਜਦੋਂ ਉਸ ਦੇ ਆਪਣੇ ਅਤੇ ਗੁਆਂਢੀ ਦੇਸ਼ਾਂ ਨਾਲ ਰਿਸ਼ਤੇ ਸੁਖਾਵੇਂ ਹੋਣ। ਇਸ ਲਈ ਦੋਹਾਂ ਦੇਸ਼ਾਂ ਨੂੰ ਆਪਸੀ ਮਸਲੇ ਮਿਲ ਬੈਠ ਕੇ ਹੱਲ ਕਰਨੇ ਚਾਹੀਦੇ ਹਨ।

ਕਿਸਾਨ ਆਗੂ ਰਤਨ ਸਿੰਘ ਰੰਧਾਵਾ ਨੇ ਪਹਿਲਗਾਮ ਵਿਖੇ ਬੇਗੁਨਾਹ ਲੋਕਾਂ ਦੇ ਕੀਤੇ ਗਏ ਕਤਲਾਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਕਿ ਜਿਹਨਾਂ ਲੋਕਾਂ ਨੇ ਇਹ ਕੰਮ ਕੀਤਾ ਹੈ ਉਹਨਾਂ ਨੂੰ ਸਖ਼ਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਘਟਨਾ ਨੇ ਪੰਜਾਬ ਸਰਕਾਰ ਦੇ ਨਸ਼ਿਆਂ ਵਿਰੁੱਧ ਯੁੱਧ ਦੀ ਪੋਲ ਖੋਲ੍ਹ ਦਿੱਤੀ ਹੈ।

ਅੱਜ ਦੇ ਇਕੱਠ ਨੂੰ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ, ਡਾ. ਪਰਮਿੰਦਰ ਸਿੰਘ ਪੰਡੋਰੀ, ਹਰਜੀਤ ਸਿੰਘ ਝੀਤਾ, ਗੁਰਦੇਵ ਸਿੰਘ ਵਰਪਾਲ, ਧੰਨਵੰਤ ਸਿੰਘ ਖਤਰਾਏ ਕਲਾਂ, ਸੁਖਦੇਵ ਸਿੰਘ ਸਹਿਸਰਾ, ਨਿਸ਼ਾਨ ਸਿੰਘ ਸਾਘਣਾ, ਮੁਲਾਜ਼ਮ ਆਗੂ ਮੰਗਲ ਸਿੰਘ ਟਾਂਡਾ, ਨਰਿੰਦਰ ਬੱਲ, ਬਲਦੇਵ ਸਿੰਘ ਵੇਰਕਾ, ਤਰਕਸ਼ੀਲ ਆਗੂ ਸੁਮੀਤ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੀਪ ਦਵਿੰਦਰ ਸਿੰਘ ਅਤੇ ਕਾਬਲ ਸਿੰਘ ਛੀਨਾ ਨੇ ਸੰਬੋਧਨ ਕੀਤਾ। ਅਖੀਰ ਵਿੱਚ ਕੰਪਨੀ ਬਾਗ ਤੋਂ ਲੈ ਕੇ ਲਾਰੰਸ ਰੋਡ ਤੱਕ ਜੰਗਬਾਜ਼ਾਂ ਵਿਰੁੱਧ ਅਮਨ ਮਾਰਚ ਕੀਤਾ ਗਿਆ।

## ਨਜਾਇਜ਼ ਸ਼ਰਾਬ ਵੇਚਣ ਵਾਲੇ 14 ਮੁਲਜ਼ਮਾਂ ਨੂੰ ਕੀਤਾ ਗ੍ਰਿਫਤਾਰ

ਤਰਨ ਤਾਰਨ ( ਪ੍ਰਿਤਪਾਲ ਸਿੰਘ )-ਅਭਿਮੰਨਿਊ ਰਾਣਾ ਐਸ.ਐਸ.ਪੀ ਤਰਨ ਤਾਰਨ ਦੀ ਨਿਗਰਾਨੀ ਹੇਠ ਤਰਨ ਤਾਰਨ ਪੁਲਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਦੇ ਹਿੱਸੇ ਵਜੋਂ ਤਰਨ ਤਾਰਨ ਪੁਲਸ ਨੇ ਨਸ਼ਿਆਂ ਖਿਲਾਫ ਅਤੇ ਨਜਾਇਜ਼ ਸ਼ਰਾਬ ਵੇਚਣ ਵਾਲਿਆਂ ਖਿਲਾਫ ਚੱਲ ਰਹੀ ਜੰਗ ਵਿੱਚ ਤਰਨ ਤਾਰਨ ਪੁਲਸ ਵੱਲੋਂ ਸਾਰੀਆਂ ਸਬ-ਡਵੀਜ਼ਨਾਂ ਵਿੱਚ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਇੱਕ ਸਪੈਸ਼ਲ ਮੁਹਿਮ ਚਲਾਈ ਹੈ। ਜਿਸ ਤਹਿਤ ਅਜੇਰਾਜ ਸਿੰਘ ਐਸ.ਪੀ (ਡੀ) ਵੱਲੋਂ ਨਸ਼ਾ ਤਸਕਰਾਂ 'ਤੇ ਕਾਬੂ ਪਾਉਣ ਲਈ ਵੱਖ-ਵੱਖ ਟੀਮਾਂ ਤਿਆਰ ਕਰਕੇ ਇਲਾਕੇ ਵਿੱਚ ਭੇਜੀਆਂ ਗਈਆਂ ਸਨ। ਜਿਸ ਵਿੱਚ ਤਰਨ ਤਾਰਨ ਪੁਲਸ ਵੱਲੋਂ ਜ਼ਿਲ੍ਹਾ ਤਰਨ ਤਾਰਨ ਵਿੱਚ ਐਨ.ਡੀ.ਪੀ.ਐਸ ਐਕਟ ਅਤੇ ਆਬਕਾਰੀ ਐਕਟ ਦੇ 13 ਮੁਕੱਦਮੇ ਜਿਹਨਾਂ ਵਿੱਚ ਕੁੱਲ 14 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਦੋਸ਼ੀਆਂ ਪਾਸੋਂ ਕੁੱਲ 760 ਲੀਟਰ ਲਾਹਣ, 1,03,500 ਐਮ.ਐਲ ਨਜਾਇਜ਼ ਸ਼ਰਾਬ, 5 ਗ੍ਰਾਮ ਹੈਰੋਇਨ, 85 ਨਸ਼ੀਲੀਆਂ ਗੋਲੀਆਂ ਅਤੇ 2 ਐਕਟਿਵਾ ਸਕੂਟਰੀ, ਜਿਸ ਵਿੱਚ ਸਬ-ਡਵੀਜ਼ਨ ਗੋਇੰਦਵਾਲ ਸਾਹਿਬ ਦੇ ਥਾਣਾ ਸਦਰ ਤਰਨ ਤਾਰਨ ਨੇ ਮੁਕੱਦਮਾ ਥਾਣਾ ਸਦਰ ਤਰਨ ਤਾਰਨ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਦਿਲਬਾਗ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਬੁੱਘਾ, ਲਵਪ੍ਰੀਤ ਸਿੰਘ ਪੁੱਤਰ ਲੇਟ ਸੁਰਜੀਤ ਸਿੰਘ ਵਾਸੀ ਬੁੱਘਾ, ਪਰਮਜੀਤ ਕੌਰ ਪਤਨੀ ਲੇਟ ਸੁਰਜੀਤ ਸਿੰਘ ਵਾਸੀ ਬੁੱਘਾ ਅਤੇ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਪ੍ਰਕਾਸ਼ ਸਿੰਘ ਵਾਸੀ ਜੀਓਬਾਲਾ ਨੂੰ ਗ੍ਰਿਫਤਾਰ ਕਰਕੇ ਇਹਨਾਂ ਪਾਸੋਂ 45000 ਐਮ.ਐਲ ਨਜਾਇਜ਼ ਸ਼ਰਾਬ, ਇੱਕ ਐਕਟਿਵਾ ਸਕੂਟਰੀ ਅਤੇ ਇੱਕ ਐਕਟਿਵਾ ਸਕੂਟਰੀ ਬਿਨਾਂ ਨੰਬਰੀ ਬ੍ਰਾਮਦ ਕੀਤੀ ਗਈ। ਇਸ ਦੇ ਨਾਲ ਹੀ ਥਾਣਾ ਗੋਇੰਦਵਾਲ ਸਾਹਿਬ ਨੇ ਮੁਕੱਦਮਾ ਥਾਣਾ ਗੋਇੰਦਵਾਲ ਸਾਹਿਬ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਗਗਨਦੀਪ ਸਿੰਘ ਉਰਫ ਗਗਨ ਪੁੱਤਰ ਦੀਵਾਨ ਸਿੰਘ ਵਾਸੀ ਡੇਰਵਾਲ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 12750 ਐਮ.ਐਲ ਨਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ ਹੈ।ਇਸ ਦੇ ਨਾਲ ਹੀ ਥਾਣਾ ਚੋਹਲਾ ਸਾਹਿਬ ਨੇ ਮੁਕੱਦਮਾ ਥਾਣਾ ਚੋਹਲਾ ਸਾਹਿਬ ਦਰਜ ਰਜਿਸਟਰ ਕਰਕੇ ਇੱਕ ਚਾਲੂ ਭੱਠੀ ਸਮੇਤ 150 ਲੀਟਰ ਨਜਾਇਜ਼ ਲਾਹਣ ਬ੍ਰਾਮਦ ਕੀਤੀ ਗਈ ਹੈ। ਸਬ-ਡਵੀਜ਼ਨ



ਭਿੱਖੀਵਿੰਡ ਦੇ ਥਾਣਾ ਵਲਟੋਹਾ ਨੇ ਮੁਕੱਦਮਾ ਥਾਣਾ ਵਲਟੋਹਾ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਬਿੱਕਰ ਸਿੰਘ ਪੁੱਤਰ ਜੱਜ਼ਬ ਸਿੰਘ ਵਾਸੀ ਵਾੜਾ ਤੇਲੀਆਂ ਥਾਣਾ ਵਲਟੋਹਾ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 9000 ਐਮ.ਐਲ ਨਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ ਹੈ।ਇਸ ਦੇ ਨਾਲ ਹੀ ਥਾਣਾ ਖਾਲੜਾ ਨੇ ਮੁਕੱਦਮਾ ਥਾਣਾ ਖਾਲੜਾ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਨਵਜੀਤ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਮਾੜੀਮੇਘਾ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 6750 ਐਮ.ਐਲ ਨਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ ਹੈ।ਥਾਣਾ ਭਿੱਖੀਵਿੰਡ ਨੇ ਮੁਕੱਦਮਾ ਥਾਣਾ ਭਿੱਖੀਵਿੰਡ ਦਰਜ ਰਜਿਸਟਰ ਕਰਕੇ 500 ਲੀਟਰ ਨਜਾਇਜ਼ ਲਾਹਣ ਬ੍ਰਾਮਦ ਕੀਤੀ ਗਈ ਹੈ।ਇਸ ਦੇ ਨਾਲ ਹੀ ਥਾਣਾ ਕੱਚਾ ਪੱਕਾ ਨੇ ਮੁਕੱਦਮਾ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਹਰਜੀਤ ਸਿੰਘ ਉਰਫ ਜੀਤਾ ਪੁੱਤਰ ਜਗ ਵਾਸੀ ਸੁਰਵਿੰਡ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 85 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਗਈਆਂ ਹਨ।ਇਸ ਦੇ ਨਾਲ ਹੀ ਥਾਣਾ ਖੇਮਕਰਨ ਨੇ ਮੁਕੱਦਮਾ ਥਾਣਾ ਖੇਮਕਰਨ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਤਰਸੇਮ ਸਿੰਘ ਉਰਫ ਸੋਨੀ ਪੁੱਤਰ ਆਤਮਾ ਸਿੰਘ ਵਾਸੀ ਰੱਤੋਕੇ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 6 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਗਈ ਹੈ।ਇਸੇ ਲੜੀ ਦੇ ਤਹਿਤ ਸਬ-ਡਵੀਜ਼ਨ ਤਰਨ ਤਾਰਨ ਦੇ ਥਾਣਾ ਵੈਰੋਵਾਲ ਨੇ ਮੁਕੱਦਮਾ ਥਾਣਾ ਵੈਰੋਵਾਲ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਸਰਿਤਰ ਸਿੰਘ ਉਰਫ ਬਾਊ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਬਿਹਾਰੀਪੁਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 20 ਲੀਟਰ ਨਜਾਇਜ਼ ਲਾਹਣ ਬ੍ਰਾਮਦ ਕੀਤੀ ਗਈ ਹੈ।ਇਸ ਦੇ ਨਾਲ ਹੀ ਥਾਣਾ ਸਰਾਏ ਅਮਾਨਤ ਖਾਂ ਨੇ ਮੁਕੱਦਮਾ ਥਾਣਾ ਸਰਾਏ ਅਮਾਨਤ ਖਾਂ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ [illegible] ਪੁੱਤਰ ਗੁਰਨਾਮ ਸਿੰਘ ਵਾਸੀ ਬੇਗਮਾ ਰਾਏ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 20 ਨਜਾਇਜ਼ ਲੀਟਰ ਸ਼ਰਾਬ ਬ੍ਰਾਮਦ ਕੀਤੀ ਗਈ ਹੈ।

ਇਸ ਦੇ ਨਾਲ ਹੀ ਥਾਣਾ ਸਰਾਏ ਅਮਾਨਤ ਖਾਂ ਨੇ ਪਹਿਲਾਂ ਦਰਜ ਹੋਏ ਮੁਕੱਦਮਾ ਥਾਣਾ ਸਰਾਏ ਅਮਾਨਤ ਖਾਂ ਵਿੱਚ ਲੋੜੀਂਦੇ ਦੋਸ਼ੀ ਨਿਰਵੈਰ ਸਿੰਘ ਉਰਫ ਨਿਰਵੈਰ ਪੁੱਤਰ ਕਸ਼ਮੀਰ ਸਿੰਘ ਉਰਫ [illegible] ਵਾਸੀ ਹਵੇਲੀਆਂ ਨੂੰ ਗ੍ਰਿਫਤਾਰ ਕੀਤਾ ਗਿਆ।ਇਸੇ ਲੜੀ ਦੇ ਤਹਿਤ ਸਬ-ਡਵੀਜ਼ਨ ਪੱਟੀ ਦੇ ਥਾਣਾ ਸਦਰ ਪੱਟੀ ਨੇ ਮੁਕੱਦਮਾ ਨੰਬਰ 75 ਆਬਕਾਰੀ ਐਕਟ ਥਾਣਾ ਸਦਰ ਪੱਟੀ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਲਖਬੀਰ ਸਿੰਘ ਪੁੱਤਰ ਊਧਮ ਸਿੰਘ ਵਾਸੀ ਭੂੰਗੀਆਂ ਕਾਲੂ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 18750 ਐਮ.ਐਲ ਨਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ ਹੈ। ਥਾਣਾ ਸਦਰ ਪੱਟੀ ਨੇ ਮੁਕੱਦਮਾ ਥਾਣਾ ਸਦਰ ਪੱਟੀ ਦਰਜ ਕੀਤਾ ਹੈ। ਜਿਸ ਵਿੱਚ ਦੋਸ਼ੀ ਗੁਰਬਿੰਦਰ ਸਿੰਘ ਉਰਫ ਗਿੰਦਾ ਪੁੱਤਰ ਨਿਸ਼ਾਨ ਸਿੰਘ ਵਾਸੀ ਹਵੇਲੀਆਂ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 11250 ਐਮ.ਐਲ ਨਜਾਇਜ਼ ਸ਼ਰਾਬ ਬ੍ਰਾਮਦ ਕੀਤੀ ਗਈ ਹੈ।

## 7 ਮੈਰਿਟਾਂ ਨਾਲ ਜ਼ਿਲ੍ਹਾ ਤਰਨ ਤਾਰਨ ਪੰਜਾਬ ਭਰ 'ਚੋਂ ਰਿਹਾ ਛੇਵੇਂ ਸਥਾਨ 'ਤੇ

ਤਰਨ ਤਾਰਨ ( ਪ੍ਰਿਤਪਾਲ ਸਿੰਘ)- ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਦਾ ਨਤੀਜਾ ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤਾ ਗਿਆ। ਉਪਰੋਕਤ ਨਤੀਜਿਆਂ ਵਿੱਚੋਂ ਲੜਕੀਆਂ ਨੇ ਬਾਜ਼ੀ ਮਾਰਦੇ ਹੋਏ ਜਿੱਥੇ ਪੰਜਾਬ ਭਰ ਵਿੱਚੋਂ ਚੰਗੀ ਕਾਰਗੁਜ਼ਾਰੀ ਪੇਸ਼ ਕੀਤੀ ਉੱਥੇ ਜ਼ਿਲ੍ਹਾ ਤਰਨ ਤਾਰਨ ਦੇ ਸੱਤ ਵਿਦਿਆਰਥੀਆਂ ਨੇ ਮੈਰਿਟ ਸੂਚੀ ਵਿੱਚ ਆਪਣਾ ਨਾਂਅ ਦਰਜ ਕਰਵਾਉਂਦੇ ਹੋਏ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ। ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਤਿਨਾਮ ਸਿੰਘ ਬਾਠ ਨੇ ਦੱਸਿਆ ਕਿ ਜ਼ਿਲ੍ਹੇ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਕਾਰਗੁਜ਼ਾਰੀ ਰਾਹੀਂ ਮੈਰਿਟ ਸੂਚੀ ਵਿੱਚ 7 ਸਥਾਨ ਹਾਸਲ ਕੀਤੇ, ਜਿਸ ਕਾਰਨ ਜ਼ਿਲ੍ਹਾ ਤਰਨ ਤਾਰਨ ਪੰਜਾਬ ਭਰ ਵਿੱਚੋਂ ਛੇਵੇਂ ਸਥਾਨ 'ਤੇ ਰਿਹਾ। ਉਹਨਾਂ ਦੱਸਿਆ ਕਿ ਸਿਮਰਨਪ੍ਰੀਤ ਕੌਰ ਸਕੂਲ ਆਫ ਐਮੀਨੈਂਸ ਪੱਟੀ ਨੇ 98.2% ਅੰਕ ਹਾਸਲ ਕਰਕੇ ਜ਼ਿਲ੍ਹੇ ਭਰ ਵਿੱਚੋਂ ਪਹਿਲਾ ਸਥਾਨ, ਸੰਦੀਪ ਕੌਰ ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸਕੂਲ ਖਡੂਰ ਸਾਹਿਬ ਅਤੇ ਜਸਪ੍ਰੀਤ ਕੌਰ ਨੇ 97.6% ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਦੂਸਰਾ ਸਥਾਨ, ਕਰਨਵੀਰ ਕੌਰ ਅਤੇ ਹਰਮਨਦੀਪ ਸਿੰਘ, ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਖਡੂਰ ਸਾਹਿਬ ਅਤੇ ਕਮਲਪ੍ਰੀਤ ਕੌਰ ਸਿਵਾਲਿਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝਬਾਲ ਨੇ 97.4% ਅੰਕ ਹਾਸਲ ਕਰਕੇ ਜ਼ਿਲ੍ਹੇ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ।ਉਹਨਾਂ ਕਿਹਾ ਕਿ ਇਹ ਕਾਮਯਾਬੀ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਕਰਵਾਈ ਗਈ ਸਖ਼ਤ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਤਿਨਾਮ ਸਿੰਘ ਬਾਠ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਰਮਜੀਤ ਸਿੰਘ ਅਤੇ ਸਮੂਹ ਅਧਿਆਪਕ ਸਾਹਿਬਾਨ ਨੂੰ ਇਸ ਸ਼ਾਨਦਾਰ ਕਾਮਯਾਬੀ ਲਈ ਮੁਬਾਰਕਬਾਦ ਦਿੱਤੀ।

## ਖਾਲਸਾ ਅਕੈਡਮੀ ਦਾ ਦਸਵੀਂ ਤੇ ਬਾਰ੍ਹਵੀਂ ਕਲਾਸ ਦਾ ਨਤੀਜਾ ਮਾਣਮੱਤਾ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਦਾ ਸੈਸ਼ਨ 2024-25 ਦਾ ਦਸਵੀਂ ਅਤੇ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਬਾਰ੍ਹਵੀਂ ਕਲਾਸ ਦੀ ਐਸਮੀਨ ਕੌਰ ਨੇ 89.8% , ਅੰਮ੍ਰਿਤਪਾਲ ਸਿੰਘ 88.8%, ਵਿਪਨਪ੍ਰੀਤ ਕੌਰ 84.6%, ਰਵਨੂਰਪ੍ਰੀਤ ਕੌਰ 84%, ਵਾਰਸ ਪ੍ਰੀਤ ਸਿੰਘ 82.4%, ਸਾਹਿਬ ਨੂਰ ਸਿੰਘ 82%, ਸੁਖਨਪ੍ਰੀਤ ਕੌਰ, ਕੀਰਤਬੀਰ ਸਿੰਘ, ਅੰਮ੍ਰਿਤਪ੍ਰੀਤ ਕੌਰ ਨੇ 81% ਅਤੇ ਰੋਜਬੀਰ ਕੌਰ ਨੇ 80% ਅੰਕ ਪ੍ਰਾਪਤ ਕਰਕੇ ਸਕੂਲ ਪ੍ਰਿੰਸੀਪਲ ਅਤੇ ਸਮੂਹ ਅਧਿਆਪਕਾਂ ਦਾ ਨਾਮ ਰੋਸ਼ਨ ਕੀਤਾ। ਦਸਵੀਂ ਦੇ ਹਰਸਿਮਰਨ ਸਿੰਘ ਨੇ 93%, ਸੁਮੀਤ ਕੌਰ, ਜਸਵੀਨ ਕੌਰ, ਲਵਲੀਨ ਭਗਤ ਨੇ 91% , ਗੁਰਚੇਤੰਨ ਸਿੰਘ 90%, ਪਰਮੀਤ ਕੌਰ, ਅਰਪਣ ਪ੍ਰੀਤ ਕੌਰ 88%, ਹਰਸਿਮਰਤ ਕੌਰ 87% ਸਹਿਜਪ੍ਰੀਤ ਕੌਰ, ਕਰਨਵੀਰ ਸਿੰਘ, ਗੁਨਤਾਸ ਸਿੰਘ 86%, ਮਹਿਕਦੀਪ ਕੌਰ 85%, ਅਰਸ਼ਪ੍ਰੀਤ ਸਿੰਘ 84%, ਜਸ਼ਨਪ੍ਰੀਤ ਸਿੰਘ 83%, ਚਰਨਜੀਤ ਕੌਰ, ਖੁਸ਼ਦੀਪ ਕੌਰ 82%, ਸੁਖਮਨਜੀਤ ਕੌਰ, ਗੁਰਸ਼ਾਨ ਸਿੰਘ, ਰਣਬੀਰ ਸਿੰਘ ਨੇ 81% ਅੰਕ ਪ੍ਰਾਪਤ ਕਰਕੇ ਖਾਲਸਾ ਅਕੈਡਮੀ ਦਾ ਨਾਮ ਰੁਸ਼ਨਾਇਆ। ਇਸ ਮੌਕੇ ਸਕੂਲ ਦੇ ਡਾਇਰੈਕਟਰ/ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ , ਪ੍ਰਿੰ. ਹਰਸ਼ਦੀਪ ਸਿੰਘ, ਕਾਲਜ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ ਨੇ ਸਾਰੇ ਹੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਬੀ ਪੀ ਓ ਤੇ ਸਕੂਲ ਮੁਖੀ ਦਰਮਿਆਨ ਵਾਦ-ਵਿਵਾਦ ਹੋਰ ਵੀ ਉਲਝਿਆ

**ਗਰੀਬ ਤੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਹੋ ਰਹੀ ਪ੍ਰਭਾਵਿਤ**

**ਵੇਰਕਾ (ਰਾਣਾ)** ਬਲਾਕ ਸਿੱਖਿਆ ਅਫਸਰ (ਐਲੀ:) ਅੰਮ੍ਰਿਤਸਰ-4 ਅਤੇ ਹੈੱਡਟੀਚਰ ਸ: ਐ: ਸਕੂਲ ਪੁਤਲੀਘਰ (ਗਵਾਲਮੰਡੀ) ਦਰਮਿਆਨ ਬੀਤੇ ਕਈ ਦਿਨਾਂ ਤੋਂ ਚੱਲ ਰਿਹਾ ਵਾਦ-ਵਿਵਾਦ ਹੱਲ ਦੀ ਬਜਾਏ ਹੋਰ ਵਧਦਾ ਹੋਇਆ ਨਜ਼ਰ ਆ ਰਿਹਾ ਹੈ। ਕਿਉਂਕਿ ਇੱਕ ਧਿਰ ਵੱਲੋਂ ਲਗਾਤਾਰ ਇਲਜ਼ਾਮ ਬਾਜ਼ੀਆਂ ਤੇ ਹਮਲਾਵਰੀ ਭਰਿਆ ਰੁਖ ਅਪਣਾਇਆ ਜਾ ਰਿਹਾ ਹੈ ਅਤੇ ਦੂਜੀ ਧਿਰ ਵੱਲੋਂ ਆਪਣੇ ਬਚਾਅ ਪੱਖ ਲਈ ਨਿਰੰਤਰ ਤੱਥਾਂ ਸਹਿਤ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਉਕਤ ਸਾਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ-ਪੜਤਾਲ ਕਰਨ ਉਪਰੰਤ ਵਿਭਾਗ ਦੇ ਉੱਚ ਅਧਿਕਾਰੀਆਂ ਪਾਸੋਂ ਲੋੜੀਂਦੀ ਤੁਰੰਤ ਕਾਰਵਾਈ ਕਰਨ ਦੀ ਗੁਹਾਰ ਲਗਾਈ ਜਾ ਰਹੀ ਹੈ। ਇਹ ਮਾਮਲਾ ਦਿਨ ਪ੍ਰਤੀ ਦਿਨ ਹੋਰ ਉਲਝਦਾ ਜਾਂਦਾ ਹੈ। ਇਸ ਦੌਰਾਨ ਆਲਮ ਭਾਵੇਂ ਕੁਝ ਵੀ ਹੋਵੇ ਪਰ ਸਕੂਲ ਪੜ੍ਹਨ ਆਉਣ ਵਾਲੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਜ਼ਰੂਰ ਨਿਰੰਤਰ ਪ੍ਰਭਾਵਿਤ ਹੋ ਰਹੀ ਹੈ। ਜਿਸ ਬਾਬਤ ਨਾ ਸਕੂਲ ਦੇ ਅਧਿਆਪਕ ਚਿੰਤਤ ਹਨ ਅਤੇ ਨਾ ਹੀ ਵਿਭਾਗ ਦੇ ਉੱਚ ਅਧਿਕਾਰੀ। ਜਿਸ ਕਾਰਨ ਸਰਕਾਰ ਵੱਲੋਂ ਰਾਜ ਅੰਦਰ ਚਲਾਈ ਗਈ ਸਿੱਖਿਆ ਕ੍ਰਾਂਤੀ ਮੁਹਿੰਮ ਦੀ ਵੀ ਇੱਕ ਤਰ੍ਹਾਂ ਨਾਲ ਫੂਕ ਨਿਕਲ ਗਈ ਹੈ। ਇਸ ਮਾਮਲੇ 'ਚ ਜ਼ਿਲਾ ਸਿੱਖਿਆ ਅਧਿਕਾਰੀ ਵੀ ਆਪਣੇ-ਆਪ ਨੂੰ ਫਸਿਆ ਜਿਹਾ ਮਹਿਸੂਸ ਕਰਦੇ ਹਨ। ਕਿਉਂਕਿ ਇੱਕ ਪਾਸੇ ਮਹਿਲਾ ਸਸ਼ਕਤੀਕਰਨ ਸੰਬੰਧੀ ਮਸਲਾ ਹੈ ਅਤੇ ਦੂਜੇ ਪਾਸੇ ਗਰੀਬ ਤੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਸਮੇਤ ਹੋਰ ਕਈ ਵਿਭਾਗੀ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕਰਨ/ਕਰਵਾਉਣ ਨੂੰ ਲੈ ਕੇ ਉੱਠਿਆ ਹੋਇਆ ਮੁਢਲਾ ਵਾਦ-ਵਿਵਾਦ ਹੈ। ਇਸ ਬਾਬਤ ਕਈ ਤਾਂ ਵਿਭਾਗ ਦੀ ਨਿਰਪੱਖਤਾ, ਪਾਰਦਰਸ਼ਤਾ, ਤਰਕਸੰਗਤ ਫੈਸਲੇ ਅਤੇ ਵਰਤੀ ਜਾ ਰਹੀ ਢਿੱਲ-ਮੱਠ ਨੂੰ ਲੈ ਕੇ ਵੀ ਤਰ੍ਹਾਂ-ਤਰ੍ਹਾਂ ਦੀਆਂ ਫੱਬਤੀਆਂ ਕੱਸ ਰਹੇ ਹਨ। ਇਸ ਸੰਬੰਧ ਵਿੱਚ ਬਲਾਕ ਅੰਮ੍ਰਿਤਸਰ-4 ਦੇ ਕਈ ਟੀਚਰ, ਹੈੱਡਟੀਚਰ ਅਤੇ ਸੈਂਟਰ ਕਲੱਸਟਰ ਇੰਚਾਰਜਾਂ ਨਾਲ ਗੱਲਬਾਤ ਕਰਨ ਉਪਰੰਤ ਉਨ੍ਹਾਂ ਨੇ ਆਪਣੀ ਮਿਲੀ-ਜੁਲੀ ਪ੍ਰਤੀਕ੍ਰਿਆ ਦਿੰਦੇ ਹੋਏ ਵਿਭਾਗ ਦੇ ਉੱਚ ਅਧਿਕਾਰੀਆਂ ਪਾਸੋਂ ਸਕੂਲ ਗਰੀਬ ਤੇ ਲੋੜਵੰਦ ਪੜ੍ਹਨ ਵਾਲੇ ਬੱਚਿਆਂ ਦੀ ਪੜ੍ਹਾਈ ਨੂੰ ਮੱਦੇਨਜ਼ਰ ਰੱਖਦਿਆਂ ਤੁਰੰਤ ਪ੍ਰਭਾਵ ਨਾਲ ਇਨਸਾਫ ਦਿੱਤੇ ਜਾਣ ਦੀ ਮੰਗ ਕੀਤੀ ਹੈ।

ਇਸ ਸੰਬੰਧੀ ਮੈਡਮ ਇੰਦੂ ਬਾਲਾ ਮੰਗੋਤਰਾ ਜ਼ਿਲਾ ਡਿਪਟੀ ਡੀ.ਈ.ਓ (ਐਲੀ:) ਅੰਮ੍ਰਿਤਸਰ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਆਖਿਆ ਕਿ ਉਪਰੋਕਤ ਮਸਲੇ ਬਾਬਤ ਅੱਜ ਦੋਵਾਂ ਧਿਰਾਂ ਬੁਲਾਇਆ ਗਿਆ ਅਤੇ ਬਿਆਨ ਲੈਣੇ ਹਨ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਸਰਹੰਦ ਫਤਿਹ ਦਿਵਸ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਰਹੰਦ ਫਤਿਹ ਦਿਵਸ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਵਿਦਿਆਰਥੀਆਂ ਦੁਆਰਾ ਚੌਪਈ ਸਾਹਿਬ ਅਤੇ ਅਨੰਦ ਸਾਹਿਬ ਦਾ ਪਾਠ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ।ਉਪਰੰਤ ਮੋਨਾਲੀ ਕੁਮਾਰੀ ਜਮਾਤ ਅੱਠਵੀਂ ਨੇ ਆਪਣੇ ਭਾਸ਼ਣ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਅਤੇ ਉਹਨਾਂ ਦੁਆਰਾ ਲੜੀਆਂ ਗਈਆਂ ਜੰਗਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ। ਇਸ ਉਪਰੰਤ ਸ਼ਹਿਨਾਜ਼ਪ੍ਰੀਤ ਕੌਰ ਜਮਾਤ ਅੱਠਵੀਂ ਅਤੇ ਰਵਨੀਤ ਕੌਰ ਜਮਾਤ ਨੌਵੀਂ ਨੇ ਬਹੁਤ ਹੀ ਸੁੰਦਰ ਕਵਿਤਾ ਰਾਹੀਂ ਫਤਿਹ ਦਿਵਸ ਦੀ ਮਹੱਤਤਾ ਨੂੰ ਦਰਸਾਇਆ। ਮਨਸੀਰਤ ਕੌਰ ਅਤੇ ਸੁਖਮਨ ਜਮਾਤ ਅੱਠਵੀਂ ਦੁਆਰਾ ਆਪਣੀ ਕਵਿਤਾ ਵਿੱਚ ਜੰਗ ਦੇ ਹਾਲ ਨੂੰ ਬਿਆਨ ਕੀਤਾ। ਇਸ ਮੌਕੇ ਸ਼ਹਿਨਾਜ਼ਪ੍ਰੀਤ ਕੌਰ ਅਤੇ ਕਿਰਨਪ੍ਰੀਤ ਕੌਰ ਜਮਾਤ ਅੱਠਵੀਂ ਨੇ ਆਪਣੀ ਵਾਰ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਵੀਰਤਾ ਨੂੰ ਦਰਸਾਇਆ ।ਅਬੀਜੋਤ ਸਿੰਘ ਅਤੇ ਜਥੇ ਦੁਆਰਾ ਆਪਣੀ ਕਵੀਸ਼ਰੀ ਰਾਹੀਂ ਸਰਹੰਦ ਦੀ ਲੜਾਈ ਦਾ ਹਾਲ ਸੰਗਤਾਂ ਨੂੰ ਦਰਸਾਇਆ



ਗਿਆ।ਸੀ.ਬੀ.ਐੱਸ.ਈ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜਿਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦਾ ਨਤੀਜਾ 100 ਫੀਸਦੀ ਰਿਹਾ।ਇਸ ਸੰਬੰਧ ਵਿੱਚ ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਵਾਹਿਗੁਰੂ ਜੀ ਦਾ ਸ਼ੁਕਰਾਨਾ ਕੀਤਾ ਗਿਆ।ਉਹਨਾਂ ਨੇ ਕਿਹਾ ਕਿ ਇਹ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਆਸ਼ੀਰਵਾਦ ਹੈ ਕਿ ਸਾਡੇ ਸਕੂਲ ਦੇ ਨਤੀਜੇ ਹਮੇਸ਼ਾ ਸੌ ਫੀਸਦੀ ਰਹਿੰਦੇ ਹਨ ਅਤੇ ਸਕੂਲ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ।

## ਸੰਯੁਕਤ ਕਿਸਾਨ ਮੋਰਚੇ ਨੇ ਕੀਤਾ ਅਮਨ ਮਾਰਚ

**ਹਿੰਦ ਪਾਕ ਲੋਕਾਂ ਦੀ ਸਾਂਝ ਵਧਾਉਣ 'ਤੇ ਦਿੱਤਾ ਜ਼ੋਰ**



**ਗੁਰਦਾਸਪੁਰ (ਜਨਕ ਮਹਾਜਨ)**- ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਸੁੱਕਾ ਤਲਾਬ ਵਿਖੇ ਭਰਵਾਂ ਇਕੱਠ ਕਰਕੇ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਅਮਨ ਮਾਰਚ ਕੀਤਾ ਗਿਆ। ਵੱਖ-ਵੱਖ ਝੰਡੇ ਉਠਾਈ ਕਿਸਾਨ ਮਜ਼ਦੂਰ ਲੇਖਕ ਅਤੇ ਹੋਰ ਜਮਹੂਰੀ ਤੇ ਅਮਨ ਪਸੰਦ ਸੰਗਠਨਾ ਵੱਲੋਂ 'ਅਮਨ ਚਾਹੁੰਦੇ ਹਾਂ ਜੰਗ ਨਹੀਂ', 'ਦੋਹਾਂ ਦੇਸ਼ਾਂ ਦੇ ਲੋਕਾਂ ਦੀ ਸਾਂਝ- ਜ਼ਿੰਦਾਬਾਦ,' 'ਲੜਨਾ ਹੈ ਤਾਂ ਗਰੀਬੀ ਵਿਰੁੱਧ ਲੜੋ', ਦੋਹਾਂ ਦੇਸ਼ਾਂ ਵਿੱਚ ਵਪਾਰ ਚਾਲੂ ਕਰੋ, 'ਸਾਰੇ ਮਸਲੇ ਆਪਸੀ ਗੱਲਬਾਤ ਰਾਹੀ ਹੱਲ ਕਰੋ' ਆਦਿ ਨਾਅਰੇ ਬੁਲੰਦ ਕਰ ਰਹੇ ਸਨ। ਇਸ ਮਾਰਚ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਕਿਸਾਨ ਆਗੂਆਂ ਲਖਵਿੰਦਰ ਸਿੰਘ ਮੰਜਿਆਂਵਾਲੀ, ਮੱਖਣ ਸਿੰਘ ਕੁਹਾੜ, ਹਰਜੀਤ ਸਿੰਘ ਕਾਹਲੋਂ, ਬਲਵਿੰਦਰ ਸਿੰਘ ਰਾਜੂ ਔਲਖ, ਗੁਰਵਿੰਦਰ ਸਿੰਘ ਜੀਵਨ ਚੱਕ, ਸੁਖਦੇਵ ਸਿੰਘ ਭਾਗੋਕਾਵਾਂ, ਬਲਬੀਰ ਸਿੰਘ ਕੱਤੋਵਾਲ, ਬਚਨ ਸਿੰਘ ਭੰਬੋਈ, ਬਲਬੀਰ ਸਿੰਘ ਬੈਂਸ, ਰਾਜ ਕੁਮਾਰ ਪੰਡੋਰੀ, ਬਲਦੇਵ ਸਿੰਘ ਹਰਪੁਰ, ਜਗੀਰ ਸਿੰਘ ਦਲਾਚ, ਤਰਸੇਮ ਸਿੰਘ ਡੇਹਰੀਵਾਲ, ਸੁਖਦੇਵ ਸਿੰਘ ਛਿਛਰਾ, ਦਲਜੀਤ ਸਿੰਘ ਚਿਤੌੜਗੜ੍ਹ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ ਜਿਲਾ ਸਾਹਿਤ ਕੇਂਦਰ ਦੇ ਆਗੂ ਸੀਤਲ ਸਿੰਘ ਗੁਨੋਪੁਰੀ ਤੇ ਮੰਗਤ ਚੰਚਲ ਆਦਿ ਨੇ ਕੀਤੀ। ਸਭ ਤੋਂ ਪਹਿਲਾਂ ਪਹਿਲਗਾਮ ਵਿਖੇ ਅਤੇ ਜੰਗ ਦੌਰਾਨ ਸ਼ਹੀਦ ਹੋਣ ਵਾਲੇ ਸੈਨਕਾਂ ਤੇ ਹੋਰ ਨਾਗਰਿਕਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਬੁਲਾਰਿਆਂ ਨੇ ਜੰਗਬੰਦੀ ਦਾ ਪੁਰਜ਼ੋਰ ਸਮਰਥਨ ਕੀਤਾ ਅਤੇ ਮੰਗ ਕੀਤੀ ਕਿ ਦੋਹਾਂ ਦੇਸ਼ਾਂ ਵਿੱਚ ਸਥਾਈ ਅਮਨ ਕਾਇਮ ਕਰਨ ਲਈ ਆਪਸ ਵਿੱਚ ਬੈਠ ਕੇ ਸਾਰੇ ਮਸਲੇ ਹੱਲ ਕਰਨੇ ਕੀਤੇ ਜਾਣ। ਆਗੂਆਂ ਕਿਹਾ ਕਿ ਜੇ ਲੜਨਾ ਹੈ ਤਾਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਲੋਕਾਂ ਦੀ ਗਰੀਬੀ, ਬੇਰੋਜ਼ਗਾਰੀ ਅਤੇ ਮਹਿੰਗਾਈ ਵਿਰੁੱਧ ਲੜਨਾ ਚਾਹੀਦਾ ਹੈ। ਆਗੂਆਂ ਨੇ ਮੰਗ ਕੀਤੀ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿਖੇ ਜੋ ਅੱਤਵਾਦੀਆਂ ਨੇ ਟੂਰਿਸਟਾਂ ਉੱਪਰ ਹਮਲਾ ਕਰਕੇ 26 ਲੋਕ ਮਾਰ ਦਿੱਤੇ ਸਨ ਉਸ ਦੀ ਉੱਚ ਪੱਧਰੀ ਅਤੇ ਹਰ ਪੱਖ ਤੋਂ ਮੁਕੰਮਲ ਜਾਂਚ ਹੋਣੀ ਚਾਹੀਦੀ ਹੈ ਕਿ ਉਹ ਘਟਨਾ ਕਿਵੇਂ ਵਾਪਰੀ ਅਤੇ ਉਸ ਵਕਤ ਉਸ ਪ੍ਰਸਿੱਧ ਸੈਰਗਾਹ ਸਥਾਨ 'ਤੇ ਸੁਰੱਖਿਆ ਬਲ ਜਾਂ ਪੁਲਸ ਕਿਉਂ ਮੌਜੂਦ ਨਹੀਂ ਸੀ। ਇਸ ਮੌਕੇ ਜੇ. ਪੀ. ਖਰਲਾਂ ਵਾਲਾ, ਅਬਿਨਾਜ ਸਿੰਘ (ਪੈਨਸ਼ਨ ਆਗੂ), ਅਸ਼ਵਨੀ ਕੁਮਾਰ (ਜਮਹੂਰੀ ਅਧਿਕਾਰ ਸਭਾ) ਮੰਗਤ ਸਿੰਘ ਜੀਵਨ ਚੱਕ, ਮਜ਼ਦੂਰ ਆਗੂ ਵਿਜੇ ਸੋਹਲ, ਸ਼ਿਵ ਕੁਮਾਰ, ਅਜੀਤ ਸਿੰਘ ਹੁੰਦਲ, ਕੁਲਵਿੰਦਰ ਸਿੰਘ ਤਿੱਬੜ, ਬਲਬੀਰ ਸਿੰਘ ਉਚਾਧਕਾਲਾ, ਜੋਗਿੰਦਰ ਸਿੰਘ ਲੇਹਲ, ਬੂਟਾ ਰਾਮ ਆਜ਼ਾਦ ਲੰਬੜਦਾਰ ਦਲੀਪ ਸਿੰਘ ਆਦਿ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ।

## ਗੁਰੂ ਸਾਗਰ ਪਬਲਿਕ ਸਕੂਲ ਪੰਧੇਰ ਦਾ ਨਤੀਜਾ ਸੌ ਫੀਸਦੀ ਰਿਹਾ



ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਗੁਰੂ ਸਾਗਰ ਪਬਲਿਕ ਸਕੂਲ ਪੰਧੇਰ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਨਵੀ ਦਿੱਲੀ ਵਲੋਂ ਐਲਾਨੇ ਗਏ ਨਤੀਜਿਆਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆ ਹਨ। ਸਕੂਲ ਦੇ ਵਿਦਿਆਰਥੀ ਪ੍ਰਭਸਿਮਰਨ ਸਿੰਘ ਨੇ ਸਕੂਲ ਵਿੱਚੋਂ ਪਹਿਲਾ, ਅੰਮ੍ਰਿਤਰਾਜ ਸਿੰਘ ਨੇ ਦੂਸਰਾ ਅਤੇ ਸਾਹਿਬਰੂਪ ਸਿੰਘ ਨੇ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਦੱਸਿਆ ਕਿ ਸਕੂਲ ਦੇ ਸਾਰੇ ਵਿਦਿਆਰਥੀ ਵਧੀਆ ਅੰਕ ਹਾਸਲ ਕਰਕੇ ਪਾਸ ਹੋਏ ਹਨ। ਕੰਗ ਨੇ ਦੱਸਿਆ ਕਿ 10 ਵੀਂ ਜਮਾਤ ਦੇ ਵਿਦਿਆਰਥਣ ਗੁਰਲੀਨ ਕੌਰ ਨੇ ਪਹਿਲਾ, ਗਗਨਦੀਪ ਕੌਰ ਨੇ ਦੂਸਰਾ ਅਤੇ ਸਮਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ ਹੈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਸਾਰੇ ਵਿਦਿਆਰਥੀਆਂ ਦਾ ਮਿਠਾਈ ਖਵਾ ਕੇ ਮੂੰਹ ਮਿੱਠਾ ਕਰਵਾਇਆ ਅਤੇ ਉਹਨਾਂ ਦੇ ਬਿਹਤਰ ਭਵਿੱਖ ਵਾਸਤੇ ਉਹਨਾਂ ਨੂੰ ਵਧਾਈ ਦਿੱਤੀ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੀਨਾਕਸ਼ੀ ਸਮੇਤ ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਆਰ ਡੀ ਖੋਸਲਾ ਸਕੂਲ ਦੀ ਵਿਦਿਆਰਥਣ ਨੇ ਸਕੂਲ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ

ਬਟਾਲਾ (ਤਰਲੋਕ ਬੱਗਾ)- ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਦੁਆਰਾ ਐਲਾਨੇ ਗਏ 10ਵੀਂ ਜਮਾਤ ਦੇ ਪ੍ਰੀਖਿਆ ਨਤੀਜਿਆਂ ਵਿੱਚ ਆਰ ਡੀ ਖੋਸਲਾ ਡੀ. ਏ ਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਨੇ ਇੱਕ ਵਾਰ ਫਿਰ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਦੀ ਵਿਦਿਆਰਥਣ ਸਨੋਬਰ ਕੌਰ ਨੇ 98% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅਨਮੋਲਪ੍ਰੀਤ ਕੌਰ ਨੇ



96.8% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਗੁਰਲੀਨ ਕੌਰ ਅਤੇ ਦਿਕਾ ਦਰਿਤਿਕਾ ਡਲ ਨੇ 96% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ 46 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਅਤੇ 71 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਪ੍ਰਾਪਤੀ 'ਤੇ ਸਕੂਲ ਦੀ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੇ ਸਮਰਪਣ ਅਤੇ ਮਾਪਿਆਂ ਦੇ ਸਹਿਯੋਗ ਦਾ ਪ੍ਰਤੀਕ ਹੈ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੇ ਖੋਸਲਾ ਨੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਕੂਲ ਹਮੇਸ਼ਾ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਰਿਹਾ ਹੈ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

## ਐੱਸ ਆਈ ਐੱਸ ਸਕਿਉਰਿਟੀ ਕੰਪਨੀ ਵੱਲੋਂ 19 ਮਈ ਤੋਂ 3 ਜੂਨ ਤੱਕ ਰੋਜ਼ਗਾਰ ਮੇਲੇ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿੱਚ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿਤ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਐੱਸ.ਆਈ.ਐੱਸ ਸਕਿਉਰਿਟੀ ਕੰਪਨੀ ਵੱਲੋਂ 19 ਮਈ ਤੋਂ 3 ਜੂਨ ਤੱਕ ਜ਼ਿਲ੍ਹਾ ਗੁਰਦਾਸਪੁਰ ਵਿੱਚ ਬਲਾਕ ਪੱਧਰ 'ਤੇ ਰੋਜ਼ਗਾਰ ਮੇਲੇ ਆਯੋਜਿਤ ਕੀਤੇ ਜਾ ਰਹੇ ਹਨ।ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਦੱਸਿਆ ਕਿ 19 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਗੁਰਦਾਸਪੁਰ, 20 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਬਟਾਲਾ, 21 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਧਾਰੀਵਾਲ, 22 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਕਲਾਨੌਰ, 23 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਡੇਰਾ ਬਾਬਾ ਨਾਨਕ, 26 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਫਤਿਹਗੜ੍ਹ ਚੂੜੀਆਂ, 27 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਕਾਦੀਆਂ, 28 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਕਾਦੀਆਂ, 29 ਮਈ ਨੂੰ ਬੀ.ਡੀ.ਪੀ.ਓ. ਦਫ਼ਤਰ ਸ੍ਰੀ ਹਰਗੋਬਿੰਦਪੁਰ, 2 ਜੂਨ ਨੂੰ ਬੀ.ਡੀ.ਪੀ.ਓ. ਦਫ਼ਤਰ, ਦੋਰਾਂਗਲਾ ਅਤੇ 3 ਜੂਨ ਨੂੰ ਬੀ.ਡੀ.ਪੀ.ਓ. ਦਫ਼ਤਰ ਦੀਨਾਨਗਰ ਵਿਖੇ ਰੋਜ਼ਗਾਰ ਕੈਂਪ ਲਗਾਏ ਜਾ ਰਹੇ ਹਨ ।ਉਨ੍ਹਾਂ ਦੱਸਿਆ ਕਿ ਇਹਨਾਂ ਰੋਜ਼ਗਾਰ ਮੇਲਿਆਂ ਵਿੱਚ ਐੱਸ.ਆਈ.ਐੱਸ ਸਕਿਉਰਿਟੀ ਕੰਪਨੀ ਵੱਲੋਂ ਸਕਿਉਰਿਟੀ ਗਾਰਡ ਦੀ ਭਰਤੀ ਕੀਤੀ ਜਾਣੀ ਹੈ। ਐੱਸ.ਆਈ.ਐੱਸ ਸਕਿਉਰਿਟੀ ਕੰਪਨੀ ਨੂੰ ਸਕਿਉਰਿਟੀ ਗਾਰਡ ਦੀ ਅਸਾਮੀ ਲਈ (ਕੇਵਲ ਲੜਕੇ) ਉਮੀਦਵਾਰਾਂ ਦੀ ਜ਼ਰੂਰਤ ਹੈ। ਸਕਿਉਰਿਟੀ ਗਾਰਡ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ 10ਵੀਂ ਪਾਸ, ਉਮਰ 19 ਤੋਂ 40 ਸਾਲ ਅਤੇ ਕੱਦ 5 ਫੁੱਟ 7 ਇੰਚ ਹੋਣਾ ਚਾਹੀਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਐੱਸ.ਆਈ.ਐੱਸ ਸਕਿਉਰਿਟੀ ਕੰਪਨੀ ਵੱਲੋਂ ਉੱਪਰ ਦਰਸਾਈਆਂ ਗਈਆਂ ਮਿਤੀਆਂ ਅਨੁਸਾਰ ਦਰਸਾਏ ਗਏ ਸਥਾਨਾਂ 'ਤੇ ਪ੍ਰਾਰਥੀਆਂ ਦੀ ਇੰਟਰਵਿਊ ਕੀਤੀ ਜਾਵੇਗੀ । ਇੰਟਰਵਿਊ ਕਰਨ ਉਪਰੰਤ ਚੁਣੇ ਗਏ ਪ੍ਰਾਰਥੀਆਂ ਨੂੰ 1 ਮਹੀਨੇ ਦੀ ਟਰੇਨਿੰਗ ਦਿੱਤੀ ਜਾਵੇਗੀ, ਟਰੇਨਿੰਗ ਮੁਕੰਮਲ ਕਰਨ ਉਪਰੰਤ 15000 ਤੋਂ 17000/- ਰੁਪਏ ਤਨਖ਼ਾਹ ਮਿਲਣਯੋਗ ਹੋਵੇਗੀ। ਇਸ ਤੋਂ ਇਲਾਵਾ ਕੰਪਨੀ ਵੱਲੋਂ ਫ਼ੰਡ, ਬੋਨਸ ਆਦਿ ਵੀ ਦਿੱਤੇ ਜਾਂਦੇ ਹਨ ।ਚੁਣੇ ਗਏ ਪ੍ਰਾਰਥੀਆਂ ਨੂੰ ਵੱਖ ਵੱਖ ਮਾਲ, ਹੋਟਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿੱਚ ਨੌਕਰੀ ਮੁਹੱਈਆ ਕਰਵਾਈ ਜਾਂਦੀ ਹੈ। ਇੰਟਰਵਿਊ ਦੇਣ ਦੇ ਚਾਹਵਾਨ ਪ੍ਰਾਰਥੀ ਆਪਣੇ ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਲੈ ਕੇ 19 ਮਈ ਤੋਂ 3 ਜੂਨ ਤੱਕ ਉੱਪਰ ਦਰਸਾਏ ਗਏ ਸਥਾਨਾਂ 'ਤੇ ਸਵੇਰੇ 9:30 ਵਜੇ ਪਹੁੰਚਣ ।



## ਡੀਡਾ ਸਾਂਸੀਆਂ 'ਚ ਨਜਾਇਜ਼ ਕਬਜ਼ਾ ਕਰਕੇ ਬਣਾਏ 2 ਘਰਾਂ 'ਤੇ ਹੋਈ ਬੁਲਡੋਜ਼ਰ ਕਾਰਵਾਈ

ਗੁਰਦਾਸਪੁਰ, (ਦਿਨੇਸ਼ ਕੁਮਾਰ )-ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਗੁਰਦਾਸਪੁਰ ਪੁਲਸ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਡੀਡਾ ਸਾਂਸੀਆਂ ਦੇ ਨਸ਼ਾ ਵੇਚਣ ਵਾਲੇ ਤਸਕਰਾਂ ਉੱਪਰ ਵੱਡਾ ਬੁਲਡੋਜ਼ਰ ਐਕਸ਼ਨ ਕਰਦਿਆਂ 2 ਨਸ਼ਾ ਤਸਕਰਾਂ ਦੇ ਘਰ ਢਾਹ ਦਿੱਤੇ ਹਨ। ਪਿੰਡ ਡੀਡਾ ਸਾਂਸੀਆਂ ਦੇ ਇਨ੍ਹਾਂ ਨਸ਼ਾ ਤਸਕਰਾਂ ਉੱਪਰ ਨਸ਼ਾ ਵੇਚਣ ਦੇ ਕਈ ਕੇਸ ਦਰਜ ਸਨ ਅਤੇ ਇਨ੍ਹਾਂ ਨੇ ਆਪਣੇ ਘਰ ਨਹਿਰੀ ਵਿਭਾਗ ਦੀ ਸਰਕਾਰੀ ਜ਼ਮੀਨ ਉੱਪਰ ਕਬਜ਼ਾ ਕਰਕੇ ਬਣਾਏ ਹੋਏ ਸਨ।ਗੁਰਦਾਸਪੁਰ ਪੁਲਸ ਵੱਲੋਂ ਅੱਜ ਸਵੇਰੇ 11:00 ਵਜੇ ਪਿੰਡ ਡੀਡਾ ਸਾਂਸੀਆਂ ਵਿਖੇ ਨਸ਼ਾ ਤਸਕਰਾਂ ਵੱਲੋਂ ਨਹਿਰੀ ਵਿਭਾਗ ਦੀ ਜ਼ਮੀਨ ਉੱਪਰ ਬਣਾਏ ਨਜਾਇਜ਼ ਘਰਾਂ ਨੂੰ ਬੁਲਡੋਜ਼ਰ ਨਾਲ ਢਾਹੁਣ ਦੀ ਕਾਰਵਾਈ ਸ਼ੁਰੂ ਕੀਤੀ। ਇਸ ਕਾਰਵਾਈ ਦੀ ਅਗਵਾਈ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਅਤੇ ਐੱਸ.ਪੀ. ਜੁਗਰਾਜ ਸਿੰਘ ਵੱਲੋਂ ਕੀਤੀ ਗਈ, ਜਦਕਿ ਇਸ ਮੌਕੇ ਡਿਊਟੀ ਮੈਜਿਸਟਰੇਟ ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਅਤੇ ਨਹਿਰੀ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਐੱਸ.ਐੱਸ.ਪੀ. ਆਦਿੱਤਯ ਨੇ ਦੱਸਿਆ ਕਿ ਜਲ ਸਰੋਤ ਵਿਭਾਗ ਨੇ ਪੁਲਸ ਨੂੰ ਲਿਖਤੀ ਰੂਪ ਵਿੱਚ ਰਿਪੋਰਟ ਦਿੱਤੀ ਸੀ ਕਿ ਪਿੰਡ ਡੀਡਾ ਸਾਂਸੀਆਂ ਵਿਖੇ ਬਲਜਿੰਦਰ ਅਤੇ ਲਖਵਿੰਦਰ ਨੇ ਨਹਿਰੀ ਵਿਭਾਗ ਦੀ ਜ਼ਮੀਨ ਉੱਪਰ ਕਬਜ਼ੇ ਕਰਕੇ ਆਪਣੇ ਘਰਾਂ ਦੀ ਨਜਾਇਜ਼ ਉਸਾਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲ ਸਰੋਤ ਵਿਭਾਗ ਵੱਲੋਂ ਮਿਲੀ ਰਿਪੋਰਟ ਦੇ ਅਧਾਰ 'ਤੇ ਪੁਲਸ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਇਹ ਵੀ ਪਾਇਆ ਗਿਆ ਕਿ ਇਹ ਦੋਵੇਂ ਵਿਅਕਤੀ ਨਸ਼ਾ ਤਸਕਰੀ ਵਿੱਚ ਵੀ ਸ਼ਾਮਲ ਹਨ ਅਤੇ ਗੁਰਦਾਸਪੁਰ ਪੁਲਸ ਵੱਲੋਂ ਪਹਿਲਾਂ ਹੀ ਬਲਜਿੰਦਰ ਖ਼ਿਲਾਫ਼ ਐਨ.ਡੀ.ਪੀ.ਐੱਸ. ਐਕਟ ਅਤੇ



ਐਕਸਾਈਜ਼ ਐਕਟ ਦੇ 10 ਪਰਚੇ ਜਦਕਿ ਲਖਵਿੰਦਰ ਖ਼ਿਲਾਫ਼ ਐਨ.ਡੀ.ਪੀ.ਐੱਸ. ਐਕਟ ਅਤੇ ਐਕਸਾਈਜ਼ ਐਕਟ ਦੇ 12 ਪਰਚੇ ਦਰਜ ਸਨ। ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਅਤੇ ਨਸ਼ਿਆਂ ਦੇ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਤਹਿਤ ਅੱਜ ਪਿੰਡ ਡੀਡਾ ਸਾਂਸੀਆਂ ਵਿਖੇ ਵੀ ਨਸ਼ਾ ਤਸਕਰਾਂ ਖ਼ਿਲਾਫ਼ ਇਹ ਕਾਰਵਾਈ ਕੀਤੀ ਗਈ ਹੈ। ਗੁਰਦਾਸਪੁਰ ਪੁਲਸ ਦੀ ਇਸ ਕਾਰਵਾਈ ਸਮੇਂ ਮੌਕੇ 'ਤੇ ਪਹੁੰਚੇ ਇਲਾਕਾ ਨਿਵਾਸੀ ਕਾਫ਼ੀ ਉਤਸ਼ਾਹ ਵਿੱਚ ਦਿਖਾਈ ਦਿੱਤੇ ਅਤੇ ਉਨ੍ਹਾਂ ਨੇ ਪੁਲਸ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਇਸ ਕਾਰਵਾਈ ਦੀ ਸ਼ਲਾਘਾ ਕੀਤੀ। ਇਸ ਮੌਕੇ ਡੀ.ਐੱਸ.ਪੀ. ਦੀਨਾਨਗਰ ਰਜਿੰਦਰ ਮਨਹਾਸ, ਡੀ.ਐੱਸ.ਪੀ. ਗੁਰਦਾਸਪੁਰ ਸੁਖਰਾਜ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਹਾਜ਼ਰ ਸਨ।

## ਵਿਧਾਇਕ ਅਮਰਪਾਲ ਸਿੰਘ ਨੇ ਲੋਕ ਮਿਲਣੀ 'ਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



ਬਟਾਲਾ (ਡਾ. ਮਲਵਿੰਦਰ ਸਿੰਘ)-ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵੱਲੋਂ ਆਪਣੇ ਦਫ਼ਤਰ ਵਿਖੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਸਬੰਧਿਤ ਵਿਭਾਗਾਂ ਰਾਹੀਂ ਹੱਲ ਕਰਵਾਈਆਂ ਗਈਆਂ।ਇਸ ਮੌਕੇ ਗੱਲ ਕਰਦਿਆਂ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਵਿਕਾਸ ਕਾਰਜ ਕਰਵਾਉਣ ਦੇ ਨਾਲ ਸਮਾਜਿਕ ਬੁਰਾਈ ਨਸ਼ਿਆਂ ਨੂੰ ਖਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਢੀ ਗਈ ਹੈ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਨਸ਼ਿਆਂ ਨੂੰ ਖਤਮ ਕਰਨ ਲਈ ਲੋਕਾਂ ਕੋਲੋਂ ਸਮੂਹਿਕ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਸਾਰਿਆਂ ਦੇ ਸਾਥ ਨਾਲ ਇਸ ਬਿਮਾਰੀ ਨੂੰ ਜੜ੍ਹ ਤੋਂ ਖਤਮ ਕੀਤਾ ਜਾਵੇਗਾ।ਵਿਧਾਇਕ ਨੇ ਹਲਕੇ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਲੋਕਾਂ ਤੱਕ ਭਲਾਈ ਸਕੀਮਾਂ ਨੂੰ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਨਵੀਆਂ ਚੁਣੀਆਂ ਪੰਚਾਇਤਾਂ ਰਾਹੀਂ ਸਰਬਪੱਖੀ ਵਿਕਾਸ ਕਾਰਜ ਕਰਵਾਏ ਜਾਣਗੇ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਨ ਨੂੰ ਯਕੀਨੀ ਬਣਾਇਆ ਜਾਵੇਗਾ।

## ਟੀ ਐੱਸ ਯੂ ਵੱਲੋਂ 20 ਦੀ ਦੇਸ਼ ਵਿਆਪੀ ਹੜਤਾਲ ਸੰਬੰਧੀ ਮੀਟਿੰਗ ਉਪਰੰਤ ਰੈਲੀ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ: ਅਤੇ ਠੇਕਾ ਮੁਲਾਜ਼ਮ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਸਬ ਡਵੀਜ਼ਨ ਹਰਸ਼ਾ ਛੀਨਾ ਵਿਖੇ ਇਕ ਜ਼ਰੂਰੀ ਮੀਟਿੰਗ ਉਪਰੰਤ ਰੈਲੀ ਪ੍ਰਧਾਨ ਜੁਗਰਾਜ ਸਿੰਘ ਛੀਨਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਸਮੇਂ ਬਿਜਲੀ ਮੁਲਾਜ਼ਮਾਂ ਵਲੋਂ 20 ਮਈ ਨੂੰ ਹੋਣ ਵਾਲੀ ਦੇਸ਼ ਵਿਆਪੀ ਹੜਤਾਲ ਸਬੰਧੀ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਸਮੇਂ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਲੋਕ ਮਜ਼ਦੂਰ, ਮੁਲਾਜ਼ਮ ਅਤੇ ਕਿਸਾਨ ਵਿਰੋਧੀ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਦੇ ਵਿਰੁੱਧ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਲਈ ਸਾਥੀਆਂ ਨੂੰ ਤਿਆਰ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਤਬਾਹਕੁਨ ਨੀਤੀਆਂ ਵਿਰੁੱਧ, ਨਵੇਂ ਬਣਾਈ ਚਾਰ ਲੇਬਰ ਕੋਡ ਰੱਦ ਕਰਾਉਣ ਲਈ, ਬਿਜਲੀ ਐਕਟ 2003 ਅਤੇ 2022 ਰੱਦ ਕਰਾਉਣ ਲਈ, ਹਰ ਪ੍ਰਕਾਰ ਦੇ ਕੱਚੇ ਅਤੇ ਠੇਕੇ ਤੇ ਆਊਟ ਸੋਰਸਿੰਗ, ਇਨਲਿਸਟ ਆਦਿ ਕਾਮਿਆਂ ਦੀਆਂ ਸੇਵਾਵਾਂ ਨੂੰ ਪੱਕਾ ਕਰਾਉਣ ਲਈ, ਸਰਕਾਰੀ ਅਦਾਰਿਆਂ ਅੰਦਰ ਪੱਕੀ ਭਰਤੀ ਕਰਾਉਣ, ਸਾਰੇ ਵਿਭਾਗਾਂ ਦੇ ਨਿੱਜੀਕਰਨ, ਨਵੀਂ ਪੈਨਸ਼ਨ ਸਕੀਮ 2004 ਰੱਦ ਕਰਾਉਣ ਅਤੇ ਪਹਿਲੀ ਲਾਭਕਾਰੀ ਪੈਨਸ਼ਨ ਬਹਾਲ ਕਰਾਉਣ ਲਈ, ਨਿਗਮੀਕਰਨ, ਪੁਨਰਗਠਨ ਨੂੰ ਬੰਦ ਕਰਾਉਣ ਲਈ ਹੜਤਾਲ ਕੀਤੀ ਜਾ ਰਹੀ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਿੱਜੀਕਰਨ ਆਊਟ ਸੋਰਸਿੰਗ ਠੇਕਾ ਪ੍ਰਣਾਲੀ ਰੱਦ ਕਰਕੇ ਸਾਰੇ ਸਰਕਾਰੀ ਮਹਿਕਮਿਆਂ ਨੂੰ ਰੁਜ਼ਗਾਰ ਮੁਖੀ ਬਣਾਇਆ ਜਾਵੇ। ਰੈਲੀ ਨੂੰ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਜੁਗਰਾਜ ਸਿੰਘ ਛੀਨਾ, ਪਰਮਿੰਦਰ ਸਿੰਘ ਅਦਲੀਵਾਲ, ਜਰਨੈਲ ਸਿੰਘ ਸੈਂਸਰਾ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਪਾਲ ਸਿੰਘ ਛੀਨਾ ਤੇ ਕਾਬਲ ਸਿੰਘ ਛੀਨਾ ਨੇ ਸੰਬੋਧਨ ਕੀਤਾ।

## ਅਰਲੀ ਚਾਈਲਡ ਐਂਡ ਐਜੂਕੇਸ਼ਨ ਦੇ ਖੇਤਰ 'ਚ ਕੰਮ ਕਰ ਰਹੇ ਸਕੂਲਾਂ ਨੂੰ ਰਜਿਸਟਰਡ ਕਰਵਾਉਣਾ ਲਾਜ਼ਮੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) - ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੇ ਸਰਵ-ਪੱਖੀ ਵਿਕਾਸ ਲਈ ਪ੍ਰਾਈਵੇਟ ਸੰਸਥਾਵਾਂ ਜੋ ਕਿ ਅਰਲੀ ਚਾਈਲਡ ਐਂਡ ਐਜੂਕੇਸ਼ਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ, ਨੂੰ ਰਜਿਸਟਰਡ ਕਰਨ ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਦੇ ਸਨਮੁੱਖ ਪੰਜਾਬ ਰਾਜ ਵਿੱਚ 3 ਤੋਂ 6 ਸਾਲ ਦੇ ਬੱਚਿਆਂ ਲਈ ਈ.ਸੀ.ਸੀ.ਈ. ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟਰੇਸ਼ਨ ਕਰਨੀਆਂ ਲਾਜ਼ਮੀ ਹਨ।ਇਸ ਸੰਬੰਧੀ ਸ੍ਰੀਮਤੀ ਜਸਮੀਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਗੁਰਦਾਸਪੁਰ ਨੇ ਦੱਸਿਆ ਕਿ ਜਿਨ੍ਹਾਂ ਸਕੂਲਾਂ ਵੱਲੋਂ ਹਾਲੇ ਤੱਕ ਆਪਣੇ ਸਕੂਲ ਦੀ ਰਜਿਸਟਰੇਸ਼ਨ ਨਹੀਂ ਕਰਵਾਈ, ਉਨ੍ਹਾਂ ਲਈ 25 ਮਈ 2025 ਤੱਕ ਆਪਣੇ ਸਕੂਲ ਦੀ ਰਜਿਸਟਰੇਸ਼ਨ ਕਰਵਾਉਣਾ ਲਾਜ਼ਮੀ ਹੈ। ਇਸ ਸੰਬੰਧੀ ਵਿਭਾਗ ਦੀ ਵੈੱਬਸਾਈਟ ਤੇ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਰਜਿਸਟ੍ਰੇਸ਼ਨ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਗੁਰਦਾਸਪੁਰ ਦੇ ਕਮਰਾ ਨੰਬਰ 218-220, ਪਹਿਲੀ ਮੰਜ਼ਿਲ, ਬਲਾਕ-ਏ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਪ੍ਰਾਈਵੇਟ ਸਕੂਲਾਂ ਵੱਲੋਂ ਨਿਸਚਿਤ ਸਮੇਂ ਵਿੱਚ ਰਜਿਸਟਰੇਸ਼ਨ ਨਹੀਂ ਕਰਵਾਈ ਗਈ ਤਾਂ ਉਨ੍ਹਾਂ ਖ਼ਿਲਾਫ਼ ਵਿਭਾਗੀ ਹਦਾਇਤਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 23.07.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਬਿੱਟੂ ਪ੍ਰਸ਼ਾਦ ਪੁੱਤਰ ਰਾਜਾ ਰਾਮ ਵਾਸੀ ਗੋਬਿੰਦ ਨਗਰ, ਮਾਲੇਰਕੋਟਲਾ, ਸੰਗਰੂਰ, ਪੰਜਾਬ-148023 (2) ਸੰਗੀਤਾ ਪਤਨੀ ਬਿੱਟੂ ਪ੍ਰਸ਼ਾਦ ਵਾਸੀ 162, ਵਾਰਡ ਨੰ. 10, ਗੋਬਿੰਦ ਨਗਰ, ਰੇਲਵੇ ਸਟੇਸ਼ਨ ਦੇ ਸਾਹਮਣੇ, ਮਾਲੇਰਕੋਟਲਾ (ਆਰ), ਸੰਗਰੂਰ, ਪੰਜਾਬ-148023 (3) ਸਰਸਵਤੀ ਪਤਨੀ ਰਾਜਾ ਰਾਮ ਵਾਸੀ ਗੋਬਿੰਦ ਨਗਰ, ਮਾਲੇਰਕੋਟਲਾ, ਸੰਗਰੂਰ, ਪੰਜਾਬ-148023 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ (4) ਬ੍ਰਿਜੇਸ਼ ਸਿੰਘ ਮਾਰਫਤ ਰਾਮਜੀ ਸਿੰਘ ਵਾਸੀ ਅਰੀਹੰਤ ਸਪਿਨਿੰਗ ਮਿਲਜ਼, ਮਾਲੇਰਕੋਟਲਾ (ਆਰ) ਸੰਗਰੂਰ, ਪੰਜਾਬ-148023 (ਬਾਅਦ 'ਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਲ ਏ ਪੀ/013602004305 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 2,96,389.44 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/013602004305 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 2,96,389.44 ਮਿਤੀ 01.07.2024 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਓਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2022-23/131/1/3568 ਮਿਤੀ 10-03-2023 ਅਨੁਸਾਰ ਬਿੱਟੂ ਪ੍ਰਸ਼ਾਦ ਪੁੱਤਰ ਰਾਜਾ ਰਾਮ ਦੀ ਮਲਕੀਅਤ ਜਾਇਦਾਦ ਰਕਬਾ 1.2/3 ਮਰਲਾ ਨੌਧਰਾਣੀ ਰੋਡ ਦੇ ਪਿਛਲੇ ਪਾਸੇ, ਹਦਬਸਤ ਨੰ. 58, ਮਾਲੇਰਕੋਟਲਾ, ਤਹਿਸੀਲ ਤੇ ਜ਼ਿਲ੍ਹਾ ਮਾਲੇਰਕੋਟਲਾ ਨਾਲ ਸੰਬੰਧਤ ਸਭ ਕੁਝ।

ਮਿਤੀ : 15.05.2025 , ਸਥਾਨ : ਮਾਲੇਰਕੋਟਲਾ    (ਅਧਿਕਾਰਤ ਅਫਸਰ)

**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 14.01.2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀ ਮੁਹੰਮਦ ਜ਼ੁਲਫਕਾਰ ਪੁੱਤਰ ਮੁਹੰਮਦ ਮਸਾਹੁਰ ਵਾਸੀ ਫੈਜ਼ਗੜ੍ਹ, ਹਿੰਮਤਾਨਾ, ਮਾਲੇਰਕੋਟਲਾ, ਸੰਗਰੂਰ, ਪੰਜਾਬ-148023 (2) ਸ੍ਰੀ ਮੁਹੰਮਦ ਮਸਾਹੁਰ ਪੁੱਤਰ ਨਾਜ਼ਮਦੀਨ ਵਾਸੀ ਤਹਿਸੀਲ ਮਾਲੇਰਕੋਟਲਾ ਫੈਜ਼ਗੜ੍ਹ, ਸੰਗਰੂਰ, ਪੰਜਾਬ-148023 (3) ਸਿਆਨ ਪਤਨੀ ਮੁਹੰਮਦ ਮਸਾਹੁਰ ਵਾਸੀ ਤਹਿਸੀਲ ਮਾਲੇਰਕੋਟਲਾ, ਫੈਜ਼ਗੜ੍ਹ, ਸੰਗਰੂਰ, ਪੰਜਾਬ-148023 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ (4) ਸ੍ਰੀ ਸੁਖਵਿੰਦਰ ਸਿੰਘ ਪੁੱਤਰ ਕਾਕਾ ਸਿੰਘ ਵਾਸੀ ਫੈਜ਼ਗੜ੍ਹ, ਸੰਗਰੂਰ, ਪੰਜਾਬ-148023 (ਬਾਅਦ 'ਚ ਗਰੰਟਰ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਲ ਏ ਪੀ/013602004546 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 1,34,503.79 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।


ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ /013602004546 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 1,34,503.79 ਮਿਤੀ 01.01.2025 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਓਰਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ: ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2022-23/131/1/3529 ਮਿਤੀ 07-03-2023 ਅਨੁਸਾਰ ਸ੍ਰੀ ਮੁਹੰਮਦ ਮਸਾਹੁਰ ਪੁੱਤਰ ਨਾਜ਼ਮਦੀਨ ਦੀ ਮਲਕੀਅਤ ਜਾਇਦਾਦ ਰਕਬਾ 4 ਵਿਸਵੇ 5 ਵਿਸਵਾਸੀ ਪਿੰਡ ਫੈਜ਼ਗੜ੍ਹ, ਤਹਿਸੀਲ ਤੇ ਜ਼ਿਲ੍ਹਾ ਮਾਲੇਰਕੋਟਲਾ ਨਾਲ ਸੰਬੰਧਤ ਸਭ ਕੁਝ।

ਮਿਤੀ : 15.05.2025, ਸਥਾਨ : ਜਲੰਧਰ    (ਅਧਿਕਾਰਤ ਅਫਸਰ)

## ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਕੁਰਾਲੀ (ਮੋਹਨ ਅੰਗਰਾਲ)**— ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਮੰਹਾਲੀ ਦੇ 10ਵੀਂ ਅਤੇ 10+2 ਜਮਾਤ ਦੇ ਵਿਦਿਆਰਥੀਆਂ ਨੇ ਸੀਬੀਐਸਈ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਨਤੀਜੇ ਪ੍ਰਾਪਤ ਕਰਕੇ, ਵੱਖ-ਵੱਖ ਸਟ੍ਰੀਮ ਵਿੱਚ ਚੋਟੀ ਦੇ ਸਥਾਨ ਪ੍ਰਾਪਤ ਕਰਕੇ ਸੰਸਥਾ ਦਾ ਮਾਣ ਵਧਾਇਆ ਹੈ।ਸਕੂਲ ਦੀ ਡਾਇਰੈਕਟਰ ਪ੍ਰਿੰਸੀਪਲ ਡਾ. ਅਭਿਲਾਸ਼ਾ ਸਿੰਘ ਨੇ ਵਿਦਿਆਰਥੀਆਂ ਦੇ ਇਸ ਪ੍ਰਭਾਵਸ਼ਾਲੀ ਪ੍ਰਦਰਸ਼ਨ ਬਾਰੇ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਸ਼ਾਨਦਾਰ ਸਮਰਪਣ ਅਤੇ ਲਗਨ ਦਿਖਾਈ ਹੈ, ਅਤੇ ਇਹ ਪ੍ਰਾਪਤੀ ਵਿਦਿਆਰਥੀਆਂ ਅਤੇ ਸਟਾਫ ਦੇ ਸਾਂਝੇ ਯਤਨਾਂ ਨੂੰ ਦਰਸਾਉਂਦੀ ਹੈ। ਉਹਨਾਂ ਦੱਸਿਆ ਕਿ 12ਵੀਂ ਜਮਾਤ ਦੇ ਨਤੀਜਿਆਂ ਵਿੱਚ: ਅਰੁੰਧਤੀ ਨੇ ਆਰਟਸ ਸਟ੍ਰੀਮ ਵਿੱਚ ਸ਼ਾਨਦਾਰ 90% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸ ਤੋਂ ਬਾਅਦ ਤਾਨਿਆ ਨੇ 86.4% ਅੰਕ ਪ੍ਰਾਪਤ ਕੀਤੇ ਅਤੇ ਪਾਇਲ ਠਾਕੁਰ ਨੇ 86.2% ਅੰਕ ਪ੍ਰਾਪਤ ਕੀਤੇ। ਨਾਨ-ਮੈਡੀਕਲ ਸਟ੍ਰੀਮ ਵਿੱਚ, ਪ੍ਰਾਂਜਲ ਰਾਣਾ ਨੇ ਸਭ ਤੋਂ ਵੱਧ 74.8% ਅੰਕ ਪ੍ਰਾਪਤ ਕੀਤੇ। ਕਾਮਰਸ ਸਟ੍ਰੀਮ ਵਿੱਚ, ਸਾਧਨਾ ਪੁੰਡੀਰ ਨੇ 82% ਅੰਕ ਪ੍ਰਾਪਤ ਕਰਕੇ ਟਾਪ ਕੀਤਾ।ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਜਸ਼ਨਦੀਪ ਸਿੰਘ ਕੰਬੋਜ ਨੇ 96.6% ਸ਼ਾਨਦਾਰ ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ।ਕਰਨਦੀਪ ਸਿੰਘ ਨੇ 92%, ਸਿਮਰਪ੍ਰੀਤ ਕੌਰ ਨੇ 90.6% ਅਤੇ ਪ੍ਰਭਦੀਪ ਸਿੰਘ ਨੇ 90% ਅੰਕ ਪ੍ਰਾਪਤ ਕੀਤੇ।ਪ੍ਰਿੰਸੀਪਲ ਡਾ. ਅਭਿਲਾਸ਼ਾ ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਦੇ ਸਮਰਪਣ ਦੀ ਪ੍ਰਸ਼ੰਸਾ ਕੀਤੀ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਸਫਲਤਾ ਨਿਰੰਤਰ ਸਖ਼ਤ ਮਿਹਨਤ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਦਾ ਨਤੀਜਾ ਹੈ।ਵੱਖ ਵੱਖ ਵਿਸ਼ਿਆਂ ਦੇ ਵਿੱਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਰਿਹਾ ਜਿਹਨਾਂ ਵਿੱਚ ਉਹਨਾਂ 95 % ਤੋਂ ਲੈਕੇ 100 % ਨੰਬਰ ਪ੍ਰਾਪਤ ਕੀਤੇ ਹਨ। ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ, ਗੁਰਵਿੰਦਰ ਸਿੰਘ ਬਾਹਰਾ ਨੇ ਸਾਰੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਿਲੋਂ ਵਧਾਈਆਂ ਦਿੱਤੀਆਂ, ਉਨ੍ਹਾਂ ਦੀ ਸ਼ਾਨਦਾਰ ਸਫਲਤਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਅਕਾਦਮਿਕ ਅਤੇ ਪੇਸ਼ੇਵਰ ਕੰਮਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਐਸ ਜੀ ਟੀ ਬੀ ਪਬਲਿਕ ਸਕੂਲ ਸਨੌਰਾ ਦਾ ਨਤੀਜਾ ਰਿਹਾ ਸ਼ਾਨਦਾਰ

**ਭੋਗਪੁਰ (ਕੁਲਵੰਤ ਸਿੰਘ ਕਾਹਲੋਂ)** ਐਸ.ਜੀ.ਟੀ.ਬੀ. ਪਬਲਿਕ ਸਕੂਲ, ਸਨੌਰਾ ਦੇ ਹੋਣਹਾਰ ਤੇਜਸਵੀਆਂ ਵਲੋਂ CBSE ਬੋਰਡ ਇਮਤਿਹਾਨ ਸਾਲ 2024-25 'ਚ ਸ਼ਾਨਦਾਰ ਕਾਮਯਾਬੀ ਹਾਸਿਲ ਕੀਤੀ । ਸਕੂਲ ਦੇ ਵਿਦਿਆਰਥੀਆਂ ਦੇ ਦਸਵੀਂ ਤੇ ਬਾਰਵੀਂ ਦੋਹਾਂ ਕਲਾਸਾਂ ਦੇ ਨਤੀਜੇ ਬਿਹਤਰੀਨ ਰਹੇ । ਵਿਦਿਆਰਥੀਆਂ ਵਲੋਂ ਅਲੱਗ ਅਲੱਗ ਵਿਸ਼ਿਆਂ ਵਿੱਚ 90-100% ਨੰਬਰ ਰਹੇ । ਇਹ ਸਭ ਸਕੂਲ ਦੇ ਵਿਦਿਆਰਥੀਆਂ , ਮਾਪਿਆਂ ਅਤੇ ਸਟਾਫ ਦੀ ਲਗਨ, ਇਮਾਨਦਾਰੀ ਅਤੇ ਮਿਹਨਤ ਸਦਕਾਂ ਸੰਭਵ ਹੋਇਆ ਹੈ ।ਕਲਾਸ ਦਸਵੀਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਸਾਰੇ ਵਿਦਿਆਰਥੀ ਕਾਮਯਾਬ ਰਹੇ। 90% -100% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ:ਕੋਮਲਪ੍ਰੀਤ ਕੌਰ, ਗੁਰਲੀਨ ਕੌਰ, ਸਾਨੀਆ , ਜਪਨੀਤ ਕੌਰ , ਜਸਪ੍ਰੀਤ ਸਿੰਘ, ਕਿਰਨਦੀਪ ਕੌਰ, ਨੂਰਪ੍ਰੀਤ ਕੌਰ, ਪਲਕਪ੍ਰੀਤ ਕੌਰ, ਰਾਜਨਦੀਪ ਕੌਰ, ਸਹਜਪ੍ਰੀਤ ਕੌਰ, ਬਲਪ੍ਰੀਤ ਕੌਰ।ਕਲਾਸ ਬਾਰਵੀਂ ਦੇ ਅੱਵਲ ਆਉਣ ਵਾਲੇ ਵਿਦਿਆਰਥੀ ਸਾਇੰਸ ਵਿਸ਼ੇ: ਜਸਪ੍ਰੀਤ ਕੌਰ, ਹਿਮਾਂਸ਼ੂ, ਕਾਮਰਸ ਸਟਰੀਮ ਅੱਵਲ ਵਿਦਿਆਰਥੀ ਅਨੁਰਾਜ ਕੌਰ, ਮਨਦੀਪ ਕੌਰ ਆਰਟਸ ਵਿਸ਼ੇ ਅੱਵਲ ਵਿਦਿਆਰਥੀ : ਮਨਜੋਤ ਕੌਰ ,ਭਾਵਨਾ, ਹਰਜੋਤ ਸਿੰਘ, ਹਰਸ਼ਿਤਾ, ਜਸਮੀਨ ਕੌਰ, ਕਮਲਪ੍ਰੀਤ,ਮਾਹ ਕੌਰ , ਰਾਜਵੀਰ ਕੌਰ, ਸੰਦੀਪ ਕੌਰ, ਯਸ਼ਿਕਾ ਸਭ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਵਿਦਿਆਰਥੀਆਂ ਨੇ ਆਪਣੇ ਆਪਣੇ ਵਿਸ਼ੇ ਅਨੁਸਾਰ ਟੌਪ ਕੀਤਾ।ਐਸ.ਜੀ.ਟੀ.ਬੀ. ਪਬਲਿਕ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਨਵਦੀਪ ਕੌਰ ਨੇ ਗਰਵ ਅਤੇ ਖੁਸ਼ੀ ਪ੍ਰਗਟਾਉਂਦੇ ਹੋਏ ਕਿਹਾ: ਇਹ ਸ਼ਾਨਦਾਰ ਨਤੀਜੇ ਸਾਡੇ ਅਧਿਆਪਿਕਾਵਾਂ,ਮਾਪਿਆਂ ਅਤੇ ਵਿਦਿਆਰਥੀਆਂ ਦੀ ਲਗਾਤਾਰ ਮਿਹਨਤ, ਅਨੁਸ਼ਾਸਨ ਅਤੇ ਵਚਨਬੱਧਤਾ ਦਾ ਨਤੀਜਾ ਹਨ। ਹਰ ਤੇਜਸਵੀ 'ਤੇ ਮਾਣ ਹੈ ਜਿਸ ਨੇ ਇਸ ਸਫਲਤਾ ਵਿੱਚ ਯੋਗਦਾਨ ਪਾਇਆ। ਇਸ ਵਧਾਈ ਦਾ ਹੱਕਦਾਰ ਉਹ ਇਨਸਾਨ ਹੈ ਜੋ ਸਕੂਲ ਵਿੱਚ ਕੰਮ ਕਰਦਾ ਹੈ ਉਹ ਭਾਵੇਂ ਕੋਈ ਚਪੜਾਸੀ ਹੋਵੇ , ਸਫਾਈ ਕਰਮਚਾਰੀ ਜਾਂ ਫਿਰ ਕਲਰਕ ਜਾਂ ਡਰਾਈਵਰ ,ਅਧਿਆਪਕ ਜਿੰਨਾਂ ਨੇ ਸਕੂਲ ਨੂੰ ਚਲਾਉਣ ਲਈ ਆਪਣਾ ਯੋਗਦਾਨ ਦਿੱਤਾ ।ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ, ਮਾਪਿਆਂ ਨੂੰ ਸਕੂਲ ਬੁਲਾ ਕੇ ਤਹਿ ਦਿਲੋਂ ਵਧਾਈ ਦਿੱਤੀ ਅਤੇ ਇਸ ਅਕਾਦਮਿਕ ਉਪਲਬਧੀ ਦਾ ਜਸ਼ਨ ਮਨਾਇਆ।



## ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਦੇ 10ਵੀਂ ਤੇ 12ਵੀਂ ਜਮਾਤ ਦੇ ਨਤੀਜੇ 100 ਫੀਸਦੀ ਰਹੇ



**ਗੁਰਾਇਆ (ਵਿਨੋਦ ਸੁਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੋਰਾਇਆ ਨੇ ਸੀਬੀਐਸਈ ਦੁਆਰਾ ਐਲਾਨੇ ਗਏ 10ਵੀਂ ਅਤੇ 12ਵੀਂ ਸਾਲਾਨਾ ਪ੍ਰੀਖਿਆ 'ਚ 100% ਨਤੀਜਾ ਪ੍ਰਾਪਤ ਕੀਤਾ ਹੈ। ਦਸਵੀਂ ਜਮਾਤ ਦੀ ਪ੍ਰੀਖਿਆ ਵਿੱਚ ਕੁੱਲ 79 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। 12ਵੀਂ ਜਮਾਤ ਦੇ ਕੁੱਲ 103 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਜਿਸ ਵਿੱਚ ਸਾਰਿਆਂ ਨੇ ਵਧੀਆ ਪ੍ਰਦਰਸ਼ਨ ਕੀਤਾ। 12ਵੀਂ ਜਮਾਤ ਦੇ ਵਿਸ਼ਵਾਸ ਬੇਦੀ ਨੇ ਕਾਮਰਸ ਸਟਰੀਮ ਵਿੱਚ 95.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਕਾਮਰਸ ਸਟਰੀਮ ਵਿੱਚੋਂ ਲਵਜੀਤ ਨੇ 93.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਆਰਟਸ ਦੇ ਹਰਨੂਰ ਸਿੰਘ ਨੇ 88.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਪਲਕ ਨੇ 88.6, ਚਾਹਤ ਮਹਿਰਾ ਨੇ 87.8, ਜੈਸਿਕਾ ਨੇ 87.6, ਦੇਵਾਂਸ਼ੀ ਨੇ 87.4, ਜਸਦੀਪ ਨੇ 84.8, ਮਨਪ੍ਰੂ ਨੇ 84.4, ਮਨਸਿਮਰ ਨੇ 84.2, ਦਲਿਕ ਨੇ 83.8, ਮਨਪ੍ਰੀਤ ਨੇ 83.6, ਸ਼੍ਰਹਾਨੀ ਨੇ 83.6, ਮੁਸਕਾਨਦੀਪ ਨੇ 82.8, ਸਿੱਧੀ ਨੇ 83, ਰੁਧਰਵੀਰ ਨੇ 82.6, ਜੈਸਿਕਾ ਭੋਗਲ ਨੇ 82.6, ਅਰਸ਼ੀਆ ਨੇ 82 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ। ਅਰਸ਼ਵੀਰ ਨੇ 81.6 ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਕਲਾਸ ਦਸਵੀਂ ਚੋਂ ਦੀਪਿਨ ਨੇ 97.6 ਫੀਸਦੀ ਅੰਕ ਲੈ ਕੇ 10ਵੀਂ ਜਮਾਤ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ। ਅਰਮਾਨਦੀਪ ਨੇ 94.4 ਫੀਸਦੀ ਅੰਕ ਲੈ ਕੇ ਦੂਜੇ ਅਤੇ ਅਰਸ਼ਪ੍ਰੀਤ 90 ਫੀਸਦੀ ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ। ਜਸ਼ਨ ਕਾਲੜਾ ਨੇ 89.6, ਪ੍ਰਾਚੀ ਨੇ 87, ਜਪਜਿਤ ਨੇ 84.2, ਮਾਹੀ ਸ਼ਰਮਾ ਨੇ 82, ਜਸ਼ਨਦੀਪ ਨੇ 81.8, ਹਰਮੀਤ ਨੇ 81.2 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

## ਬਾਬਾ ਬੰਦਾ ਸਿੰਘ ਬਹਾਦਰ ਦਾ ਸਰਹੰਦ ਫ਼ਤਹਿ ਦਿਵਸ ਮਨਾਇਆ



**ਕਾਲਾ ਸੰਘਿਆਂ (ਮਨਜੀਤ ਮਾਨ)**- ਕਿਰਤੀ ਕਿਸਾਨ ਯੂਨੀਅਨ ਤੇ ਪਿੰਡ ਵਾਸੀਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸਰਹੰਦ ਫ਼ਤਹਿ ਦਿਵਸ ਮਨਾਇਆ ਗਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਤਿੰਦਰ ਸਿੰਘ ਛੀਨਾ ਨੇ ਸੰਬੋਧਨ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਫ਼ਲਸਫੇ ਤੇ ਵਿਚਾਰਾਂ 'ਤੇ ਚਾਨਣਾ ਪਾਇਆ ਕਿ ਕਿਵੇਂ ਉਨ੍ਹਾਂ ਨੇ ਜਗੀਰਦਾਰਾਂ ਕੋਲੋਂ ਜ਼ਮੀਨਾਂ ਖੋਹ ਕੇ ਲੋਕਾਂ ਵਿੱਚ ਵੰਡੀਆਂ ਇਸ ਤੋਂ ਬਾਅਦ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਲਰ ਨੇ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਬਾਰੇ ਦੱਸਿਆ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਦਿਆਲ ਸਿੰਘ ਬੂਹ ਜ਼ਿਲ੍ਹਾ ਪ੍ਰੈਸ ਸਕੱਤਰ ਕੁਲਵਿੰਦਰ ਸਿੰਘ ਭੰਡਾਲ ਬੇਟ ਜ਼ਿਲ੍ਹਾ ਵਿਤ ਸਕੱਤਰ ਬਿਕਰਮ ਜੀਤ ਭੀਲਾ ਨਡਾਲਾ ਬਲਾਕ ਪ੍ਰਧਾਨ ਜਗਜੀਤ ਸਿੰਘ ਔਜਲਾ ਫ਼ਕੀਰ ਸਿੰਘ ਲੱਖਣਕੇ ਪੱਡੇ ਸੀਤਲ ਸਿੰਘ ਸੰਗੋਜਲਾ ਜਸਮੇਲ ਸਿੰਘ ਸੁਰਖਪੁਰ ਕਰਮਜੀਤ ਸਿੰਘ ਨੂਰਪੁਰ ਜੱਟਾਂ ਗੁਰਬਾਗ ਸਿੰਘ ਤਾਜਪੁਰ ਚਰਨਜੀਤ ਸਿੰਘ ਢਿਲਵਾਂ ਮਲਕੀਤ ਸਿੰਘ ਧਾਲੀਵਾਲ ਬੇਟ ਮਾਸਟਰ ਬਲਵੀਰ ਸਿੰਘ ਤੀਰਥ ਸਿੰਘ ਮੰਡ ਸੰਗੋਜਲਾ ਲੁਭਾਇਆ ਸਿੰਘ ਕਾਲਾ ਸੰਘਿਆਂ ਸੁਰਿੰਦਰ ਸਿੰਘ ਗ਼ਦਰੀ ਬਾਬਾ ਆਦਿ ਸਟੇਜ ਦੀ ਕਾਰਵਾਈ ਤਰਸੇਮ ਸਿੰਘ ਬੰਨਾਮਲ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੰਨਾਮਲ ਨੇ ਨਿਭਾਈ ਅੰਤ ਵਿੱਚ ਜਸਜੀਤ ਸਿੰਘ ਭੰਡਾਲ ਬੇਟ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਰੰਧਾਵਾ ਨੇ ਪਿੰਡਾਂ ਦੇ ਵਿਕਾਸ ਲਈ 1 ਕਰੋੜ ਰੁਪਏ ਤੋਂ ਵੱਧ ਦੇ ਵੰਡੇ ਚੈੱਕ

**ਡੇਰਾਬੱਸੀ (ਵਿਨੈ ਕੁਮਾਰ ਜੈਨ )**— ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਪਿੰਡਾਂ ਦੇ ਵਿਕਾਸ ਵੱਲ ਇੱਕ ਕਦਮ ਵਧਾਉਂਦੇ ਹੋਏ ਵੱਖ-ਵੱਖ ਪੰਚਾਇਤਾਂ ਨੂੰ ਮਹੱਤਵਪੂਰਨ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਲਈ ਫੰਡਾਂ ਦੀ ਵਰਤੋਂ ਕਰਨ ਦੀ ਬੇਨਤੀ ਕੀਤੀ ਹੈ। ਇੱਕ ਸਮਾਗਮ ਵਿੱਚ ਵਿਧਾਇਕ ਰੰਧਾਵਾ ਨੇ ਪਿੰਡਾਂ ਵਿੱਚ ਧਰਮਸ਼ਾਲਾ, ਮੈਰਿਜ ਪੈਲੇਸ, ਗਲੀਆਂ, ਨਾਲੀਆਂ, ਪੀਣ ਵਾਲੇ ਪਾਣੀ, ਸੀਵਰੇਜ ਦੇ ਨਿਕਾਸ ਅਤੇ ਜ਼ਮੀਨ ਦੇ ਵਿਕਾਸ ਲਈ 1 ਕਰੋੜ 71 ਹਜ਼ਾਰ 912 ਰੁਪਏ ਦੇ ਚੈੱਕ ਵੰਡੇ। ਇਹਨਾਂ ਚੈੱਕਾਂ ਦੀ ਵੰਡ ਡੇਰਾਬੱਸੀ ਪਿੰਡਾਂ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਣਗੇ । ਵਿਧਾਇਕ ਰੰਧਾਵਾ ਨੇ ਪੰਚਾਇਤਾਂ ਨੂੰ ਫੰਡਾਂ ਦੀ ਕੁਸ਼ਲਤਾ ਨਾਲ ਵਰਤੋਂ ਕਰਨ ਅਤੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕਰਨ ਨੂੰ ਯਕੀਨੀ ਬਣਾਉਣ ਦੀ ਅਪੀਲ ਵੀ ਕੀਤੀ। ਵਿਧਾਇਕ ਰੰਧਾਵਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, 'ਪਿੰਡ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਸਮੁੱਚੇ ਵਿਕਾਸ ਨੂੰ ਯਕੀਨੀ ਬਣਾਉਣਾ ਸਾਡੀ ਜ਼ਿੰਮੇਵਾਰੀ ਹੈ। ਇਹ ਪ੍ਰੋਜੈਕਟ ਨਾ ਸਿਰਫ਼ ਬੁਨਿਆਦੀ ਢਾਂਚੇ ਵਿੱਚ



ਸੁਧਾਰ ਕਰਨਗੇ ਬਲਕਿ ਸਥਾਨਕ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵੀ ਪੈਦਾ ਕਰਨਗੇ।' ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਹ ਪਿੰਡਾਂ ਦੇ ਵਿਕਾਸ ਲਈ ਕੰਮ ਕਰਦੇ ਰਹਿਣਗੇ ਅਤੇ ਉਨ੍ਹਾਂ ਨੂੰ ਇਸ ਪ੍ਰਕਿਰਿਆ ਵਿੱਚ ਸਮਰਥਨ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਤਹਿਤ ਸਾਧ ਨਗਰ ਕਲੋਨੀ ਦੀਆਂ ਗਲੀਆਂ ਲਈ 2 ਕੱਖ 31 ਹਜਾਰ, ਪਿੰਡ ਟਰੜਕ ਦੇ ਗੰਦੇ ਪਾਣੀ ਦੇ ਨਿਕਾਸ ਲਈ 1 ਲੱਖ 50 ਹਜ਼ਾਰ, ਪੀਣ ਵਾਲੇ ਪਾਣੀ ਲਈ 1 ਲੱਖ, ਪਿੰਡ ਜੋਲਾ ਖੁਰਦ ਗੰਦੇ ਪਾਣੀ ਦੇ ਨਿਕਾਸ ਲਈ 3 ਲੱਖ, ਪੀਣ ਵਾਲੇ ਪਾਣੀ ਲਈ 2 ਲੱਖ, ਮਾਲਣ ਦੇ ਗਲੀਆਂ-ਨਾਲੀਆਂ ਦੇ ਕੰਮ ਲਈ 5 ਲੱਖ ਤਸਿੰਬਲੀ ਪਿੰਡ ਵਿੱਚ ਗਲੀਆਂ-ਨਾਲੀਆਂ ਦੇ ਕੰਮ ਲਈ 1 ਲੱਖ 2 ਹਜਾਰ, ਪਿੰਡ ਧੀਰੇਮਾਜਰਾ ਦੇ ਗੰਦੇ ਪਾਣੀ ਅਤੇ ਪੀਣ ਵਾਲੇ ਪਾਣੀ ਲਈ 5 ਲੱਖ 18 ਹਜ਼ਾਰ,ਚੰਡਿਆਲਾ ਵਿੱਚ ਗੰਦੇ ਪਾਣੀ ਅਤੇ ਪੀਣ ਵਾਲੇ ਪਾਣੀ ਲਈ 6 ਲੱਖ ਰੁਪਏ, ਹੰਸਾਲਾ ਵਿੱਚ ਧਰਮਸ਼ਾਲਾ ਲਈ 5 ਲੱਖ, ਕਾਰਕੋਰ ਵਿੱਚ ਗੰਦੇ ਪਾਣੀ ਦੇ ਨਿਕਾਸ ਲਈ 1 ਲੱਖ, ਭੱਖਰਪੁਰ ਵਿੱਚ ਮੈਰਿਜ ਪੈਲਸ ਲਈ 18 ਲੱਖ ਰੁਪਏ, ਪਿੰਡ ਦਫ਼ਰ ਪੁਰ ਵਿੱਚ ਪੀਣ ਵਾਲੇ ਪਾਣੀ, ਗੰਦੇ ਪਾਣੀ ਦੀ ਨਿਕਾਸੀ ਅਤੇ ਗਲੀਆਂ ਨਾਲੀਆਂ ਲਈ 7 ਲੱਖ 50 ਹਜ਼ਾਰ ਰੁਪਏ, ਮੋਰਠੀਕਰੀ ਵਿੱਚ ਪੀਣ ਵਾਲੇ ਪਾਣੀ, ਗੰਦੇ ਪਾਣੀ ਦੀ ਨਿਕਾਸੀ ਅਤੇ ਗਲੀਆਂ ਨਾਲੀਆਂ 7 ਲੱਖ ਰੁਪਏ, ਪਿੰਡ ਹਰਿਪੁਰ ਹਿੰਦੂਆਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਅਤੇ ਗਲੀਆਂ ਨਾਲੀਆਂ 10 ਲੱਖ ਰੁਪਏ, ਪਿੰਡ ਬੇਹੜਾ ਵਿੱਚ ਪੀਣ ਵਾਲੇ ਪਾਣੀ ਲਈ 9 ਲੱਖ ਰੁਪਏ, ਜੋਲਾ ਕਲਾਂ ਵਿੱਚ ਪੀਣ ਵਾਲੇ ਪਾਣੀ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ 8 ਲੱਖ 18 ਹਜਾਰ ਰੁਪਏ ਅਤੇ ਜਾਸਤਨਾ ਵਿੱਚ ਗਰਾਉਂਡ ਲਈ 8 ਲੱਖ ਰੁਪਏ ਦੇ ਚੈਕ ਵੰਡੇ ਗਏ। ਇਹ ਚੈੱਕ ਪਿੰਡਾਂ ਦੇ ਸਰਪੰਚਾਂ ਅਤੇ ਹੋਰ ਸਥਾਨਕ ਆਗੂਆਂ ਦੀ ਮੌਜੂਦਗੀ ਵਿੱਚ ਵੰਡੇ ਗਏ। ਇਹ ਪਹਿਲ ਵਿਧਾਇਕ ਰੰਧਾਵਾ ਦੀ ਹਲ਼ਕੇ ਦੇ ਪਿੰਡ ਵਾਸੀਆਂ ਦੀ ਭਲਾਈ ਪ੍ਰਤੀ ਵਚਨਬੱਧਤਾ ਅਤੇ ਉਨ੍ਹਾਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦੇ ਉਨ੍ਹਾਂ ਦੇ ਯਤਨਾਂ ਦਾ ਪ੍ਰਮਾਣ ਹੈ।

## 12ਵੀਂ ਦੇ ਨਤੀਜੇ 'ਚ ਕੁੜੀਆਂ ਨੇ ਮਾਰੀ ਬਾਜੀ



**ਫਿਲੌਰ (ਨਿਰਮਲ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਬਾਰਵੀਂ ਦੇ ਨਤੀਜੇ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਿਲੌਰ ਦੀਆਂ ਕੁੜੀਆਂ ਨੇ ਵਧੀਆਂ ਨੰਬਰ ਲੈ ਕੇ ਸਕੂਲ ਅਤੇ ਤਹਿਸੀਲ ਫਿਲੌਰ ਦਾ ਨਾਂਅ ਰੋਸ਼ਨ ਕੀਤਾ ਹੈ।ਪ੍ਰਿੰਸੀਪਲ ਸ੍ਰੀਮਤੀ ਸ਼ੁਸ਼ੀਲਾ ਕੁਮਾਰੀ ਨੇ ਦੱਸਿਆ ਕਿ ਸਕੂਲ ਦਾ ਨਤੀਜਾ 100% ਰਿਹਾ ਹੈ। ਸਕੂਲ ਵਿੱਚ ਪਹਿਲੇ ਨੰਬਰ 'ਤੇ ਅਮਨਪ੍ਰੀਤ ਕੌਰ ਸਪੁੱਤਰੀ ਅਨਿਲ ਕੁਮਾਰ ਸਾਇੰਸ ਸਟ੍ਰੀਮ ਵਿੱਚ ਰਹਿ ਕੇ ਇਸ ਨੇ 95.8% ਨੰਬਰ ਲਏ ਹਨ। ਦੂਜੇ ਨੰਬਰ ਤੇ ਅਦੀਤੀ ਸਪੁੱਤਰੀ ਕਨ੍ਹਈਆ ਸ਼ਰਮਾ ਨੇ 95.2% ਨੰਬਰ ਲਏ ਹਨ, ਤੀਸਰੇ ਨੰਬਰ ਤੇ ਅਲੀਸ਼ਾ ਸਪੁੱਤਰੀ ਸਤਿੰਦਰ ਕੁਮਾਰ ਨੇ 94.6% ਨੰਬਰ ਲਏ ਹਨ।ਮੈਥ ਲੈਕਚਰਾਰ ਹਰੀ ਕ੍ਰਿਸ਼ਨ ਨੇ ਦੱਸਿਆ ਕਿ ਕਾਮਰਸ ਵਿੱਚ ਪਹਿਲੇ ਸਥਾਨ 'ਤੇ ਹਰਮਨਪ੍ਰੀਤ ਕੌਰ ਸਪੁੱਤਰੀ ਜਸਵਿੰਦਰ ਸਿੰਘ ਨੇ 90% ਨੰਬਰ ਹਾਸਲ ਕੀਤੇ।ਆਰਟਸ ਵਿਸ਼ੇ ਵਿੱਚ ਰਾਗਿਨੀ ਸਪੁੱਤਰੀ ਕਰਮਜੀਤ ਕੁਮਾਰ ਨੇ 90.8% ਨੰਬਰ ਹਾਸਲ ਕੀਤੇ। ਸਕੂਲ ਵਿੱਚ 13 ਵਿਦਿਆਰਥੀਆਂ ਨੇ 90% ਤੋਂ ਵੱਧ ਨੰਬਰ ਹਾਸਲ ਕੀਤੇ। ਇਸ ਮੌਕੇ ਸਕੂਲ ਵੱਲੋਂ ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਸਮੇਤ ਸਕੂਲ ਵਿੱਚ ਬੁਲਾ ਕੇ ਮੁਬਾਰਕਾਂ ਦਿੱਤੀਆਂ ਅਤੇ ਮੂੰਹ ਮਿੱਠਾ ਕਰਵਾਇਆ। ਖੁਸ਼ੀ ਦੇ ਮੌਕੇ 'ਤੇ ਲੈਕਚਰਾਰ ਮਨੋਹਰ ਲਾਲ, ਰਣਵੀਰ ਸਿੰਘ ਅਤੇ ਲਵਲੀ ਨੇ ਬੱਚਿਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਨਿਰੰਤਰ ਅੱਗੇ ਵੱਧਣ ਲਈ ਪ੍ਰੇਰਿਆ। ਇਸ ਸਮੇਂ ਮੈਡਮ ਸਿੰਮੀ, ਨੀਲਮ, ਜਸਲੀਨ, ਸਰਬਜੀਤ, ਰਵਿੰਦਰ ਫਰਤਿਆਲ, ਰਣਜੀਤ ਕੁਮਾਰ ਅਤੇ ਹੋਰ ਹਾਜਰ ਸਨ।

## ਵਿਦੇਸ਼ ਭੇਜਣ ਦੇ ਨਾਂਅ ਤੇ 7 ਲੱਖ ਠੱਗੀ ਕਰਨ ਦੇ ਦੋਸ਼ 'ਚ ਕੇਸ ਦਰਜ

**ਕਾਲਾ ਸੰਘਿਆਂ (ਮਨਜੀਤ ਮਾਨ)** ਢਿਲਵਾਂ ਪੁਲਸ ਨੇ ਵਿਦੇਸ਼ ਭੇਜਣ ਦੇ ਨਾਂਅ 'ਤੇ 7 ਲੱਖ ਰੁਪਏ ਠੱਗੀ ਕਰਨ ਦੇ ਦੋਸ਼ ਵਿੱਚ ਮਹਿਲਾ ਸਮੇਤ ਦੋ ਜਣਿਆਂ ਤੇ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਮਨਜੀਤ ਸਿੰਘ ਨੇ ਦੱਸਿਆ ਕਿ ਤਰਨਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਭੰਡਾਲ ਬੇਟ ਥਾਣਾ ਨੇ ਥਾਣਾ ਢਿਲਵਾਂ ਵਿਚ ਰਿਪੋਰਟ ਦਰਜ ਕਰਵਾਈ ਹੈ ਕਿ ਕਲਵਿੰਦਰ ਸਿੰਘ ਅਤੇ ਅੰਜਨਾ ਰਾਣੀ ਉਸ ਨੂੰ ਸਾਇਪਰਸ ਭੇਜਣ ਲਈ ਉਸ ਪਾਸੋ ਮਿਤੀ 1-3-2024 ਨੂੰ ਉਸ ਦਾ ਪਾਸਪੋਰਟ ਇੱਕ ਲੱਖ ਰੁਪਏ ਲੈ ਲਏ ਅਤੇ ਇਹ ਕਹਿਣ ਲੱਗੇ ਕੇ ਹੁਣ ਦੋ ਮਹੀਨੇ ਅੰਦਰ ਹੀ ਬਾਹਰ ਚੱਲਾ ਜਾਵੇਗਾ। ਬਾਅਦ 'ਚ ਇਹਨਾਂ ਨੇ ਕੋਈ ਕੰਮ ਨਹੀ ਕੀਤਾ, ਜਦੋ ਉਹਨਾ ਦਬਾਅ ਪਾਇਆ ਤਾ ਇਹ ਕਹਿਣ ਲੱਗੇ ਕੇ ਤੁਹਾਡਾ ਕੰਮ ਬਣ ਗਿਆ ਬੱਸ ਹਫਤੇ ਤੱਕ ਅਸੀ ਤੈਨੂੰ ਵਿਦੇਸ਼ ਸਾਇਪਰਸ ਭੇਜ ਦਿਆਂਗੇ, ਤੁਸੀ ਬਾਕੀ ਰਹਿੰਦੇ ਪੈਸਿਆਂ ਦਾ ਇੰਤਜਾਮ ਕਰ ਲਉ ਅਤੇ ਇਹਨਾਂ ਨੇ ਮੈਨੂੰ 11 ਜੁਲਾਈ 2024 ਵਿੱਚ ਵੀਜਾ ਦਿੱਤਾ ਅਤੇ ਕਹਿਣ ਲੱਗੇ ਕਿ ਇਹ ਫੋਟੋ ਵੀਜੇ ਦੀ ਹੈ,ਤੂੰ ਜਲਦੀ ਪੈਸੇ ਦਾ ਇੰਤਜਾਮ ਕਰ ਲੈ ਤੇਰਾ ਕੰਮ ਬਣ ਗਿਆ ਹੈ, ਅਤੇ ਇਹਨਾ ਵੀਜੇ ਦੀ ਫੋਟੋ ਭੇਜ ਕੇ ਮੇਰੇ ਪਾਸੋ ਰਹਿੰਦੀ ਰਕਮ 6 ਲੱਖ ਰੁਪਏ ਵੱਖ ਵੱਖ ਅਕਾਊਟਾਂ ਵਿੱਚ ਟਰਾਂਸਫਰ ਕਰਵਾ ਲਈ । ਜਦੋਂ ਮੈਂ ਵੀਜਾ ਚੈਕ ਕਰਵਾਇਆ ਤੇ ਵੀਜਾ ਨਕਲੀ ਨਿਕਲਿਆ ਅਤੇ ਉਹਨਾਂ ਨੇ 7 ਲੱਖ ਰੁਪਏ ਵਾਪਸ ਨਹੀਂ ਕੀਤੇ। ਜਿਸ 'ਤੇ ਢਿਲਵਾਂ ਪੁਲਸ ਨੇ ਕੁਲਵਿੰਦਰ ਸਿੰਘ ਵਾਸੀ ਪੀਰੇਵਾਲ ਹਾਲ ਵਾਸੀ ਸਾਇਪ੍ਰਸ ਅਤੇ ਅੰਜਨਾ ਰਾਣੀ ਵਾਸੀ ਬਜਵਾੜਾ 'ਤੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਨਨਕਾਣਾ ਸਾਹਿਬ ਖਾਲਸਾ ਸਕੂਲ ਦਾ 12ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਸੁਲਤਾਨਪੁਰ ਲੋਧੀ (ਹਨੀ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 12ਵੀਂ ਜਮਾਤ ਦੇ ਨਤੀਜੇ 'ਚ ਸਥਾਨਕ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ ।ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਦੱਸਿਆ ਕਿ ਸੁਮੀਤ ਅਤੇ ਸਤਬੀਰ ਸਿੰਘ 86.2 ਫੀਸਦੀ ਅੰਕ ਲੈ ਕੇ ਸਾਂਝੇ ਤੌਰ 'ਤੇ ਪਹਿਲੇ ਸਥਾਨ 'ਤੇ ਰਹੇ । ਸੁਰਜੀਤ ਦੂਜੇ, ਰਾਜਵਿੰਦਰ ਕੌਰ ਤੀਜੇ, ਗੁਰਸਿਮਰਨ ਸਿੰਘ ਚੌਥੇ ਅਤੇ ਰਾਜਵਿੰਦਰ ਕੌਰ ਪੰਜਵੇਂ ਸਥਾਨ 'ਤੇ ਰਹੇ। ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਨਤੀਜਾ 100 ਫੀਸਦੀ ਰਿਹਾ ਅਤੇ 48 ਵਿਦਿਆਰਥੀਆ ਵਿੱਚੋ 45 ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ । ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਸਕੂਲ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਨਿਧੀ ਸੰਗੋਤਰਾ ਨੇ ਹੋਣਹਾਰ ਵਿਦਿਆਰਥੀਆ, ਉਣਾ ਦੇ ਮਾਪਿਆਂ ਅਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ।

## ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਨੇ 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਇਆ। ਡੇਰਾਬੱਸੀ,



ਪੰਜਾਬ - ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਨੂੰ 2024-25 ਦੇ ਅਕਾਦਮਿਕ ਸਾਲ ਲਈ 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਆਪਣੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਐਲਾਨ ਕਰਦੇ ਹੋਏ ਮਾਣ ਮਹਿਸੂਸ ਕਰਦੇ ਹਾਂ। ਇਹ ਨਤੀਜੇ ਸਕੂਲ ਦੇ ਲੋਕਾਚਾਰ ਨੂੰ ਪਰਿਭਾਸ਼ਿਤ ਕਰਨ ਵਾਲੇ ਸਮਰਪਣ, ਅਕਾਦਮਿਕ ਦ੍ਰਿੜਤਾ ਅਤੇ ਸੰਪੂਰਨ ਵਿਕਾਸ ਦਾ ਪ੍ਰਮਾਣ ਹਨ।ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਉੱਤਮਤਾ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਮੁੱਖ ਵਿਸ਼ੇਸ਼ਤਾਵਾਂ ਵਿੱਚ ਸ਼ਾਮਲ ਹਨ: ਗ੍ਰੇਡ 10ਵੀਂ ਜਮਾਤ ਦੀ ਟਾਪਰ ਅਕੁਲ ਚੌਹਾਨ ਨੇ 94% ਅੰਕ ਪ੍ਰਾਪਤ ਕੀਤੇ,ਗ੍ਰੇਡ 12ਵੀਂ ਜਮਾਤ ਦੀ ਟਾਪਰ ਸਤਿਆਰਥ ਨੇ 92% (ਮੈਡੀਕਲ) ਅੰਕ ਪ੍ਰਾਪਤ ਕੀਤੇ। ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਡਾ. ਬਸੁੰਧਰਾ ਨੇ ਮਾਣ ਪ੍ਰਗਟ ਕਰਦੇ ਹੋਏ ਕਿਹਾ: 'ਸਾਡੇ ਵਿਦਿਆਰਥੀਆਂ ਨੇ ਬੇਮਿਸਾਲ ਅਨੁਸ਼ਾਸਨ ਅਤੇ ਦ੍ਰਿੜਤਾ ਦਿਖਾਈ ਹੈ। ਇਹ ਨਤੀਜੇ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਾਡੇ ਸਮਰਪਿਤ ਅਧਿਆਪਕਾਂ ਦੁਆਰਾ ਪ੍ਰਦਾਨ ਕੀਤੇ ਗਏ ਨਿਰੰਤਰ ਮਾਰਗਦਰਸ਼ਨ ਦਾ ਪ੍ਰਤੀਬਿੰਬ ਹਨ। ਸਾਨੂੰ ਹਰ ਵਿਦਿਆਰਥੀ 'ਤੇ ਸੱਚਮੁੱਚ ਮਾਣ ਹੈ'। ਸਕੂਲ ਦੇ ਚੇਅਰਮੈਨ ਗੁਰਦੀਪ ਸਿੰਘ ਚਾਹਲ ਨੇ ਅੱਗੇ ਕਿਹਾ: 'ਇਹ ਪ੍ਰਾਪਤੀ ਗਲੋਬਲ ਵਿਜ਼ਡਮ ਵਿਖੇ ਸਿੱਖਿਆ ਦੇ ਉੱਚ ਮਿਆਰਾਂ ਅਤੇ ਕਦਰਾਂ-ਕੀਮਤਾਂ ਨੂੰ ਉਜਾਗਰ ਕਰਦੀ ਹੈ। ਇਸ ਸਫਲਤਾ ਨੂੰ ਸੰਭਵ ਬਣਾਉਣ ਵਾਲੇ ਸਾਰੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈਆਂ।' ਸਕੂਲ ਭਾਈਚਾਰਾ ਇਸ ਅਕਾਦਮਿਕ ਮੀਲ ਪੱਥਰ ਦਾ ਜਸ਼ਨ ਮਨਾਉਂਦਾ ਹੈ ਅਤੇ ਭਵਿੱਖ ਦੇ ਨੇਤਾਵਾਂ ਅਤੇ ਜੀਵਨ ਭਰ ਸਿੱਖਣ ਵਾਲਿਆਂ ਨੂੰ ਪਾਲਣ ਪੋਸ਼ਣ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖਣ ਦੀ ਉਮੀਦ ਕਰਦਾ ਹੈ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਕਪੂਰਥਲਾ (ਹਨੀ)** ਸੀ ਬੀ ਐਸ ਈ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ 'ਚ ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਇਹ ਸਾਡੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ, ਕਿ ਇਸ ਸਾਲ ਦਸਵੀਂ ਦੀ ਪ੍ਰੀਖਿਆ ਵਿੱਚ ਅਦਾਰੇ ਦੇ 78 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸਕੂਲ ਦਾ ਨਤੀਜਾ 100 ਫੀਸਦੀ ਰਿਹਾ । ਉਨ੍ਹਾਂ ਦੱਸਿਆ ਕਿ ਚਾਰ ਵਿਦਿਆਰਥੀਆਂ ਨੇ 90 - 100 ਫੀਸਦੀ, 18 ਵਿਦਿਆਰਥੀਆਂ ਨੇ 80 - 89.9 ਫੀਸਦੀ, 22 ਵਿਦਿਆਰਥੀਆਂ ਨੇ 70 - 79.9 ਫੀਸਦੀ ਅਤੇ 13 ਵਿਦਿਆਰਥੀਆਂ ਨੇ 60 - 69.9 ਫੀਸਦੀ ਅੰਕ ਹਾਸਲ ਕਰਕੇ ਅਦਾਰੇ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਨਵਪ੍ਰੀਤ ਕੌਰ ਨੇ 94.2 ਫੀਸਦੀ ਅੰਕ ਹਾਸਲ ਕਰਕੇ ਪਹਿਲਾ, ਜੈਸਮੀਨ ਕੌਰ ਨੇ 91.8 ਫੀਸਦੀ ਅੰਕਾਂ ਨਾਲ ਦੂਸਰਾ, ਯੁਵਰਾਜ ਸਿੰਘ ਗੋਰਾਇਆ ਨੇ 91.4 ਫੀਸਦੀ ਅੰਕਾਂ ਨਾਲ ਤੀਸਰਾ, ਵਿਵੇਕ ਕੁਮਾਰ ਨੇ 90.6 ਫੀਸਦੀ ਅੰਕਾਂ ਨਾਲ ਚੌਥਾ ਅਤੇ ਨੋਬਲਪ੍ਰੀਤ ਕੌਰ ਨੇ 88.2 ਫੀਸਦੀ ਅੰਕ ਹਾਸਲ ਕਰਕੇ ਪੰਜਵਾਂ ਸਥਾਨ ਹਾਸਲ ਕੀਤਾ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਮੋਂਗਾ ਨੇ ਹੋਣਹਾਰ ਵਿਦਿਆਰਥੀਆਂ, ਉਨਾਂ ਦੇ ਮਾਪਿਆਂ ਅਤੇ ਸਟਾਫ ਮੈਂਬਰਾਂ ਨੂੰ ਇਸ ਉਪਲਬਧੀ 'ਤੇ ਵਧਾਈ ਦਿੱਤੀ ।

## ਪਾਣੀਆਂ ਦੀ ਰਾਖੀ ਲਈ ਗੰਭੀਰਤਾ ਨਾਲ ਪਹਿਰਾ ਦੇਣਾ ਚਾਹੀਦੈ : ਸਰਹਾਲ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬੀਆਂ ਨੂੰ ਹਰ ਤਰ੍ਹਾਂ ਦੀ ਧੜੇਬੰਦੀ, ਰਾਜਨੀਤਿਕ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਾਣੀਆਂ ਦੀ ਰਾਖੀ ਲਈ ਗੰਭੀਰਤਾ ਨਾਲ ਪਹਿਰਾ ਦੇਣਾ ਚਾਹੀਦਾ ਹੈ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹੱਕਾਂ ਦੀ ਰਾਖੀ ਕਰਨਾ ਸਾਡਾ ਫਰਜ਼ ਵੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਆਪ ਹਲਕਾ ਇੰਚਾਰਜ ਬੰਗਾ ਦੇ ਕੁਲਜੀਤ ਸਿੰਘ ਸਰਹਾਲ ਨੇ ਕੀਤਾ ਤੇ ਕਿਹਾ ਕਿ ਪੰਜਾਬ ਤੇ ਹਰਿਆਣਾ ਦੇ ਪਾਣੀ ਦੇ ਵਿਵਾਦ ਦਾ ਮੁੱਦਾ ਕੇਂਦਰ ਵਲੋਂ ਧੱਕੇ ਨਾਲ ਪੰਜਾਬ ਦੇ ਪਾਣੀਆਂ ਦੀ ਲੁੱਟ ਕੀਤੀ ਜਾ ਰਹੀ ਹੈ ਪਰੰਤੂ ਅਸੀਂ ਇਹ ਲੁੱਟ ਨਹੀਂ ਹੋਣ ਦਿਆਂਗੇ। ਸਰਹਾਲ ਨੇ ਕਿਹਾ ਕਿ ਅਸੀਂ ਆਪਣੇ ਹਿੱਸੇ ਦੇ ਪਾਣੀ ਦੀ ਇੱਕ ਵੀ ਬੂੰਦ ਦੀ ਲੁੱਟ ਨਹੀਂ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ ਭਾਵੇਂ ਉਹ ਕਾਂਗਰਸ ਦੀ ਰਹੀ ਹੋਵੇ ਜਾਂ ਬੀਜੇਪੀ ਸਰਕਾਰ ਹੋਵੇ, ਪੰਜਾਬ ਨਾਲ ਸਦਾ ਹੀ ਪੱਖਪਾਤ ਵਾਲਾ ਰਵੱਈਆ ਅਪਣਾਇਆ ਜਾਂਦਾ ਹੈ ਪੰਜਾਬ ਕੋਲ ਤਾਂ ਪਹਿਲਾਂ ਹੀ ਪਾਣੀ ਦੀ ਘਾਟ ਹੈ ਅਤੇ ਦੂਸਰੇ ਕਿਸੇ ਸੂਬੇ ਨੂੰ ਦੇਣ ਲਈ ਸਾਡੇ ਕੋਲ ਪਾਣੀ ਦੀ ਇੱਕ ਬੂੰਦ ਵੀ ਵਾਧੂ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਦੂਸਰੇ ਸੂਬੇ ਦੀ ਖਾਧ ਖੁਰਾਕ ਦੀ ਪੂਰਤੀ ਲਈ ਅਸੀਂ ਆਪਣਾ ਧਰਤੀ ਹੇਠਲਾ ਪਾਣੀ ਪਹਿਲਾਂ ਹੀ ਗੁਆ ਚੁੱਕੇ ਹਾਂ। ਪਾਣੀ ਦਾ ਪੱਧਰ ਪਹਿਲਾਂ ਹੀ ਮੁੱਕਣ ਕਿਨਾਰੇ ਪੁੱਜ ਚੁੱਕਾ ਹੈ ਤੇ ਸਾਨੂੰ ਹੁਣ ਨਹਿਰੀ ਪਾਣੀ ਦੀ ਸਖਤ ਲੋੜ ਹੈ।



## ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਦਾ 100 ਫੀਸਦੀ ਨਤੀਜਾ

**ਬੰਗਾ (ਅਵਤਾਰ ਕਲੇਰ)** ਸੀ.ਬੀ.ਐਸ.ਈ. ਬੋਰਡ ਤੋਂ ਮਾਨਤਾ ਪ੍ਰਾਪਤ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ-ਕਲੇਰਾਂ ਦੀ ਸ਼ੈਸ਼ਨ 2024-25 ਦੀ ਕਲਾਸ 10+2 ਦੇ ਆਰਟਸ, ਕਾਮਰਸ, ਨਾਨ ਮੈਡੀਕਲ ਅਤੇ ਮੈਡੀਕਲ ਗਰੁੱਪਾਂ ਦਾ ਨਤੀਜਾ 100% ਫੀਸਦੀ ਰਿਹਾ ਹੈ । ਸਕੂਲ ਵਿਚ ਕਾਮਰਸ ਗਰੁੱਪ ਦੀ ਵਿਦਿਆਰਥੀ ਨਿੰਦਰਜੀਤ ਕੌਰ ਪੁੱਤਰੀ ਲਖਵੀਰ ਸਿੰਘ-ਜਸਵਿੰਦਰ ਕੌਰ ਨੇ 94.6% ਅੰਕ ਪ੍ਰਾਪਤ ਕਰਕੇ ਆਲ ਓਵਰ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਸਕੂਲ ਦੇ ਡਾਇਰੈਕਟਰ ਪ੍ਰੋ: ਹਰਬੰਸ ਸਿੰਘ ਬੋਲੀਨਾ ਅਤੇ ਪ੍ਰਿੰਸੀਪਲ ਮੈਡਮ ਵਨੀਤਾ ਚੋਟ ਨੇ ਦੱਸਿਆ ਕਿ 10+2 ਕਲਾਸ ਦੇ ਮੈਡੀਕਲ ਗੁਰੱਪ ਵਿਚੋਂ ਪ੍ਰਤੀਕ ਚੌਹਾਨ ਪੁੱਤਰ ਜੋਗਿੰਦਰ ਰਾਮ-ਮਨਜੀਤ ਕੌਰ ਪਿੰਡ ਖਾਨ ਖਾਨਾ ਨੇ 88.8% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਸੁਖਮਨੀ ਕੌਰ ਪੁੱਤਰੀ ਸੁਖਵਿੰਦਰ ਸਿੰਘ-ਇੰਦਰਜੀਤ ਕੌਰ ਪਿੰਡ ਮੰਢਾਲੀ ਨੇ 87.2% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ । ਜਦ ਕਿ ਨਿਕਤਾ ਬਸਰਾ ਪੁੱਤਰੀ ਜੀਤ ਰਾਮ-ਸਰਬਜੀਤ ਕੌਰ ਪਿੰਡ ਕੰਗਰੋੜ ਨੇ 87 % ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਨਾਨ-ਮੈਡੀਕਲ ਗੁਰੱਪ ਵਿਚ ਜੁਝਾਰ ਸਿੰਘ ਪੁੱਤਰ ਸਤਵਿੰਦਰ ਸਿੰਘ-ਇੰਦਰਜੀਤ ਕੌਰ ਪਿੰਡ ਸਰਹਾਲ ਮੁੰਡੀ ਨੇ 88% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਨਰੀਤ ਕੌਰ ਪੁੱਤਰੀ ਨੱਛਤਰ ਸਿੰਘ-ਬਲਜਿੰਦਰ ਕੌਰ ਬਾਹੜੋਵਾਲ ਨੇ 86.6% ਅੰਕ ਪ੍ਰਾਪਤ ਕਰਕੇ



ਦੂਜਾ ਸਥਾਨ, ਗੁਰਸਿਮਰਨ ਕੌਰ ਪੁੱਤਰੀ ਕਰਮਜੀਤ ਸਿੰਘ-ਹਰਪ੍ਰੀਤ ਕੌਰ ਪਿੰਡ ਹੀਉ ਨੇ 80.6% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਜਦੋਂ ਕਿ 10+2 ਕਾਮਰਸ ਗਰੁੱਪ ਵਿਚ ਨਿੰਦਰਜੀਤ ਕੌਰ ਪੁੱਤਰੀ ਲਖਵੀਰ ਸਿੰਘ-ਜਸਵਿੰਦਰ ਕੌਰ ਪਿੰਡ ਬਾਹੜੋਵਾਲ ਨੇ 94.6% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਪ੍ਰਾਚੀ ਪੁੱਤਰੀ ਸੰਜੀਵ ਕੁਮਾਰ-ਸਾਰਿਕਾ ਪਿੰਡ ਫਰਾਲਾ ਨੇ 93% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਤੀਜਾ ਸਥਾਨ ਸੁਖਮਨ ਸਿੰਘ ਪੁੱਤਰ ਇਕਬਾਲ ਸਿੰਘ-ਸੁਖਜਿੰਦਰ ਕੌਰ ਪਿੰਡ ਝੰਡੇਰ ਕਲਾਂ ਨੇ 92.2 %ਅੰਕ ਪ੍ਰਾਪਤ ਕਰਕੇ ਕੀਤਾ।ਆਰਟਸ ਗਰੁੱਪ ਵਿਚ ਪ੍ਰਭਜੋਤ ਸਿੰਘ ਪੁੱਤਰ ਪ੍ਰਦੀਪ ਸਿੰਘ-ਸੁਰਿੰਦਰਜੀਤ ਕੌਰ ਪਿੰਡ ਚਾਹੜਾ ਨੇ 93% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਦੂਜਾ ਸਥਾਨ ਚੰਦਨ ਭਰਦਵਾਜ ਪੁੱਤਰ ਸੰਜੀਵ ਕੁਮਾਰ-ਤਮੰਨਾ ਰਾਣੀ ਪਿੰਡ ਕਲੇਰਾਂ ਨੇ 78.6%ਅੰਕਾਂ ਨਾਲ ਅਤੇ ਤੀਜਾ ਸਥਾਨ ਰਾਧਿਕਾ ਪੁੱਤਰੀ ਸੁਰਿੰਦਰ ਕੁਮਾਰ-ਮਮਤਾ ਰਾਣੀ ਪਿੰਡ ਕਲੇਰਾਂ ਨੇ 78.4 %ਅੰਕ ਪ੍ਰਾਪਤ ਕਰਕੇ ਕੀਤਾ। ਸਕੂਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ 10+2 ਕਲਾਸ ਦੇ ਸਮੂਹ ਵਿਦਿਆਰਥੀਆਂ ਨੂੰ, ਕਲਾਸ ਇੰਚਾਰਜਾਂ, ਅਧਿਆਪਕਾਂ,ਸਕੂਲ ਪ੍ਰਿੰਸੀਪਲ ਅਤੇ ਡਾਰਿਕਟਰ ਸਿੱਖਿਆਂ ਨੂੰ ਸ਼ਾਨਦਾਰ ਨਤੀਜੇ ਲਈ ਹਾਰਦਿਕ ਵਧਾਈਆਂ ਦਿੱਤੀਆਂ।

## ਮੇਹਰਚੰਦ ਪੋਲੀਟੈਕਨਿਕ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਨੇ ਜਿੱਤੇ ਸੋਨੇ ਤੇ ਕਾਂਸੇ ਦੇ ਮੈਡਲ

**ਜਲੰਧਰ (ਸ਼ੈਲੀ ਐਲਬਰਟ)** ਮੇਹਰਚੰਦ ਪੋਲੀਟੈਕਨਿਕ ਦੇ ਪਹਿਲੇ ਸਾਲ ਦੇ ਛੇ ਵਿਦਿਆਰਥੀਆਂ ਨੇ ਮਾਈ ਭਾਗੋ ਸਰਕਾਰੀ ਪੋਲੀਟੈਕਨਿਕ ਲੜਕੀਆਂ ਅਮ੍ਰਿਤਸਰ ਵਿੱਖੇ ਹੋਏ ਇੰਟਰ ਪੋਲੀਟੈਕਨਿਕ ਸਟੇਟ ਪੀ.ਟੀ.ਆਈ.ਐਸ ਟੈਕ ਫੈਸਟ ਵਿੱਚ ਮੱਲਾ ਮਾਰਦਿਆਂ ਪ੍ਰੋਜੈਕਟ ਮੇਕਿੰਗ ਵਿੱਚ ਗੋਲਡ ਮੈਡਲ ਤੇ ਪੇਪਰ ਪ੍ਰੀਜੈਂਟੇਸ਼ਨ ਵਿੱਚ ਕਾਂਸੇ ਦਾ ਮੈਡਲ ਜਿੱਤ ਕੇ ਕਾਲਜ ਦਾ ਨਾਂ ਚਮਕਾਇਆ ਹੈ। ਇਸ ਟੈਕ ਫੈਸਟ ਵਿੱਚ ਵੱਖੋ-ਵੱਖ ਕਾਲਜਾਂ ਦੀਆਂ 40 ਟੀਮਾਂ ਨੇ ਸ਼ਮੂਲੀਅਤ ਕੀਤੀ ਸੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਟੈਕ ਫੈਸਟ ਵਿੱਚ ਆਮ ਤੌਰ ਤੇ ਸੈਕੰਡ ਤੇ ਫਾਈਨਲ ਦੇ ਵਿਦਿਆਰਥੀ ਹੀ ਹਿੱਸਾ ਲੈਂਦੇ ਸਨ, ਪਰ ਮੇਹਰਚੰਦ ਦੇ ਅਪਲਾਇਡ ਸਾਇੰਸ ਵਿਭਾਗ ਦੇ ਚਾਰ ਵਿਦਿਆਰਥੀ ਹਰਜੋਤ ਸਿੰਘ, ਗੁਰਸਿਦਕ ਸਿੰਘ, ਪਾਰਥ ਪਰਸਾਰ ਤੇ ਰਾਜਦੀਪ ਸਿੰਘ ਨੇ ਐਮਬੀਂਅਟ ਗਾਰਜੀਅਨ ਆਟੋਮੇਸ਼ਨ ਸਿਸਟਮ ਬਣਾ ਕੇ ਬਿਜਲੀ ਦੀ ਬੱਚਤ ਦਾ ਮਹੱਤਵਪੂਰਨ



ਪ੍ਰੋਜੈਕਟ ਲੋਕਾਂ ਨੂੰ ਸਮਝਾਇਆ ਤੇ ਸਟੇਟ ਵਿੱਚ ਸੋਨੇ ਦਾ ਮੈਡਲ ਹਾਸਿਲ ਕੀਤਾ। ਇਸੇ ਤਰ੍ਹਾਂ ਅਨਾਮਿਕਾ ਝਾਅ ਤੇ ਕੇਸ਼ਵ ਕੁਮਾਰ ਨੇ ਲਾਰਜ ਹੈਡਰਾਨ ਕੋਲਾਈਡਰ ਉੱਤੇ ਪੇਪਰ ਪ੍ਰੀਜੈਂਟਸ਼ਨ ਰਾਹੀ ਚਾਨਣਾ ਪਾਇਆ ਤੇ ਤੀਜਾ ਇਨਾਮ ਹਾਸਿਲ ਕਰਕੇ ਕਾਂਸੇ ਦਾ ਮੈਡਲ ਜਿੱਤਿਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਹ ਵੀ ਦੱਸਿਆ ਕਿ ਇਹਨਾ ਵਿਦਿਆਰਥੀਆਂ ਨੂੰ ਟਰਾਫੀ ਤਾਂ ਦਿੱਤੀ ਗਈ ਪਰ ਕੈਸ਼ ਐਵਾਰਡ ਨਹੀਂ ਦਿੱਤਾ ਗਿਆ। ਇਸਦੇ ਪਿੱਛੇ ਕਾਰਣ ਪਹਿਲੇ ਸਾਲ ਦੇ ਵਿਦਿਆਰਥੀ ਹੋਣਾ ਸੀ ਤੇ ਇਹ ਕੈਸ਼ ਇਨਾਮ ਉਹਨਾਂ ਦੀ ਰੂਲ ਬੁਕ ਵਿੱਚ ਸ਼ਾਮਿਲ ਨਹੀਂ ਸੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਕਾਲਜ ਵਲੋਂ ਇਨ੍ਹਾਂ ਬੱਚਿਆਂ ਨੂੰ ਕ੍ਰਮਵਾਰ 5000 ਰੁਪਏ ਤੇ 2000 ਰੁਪਏ ਕੈਸ਼ ਐਵਾਰਡ ਵੀ ਦਿੱਤਾ ਤਾਂ ਜੋ ਇਹਨਾਂ ਦੇ ਉਤਸ਼ਾਹ ਵਿੱਚ ਕੋਈ ਕਮੀ ਨਾ ਆਵੇ ਤੇ ਆਉਂਦੇ ਸਾਲਾਂ ਵਿੱਚ ਵੀ ਉਮਦਾ ਪ੍ਰਦਸ਼ਨ ਕਰਨ। ਉਹਨਾਂ ਅਪਲਾਇਡ ਸਾਇੰਸ ਵਿਭਾਗ ਦੇ ਮੁੱਖੀ ਮੈਡਮ ਮੰਜੂ ਮਨਚੰਦਾ, ਸਟੂਡੈਂਟ ਚੈਪਟਰ ਦੇ ਅਡਵਾਇਜ਼ਰ ਡਾ. ਰਾਜੀਵ ਭਾਟੀਆ ਤੇ ਅਪਲਾਈਡ ਸਾਈਂਸ ਦੇ ਸਟਾਫ ਅਕੁੰਸ਼ ਸ਼ਰਮਾ ਤੇ ਦੂਜੇ ਸਟਾਫ਼ ਮੈਬਰਾਂ ਨੂੰ ਵਧਾਈ ਦਿੱਤੀ।

## ਫਾਲਕਨ ਇੰਟਰਨੈਸ਼ਨਲ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਸੁਲਤਾਨਪੁਰ ਲੋਧੀ ( ਹਨੀ )** ਸੀ ਬੀ ਐੱਸ ਈ ਵੱਲੋਂ ਐਲਾਨੇ ਦੱਸਵੀਂ ਜਮਾਤ ਦੇ ਨਤੀਜੇ 'ਚ ਫਾਲਕਨ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਾਇਸ ਪ੍ਰਿੰਸੀਪਲ



ਰਵਿੰਦਰਜੀਤ ਕੌਰ ਨੇ ਦੱਸਿਆ ਕਿ ਜਸਮੀਤ ਕੌਰ ਨੇ 90 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲੇ, ਗੁਲਨੂਰ ਕੌਰ ਅਤੇ ਜੈਸਮੀਨ ਰਾਏ 85 ਫੀਸਦੀ ਅੰਕਾਂ ਨਾਲ ਸਾਂਝੇ ਤੌਰ 'ਤੇ ਦੂਜੇ ਅਤੇ ਤਨੀਸ਼ਕਾ 82 ਫੀਸਦੀ ਅੰਕਾਂ ਨਾਲ ਤੀਜੇ ਸਥਾਨ 'ਤੇ ਰਹੀ । ਜਦਕਿ ਹਰਸ਼ਿਤ ਅਰੋੜਾ ਨੇ 81 ਫੀਸਦੀ ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕਰਨ ਵਿਚ ਸਫਲ ਰਹੀ । ਅਦਾਰੇ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਮੈਨੇਜਿਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਹੋਣਹਾਰ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ ।

## ਨਾਮ ਸਿਮਰਨ ਕਰਕੇ ਆਪਣੇ ਅੰਦਰੋਂ ਹੀ ਪ੍ਰਭੂ ਨੂੰ ਹਾਸਲ ਕਰਨਾ ਚਾਹੀਦੈ : ਬਾਬਾ ਸ਼ੇਰ ਸਿੰਘ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਇਨਸਾਨ ਸੁੱਖ ਦੀ ਭਾਲ ਲਈ ਹਰ ਕੋਸ਼ਿਸ਼ ਕਰਦਾ ਹੈ ਅਤੇ ਇਨ੍ਹਾਂ ਕੋਸ਼ਿਸ਼ਾਂ ਸਦਕਾ ਉਹ ਅਕਸਰ ਭਟਕ ਜਾਂਦਾ ਹੈ ਤੇ ਮਾੜੇ ਕਰਮ ਕਰਨ ਚ ਲੱਗ ਜਾਂਦਾ ਹੈ। ਸੁਖ ਇਨਸਾਨ ਨੂੰ ਆਪਣੇ ਅੰਦਰੋਂ ਹੀ ਮਿਲ ਸਕਦਾ ਹੈ ਜਿੱਥੇ ਕਿ ਉਹ ਜਾਣ ਦੀ ਕੋਸ਼ਿਸ਼ ਹੀ ਨਹੀਂ ਕਰਦਾ। ਦੁਨੀਆਂ ਦੇ ਸੁੱਖ ਪ੍ਰਾਪਤ ਕਰਨ ਲਈ ਸੰਤ ਮਹਾਂਪੁਰਸ਼ਾਂ ਦੇ ਦਰਸ਼ਾਏ ਮਾਰਗ ਤੇ ਚੱਲਦਾ ਹੋਇਆ ਜਿਹੜਾ ਇਨਸਾਨ ਬੈਠ ਕੇ ਅੱਖਾਂ ਬੰਦ ਕਰਕੇ ਨਾਮ ਸਿਮਰਨ ਕਰਦਾ ਹੋਇਆ ਆਪਣੇ ਅੰਦਰ ਹੀ ਪਰਮਾਤਮਾ ਨਾਲ ਜੁੜ ਜਾਂਦਾ ਹੈ ਉਹ ਇਨਸਾਨ ਹੀ ਸੁੱਖ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਸਰਾ ਕਲੀਅਰ ਸ਼ਰੀਫ ਅਹਿਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਦੇ ਇਕੱਠ ਨੂੰ ਆਪਣੇ ਪ੍ਰਵਚਨਾਂ ਰਾਹੀਂ ਗੁਰੂ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਕਿਹਾ ਕਿ ਇਸ ਦੁਨੀਆ ਵਿੱਚ ਭਾਵੇਂ ਕੋਈ ਅਮੀਰ ਹੋਵੇ ਭਾਵੇਂ ਗਰੀਬ ਸਾਰੇ ਹੀ ਕਾਲ ਦੇ ਜੇਲ੍ਹਖਾਨੇ ਵਿੱਚ ਕੈਦ ਹਨ ਅਤੇ ਇਸ ਜਾਲ ਤੋਂ ਛੁਟਕਾਰਾ ਪਾਉਣ ਦਾ ਇੱਕੋ ਇੱਕ ਰਸਤਾ ਪ੍ਰਭੂ ਨਾਮ ਸਿਮਰਨ ਦਾ ਹੀ ਹੈ, ਇਸ ਲਈ ਸੰਤ ਮਹਾਂਪੁਰਸ਼ਾਂ ਤੋਂ ਨਾਮ ਦਾ ਭੇਦ ਲੈ ਕੇ ਪ੍ਰਭੂ ਦਾ ਨਾਮ ਸਿਮਰਨ ਕਰੋ ਤਾਂ ਜੋ ਕਾਲ ਦੇ ਜਾਲ ਤੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕੇ।ਉਨ੍ਹਾਂ ਕਿਹਾ ਕਿ ਪ੍ਰਭੂ ਦਾ ਨਾਮ ਸਿਮਰਨ ਉਹ ਇਨਸਾਨ ਹੀ ਕਰ ਸਕਦਾ ਹੈ ਜਿਹੜੇ ਇਨਸਾਨ ਆਪਣੇ ਅੰਦਰ ਦੇ ਅਹੰਕਾਰ ਦਾ ਤਿਆਗ ਕਰਕੇ ਹਰ ਇੱਕ ਦਾ ਭਲਾ ਮੰਗਦੇ ਹਨ। ਉਨ੍ਹਾਂ ਕਿਹਾ ਕਿ ਅਹੰਕਾਰ ਨੂੰ ਮਾਰਨ ਲਈ ਗੁਰੂ ਘਰ ਦੀ ਸੱਚੇ ਮਨ ਨਾਲ ਸੇਵਾ ਕਰਨੀ ਚਾਹੀਦੀ ਹੈ ਅਤੇ ਆਪਣੀ ਕਿਰਤ ਕਮਾਈ ਦਾ ਕੁਝ ਹਿੱਸਾ ਜਰੂਰਤਮੰਦ ਪਰਿਵਾਰਾਂ ਨੂੰ ਜਰੂਰ ਦਾਨ ਕਰਨਾ ਚਾਹੀਦਾ ਹੈ ਤਾਂ ਜੋ ਮਨ ਨਿਰਮਲ ਤੇ ਸ਼ਾਂਤ ਹੋ ਕੇ ਨਾਮ ਸਿਮਰਨ ਕਰਦਾ ਹੋਇਆ ਅਕਾਲ ਪੁਰਖ ਦੀ ਸ਼ਰਨ ਨਾਲ ਜੁੜ ਜਾਵੇ।ਉਨ੍ਹਾਂ ਕਿਹਾ ਕਿ ਹਰ ਇਨਸਾਨ ਨੂੰ ਸਤਿਸੰਗਾਂ ਵਿੱਚ ਜਰੂਰ ਜਾਣਾ ਚਾਹੀਦਾ ਹੈ ਅਤੇ ਸੰਤਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਤਾਂ ਜੋ ਇਨਸਾਨੀ ਜਾਮੇ ਦਾ ਅਸਲ ਮਕਸਦ ਹਾਸਿਲ ਕੀਤਾ ਜਾ ਸਕੇ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ 'ਤੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ ਮੀਰਾ ਹਸਨ, ਦੇਵੀਕਾ, ਰਾਜੇਸ਼ ਜਸਰਾ, ਗੁਰਨਾਮ ਸਿੰਘ, ਗੁਰਬਖਸ਼ ਸਿੰਘ, ਰਾਮ ਲੁਭਾਇਆ, ਬਿਮਲਾ ਦੇਵੀ, ਨਿਰਮਲ ਕੌਰ, ਗੁਰਬਖਸ਼ ਕੌਰ ਅਤੇ ਹੋਰ ਸੰਗਤ ਨੇ ਬਾਬਾ ਜੀ ਦੇ ਦਰਬਾਰ 'ਚ ਹਾਜਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

## ਸਰਕਾਰੀ ਹਾਈ ਸਕੂਲ ਮੂਨਕ ਕਲਾਂ ਦੀ ਬਿਹਤਰੀ ਵਾਸਤੇ ਵਿੱਤੀ ਸਹਾਇਤਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸਰਕਾਰੀ ਹਾਈ ਸਕੂਲ ਮੂਨਕ ਕਲਾਂ ਦੀ ਬੇਹਤਰੀ ਅਤੇ ਚੱਲ ਰਹੇ ਵਿਕਾਸ ਵਾਸਤੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਮੂਨਕ ਖੁਰਦ ਦੇ ਹੈਡ ਗ੍ਰੰਥੀ ਪ੍ਰਵਾਸੀ ਭਾਰਤੀ ਗਿਆਨੀ ਅਮਰਜੀਤ ਸਿੰਘ ਕਨੇਡਾ ਵੱਲੋਂ ਬੀਤੇ ਸਹਾਇਤਾ ਭੇਂਟ ਕੀਤੀ ਗਈ ਹੈ। ਉਹਨਾਂ ਵੱਲੋਂ ਭੇਜੀ ਗਈ ਇਹ ਵਿੱਤੀ ਸਹਾਇਤਾ ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਮੈਨੇਜਰ ਉੱਘੇ ਸਮਾਜ ਸੇਵੀ ਪੰਚ ਸਰਬਜੀਤ ਸਿੰਘ ਮੋਮੀ ਨੇ ਸਕੂਲ ਮੁੱਖ ਅਧਿਆਪਕ ਅਵਤਾਰ ਸਿੰਘ ਨੂੰ ਭੇਂਟ ਕੀਤੀ। ਇਸ ਮੌਕੇ ਮੁੱਖ ਅਧਿਆਪਕ ਅਵਤਾਰ ਸਿੰਘ ਤੇ ਮਾਸਟਰ ਜਗਜੀਤ ਸਿੰਘ ਨੇ ਗਿਆਨੀ ਅਮਰਜੀਤ ਸਿੰਘ ਮੂਨਕਾਂ ਦੇ ਇਸ ਉੱਦਮ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਹਨਾਂ ਵੱਲੋਂ ਸਕੂਲ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਸੀ। ਇਸ ਮੌਕੇ ਹੈਡ ਮਾਸਟਰ ਅਵਤਾਰ ਸਿੰਘ ਨੇ ਦੱਸਿਆ ਕਿ ਪਿੰਡ ਦੇ ਹੋਰਨਾਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਕੂਲ ਵਿੱਚ ਵੱਖ-ਵੱਖ ਕਾਰਜ ਕਰਦੇ ਹੋਏ ਸਕੂਲ ਦੀ ਨੁਹਾਰ ਬਦਲੇ ਗਈ ਹੈ ਤੇ ਸਕੂਲ ਦੀ ਐਂਟਰੀ ਵਾਲਾ ਗੇਟ ਨਵੇਂ ਸਿਰੇ ਤੋਂ ਉਸਾਰਿਆ ਗਿਆ ਹੈ। ਇਸ ਮੌਕੇ ਸਰਬਜੀਤ ਸਿੰਘ ਮੋਮੀ ਅਤੇ ਸਮਾਜ ਸੇਵੀ ਸੁਰਜੀਤ ਸਿੰਘ ਭਾਰਦਵਾਜ਼ ਨੇ ਕਿਹਾ ਕਿ ਗ੍ਰਾਮ ਪੰਚਾਇਤ ਵੱਲੋਂ ਵੀ ਆਪਣੇ ਪੱਧਰ 'ਤੇ ਉਪਰਾਲੇ ਕਰਦੇ ਹੋਏ ਸਕੂਲ ਦੀ ਬਿਹਤਰੀ ਵਾਸਤੇ ਯੋਗਦਾਨ ਪਾਇਆ ਜਾਵੇਗਾ। ਇਸ ਸਮੇਂ ਹੈਡਮਾਸਟਰ ਅਵਤਾਰ ਸਿੰਘ ਤੇ ਮਾਸਟਰ ਜਗਜੀਤ ਸਿੰਘ ਨੇ ਦੱਸਿਆ ਕਿ ਗਿਆਨੀ ਅਮਰਜੀਤ ਸਿੰਘ ਤੋਂ ਇਲਾਵਾ ਮਾਸਟਰ ਹਰਚਰਨ ਸਿੰਘ ਸਪੁੱਤਰ ਹਰਭਜਨ ਸਿੰਘ ਵਾਸੀ ਮੂਨਕ ਕਲਾਂ ਵੱਲੋਂ ਵੀ ਸਕੂਲ ਵਾਸਤੇ ਵਿੱਤੀ ਸਹਾਇਤਾ ਭੇਟ ਕੀਤੀ ਗਈ ਹੈ। ਇਸ ਮੌਕੇ ਜਥੇਦਾਰ ਪਰਮਜੀਤ ਸਿੰਘ ਖਾਲਸਾ, ਮਾਸਟਰ ਜਗਜੀਤ ਸਿੰਘ, ਮੈਡਮ ਰਜਵਿੰਦਰ ਕੌਰ, ਮੈਡਮ ਬਲਜੀਤ ਕੌਰ, ਸਤਵਿੰਦਰ ਸੈਣੀ, ਲਵਲੀਨ ਕੌਰ, ਸ਼ਸ਼ੀ ਕੁਮਾਰੀ, ਸੰਦੀਪ ਕੌਰ, ਗਗਨਦੀਪ ਸਿੰਘ, ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

## ਮਦਰਜ਼ ਪਰਾਈਡ ਸੀ ਬੀ ਐੱਸ ਈ ਸਕੂਲ ਮਲਸੀਆਂ ਦੇ ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਨਤੀਜੇ 100 ਫ਼ੀਸਦੀ

**ਸ਼ਾਹਕੋਟ (ਗਿਆਨ ਸੈਦਪੁਰੀ)** ਮਦਰਜ਼ ਪਰਾਈਡ ਸੀ ਬੀ ਐਸ ਈ ਬੋਰਡ ਵੱਲੋਂ ਦਸਵੀਂ ਅਤੇ ਬਾਰਵੀਂ ਜਮਾਤਾਂ ਦੇ ਨਤੀਜੇ ਐਲਾਨੇ ਗਏ, ਜੋ ਕਿ ਇਸ ਵਾਰ ਵੀ 100 ਫੀਸਦੀ ਰਹੇ। ਇਹ ਨਤੀਜਾ ਸਕੂਲ ਦੀ ਉੱਚ ਪਾਠਨ ਪੱਧਰੀ ਮਿਹਨਤ ਅਤੇ ਵਿਦਿਆਰਥੀਆਂ ਦੀ ਲਗਨ ਦਾ ਸਫਲ ਪਰਿਣਾਮ ਹੈ।ਬਾਰਵੀਂ ਜਮਾਤ ਵਿੱਚ ਸੁਪਰ ਮੈਡੀਕਲ ਵਿਭਾਗ ਵਿੱਚੋਂ ਕਿਰਨਪ੍ਰੀਤ ਕੌਰ ਨੇ 90.4 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਆਰਟਸ ਵਿੱਚ ਜਸਦੀਪ ਕੌਰ ਨੇ 86 ਪ੍ਰਤੀਸ਼ਤ ਅਤੇ ਕਮਰਸ ਵਿਚੋਂ ਨਵਦੀਪ ਕੌਰ ਅਤੇ ਕਾਜਲਪ੍ਰੀਤ ਕੌਰ ਨੇ 86.5 ਪ੍ਰਤੀਸ਼ਤ ਅੰਕ ਲਏ। ਮੈਡੀਕਲ ਵਿਭਾਗ ਜਾਨਵੀ ਨੇ 83.8 ਪ੍ਰਤੀਸ਼ਤ, ਪ੍ਰਿੰਸਪਲ ਸਿੰਘ ਨੇ 80 ਪ੍ਰਤੀਸ਼ਤ, ਸਤਵੀਰ ਸਿੰਘ ਨੇ 80.8 ਪ੍ਰਤੀਸ਼ਤ ਅਤੇ ਖੁਸ਼ਪ੍ਰੀਤ ਕੌਰ ਨੇ 81.1 ਪ੍ਰਤੀਸ਼ਤ ਅੰਕ ਹਾਸਲ ਕੀਤੇ।ਇਸੇ ਤਰ੍ਹਾਂ ਜਸਮੀਨ ਕੌਰ ਮਠਾੜੂ ਨੇ ਆਈਟੀ ਵਿੱਚੋ 100/100, ਜਾਨਵੀ ਨੇ ਫਿਜੀਕਲ ਐਜੂਕੇਸ਼ਨ ਵਿੱਚ 98/100, ਕਿਰਨਪ੍ਰੀਤ ਕੌਰ ਨੇ ਅੰਗਰੇਜ਼ੀ, ਕੈਮਿਸਟਰੀ ਅਤੇ ਬਾਇਲੋਜੀ ਵਿੱਚ ਉੱਚ ਅੰਕ ਪ੍ਰਾਪਤ ਕੀਤੇ। ਜਸਦੀਪ ਕੌਰ ਨੇ ਪੰਜਾਬੀ ਵਿਸ਼ੇ ਵਿੱਚ 95/100 ਅੰਕ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ।ਦਸਵੀਂ ਜਮਾਤ ਵਿੱਚ ਮਨਵੀਰ ਕੌਰ ਨੇ 90.4 ਪ੍ਰਤੀਸ਼ਤ, ਕਮਲਪ੍ਰੀਤ ਕੌਰ ਨੇ 88 ਪ੍ਰਤੀਸ਼ਤ ਅਤੇ ਮੁਸਕਾਨ ਸ਼ਰਮਾ ਨੇ 86.6 ਪ੍ਰਤੀਸ਼ਤ ਅੰਕ ਲੈ ਕੇ ਪਹਿਲੇ ਤਿੰਨ ਸਥਾਨ ਹਾਸਲ ਕੀਤੇ।ਸਕੂਲ ਦੀ ਚੇਅਰਪਰਸਨ ਕੁਮਾਰੀ ਅਰੁਣ ਜਸਲ ਅਤੇ ਪ੍ਰਿੰਸੀਪਲ ਰਜਨਾ ਬਾਲਾ ਨੇ ਨਤੀਜਿਆਂ ਉਤੇ ਖੁਸ਼ੀ ਜਤਾਈ ਅਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਨਤੀਜੇ ਅਧਿਆਪਕਾਂ ਦੀ ਮਿਹਨਤ ਅਤੇ ਵਿਦਿਆਰਥੀਆਂ ਦੀ ਲਗਨ ਦਾ ਨਤੀਜੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਵਾਈਸ ਪ੍ਰਿੰਸੀਪਲ ਬਲਜੀਤ ਕੌਰ, ਕਿਰਨ ਦੇਵਗਨ, ਹਰਪ੍ਰੀਤ ਕੌਰ, ਹਰਵਿੰਦਰ ਸਿੰਘ, ਸੌਰਵ, ਦਾਦਰੀਆ, ਸੁਰੇਖਾ ਅਗਰਵਾਲ, ਰਾਜਵੀਰ ਕੌਰ, ਮਨਜੋਤ ਸਿੰਘ, ਕਸ਼ਿਸ਼ ਅਗਰਵਾਲ, ਪੰਕਜਜੀਤ ਕੌਰ, ਰੂਬੀ ਆਦਿ ਅਧਿਆਪਕ ਵੀ ਮੌਜੂਦ ਸਨ।



## ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੀ ਭਵਨੀਤ ਕੌਰ ਮੈਡੀਕਲ ਸਟਰੀਮ 'ਚੋਂ ਤਰਨ ਤਾਰਨ ਜ਼ਿਲ੍ਹੇ 'ਚੋਂ ਅੱਵਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਸੀਬੀਐੱਸਈ ਦੀ ਬਾਰ੍ਹਵੀਂ ਜਮਾਤ ਦੀ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਵਿਦਿਆਰਥੀਆਂ ਨੇ ਅੱਵਲ ਪੁਜ਼ੀਸ਼ਨਾਂ 'ਤੇ ਕਬਜ਼ਾ ਕਰਕੇ ਆਪਣੇ ਸਕੂਲ ਦੀ ਪਰੰਪਰਾ ਨੂੰ ਜਾਰੀ ਰੱਖਿਆ।ਆਪਣੀ ਪ੍ਰਸੰਨਤਾ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸੀਬੀਐੱਸਈ ਦੀ ਬਾਰ੍ਹਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ ਅਤੇ ਸਾਰੇ ਵਿਦਿਆਰਥੀ ਪਹਿਲੀ ਡਵੀਜ਼ਨ ਵਿੱਚ ਪਾਸ ਹੋਏ।ਉਨ੍ਹਾਂ ਉਚੇਚੇ ਤੌਰ 'ਤੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਭਵਨੀਤ ਕੌਰ ਸਪੁੱਤਰੀ ਹਰਪ੍ਰੀਤ ਸਿੰਘ, ਖਵਾਸਪੁਰ ਨੇ ਮੈਡੀਕਲ ਸਟਰੀਮ ਵਿੱਚੋਂ 97% ਅੰਕ ਪ੍ਰਾਪਤ ਕਰਕੇ ਪੂਰੇ ਤਰਨ ਤਾਰਨ ਜ਼ਿਲ੍ਹੇ ਵਿੱਚੋਂ ਅੱਵਲ ਰਹਿ ਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਇੱਥੇ ਜ਼ਿਕਰਯੋਗ ਹੈ ਕਿ ਭਵਨੀਤ ਕੌਰ ਦੱਸਵੀਂ ਦੀ ਸੀਬੀਐੱਸਈ ਪ੍ਰੀਖਿਆ ਵਿੱਚੋਂ ਵੀ ਜ਼ਿਲ੍ਹਾ ਪੱਧਰ 'ਤੇ ਅੱਵਲ ਰਹੀ ਸੀ।ਇਸ ਵਿਦਿਆਰਥਣ ਨੇ ਪੇਂਟਿੰਗ ਵਿਸ਼ੇ ਵਿੱਚੋਂ 100 ਅੰਕ ਪ੍ਰਾਪਤ ਕੀਤੇ ਹਨ।ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ ਅਤੇ ਪ੍ਰਭਦੀਪ ਸਿੰਘ (ਚੇਅਰਮੈਨ ਰਿਫਾਰਮ ਯੂ. ਕੇ. ਹਾਨਸਲੋਅ ਬਰਾਂਚ) ਵੱਲੋਂ ਭਵਨੀਤ ਕੌਰ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕਰਦਿਆਂ ਉਸਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ।

## ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦਾ 10ਵੀਂ ਤੇ 12ਵੀਂ ਦਾ ਨਤੀਜਾ ਸ਼ਾਨਦਾਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ (ਆਰ ਪੀ ਐਸ) ਤੁਗਲਵਾਲਾ ਦੇ ਵਿਦਿਆਰਥੀਆਂ ਨੇ ਸੀ ਬੀ ਐਸ ਈ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਸੰਸਥਾ ਅਤੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ ਹੈ। ਸਕੂਲ ਦੇ ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਸਟਰੀਮ ਵਿੱਚ ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਫਸਟ ਡਵੀਜ਼ਨਾਂ ਵਿੱਚ ਪਾਸ ਹੋ ਕੇ ਨਵੇਂ ਮੀਲ ਪੱਥਰ ਸਥਾਪਤ ਕੀਤੇ ਹਨ। ਸਕੂਲ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ, ਡਾਇਰੈਕਟਰ ਪ੍ਰਿੰਸੀਪਲ ਮਨਪ੍ਰੀਤ ਕੌਰ ਵਿਰਕ ਅਤੇ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੀ ਦਸਵੀਂ ਜਮਾਤ ਵਿੱਚੋਂ ਜਗਬੀਰ ਕੌਰ (ਕੀੜੀ ਅਫਗਾਨਾ) 97% ਅੰਕਾਂ ਨਾਲ ਸਕੂਲ ਵਿੱਚੋਂ ਪਹਿਲੇ ਸਥਾਨ, ਮਨਪ੍ਰੀਤ ਕੌਰ (ਔਲਖ) ਨੇ 92% ਅੰਕਾਂ ਨਾਲ ਦੂਜੇ ਅਤੇ ਸਹਿਜ ਕੌਰ (ਮੁੰਨਣ) ਤੇ ਜਸਵਿੰਦਰ ਕੌਰ (ਕੀੜੀ) ਨੇ 91% ਅੰਕਾਂ ਨਾਲ ਤੀਜੇ ਸਥਾਨ 'ਤੇ ਰਹੀਆਂ, ਜਦਕਿ ਜਸਮੀਤ ਸਿੰਘ (ਪੰਡੋਰੀ), ਰਣਵੀਰ ਸਿੰਘ (ਕੀੜੀ), ਚਾਹਤ ਕੌਰ (ਤੁਗਲਵਾਲਾ), ਹਰਲੀਨ ਕੌਰ (ਭੈਣੀ ਬਾਂਗਰ) ਅਤੇ ਸੁਨੇਹ ਕੌਰ ਨੇ 90% ਅੰਕ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ (ਸੀ ਬੀ ਐਸ ਈ) ਦੇ ਨਤੀਜਿਆਂ ਵਿੱਚ ਆਰਪੀਐਸ ਦੇ ਸਮੂਹ ਵਿਦਿਆਰਥੀਆਂ ਨੇ ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਸਟਰੀਮ ਵਿੱਚ ਪਹਿਲੀਆਂ ਡਵੀਜ਼ਨਾਂ ਹਾਸਲ ਕਰਕੇ ਸੰਸਥਾ ਦੀ ਸਾਖ ਨੂੰ ਹੋਰ ਮਜ਼ਬੂਤ ਕੀਤਾ। ਮੈਡੀਕਲ ਸਟਰੀਮ ਵਿੱਚ ਨਵਜੋਤ ਕੌਰ (ਘੋੜੇਵਾ) ਨੇ 90% ਅੰਕਾਂ ਨਾਲ ਪਹਿਲਾ ਸਥਾਨ, ਸਿਮਰਨਜੀਤ ਕੌਰ (ਧੱਕੜ) ਨੇ 85% ਅੰਕਾਂ ਨਾਲ ਦੂਜਾ ਸਥਾਨ ਅਤੇ ਅਮਰੋਜਪ੍ਰੀਤ ਕੌਰ (ਪੰਡੋਰੀ) ਨੇ 84% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਸਟਰੀਮ ਵਿੱਚ ਸੁਸ਼ਾਂਤ ਵਰਮਾ (ਬਸਰਾਵਾਂ) ਨੇ 90% ਅੰਕਾਂ ਨਾਲ ਪਹਿਲਾ ਸਥਾਨ, ਗੁਰਕੀਰਤ ਸਿੰਘ (ਔਲਖ) ਨੇ 80% ਅੰਕਾਂ ਨਾਲ ਦੂਜਾ ਅਤੇ ਮਾਨਵ ਕਾਲੀਆ (ਤੁਗਲਵਾਲਾ) ਨੇ 78% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਕਾਮਰਸ ਸਟਰੀਮ ਵਿੱਚ ਚਸਨਪ੍ਰੀਤ ਕੌਰ ਨੇ 88% ਅੰਕਾਂ ਨਾਲ ਪਹਿਲਾ ਸਥਾਨ, ਹਰਮਨਪ੍ਰੀਤ ਕੌਰ (ਤੁਗਲਵਾਲਾ) ਨੇ 87% ਅੰਕਾਂ ਨਾਲ ਦੂਜਾ ਅਤੇ ਸਿਮਰਨਦੀਪ ਕੌਰ (ਕੀੜੀ) ਨੇ 80% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਬੰਧਕਾਂ ਵਲੋਂ ਨਤੀਜਿਆਂ 'ਚੋਂ ਅੱਵਲ ਵਿਦਿਆਰਥੀਆਂ ਦਾ ਸਿਰਪਾਓ ਪਾ ਕੇ ਵਿਸ਼ੇਸ਼ 'ਤੇ ਤੌਰ 'ਤੇ ਸਨਮਾਨ ਕੀਤਾ ਅਤੇ ਮੂੰਹ ਮਿੱਠਾ ਕਰਵਾਇਆ ਅਤੇ ਸੰਸਥਾ ਦੇ ਸਮੂਹ ਵਿਦਿਆਰਥੀਆਂ ਅਤੇ ਸਟਾਫ ਨੂੰ ਮਠਿਆਈ ਵੰਡੀ। ਇਸ ਮੌਕੇ ਮੈਡਮ ਜਗਦੀਸ਼ ਕੌਰ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।




## ਚੀਮਾ ਕਲਾਂ 'ਚ ਵਿਅਕਤੀ ਦੀ ਸ਼ੱਕੀ ਹਾਲਤ 'ਚ ਮਿਲੀ ਲਾਸ਼



**ਝਬਾਲ (ਹਰਜਿੰਦਰ ਸਿੰਘ ਸੋਨੀ)**- ਸਰਹੱਦੀ ਪਿੰਡ ਚੀਮਾਂ ਕਲਾਂ ਵਿਖੇ ਨੌਜਵਾਨ ਦੀ ਸ਼ੱਕੀ ਹਾਲਤ ਵਿਚ ਮਿਲੀ ਲਾਸ਼ ਸਬੰਧੀ ਜਾਣਕਾਰੀ ਹਾਸਲ ਹੋਈ ਹੈ।ਮਿਲੀ ਜਾਣਕਾਰੀ ਅਨੁਸਾਰ ਗੁਰਦੇਵ ਸਿੰਘ ਉਰਫ ਘੋਗਾ ਪੁੱਤਰ ਪੂਰਨ ਸਿੰਘ (38 ) ਦੀ ਲਾਸ਼ ਪਿੰਡ ਚੀਮਾ ਖੁਰਦ ਦੇ ਨਜ਼ਦੀਕ ਪੈਂਦੀ ਡ੍ਰੇਨ ਦੀ ਪਟੜੀ ਤੋਂ ਮਿਲੀ। ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੂੰ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।ਥਾਣਾ ਸਰਾਏ ਅਮਾਨਤ ਖਾਂ ਦੇ ਮੁਖੀ ਸਬ ਇੰਸ: ਅਮਰੀਕ ਸਿੰਘ ਨੇ ਦੱਸਿਆ ਕਿ ਪਰਵਾਰ ਦੇ ਦੱਸਣ ਮੁਤਾਬਕ ਗੁਰਦੇਵ ਸਿੰਘ ਪਾਠੀ ਹੈ ਅਤੇ ਉਹ 20, 25 ਦਿਨ ਪਹਿਲਾਂ ਹਰਿਆਣਾ ਨਾਨਕਸਰ ਗੁਰਦੁਆਰਾ ਵਿਖੇ ਅਖੰਡ ਪਾਠ ਸਾਹਿਬ ਕਰਨ ਗਿਆ ਸੀ ਜੋ ਘਰ ਵਾਪਸ ਨਹੀਂ ਆਇਆ ਸੀ ਪਰ ਸ਼ਾਮ ਮੰਗਲਵਾਰ ਨੂੰ ਪਿੰਡ ਵਾਪਸ ਆਇਆ ਸੀ ਤੇ ਘਰ ਨਹੀਂ ਅਜੇ ਗਿਆ ਸੀ। ਉਨ੍ਹਾਂ ਦੱਸਿਆ ਅੱਜ ਤਕਰੀਬਨ 11:30 ਵਜੇ ਜੰਗਲ ਵਿਭਾਗ ਦੇ ਮੇਹਟ ਨੇ ਫੋਨ ਕਰਕੇ ਦੱਸਿਆ ਕਿ ਗੁਰਦੇਵ ਸਿੰਘ ਉਰਫ ਘੋਗਾ ਦੀ ਲਾਸ਼ ਚੀਮਾ ਖੁਰਦ ਦੀ ਡ੍ਰੇਨ 'ਤੇ ਪਈ ਹੈ ਜਿਸ ਤੋਂ ਬਾਅਦ ਜਦੋਂ ਲਾਸ਼ ਨੂੰ ਕਬਜ਼ੇ ਕਰਕੇ ਜਾਂਚ ਕੀਤੀ ਤਾਂ ਮ੍ਰਿਤਕ ਗੁਰਦੇਵ ਸਿੰਘ ਦੇ ਸਿਰ ਉਪਰ ਕਾਫੀ ਸੱਟਾਂ ਲੱਗੀਆਂ ਸਨ। ਥਾਣਾ ਮੁਖੀ ਅਮਰੀਕ ਸਿੰਘ ਨੇ ਦੱਸਿਆ ਕਿ ਕਤਲ ਦੇ ਸ਼ੱਕ 'ਤੇ ਪਿੰਡ ਚੀਮਾ ਖੁਰਦ ਵਿਖੇ ਲੱਗੇ ਸੀ ਸੀ ਟੀ ਵੀ ਕੈਮਰੇ ਖੰਗਾਲੇ ਗਏ ਜਿਸ ਵਿਚ ਪਤਾ ਲੱਗਾ ਕਿ ਗੁਰਦੇਵ ਸਿੰਘ ਪਿੰਡ ਦੇ ਕਿਸੇ ਵਿਅਕਤੀ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਘਟਨਾ ਸਥਾਨ ਵੱਲ ਨੂੰ ਗਿਆ ਹੈ। ਜਿਸ 'ਤੇ ਸ਼ੱਕੀ ਵਿਅਕਤੀ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਪਤਨੀ ਦੇ ਬਿਆਨਾਂ 'ਤੇ ਪਰਚਾ ਦਰਜ ਕੀਤਾ ਜਾ ਰਿਹਾ ਹੈ। ਮ੍ਰਿਤਕ ਗੁਰਦੇਵ ਸਿੰਘ ਆਪਣੇ ਪਿੱਛੇ ਪਤਨੀ ਮਨਦੀਪ ਕੌਰ, ਬੇਟੀ ਮਨਸੀਰਤ ਕੌਰ (12) ਅਤੇ ਜਸਪ੍ਰੀਤ ਕੌਰ (8) ਨੂੰ ਛੱਡ ਗਿਆ ਹੈ। ਮ੍ਰਿਤਕ ਦੇ ਪਰਵਾਰ ਨੇ ਪੁਲਸ ਪ੍ਰਸ਼ਾਸਨ ਨੂੰ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## ਵਿਦਿਆਰਥੀਆਂ ਨੂੰ ਮੌਕ ਡਰਿੱਲ ਰਾਹੀਂ ਕੀਤਾ ਜਾਗਰੂਕ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਜ਼ਿਲ੍ਹਾ ਕਮਾਂਡਰ ਰਵੇਲ ਸਿੰਘ ਪੰਜਾਬ ਹੋਮ ਗਾਰਡਜ਼ ਅਤੇ ਸਿਵਲ ਡਿਫੈਂਸ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸਟੇਟ ਸੁਪਰਡੈਂਟ ਦਵਿੰਦਰ ਸਿੰਘ ਸਿਵਲ ਡਿਫੈਂਸ ਦੀ ਅਗਵਾਈ ਵਿੱਚ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਨਾਗਰਿਕ ਸੁਰੱਖਿਆ ਤੇ ਜਾਗਰੂਕਤਾ ਕੈਂਪਾਂ ਦੀ ਲੜੀ ਨੂੰ ਲਗਾਤਾਰ ਜਾਰੀ ਰੱਖਦੇ ਹੋਏ ਅੱਜ ਚੀਫ ਵਾਰਡਨ ਹਰਦੀਪ ਸਿੰਘ ਬਾਜਵਾ ਵੱਲੋਂ ਆਰ. ਆਰ. ਬਾਵਾ ਕਾਲਜ ਬਟਾਲਾ ਵਿਖੇ ਮੌਕ ਡਰਿੱਲ ਕਾਰਵਾਈ ਗਈ। ਇਸ ਮੌਕੇ ਵਿਦਿਆਰਥੀ ਨੂੰ ਬਲੈਕ ਆਊਟ ਵਿੱਚ ਕਿਹੜੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ, ਉਨ੍ਹਾਂ ਬਾਰੇ ਦੱਸਿਆ ਅਤੇ ਉਨ੍ਹਾਂ ਨੇ ਕਿਹਾ ਕਿ ਸਾਨੂੰ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣ ਕਰਨੀ ਚਾਹੀਦੀ ਹੈ। ਇਸ ਮੌਕੇ ਪੋਸਟ ਵਾਰਡਨ ਹਰਮਿੰਦਰ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਨੌਜਵਾਨਾਂ ਨੂੰ ਜ਼ਿੰਮੇਵਾਰ ਨਾਗਰਿਕ ਹੋਣ ਦੇ ਨਾਤੇ ਦੇਸ਼ ਦੀ ਸੇਵਾ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਵਿਦਿਆਰਥੀਆਂ ਨੂੰ ਕੁਦਰਤੀ ਅਤੇ ਗੈਰ-ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਸੁਰੱਖਿਆ ਦੇ ਗੁਰ ਸਿੱਖ ਕੇ ਰਾਸ਼ਟਰ ਦੀ ਸੇਵਾ ਵਿੱਚ ਯੋਗਦਾਨ ਪਾ ਸਕਦੇ ਹੋ ਨਾਲ ਫਾਇਰ ਬ੍ਰਿਗੇਡ ਬਟਾਲਾ ਵੱਲੋਂ ਮੌਕ ਡਰਿੱਲ ਕਾਰਵਾਈ ਗਈ। ਇਸ ਮੌਕੇ ਪ੍ਰਿੰਸੀਪਲ ਏਕਤਾ ਖੋਸਲਾ, ਫਾਇਰ ਫਾਇਟਰ ਦੀਪਕ, ਜਸਬੀਰ ਸਿੰਘ, ਅਸ਼ੋਕ ਕੁਮਾਰ, ਜਤਿੰਦਰ ਕੁਮਾਰ, ਸੈਕਟਰ ਵਾਰਡਨ ਅਸਵਨੀ ਕੁਮਾਰ, ਕੁਲਵਿੰਦਰ ਸਿੰਘ, ਰਾਘਵ ਗੁਪਤਾ, ਦਲਜਿੰਦਰ ਸਿੰਘ, ਅਮਨਪ੍ਰੀਤ ਸਿੰਘ, ਗੁਰਜੀਤ ਸਿੰਘ ਅਤੇ ਸਮੂਹ ਕਾਲਜ ਸਟਾਫ ਆਦਿ ਹਾਜ਼ਰ ਸਨ।

## ਭਾਰਤ-ਪਾਕਿ ਵਿਚਾਲੇ ਵਧੇ ਤਣਾਅ 'ਤੇ ਮੁਲਾਜ਼ਮ/ਮਜ਼ਦੂਰ ਜਥੇਬੰਦੀਆਂ ਵੱਲੋਂ ਵਿਚਾਰ-ਚਰਚਾ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਉੱਪਰ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਦਾ ਇਕੱਠ ਕੰਪਨੀ ਬਾਗ ਵਿਖੇ ਕੀਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰੋ: ਪਰਮਿੰਦਰ ਸਿੰਘ ਨੇ ਭਾਰਤ ਤੇ ਪਾਕਿਸਤਾਨ ਦੀ ਜੰਗ ਅਤੇ ਉਸ ਪਿਛੇ ਅਮਰੀਕੀ ਸਾਮਰਾਜ ਦੇ ਅਸਲ ਮਨਸੂਬਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਕਿਹਾ ਕਿ ਕੋਈ ਵੀ ਦੇਸ਼ ਉਦੋਂ ਹੀ ਤਰੱਕੀ ਕਰ ਸਕਦਾ ਹੈ ਜਦੋਂ ਉਸ ਦੇ ਆਪਣੇ ਅਤੇ ਗੁਆਂਢੀ ਦੇਸ਼ਾਂ ਨਾਲ ਰਿਸ਼ਤੇ ਸੁਖਾਵੇਂ ਹੋਣ।ਇਸ ਲਈ ਦੋਹਾਂ ਦੇਸ਼ਾਂ ਨੂੰ ਆਪਸੀ ਮਸਲੇ ਮਿਲ ਬੈਠ ਕੇ ਹੱਲ ਕਰਨੇ ਚਾਹੀਦੇ ਹਨ।ਕਿਸਾਨ ਆਗੂ ਰਤਨ ਸਿੰਘ ਰੰਧਾਵਾ ਨੇ ਪਹਿਲਗਾਮ ਵਿਖੇ ਬੇਗੁਨਾਹ ਲੋਕਾਂ ਦੇ ਕੀਤੇ ਗਏ ਕਤਲਾਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਇਹ ਕੰਮ ਕੀਤਾ ਹੈ, ਉਨ੍ਹਾਂ ਨੂੰ ਸਖਤ ਸਜ਼ਾਵਾਂ ਦੇਣੀਆਂ ਚਾਹਦੀਆਂ ਹਨ।ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡਾਂ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਘਟਨਾ ਨੇ ਪੰਜਾਬ ਸਰਕਾਰ ਦੇ ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਦੀ ਪੋਲ ਖੋਲ੍ਹ ਦਿੱਤੀ ਹੈ।ਅੱਜ ਦੇ ਇਕੱਠ ਨੂੰ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਡਾ: ਪਰਮਿੰਦਰ ਸਿੰਘ ਪੰਡੋਰੀ, ਹਰਜੀਤ ਸਿੰਘ ਝੀਤਾ, ਗੁਰਦੇਵ ਸਿੰਘ ਵਰਪਾਲ, ਧੰਨਵੰਤ ਸਿੰਘ ਖਤਰਾਏ ਕਲਾਂ, ਸੁਖਦੇਵ ਸਿੰਘ ਸਹਿਸਰਾ, ਨਿਸ਼ਾਨ ਸਿੰਘ ਸਾਂਘਣਾ, ਮੁਲਾਜ਼ਮ ਆਗੂ ਮੰਗਲ ਸਿੰਘ, ਨਰਿੰਦਰ ਬੱਲ, ਐਪਸੋ ਵੱਲੋਂ ਬਲਦੇਵ ਸਿੰਘ ਵੇਰਕਾ, ਤਰਕਸ਼ੀਲ ਆਗੂ ਸੁਮੀਤ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦੀਪ ਦਵਿੰਦਰ ਸਿੰਘ ਅਤੇ ਕਾਬਲ ਸਿੰਘ ਛੀਨਾ ਨੇ ਸੰਬੋਧਨ ਕੀਤਾ।ਅਖੀਰ ਵਿੱਚ ਕੰਪਨੀ ਬਾਗ ਤੋਂ ਲੈ ਕੇ ਲਾਰੰਸ ਰੋਡ ਤੱਕ ਜੰਗਬਾਜ਼ਾਂ ਵਿਰੁੱਧ ਅਮਨ ਮਾਰਚ ਕੀਤਾ ਗਿਆ।

## ਪੁਲਸ ਅਧਿਕਾਰੀਆਂ ਦੇ ਵੀ ਮਾਨ ਸਰਕਾਰ ਘਰ ਢਾਹੇਗੀ : ਬੁਰਜ

**ਝਬਾਲ (ਮੱਖਣ ਮਨੋਜ)**- ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੀ ਉਸ ਵੇਲੇ ਫੂਕ ਨਿਕਲ ਗਈ ਜਦੋਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਜੀਠੇ ਹਲਕੇ ਦੇ ਵੱਖ ਵੱਖ ਪਿੰਡਾਂ ਦੇ 21 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਬੁਲਾਰੇ ਨਰਿੰਦਰ ਸਿੰਘ ਸੰਧੂ ਤੇ ਜ਼ਿਲ੍ਹਾ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਹਰ ਪੱਖ ਤੋਂ ਫੇਲ੍ਹ ਹੁੰਦੀ ਦਿਖਾਈ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਰਿਸ਼ਵਤ ਖੋਰੀ ਦਿਨੋ ਦਿਨ ਵੱਧ ਗਈ ਤੇ ਨਸ਼ੇ ਤੇ ਇਸ ਸਰਕਾਰ ਵੱਲੋਂ ਪੁਲਸ ਵਿਕਣ ਲੱਗ ਪਏ ਜਿਸ ਦੇ ਨਤੀਜੇ ਇਹ ਹੋਏ ਹਨ ਮੌਤਾਂ ਦੇ ਨਾਲ ਭੁਗਤਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਰਾਬ ਦੇ ਕੇਸ ਵਿਚ ਸਸਪੈਂਡ ਕੀਤੇ ਗਏ ਅਧਿਕਾਰੀਆਂ ਦੇ ਖ਼ਿਲਾਫ਼ ਕਾਰਵਾਈ ਕਰਦਿਆਂ ਕੀ ਮਾਨ ਸਰਕਾਰ ਇਨ੍ਹਾਂ ਲੋਕਾਂ ਦੇ ਘਰ ਵੀ ਢਾਹੇਗੀ। ਉਨ੍ਹਾਂ ਕਿਹਾ ਕਿ ਜੇ ਇਸ ਕੇਸ ਦੀ ਸਹੀ ਤਫਤੀਸ਼ ਕੀਤੀ ਜਾਵੇ ਤਾਂ ਕਈ ਸਰਕਾਰ ਦੇ ਨਜ਼ਦੀਕੀ ਸਾਥੀ ਗ੍ਰਿਫ਼ਤ ਵਿਚ ਆਉਣਗੇ। ਇਸ ਮੌਕੇ ਹਰਪਾਲ ਸਿੰਘ ਠੱਠਗੜ੍ਹ ਵੀ ਹਾਜ਼ਰ ਸੀ।

## ਗੁ: ਬੀੜ ਬਾਬਾ ਬੁੱਢਾ ਸਾਹਿਬ ਵਿਖੇ ਅਨੇਕਾਂ ਪ੍ਰਾਣੀਆਂ ਅੰਮ੍ਰਿਤ ਛਕਿਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਮਹਾਨ ਬ੍ਰਹਮ ਗਿਆਨੀ ਪੁੱਤਰਾਂ ਦੇ ਦਾਨੀ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਪਵਿੱਤਰ ਧਾਰਮਿਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਜੇਠ ਮਹੀਨੇ ਦੀ ਸੰਗਰਾਂਦ ਦੇ ਦਿਹਾੜੇ ਮੌਕੇ ਅਨੇਕਾਂ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।ਇਸ ਤੋਂ ਪਹਿਲਾਂ ਮੀਰੀ ਪੀਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਏ ਗਏ ਭੋਗ ਤੇ ਅਰਦਾਸ ਉਪਰੰਤ ਪੰਜਾਬ ਪਿਆਰਿਆਂ ਵੱਲੋਂ ਖੰਡੇ ਬਾਟੇ ਦਾ ਪਾਹੁਲ ਤਿਆਰ ਕੀਤਾ ਗਿਆ ਤੇ ਕਰੀਬ 40 ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਬਾਣੀ ਬਾਣੇ ਦੇ ਧਾਰਨੀ ਬਣਾਇਆ ਗਿਆ। ਜਿਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਰਬਜਿੰਦਰ ਸਿੰਘ ਤੇ ਗ੍ਰੰਥੀ ਸਾਹਿਬਾਨ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕੈਥਲ ਹਰਿਆਣੇ ਤੋਂ ਆਏ ਗੁਰੂ ਘਰ ਦੇ ਸ਼ਰਧਾਲੂ ਪਰਵਾਰ ਵੱਲੋਂ 100 ਕੁਇੰਟਲ ਕਣਕ ਗੁਰੂ ਕੇ ਲੰਗਰਾਂ ਲਈ ਸੇਵਾ ਵਿੱਚ ਭੇਂਟ ਕੀਤੀ ਗਈ। ਮੈਨੇਜਰ ਸਰਬਜਿੰਦਰ ਸਿੰਘ ਵੱਲੋਂ ਪਰਵਾਰ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਸਮੂਹ ਗੁਰਦੁਆਰਾ ਬੀੜ ਸਾਹਿਬ ਦਾ ਸਮੁੱਚਾ ਸਟਾਫ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।



## ਟੀ ਸੀ ਇੰਟਰਨੈਸ਼ਨਲ ਸਕੂਲ ਦਾ 10ਵੀਂ ਤੇ 12ਵੀਂ ਦਾ ਨਤੀਜਾ 100 ਫੀਸਦੀ ਰਿਹਾ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਟੀ.ਸੀ. ਇੰਟਰਨੈਸ਼ਨਲ ਸਕੂਲ ਨੇ ਸੀ.ਬੀ.ਐੱਸ.ਈ ਬੋਰਡ ਦੀ ਪ੍ਰੀਖਿਆ ਵਿੱਚ 10ਵੀਂ ਅਤੇ 12ਵੀਂ ਜਮਾਤ ਵਿੱਚ 100 ਫੀਸਦੀ ਨਤੀਜਾ ਪ੍ਰਾਪਤ ਕਰਕੇ ਇੱਕ ਚੰਗੀ ਉਪਲਬਧੀ ਪ੍ਰਾਪਤ ਕੀਤੀ ਹੈ। ਇਸ ਪ੍ਰਦਰਸ਼ਨ ਲਈ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਸ਼ਾਨਦਾਰ ਨਤੀਜੇ ਲਈ ਸਕੂਲ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਚੇਅਰਮੈਨ ਨੇ ਦੱਸਿਆ ਕਿ ਜਮਾਤ 10ਵੀਂ ਵਿੱਚ ਧਰੁਵ ਨੇ 89 ਫੀਸਦੀ ਅਤੇ ਭਵਨ ਠਾਕੁਰ ਨੇ 86 ਫੀਸਦੀ ਅੰਕ ਪ੍ਰਾਪਤ ਕੀਤੇ ਜਦਕਿ 12ਵੀਂ ਜਮਾਤ ਵਿੱਚ ਹਰਸ਼ ਮੋਹਨ ਨੇ 83 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਉਨ੍ਹਾ ਕਿਹਾ ਕਿ ਸਕੂਲ ਸਟਾਫ ਅਤੇ ਪ੍ਰਬੰਧਕ ਆਪਣੇ ਬੱਚਿਆਂ ਦੇ ਉਜਵਲ ਭਵਿਖ ਲਈ ਹਰ ਸਮੇ ਉਪਲਬਧ ਹਨ ਅਤੇ ਆਪਣੇ ਬੱਚਿਆਂ ਉਪਰ ਮਾਣ ਮਹਿਸੂਸ ਕਰ ਰਿਹਾ ਹੈ । ਉਨ੍ਹਾਂ ਸਾਰਿਆਂ ਨੂੰ ਭਵਿੱਖ ਲਈ ਮੁਬਾਰਕਾਂ ਦਿੱਤੀਆਂ ।



## ਐੱਮ ਐੱਸ ਐੱਮ ਕਾਨਵੈਂਟ ਸਕੂਲ ਦੇ ਵਿਦਿਆਰਥੀ 10ਵੀਂ/12ਵੀਂ ਦੇ ਨਤੀਜਿਆਂ 'ਚ ਛਾਏ

**ਚੋਹਲਾ ਸਾਹਿਬ (ਰਮਨ ਚੱਢਾ)**- ਐੱਮਐੱਸਐੱਮ ਕਾਨਵੈਂਟ ਸਕੂਲ ਚੋਹਲਾ ਸਾਹਿਬ ਦੇ ਵਿਦਿਆਰਥੀਆਂ ਨੇ ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਪੂਰੇ ਇਲਾਕੇ ਵਿੱਚ ਰੌਸ਼ਨ ਕੀਤਾ।



ਦਸਵੀਂ ਦੀ ਰਾਜਬੀਰ ਕੌਰ ਨੇ 97 ਫੀਸਦੀ ਅੰਕਾਂ ਨਾਲ ਸਕੂਲ ਵਿੱਚ ਪਹਿਲਾ ਸਥਾਨ ਅਤੇ ਤਰਨਤਾਰਨ ਜ਼ਿਲੇ ਵਿੱਚ ਦੂਸਰੀ ਪੁਜ਼ੀਸ਼ਨ ਹਾਸਲ ਕੀਤੀ। ਵੰਸ਼ਿਕਾ ਦੇਵਗਨ ਨੇ 92 ਫੀਸਦੀ ਅੰਕਾਂ ਨਾਲ ਦੂਸਰਾ ਸਥਾਨ, ਗੁਰਨੂਰ ਕੌਰ ਨੇ 89 ਫੀਸਦੀ ਅੰਕਾਂ ਨਾਲ ਤੀਸਰਾ, ਬਾਰ੍ਹਵੀਂ ਦੇ ਜਸਕਰਨ ਸਿੰਘ ਨੇ ਕਾਮਰਸ ਗਰੁੱਪ ਵਿੱਚ 85 ਫੀਸਦੀ ਅੰਕ ਹਾਸਲ ਕਰਕੇ ਪਹਿਲਾ, ਪ੍ਰਭਜੋਤ ਕੌਰ ਨੇ ਮੈਡੀਕਲ ਵਿੱਚ 82 ਪ੍ਰਤੀਸ਼ਤ ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ। ਸਕੂਲ ਦੇ ਚੇਅਰਮੈਨ ਡਾ. ਉਪਕਾਰ ਸਿੰਘ ਸੰਧੂ ਵੱਲੋਂ ਆਏ ਸ਼ਾਨਦਾਰ ਨਤੀਜਿਆਂ ਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ। ਮੈਨੇਜਿੰਗ ਡਾਇਰੈਕਟਰ ਮੈਡਮ ਕੁਲਦੀਪ ਕੌਰ ਨੇ ਵਿਦਿਆਰਥੀਆਂ ਨੂੰ ਵਧੀਆ ਨੰਬਰ ਪ੍ਰਾਪਤ ਕਰਨ 'ਤੇ ਸ਼ਾਬਾਸ਼ ਦਿੱਤੀ। ਪ੍ਰਿੰਸੀਪਲ ਰਾਕੇਸ਼ ਕੁਮਾਰ ਨੇ ਦੱਸਿਆ ਕਿ ਦਸਵੀਂ ਤੇ ਬਾਰ੍ਹਵੀਂ ਕਲਾਸ ਦੇ ਵਧੀਆ ਨਤੀਜਿਆਂ 'ਚ ਸਭ ਦੀ ਮਿਹਨਤ ਦਾ ਯੋਗਦਾਨ ਰਿਹਾ। ਵਾਈਸ ਪ੍ਰਿੰਸੀਪਲ ਕੁਲਬੀਰ ਕੌਰ, ਰਾਜਬੀਰ ਕੌਰ ਅਤੇ ਸਾਰੇ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੱਤੀ। ਇਸ ਸਮੇਂ ਸਕੂਲ ਦਾ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਹਾਜ਼ਰ ਸੀ।

## ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਕੀਤਾ ਜਾ ਰਿਹਾ ਜਾਗਰੂਕ



**ਬਟਾਲਾ (ਡਾਕਟਰ ਮਲਵਿੰਦਰ ਸਿੰਘ)** ਸ੍ਰੀ ਸੁਹੇਲ ਕਾਸਿਮ ਮੀਰ, ਐਸ.ਐਸ.ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਵਲੋਂ ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡਾਂ ਅੰਦਰ 'ਨਸ਼ਾ ਮੁਕਤ ਗ੍ਰਾਮ ਯਾਤਰਾ' ਦੀ ਸਰਗਰਮੀ ਨਾਲ ਅਗਵਾਈ ਕੀਤੀ ਜਾ ਰਹੀ ਹੈ। ਇਸ ਦੌਰਾਨ ਜਿਥੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਉਸ ਦੇ ਨਾਲ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਨਸ਼ਿਆਂ ਵਿਰੁੱਧ ਲੜਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਸਬੰਧੀ ਸ੍ਰੀਮਤੀ ਜਸਵੰਤ ਕੌਰ, ਐਸ.ਪੀ. (ਐੱਚ) ਬਟਾਲਾ ਨੇ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਵਲੋਂ ਪਿੰਡਾਂ ਅੰਦਰ ਨੌਜਵਾਨਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਵਿਰੁੱਧ ਜਾਗਰੂਕ ਕਰਨ ਦੇ ਨਾਲ ਖੇਡਾਂ ਵੱਲ ਉਤਸ਼ਾਹਤ ਕੀਤਾ ਜਾ ਰਿਹਾ ਹੈ। ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਜੋ ਲੋਕ ਕਿਸੇ ਕਾਰਨ ਨਸ਼ਿਆਂ ਦੇ ਜਾਲ ਵਿੱਚ ਫਸ ਗਏ ਹਨ, ਉਨ੍ਹਾਂ ਦਾ ਸਰਕਾਰ ਵਲੋਂ ਮੁਫਤ ਇਲਾਜ ਕੀਤਾ ਜਾਂਦਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਬਟਾਲਾ ਪੁਲਸ ਵਲੋਂ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰਕੂ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਨਾਲ ਸਬੰਧਤ ਕਿਸੇ ਵੀ ਗਤੀਵਿਧੀ ਦੀ ਜਾਣਕਾਰੀ ਨਜ਼ਦੀਕੀ ਪੁਲਸ ਸਟੇਸ਼ਨ ਨੂੰ ਕਰਨ ਜਾਂ ਸੇਫ ਪੰਜਾਬ ਐਂਟੀ ਡਰੱਗ ਹੈਲਪਲਾਈਨ ਨੰਬਰ 97791-00200 'ਤੇ ਸੂਚਿਤ ਕੀਤਾ ਜਾਵੇ ਅਤੇ ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

## ਬੀ ਡੀ ਪੀ ਓ ਕੁਲਜਿੰਦਰ ਸਿੰਘ ਨੇ ਬਲਾਕ ਵਿਕਾਸ ਤੇ ਪੰਚਾਇਤ ਦਫਤਰ ਧਾਰੀਵਾਲ ਦਾ ਚਾਰਜ ਸੰਭਾਲਿਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਧਾਰੀਵਾਲ ਵਿਖੇ ਨਵੇਂ ਆਏ ਬੀ ਡੀ ਪੀ ਓ ਕੁਲਜਿੰਦਰ ਸਿੰਘ ਨੇ ਅੱਜ ਆਪਣਾ ਅਹੁਦਾ ਸੰਭਾਲ ਕੇ ਦਫਤਰੀ ਕੰਮ-ਕਾਜ ਸ਼ੁਰੂ ਕਰ ਦਿੱਤਾ। ਚਾਰਜ ਸੰਭਾਲਣ ਮੌਕੇ ਬੀ ਡੀ ਪੀ ਓ ਕੁਲਜਿੰਦਰ ਸਿੰਘ ਨੇ ਕਿਹਾ ਕਿ ਉਹ ਬਲਾਕ ਧਾਰੀਵਾਲ ਅਧੀਨ ਆਉਂਦੀਆਂ ਸਮੂਹ ਗਰਾਮ ਪੰਚਾਇਤਾਂ ਅਤੇ ਆਮ ਲੋਕਾਂ ਦੇ ਦਫਤਰ ਨਾਲ ਸਬੰਧਤ ਕੰਮਾਂ ਨੂੰ ਬਿਨਾਂ ਕਿਸੇ ਪੱਖਪਾਤ ਦੇ ਪਹਿਲ ਦੇ ਅਧਾਰ 'ਤੇ ਕਰਨ ਨੂੰ ਤਰਜੀਹ ਦੇਣਗੇ ਅਤੇ ਆਪਣੇ ਅਧਿਕਾਰ ਖੇਤਰ ਦੇ ਪਿੰਡਾਂ ਵਿੱਚ ਰੁਕੇ ਹੋਏ ਵਿਕਾਸ ਕੰਮ ਜਲਦ ਤੋਂ ਜਲਦ ਕਰਵਾਏ ਜਾਣਗੇ। ਇਸ ਮੌਕੇ ਸਰਪੰਚ ਜਗਤਾਰ ਸਿੰਘ ਸਿੱਧਵਾਂ, ਮੰਗਲਜੀਤ ਸਿੰਘ ਅਠਵਾਲ, ਪਰਮਜੀਤ ਸਿੰਘ ਜਫਰਵਾਲ, ਸਰਪੰਚ ਗਰਨਾਮ ਸਿੰਘ ਬਿਧੀਪੁਰ, ਸਤਨਾਮ ਸਿੰਘ ਸਾਬਕਾ ਸਰਪੰਚ ਸੰਤਨਗਰ, ਮਨਮੋਹਨ ਜੋਸ਼ੀ ਆਦਿ ਤੋਂ ਇਲਾਵਾ ਐਸ ਈ ਪੀ ਓ ਸੁਰਜੀਤ ਸਿੰਘ, ਸੁਪਰਡੈਂਟ ਰਾਕੇਸ਼ ਕੁਮਾਰ ਕਾਲੀਆ, ਪਰਮਿੰਦਰਜੀਤ ਸਿੰਘ ਪੰਚਾਇਤੀ ਜੇ ਈ, ਲੇਖਾਕਾਰ ਉਦੇਪਾਲ ਸਿੰਘ, ਗੁਰਦੀਪ ਕੌਰ ਏ ਪੀ ਓ (ਮਗਨਰੇਗਾ), ਪੰਚਾਇਤ ਸਕੱਤਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਸੰਘਰ, ਦਿਲਬਾਗ ਸਿੰਘ ਪੰਚਾਇਤ ਸੈਕਟਰੀ, ਪੰਚਾਇਤ ਸਕੱਤਰ ਸੋਨੂੰ ਮਸੀਹ, ਆਦਿ ਸਮੇਤ ਸਮੂਹ ਦਫਤਰੀ ਸਟਾਫ ਮੈਂਬਰ ਹਾਜ਼ਰ ਸਨ।

## ਗੁ. ਸੰਤ ਨਿਵਾਸ ਬੀੜ ਸਾਹਿਬ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ

**ਸਰਾਏ ਅਮਾਨਤ ਖਾਂ (ਮੱਖਨ ਮਨੋਜ)**- ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ (ਠੱਠਾ ਝਬਾਲ) ਵਿਖੇ ਕਾਰ ਸੇਵਕ ਸੰਤ ਬਾਬਾ ਖੜਕ, ਸੰਤ ਬਾਬਾ ਖੜਕ ਸਿੰਘ ਜੀ ਸੰਪਰਦਾਇ ਵੱਲੋਂ ਬਾਬਾ ਸੰਤੋਖ ਸਿੰਘ ਦੀ ਅਗਵਾਈ ਹੇਠ ਜੇਠ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਮਨਾਇਆ ਗਿਆ। ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਈਆਂ। ਇਸ ਮੌਕੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ ਤੇ ਉਪਰੰਤ ਦੀਵਾਨ ਸਜਾਏ ਗਏ ਜਿਸ ਵਿਚ ਪੰਥ ਦੇ ਮਹਾਨ ਢਾਡੀਆ ਵੱਲੋਂ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਜੇਠ ਮਹੀਨੇ ਦੀ ਸੰਗਰਾਂਦ ਨੂੰ ਮੁੱਖ ਰੱਖਦਿਆਂ ਬੇਅੰਤ ਸੰਗਤਾਂ ਅੰਮ੍ਰਿਤ ਵੇਲੇ ਤੋਂ ਹੀ ਗੁਰਦੁਆਰਾ ਸਾਹਿਬ ਹਾਜ਼ਰੀ ਭਰ ਰਹੀਆਂ। ਇਸ ਮੌਕੇ ਬਾਬਾ ਸੰਤੋਖ ਸਿੰਘ ਤੇ ਸੇਵਾਦਾਰ ਜਥੇਦਾਰ ਬਾਬਾ ਭੋਲਾ ਸਿੰਘ ਨੇ ਕਿਹਾ ਕਿ ਬਾਬਾ ਬੁੱਢਾ ਸਾਹਿਬ ਏਸੇ ਤਰ੍ਹਾਂ ਹੀ ਆਪਣੀਆਂ ਸੰਗਤਾਂ ਉਪਰ ਮੇਹਰ ਬਣਾਈ ਰੱਖਣ ਅਤੇ ਸਮੂਹ ਸੰਸਾਰ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਬਣੀ ਰਹੇ।ਇਸ ਮੌਕੇ ਹੈੱਡ ਗ੍ਰੰਥੀ ਗਿਆਨੀ ਨੱਥਾ ਸਿੰਘ, ਰਾਜਵੰਤ ਸਿੰਘ ਜੱਜ ਕਸੇਲ, ਭਾਈ ਕਸ਼ਮੀਰ ਸਿੰਘ ਬਘਿਆੜੀ, ਗੁਰਨਾਮ ਸਿੰਘ ਚੜ੍ਹਦੀ ਕਲਾ, ਬਿੱਟੂ ਠਠਗੜ੍ਹ, ਗੁਰਵੇਲ ਸਿੰਘ ਬਘਿਆੜੀ, ਲਾਲ ਸਿੰਘ ਕਸੇਲ ਤੋਂ ਇਲਾਵਾ ਹੋਰ ਵੀ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।



## ਸਰਕਾਰੀ ਬਹੁ-ਤਕਨੀਕੀ ਕਾਲਜ ਦੀਨਾਨਗਰ ਵਿਖੇ ਦਾਖ਼ਲਿਆਂ ਲਈ ਰਜਿਸਟ੍ਰੇਸ਼ਨ ਸ਼ੁਰੂ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ, ਚੰਡੀਗੜ੍ਹ ਵੱਲੋਂ ਜਾਰੀ ਦਾਖਲਾ ਨੋਟਿਸ ਅਨੁਸਾਰ ਸਰਕਾਰੀ ਬਹੁਤਕਨੀਕੀ ਕਾਲਜ, ਦੀਨਾਨਗਰ ਵਿਖੇ ਸੈਸ਼ਨ 2025-26 ਦੇ ਦਾਖ਼ਲਿਆਂ ਲਈ ਪਹਿਲੇ ਰਾਊਂਡ ਦੀ ਰਜਿਸਟ੍ਰੇਸ਼ਨ 15 ਮਈ ਤੋਂ ਸ਼ੁਰੂ ਹੋ ਰਹੀ ਹੈ। ਇਹ ਕਾਲਜ ਪਿਛਲੇ ਦੋ ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਕੋ-ਐਡ ਹੋ ਚੁੱਕਾ ਹੈ।ਇਸ ਸਬੰਧੀ ਸਰਕਾਰੀ ਬਹੁਤਕਨੀਕੀ ਕਾਲਜ, ਦੀਨਾਨਗਰ ਦੇ ਪ੍ਰਿੰਸੀਪਲ ਇੰਜੀ: ਵਿਜੇ ਥਾਪਾ ਨੇ ਦੱਸਿਆ ਕਿ ਕਾਲਜ ਵੱਲੋਂ ਵਿਦਿਆਰਥੀਆਂ ਅਤੇ ਮਾਪਿਆਂ ਦੀ ਸਹੂਲਤ ਲਈ ਕਾਲਜ ਵਿਚ ਦਾਖਲਾ ਸੈੱਲ ਦਾ ਗਠਨ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਵਿਦਿਆਰਥੀਆਂ ਦੀ ਦਾਖ਼ਲੇ ਲਈ ਰਜਿਸਟ੍ਰੇਸ਼ਨ, ਕੋਰਸ ਦੀ ਚੋਣ ਕਰਨ ਵਿਚ ਸਹਾਇਤਾ ਅਤੇ ਫ਼ੀਸਾਂ ਸਬੰਧੀ ਜਾਣਕਾਰੀ ਪ੍ਰਦਾਨ ਕਰਵਾਉਣਾ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ, ਘੱਟ ਗਿਣਤੀ ਵਰਗ ਆਦਿ ਦੇ ਵਿਦਿਆਰਥੀਆਂ ਲਈ ਫ਼ੀਸ ਵਿਚ ਵਿਸ਼ੇਸ਼ ਛੋਟ ਦਿੱਤੀ ਜਾ ਰਹੀ ਹੈ। ਅਨੁਸੂਚਿਤ ਜਾਤੀ ਦੇ ਸਲਾਨਾ 2.50 ਲੱਖ ਤੱਕ ਪਰਵਾਰਕ ਆਮਦਨ ਵਾਲੇ



ਵਿਦਿਆਰਥੀਆਂ ਵਾਸਤੇ ਪੂਰੇ ਕੋਰਸ ਲਈ 1683 ਫ਼ੀਸ, ਜਰਨਲ ਅਤੇ ਹੋਰ ਵਰਗ ਦੇ ਵਿਦਿਆਰਥੀਆਂ ਲਈ ਮੁੱਖ ਮੰਤਰੀ ਵਜ਼ੀਫ਼ਾ ਯੋਜਨਾ ਤਹਿਤ ਵਿਦਿਆਰਥੀਆਂ ਨੂੰ ਯੋਗਤਾ ਪ੍ਰੀਖਿਆ ਵਿਚ 60 ਫ਼ੀਸਦੀ ਤੋਂ 100 ਫ਼ੀਸਦੀ ਤੱਕ ਪ੍ਰਤੀ ਸਮੈਸਟਰ ਟਿਊਸ਼ਨ ਫ਼ੀਸ ਛੂਟ ਪ੍ਰਾਪਤ ਕਰ ਸਕਦੇ ਹਨ। ਪ੍ਰਿੰਸੀਪਲ ਇੰਜੀ: ਵਿਜੇ ਥਾਪਾ ਨੇ ਅੱਗੇ ਦੱਸਿਆ ਕਿ ਕਾਲਜ ਵਿਖੇ ਤਿੰਨ ਸਾਲਾ ਡਿਪਲੋਮਾ ਕੋਰਸ ਦੇ ਦੋ ਟਰੇਡ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਅਤੇ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਸਫਲਤਾਪੂਰਵਕ ਚੱਲ ਰਹੇ ਹਨ। ਕਾਲਜ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਦਾਖ਼ਲੇ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਪ੍ਰਿੰਸੀਪਲ ਇੰਜੀ: ਵਿਜੇ ਥਾਪਾ ਨੇ ਇਲਾਕੇ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰੀ ਬਹੁਤਕਨੀਕੀ ਕਾਲਜ, ਦੀਨਾਨਗਰ ਵਿਖੇ ਸੈਸ਼ਨ 2025-26 ਲਈ ਦਾਖਲਾ ਲੈ ਕੇ ਆਪਣੇ ਭਵਿੱਖ ਨੂੰ ਸੁਨਹਿਰੀ ਬਣਾਉਣ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਕਾਲਜ ਦੇ ਸੰਪਰਕ ਨੰਬਰਾਂ 9501021625, 9501017073, 9914691364, 9501118350 ਜਾਂ 8360357147 'ਤੇ ਰਾਬਤਾ ਕੀਤਾ ਜਾ ਸਕਦਾ ਹੈ।

## ਖਾਲਸਾ ਕਾਲਜ ਵੂਮੈਨ ਤੇ ਟਾਈਮਲੈਸ ਐਸਥੇਟਿਕਸ ਕਲੀਨਿਕ ਦਰਮਿਆਨ ਹੋਇਆ ਸਮਝੌਤਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**— ਖ਼ਾਲਸਾ ਕਾਲਜ ਫ਼ਾਰ ਵੂਮੈਨ ਅਤੇ ਟਾਈਮਲੈਸ ਐਸਥੇਟਿਕਸ ਕਲੀਨਿਕ ਦਰਮਿਆਨ ਅਹਿਮ ਸਮਝੌਤਾ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਫ਼ਾਇਨਾਂਸ ਸਕੱਤਰ ਗੁਨਬੀਰ ਸਿੰਘ ਦੀ ਮੌਜੂਦਗੀ 'ਚ ਹੋਇਆ। ਇਸ ਸਮਝੌਤੇ ਦਾ ਉਦੇਸ਼ ਐੱਮ. ਏ. (ਕਾਸਮੈਟੋਲੋਜੀ) ਅਤੇ ਬੀ. ਐੱਸ. ਸੀ. (ਬਿਊਟੀ ਕਲਚਰ ਐਂਡ ਕਾਸਮੈਟੋਲੋਜੀ) ਪ੍ਰੋਗਰਾਮਾਂ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਵਿਆਪਕ ਵਿਹਾਰਕ ਅਤੇ ਸਿਧਾਂਤਕ ਸਿਖਲਾਈ ਪ੍ਰਦਾਨ ਕਰਨ ਲਈ ਕਾਲਜ ਅਤੇ ਕਲੀਨਿਕ ਵਿਚਕਾਰ ਆਪਸੀ ਤਾਲਮੇਲ ਸਥਾਪਿਤ ਕਰਨਾ ਹੈ।ਉਕਤ ਸਮਝੌਤੇ ਦੇ ਦਸਤਾਵੇਜ਼ਾਂ 'ਤੇ ਗਵਰਨਿੰਗ ਕੌਂਸਲ ਦੇ ਦਫ਼ਤਰ ਵਿਖੇ ਛੀਨਾ, ਗੁਨਬੀਰ ਸਿੰਘ ਦੀ ਮੌਜੂਦਗੀ 'ਚ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਅਤੇ ਕਲੀਨਿਕ ਦੇ ਫਾਊਂਡਰ ਐਂਡ ਮੈਨੇਜਿੰਗ ਡਾਇਰੈਕਟਰ ਡਾ. ਸ਼ਿਖ਼ਾ ਬਾਗੀ ਨੇ ਦਸਤਖ਼ਤ ਕਰਕੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਨੂੰ ਧਿਆਨ 'ਚ ਰੱਖਦਿਆਂ ਰੋਜ਼ਗਾਰ ਸਾਧਨ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ। ਪ੍ਰਿੰ: ਡਾ. ਸੁਰਿੰਦਰ ਕੌਰ ਨੇ ਦੱਸਿਆ ਕਿ ਉਕਤ ਕਲੀਨਿਕ ਜਿਸ ਨੂੰ 'ਟੀ. ਏ.' ਵਜੋਂ ਜਾਣਿਆ ਜਾਂਦਾ ਹੈ, ਭਾਰਤ 'ਚ ਇਸ ਦੇ ਸੰਚਾਲਨ 'ਚ ਡਾ. ਸ਼ਿਖਾ ਬਾਗੀ ਵੱਲੋਂ ਅਗਵਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਡਾ. ਬਾਗੀ ਬੀ. ਡੀ. ਐੱਸ., ਐੱਮ. ਡੀ. ਐੱਸ. (ਐਂਡੋਡੌਂਟਿਸਟ), ਸਥਾਈ ਮੇਕਅਪ, ਕਾਸਮੈਟੋਲੋਜੀ ਅਤੇ ਫੇਸ਼ੀਅਲ ਐਸਥੇਟਿਕਸ ਦੀ ਮਾਸਟਰ ਟ੍ਰੇਨਰ ਵਜੋਂ ਅਕਾਦਮਿਕ ਉੱਤਮਤਾ ਦਾ ਖਾਸਾ ਗਿਆਨ ਹਾਸਲ ਹੈ ਅਤੇ ਉਹ ਅਮੈਰੀਕਨ ਅਕੈਡਮੀ ਆਫ ਮਾਈਕ੍ਰੋ ਪਿਗਮੈਂਟੇਸ਼ਨ (ਏ. ਏ. ਐੱਮ.) ਦੀ ਪਹਿਲੀ ਡਾਇਮੰਡ ਟ੍ਰੇਨਰ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ 5 ਸਾਲਾਂ ਲਈ ਪੰਜਾਬ 'ਚ ਸਿਰਫ਼ ਤੇ ਸਿਰਫ਼ ਕਾਲਜ ਨਾਲ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਸਮਝੌਤੇ ਦਾ ਉਦੇਸ਼ ਵਿਦਿਆਰਥੀਆਂ 'ਚ ਉੱਦਮੀ ਮਾਨਸਿਕਤਾ ਨੂੰ ਵਧਾਉਣਾ, ਉੱਦਮੀ ਵਿਕਾਸ 'ਤੇ ਵੱਖ-ਵੱਖ ਵਰਕਸ਼ਾਪਾਂ ਦਾ ਆਯੋਜਨ, ਵਿਹਾਰਕ ਸਿਖਲਾਈਆਂ ਦਾ ਆਯੋਜਨ, ਸਵੈ-ਰੁਜ਼ਗਾਰ ਦੇ ਮੌਕੇ, ਵੱਖ-ਵੱਖ ਸਟਾਰਟ-ਅੱਪ ਸਥਾਪਿਤ ਕਰਨ 'ਚ ਵਿਦਿਆਰਥੀਆਂ ਦੀ ਸਹਾਇਤਾ, ਸਿਖਲਾਈ ਪ੍ਰਾਪਤ ਵਿਦਿਆਰਥੀਆਂ ਦੀ ਪਲੇਸਮੈਂਟ ਦਾ ਪ੍ਰਬੰਧ ਕਰਨ ਤੋਂ ਇਲਾਵਾ ਅਮੈਰੀਕਨ ਅਕੈਡਮੀ ਆਫ਼ ਮਾਈਕ੍ਰੋਪਿਗਮੈਂਟੇਸ਼ਨ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ ਵਿਦਿਆਰਥੀਆਂ ਨੂੰ ਪ੍ਰਦਾਨ ਕੀਤਾ ਜਾਵੇਗਾ। ਫੈਸ਼ਨ ਅਤੇ ਕਾਸਮੈਟੋਲੋਜੀ ਵਿਭਾਗ ਮੁਖੀ ਸ੍ਰੀਮਤੀ ਸ਼ਰੀਨਾ ਮਹਾਜਨ ਵੀ ਹਾਜ਼ਰ ਸਨ।



## ਡੀ ਡੀ ਆਈ ਸਕੂਲ ਦਾ ਦਸਵੀਂ ਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਸੌ ਫੀਸਦੀ



**ਫਤਿਹਗੜ੍ਹ ਚੂੜੀਆ (ਜਸਦੇਵ ਸਿੰਘ ਮਾਨ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੀਬੀਐੱਸਈ ਬੋਰਡ ਵੱਲੋਂ ਦਸਵੀ ਤੇ ਬਾਰ੍ਹਵੀਂ ਕਲਾਸ ਦੇ ਐਲਾਨੇ ਗਏ ਨਤੀਜਿਆ ਵਿੱਚ ਡੀ. ਡੀ. ਆਈ. ਸਕੂਲ ਦੇ ਵਿਦਿਆਰਥੀਆ ਨੇ ਸੌ ਫੀਸਦੀ ਨੰਬਰ ਲੈ ਕੇ ਸਕੂਲ, ਇਲਾਕੇ ਅਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ ਹੈ।ਇਸ ਸਬੰਧੀ ਸਕੂਲ ਦੇ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ ਦੀ ਰਹਿਨੁਮਾਈ ਹੇਠ ਸਕੂਲ ਦੇ ਡਾਇਰੈਕਟਰ ਮੈਡਮ ਐਕਮੀ ਭਾਟੀਆ, ਅਕੈਡਮਿਕ ਡਾਇਰੈਕਟਰ ਮੈਡਮ ਸਤਿੰਦਰ ਕੌਰ ਮਰਵਾਹਾ, ਮੀਤ ਪ੍ਰਿੰਸੀਪਲ ਸਵਲੀਨ ਭਾਟੀਆ ਵੱਲੋਂ ਇਨ੍ਹਾਂ ਵਿਦਿਆਰਥੀਆਂ ਲਈ ਸਕੂਲ ਵਿੱਚ ਪ੍ਰੋਗਰਾਮ ਰੱਖਿਆ ਗਿਆ।ਉਨ੍ਹਾਂ ਦੱਸਿਆ ਕਿ ਦਸਵੀਂ ਕਲਾਸ ਦੇ ਕਰਨਪ੍ਰੀਤ ਸਿੰਘ ਨੇ 94.6%, ਵੰਸ਼ਦੀਪ ਸਿੰਘ ਨੇ 90%, ਬਾਰ੍ਹਵੀਂ ਕਲਾਸ ਮੈਡੀਕਲ ਦੀ ਰਮਨਪ੍ਰੀਤ ਕੌਰ 92.6%, ਜੋਬਨਪ੍ਰੀਤ ਸਿੰਘ 90.2%, ਐਸ਼ਮੀਨ ਕੌਰ 90%, ਬਾਰ੍ਹਵੀਂ ਕਾਮਰਸ 'ਚ ਖੁਸ਼ਮੀਨ ਕੌਰ ਨੇ 90.6%, ਅਰਸ਼ਪ੍ਰੀਤ ਸਿੰਘ ਨੇ 90.6% ਨੰਬਰ ਲੈ ਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਨ੍ਹਾਂ ਵਿਦਿਆਰਥੀਆ ਦਾ ਸਕੂਲ ਪਹੁੰਚਣ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਕੂਲ ਮੈਨੇਜਮੈਂਟ ਨੇ ਬੱਚਿਆ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਬਾਕੀ ਵਿਦਿਆਰਥੀਆਂ ਨੂੰ ਇਨ੍ਹਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਨ੍ਹਾਂ ਵੱਲੋਂ ਸਮੂਹ ਵਿਦਿਆਰਥੀਆ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

## ਸੇਂਟ ਕਬੀਰ ਸਕੂਲ ਦੇ ਬਾਰ੍ਹਵੀਂ ਜਮਾਤ ਦੇ ਰਿਕਾਰਡ ਤੋੜ ਨਤੀਜੇ

### ਪੁਨੀਤ ਕੌਰ 98 ਫੀਸਦੀ ਅੰਕ ਲੈ ਕੇ ਗੁਰਦਾਸਪੁਰ ਜ਼ਿਲ੍ਹੇ 'ਚੋਂ ਮੋਹਰੀ ਰਹੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੀਬੀਐੱਸਈ ਵੱਲੋਂ ਸੈਸ਼ਨ 2024-2025 ਦੇ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੀ ਨਾਮਵਾਰ ਸੰਸਥਾ ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਦੇ ਵਿਦਿਆਰਥੀਆਂ ਨੇ ਰਿਕਾਰਡਤੋੜ ਤੇ ਬੇਮਿਸਾਲ ਨਤੀਜਾ ਦੇ ਕੇ ਸਕੂਲ ਦੇ ਮਾਪਿਆਂ ਦਾ ਨਾਂ ਪੂਰੇ ਇਲਾਕੇ ਵਿੱਚ ਰੌਸ਼ਨ ਕੀਤਾ ਹੈ। ਇਸ ਸ਼ਾਨਦਾਰ ਨਤੀਜੇ ਦੀ ਖੁਸ਼ੀ ਪ੍ਰਗਟਾਉਂਦੇ ਹੋਏ ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸਾਲ ਉਨ੍ਹਾਂ ਦੇ ਸਕੂਲ ਦੇ ਕੁੱਲ 137 ਵਿਦਿਆਰਥੀਆਂ ਨੇ ਬਾਰ੍ਹਵੀਂ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਵਿੱਚੋਂ ਨਾਨ-ਮੈਡੀਕਲ ਦੇ 37 ਵਿਦਿਆਰਥੀ, ਮੈਡੀਕਲ ਦੇ 40 ਵਿਦਿਆਰਥੀ, ਕਾਮਰਸ ਦੇ 49 ਵਿਦਿਆਰਥੀ ਅਤੇ ਆਰਟਸ ਗਰੁੱਪ ਦੇ 11 ਵਿਦਿਆਰਥੀ ਸਨ। ਪੱਛੜੇ ਇਲਾਕੇ ਵਿੱਚ ਪੜ੍ਹਾਈ ਕਰਨ ਦੇ ਬਾਵਜੂਦ ਵੀ ਸ਼ਹਿਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਟੱਕਰ ਦਿੰਦੇ ਹੋਏ ਸਕੂਲ ਵਿੱਚ ਪਹਿਲੀ ਵਾਰ ਸ਼ੁਰੂ ਕੀਤੇ ਆਰਟਸ ਗਰੁੱਪ ਦੀ ਵਿਦਿਆਰਥਣ ਪੁਨੀਤ ਕੌਰ ਸਪੁੱਤਰੀ ਰਵਿੰਦਰ ਸਿੰਘ ਵਾਸੀ ਕੀੜੀ ਅਫਗਾਨਾ ਨੇ 98 ਫੀਸਦੀ ਅੰਕ ਲੈ ਕੇ ਸਕੂਲ 'ਚ ਪਹਿਲਾ ਸਥਾਨ ਅਤੇ ਜ਼ਿਲ੍ਹੇ ਵਿੱਚੋਂ ਵੀ ਮੋਹਰੀ ਰਹੀ ਹੈ। ਮਹਿਕਪ੍ਰੀਤ ਕੌਰ ਸਪੁੱਤਰੀ ਗੁਰਬਖਸ਼ ਸਿੰਘ ਢੇਸੀਆਂ ਅਤੇ ਕੋਮਲਪ੍ਰੀਤ ਕੌਰ ਸਪੁੱਤਰੀ ਹਰਜੀਤ ਸਿੰਘ ਦੁੱਲੂਆਣਾ ਨੇ 96 ਫੀਸਦੀ ਅੰਕ ਲੈ ਕੇ ਦੂਸਰਾ ਸਥਾਨ, ਮੁਸਕਾਨਪ੍ਰੀਤ ਕੌਰ ਸਪੁੱਤਰੀ ਸਤਨਾਮ ਸਿੰਘ ਸੈਦੋਵਾਲ ਖੁਰਦ 92.4% ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਕਾਮਰਸ ਗਰੁੱਪ ਦੇ ਵਿਦਿਆਰਥੀਆਂ ਵਿੱਚੋਂ ਨਵਨੀਤ ਕੌਰ ਸਪੁੱਤਰੀ ਜਰਨੈਲ ਸਿੰਘ ਕਾਲਾ ਬਾਲਾ ਨੇ 92.2 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ, ਗੁਰਸ਼ਾਨ ਸਿੰਘ ਸਪੁੱਤਰ ਗੁਰਨਾਮ ਸਿੰਘ ਕੱਲੂ ਸੋਹਲ 91.2 ਅੰਕਾਂ ਨਾਲ ਦੂਸਰਾ ਸਥਾਨ, ਮਹਿਕਦੀਪ ਕੌਰ ਸਪੁੱਤਰੀ ਇੰਦਰਜੀਤ ਸਿੰਘ ਭੱਟੀਆਂ ਨੇ 90 ਫੀਸਦੀ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਨਾਨ-ਮੈਡੀਕਲ ਗਰੁੱਪ ਵਿੱਚੋਂ ਜਪਮਨਜੋਤ ਕੌਰ ਸਪੁੱਤਰੀ ਸਤਨਾਮ ਸਿੰਘ ਵਾਸੀ ਮਾਨ ਤੇ ਪ੍ਰਿਤਪਾਲ ਸਿੰਘ ਸਪੁੱਤਰ ਸੰਦੀਪ ਸਿੰਘ ਵਾਸੀ ਛੀਨਾ 88.8% ਅੰਕ ਲੈ ਕੇ ਪਹਿਲੇ ਸਥਾਨ 'ਤੇ ਰਹੇ, ਸੁਖਪ੍ਰੀਤ ਕੌਰ ਸਪੁੱਤਰੀ ਸਿਮਰਨ ਸਿੰਘ ਕੋਟ ਟੋਡਰਮੱਲ 86 ਫੀਸਦੀ ਅੰਕ ਲੈ ਕੇ ਦੂਸਰੇ ਸਥਾਨ ਅਤੇ ਅੰਸ਼ਪ੍ਰੀਤ ਸਿੰਘ ਸਪੁੱਤਰ ਸੁਖਦੇਵ ਸੁਖਮੀਤ ਸਿੰਘ ਵਾਸੀ ਖਾਰਾ 85.6 ਫੀਸਦੀ ਅੰਕਾਂ ਨਾਲ ਤੀਸਰੇ ਸਥਾਨ 'ਤੇ ਰਿਹਾ। ਮੈਡੀਕਲ ਗਰੁੱਪ ਵਿੱਚੋਂ ਇਮਾਨਦੀਪ ਸਿੰਘ ਸਪੁੱਤਰ ਨਵਜੋਤ ਸਿੰਘ ਬਲੱਗਣ ਤੇ ਹਰਮਨਦੀਪ ਸਪੁੱਤਰੀ ਸੋਮਰਾਜ ਵਾਸੀ ਕੋਟਲੀ ਨੇ 89.4 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ, ਮਨਜਿੰਦਰ ਕੌਰ ਸਪੁੱਤਰੀ ਵਿਕਰਮਜੀਤ ਸਿੰਘ, ਕਾਦੀਆਂ 89 ਫੀਸਦੀ ਅੰਕਾਂ ਨਾਲ ਦੂਸਰਾ ਸਥਾਨ ਅਤੇ ਮਨਪ੍ਰੀਤ ਕੌਰ ਸਪੁੱਤਰੀ ਮਨਜਿੰਦਰ ਸਿੰਘ ਛੌੜੀਆਂ ਬਾਂਗਰ ਨੇ 88.2% ਅੰਕਾਂ ਨਾਲ ਤੀਸਰੇ ਸਥਾਨ ਹਾਸਲ ਕੀਤਾ ਹੈ। ਸਕੂਲ ਦੇ 10 ਵਿਦਿਆਰਥੀਆਂ ਨੇ 90 ਫੀਸਦੀ ਤੋਂ ਉੱਪਰ, 32 ਵਿਦਿਆਰਥੀਆਂ ਨੇ 80 ਫੀਸਦੀ ਤੋਂ ਉੱਪਰ ਅਤੇ ਬਾਕੀ ਸਾਰੇ ਵਿਦਿਆਰਥੀਆਂ 70 ਫੀਸਦੀ ਤੋਂ ਵੱਧ ਅੰਕ ਹਾਸਲ ਕਰਕੇ ਫਸਟ ਡਵੀਜ਼ਨ ਲੈ ਕੇ ਸਕੂਲ ਦੇ ਮਾਣ ਨੂੰ ਵਧਾਇਆ ਹੈ। ਰਮਨਪ੍ਰੀਤ ਕੌਰ ਅਤੇ ਪੁਨੀਤ ਕੌਰ ਨੇ ਪੇਂਟਿੰਗ ਵਿੱਚੋਂ 100 ਅੰਕ ਅਤੇ ਪੋਲੀਟੀਕਲ ਸਾਇੰਸ ਵਿੱਚੋਂ ਪੁਨੀਤ ਕੌਰ ਨੇ 100 ਅੰਕ ਲੈ ਕੇ ਮੀਲ ਪੱਥਰ ਸਾਬਤ ਕੀਤਾ। ਇਸ ਖੁਸ਼ੀ ਦੇ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਤੇ ਕੁਲਦੀਪ ਕੌਰ ਨੇ ਸਮੁੱਚੇ ਸਕੂਲ ਨੂੰ ਵਧਾਈ ਦਿੱਤੀ ਅਤੇ ਹਮੇਸ਼ਾ ਜ਼ਿੰਦਗੀ ਦੇ ਆਉਣ ਵਾਲੇ ਸਫਰ ਦੀ ਸਹੀ ਚੋਣ ਕਰਕੇ ਨਵੇਂ ਮੁਕਾਮ ਤੇ ਨਵੀਂ ਪਹਿਚਾਣ ਬਣਾਉਂਦੇ ਰਹਿਣ ਦੀ ਦੁਆ ਕੀਤੀ। ਇਸ ਮੌਕੇ ਮੈਡਮ ਸ਼ਰਨਜੀਤ ਕੌਰ, ਰਜਨੀਸ਼ ਕੁਮਾਰ, ਸੁਮਿਤ ਰਤੂ, ਸੁਨੀਤ ਠਾਕੁਰ, ਰਿਧੀਕਾ ਜੈਨ, ਜਸਵਿੰਦਰ ਕੌਰ, ਦਮਨਬੀਰ ਸਿੰਘ, ਨਿਸ਼ਾ ਸੱਗੜ, ਵਿਸ਼ਾਲ ਸਿੰਘ ਸਮੇਤ ਸਕੂਲ ਦੇ ਸਮੂਹ ਅਧਿਆਪਕ ਹਾਜ਼ਰ ਸਨ।

## ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵੱਲੋਂ 10ਵੀਂ/12ਵੀਂ ਦੇ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**: ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਨੇ 10ਵੀਂ ਅਤੇ 12ਵੀਂ (ਸੀਬੀਐੱਸਈ ਬੋਰਡ) ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਦਸਵੀਂ ਜਮਾਤ ਵਿੱਚ ਤਾਜਬੀਰ ਸਿੰਘ ਨੇ 94.6% ਅੰਕਾਂ ਨਾਲ ਪਹਿਲਾ ਸਥਾਨ, ਮਨਵੀਰ ਸਿੰਘ ਨੇ 94.04% ਅੰਕਾਂ ਨਾਲ ਦੂਜਾ ਸਥਾਨ ਅਤੇ ਮਹਿਕਪ੍ਰੀਤ ਸਿੰਘ ਨੇ 92.8% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਨੇ 100% ਨਤੀਜੇ ਪ੍ਰਾਪਤ ਕੀਤੇ। 139 ਵਿਦਿਆਰਥੀਆਂ ਵਿੱਚੋਂ 29 ਵਿਦਿਆਰਥੀਆਂ ਨੇ 80% ਤੋਂ ਵੱਧ, 34 ਨੇ 70% ਤੋਂ ਵੱਧ ਅਤੇ 60% ਤੋਂ ਵੱਧ ਅੰਕ ਪ੍ਰਾਪਤ ਕੀਤੇ, 64 ਵਿਦਿਆਰਥੀਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਵਿੱਚ ਅਕਾਂਕਸ਼ਾ ਮਹਾਜਨ ਨੇ 94.4% ਨੰਬਰ ਲੈ ਕੇ ਪਹਿਲਾ ਸਥਾਨ, ਰਿਪਨ ਦੀਪ ਕੌਰ ਨੇ 92.8% ਨੰਬਰ ਲੈ ਕੇ ਦੂਜਾ ਸਥਾਨ ਅਤੇ ਹਰਮੀਨ ਗਿੱਲ, ਰੂਪਲ ਸਿੰਘ ਨੇ 89.4% ਅਤੇ ਸਾਂਚੀ ਨੇ 89% ਅੰਕ ਪ੍ਰਾਪਤ ਕੀਤੇ।122 ਵਿੱਚੋਂ 112 ਵਿਦਿਆਰਥੀ ਪਹਿਲੇ ਦਰਜੇ ਨਾਲ ਪਾਸ ਹੋਏ।ਸਾਇੰਸ ਸਟ੍ਰੀਮ ਵਿੱਚ ਹਰਲੀਨ ਕੌਰ ਨੇ ਕਲਾਸ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਉਸ ਤੋਂ ਬਾਅਦ ਕੁਮਾਰੀ ਸੀਮਾ ਦੂਜੇ ਸਥਾਨ 'ਤੇ ਰਹੀ ਅਤੇ ਰਮਨਦੀਪ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ।ਹਿਊਮੈਨਿਟੀਜ਼ ਵਿੱਚ ਹਰਸ਼ਦੀਪ ਕੌਰ ਪਹਿਲਾ ਸਥਾਨ ਪ੍ਰਾਪਤ ਕੀਤਾ। ਬਾਰਵੀਂ ਕਲਾਸ ਵਿੱਚ ਫਾਈਨ ਆਰਟ ਵਿੱਚ ਸੱਤ ਬੱਚਿਆਂ ਨੇ 100 ਵਿੱਚੋਂ 100 ਨੰਬਰ ਨਾਲ ਮੈਰਿਟਾਂ ਹਾਸਲ ਕੀਤੀਆਂ।ਇਸੇ ਤਰ੍ਹਾਂ ਮਿਊਜ਼ਿਕ ਵਿੱਚੋਂ ਵੀ ਅੱਠ ਬੱਚਿਆਂ ਨੇ 100 ਵਿੱਚੋਂ 100 ਨੰਬਰ ਲੈ ਕੇ ਸ਼ਾਨਦਾਰ ਮੈਰਿਟਾਂ ਹਾਸਿਲ ਕੀਤੀਆਂ।ਫਿਜ਼ੀਕਲ ਐਜੂਕੇਸ਼ਨ ਵਿੱਚ ਵੀ 15 ਬੱਚੇ ਮੈਰਿਟ 'ਚ ਰਹੇ।ਹੋਣਹਾਰ ਵਿਦਿਆਰਥੀਆਂ ਦਾ ਸਵੇਰ ਦੀ ਸਭਾ ਵਿੱਚ ਉਨ੍ਹਾਂ ਦੇ ਮਾਪਿਆਂ ਨਾਲ ਸਵਾਗਤ ਕੀਤਾ ਗਿਆ।ਸਕੂਲ ਦੇ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰ. ਅਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਦੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਇਸ ਖੁਸ਼ੀ ਦੇ ਮੌਕੇ 'ਤੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ ਲਈ ਸ਼ਾਨਦਾਰ ਚਾਹ ਪਾਰਟੀ ਦਾ ਆਯੋਜਨ ਕੀਤਾ ਗਿਆ।

16 May Page-14.qxd 5/15/2025 9:40 PM Page 1



## ਦਿੱਲੀ ਵਰਲਡ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਜ਼ੀਰਕਪੁਰ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)**- ਹਾਲ ਹੀ ਵਿਚ ਐਲਾਨੇ ਗਏ 10ਵੀਂ ਬੋਰਡ ਪ੍ਰੀਖਿਆ ਦੇ ਨਤੀਜਿਆਂ ਨੇ ਇੱਕ ਵਾਰ ਫਿਰ ਦਿੱਲੀ ਵਰਲਡ ਪਬਲਿਕ ਸਕੂਲ, ਜ਼ੀਰਕਪੁਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅਕਾਦਮਿਕ ਸਮਰਪਣ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਹੋਏ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ ਹਨ। ਓਸ਼ੀਨ ਗਰਗ ਨੇ 97% ਦੇ ਸ਼ਾਨਦਾਰ ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ, ਅੰਗਰੇਜ਼ੀ ਵਿਚ 100, ਗਣਿਤ ਵਿਚ 99 ਅਤੇ ਪੰਜਾਬੀ ਵਿਚ 97 ਅੰਕ ਪ੍ਰਾਪਤ ਕੀਤੇ। ਉਸ ਦੀ ਸ਼ਾਨਦਾਰ ਕਾਰਗੁਜ਼ਾਰੀ ਸਖ਼ਤ ਮਿਹਨਤ ਅਤੇ ਲਗਨ ਦਾ ਪ੍ਰਮਾਣ ਹੈ। ਆਪਣੀ ਅੱਡੀ ਤੋਂ ਬਾਅਦ, ਪੁਲਕਿਤ ਸੇਨ ਨੇ 96.20% ਨਾਲ ਦੂਜਾ ਸਥਾਨ ਹਾਸਲ ਕੀਤਾ, ਅੰਗਰੇਜ਼ੀ ਵਿਚ ਸੰਪੂਰਨ 100, ਗਣਿਤ ਅਤੇ ਵਿਗਿਆਨ ਵਿਚ 98, ਅਤੇ ਸਮਾਜਿਕ ਵਿਗਿਆਨ ਵਿਚ 94 ਪ੍ਰਾਪਤ ਕੀਤੇ। ਯਥਾਰਥ ਰਾਜਪੂਤ ਨੇ 94.40% ਨਾਲ ਤੀਜਾ ਸਥਾਨ ਹਾਸਲ ਕੀਤਾ, ਹਿੰਦੀ ਵਿਚ 96 ਅਤੇ ਫ੍ਰੈਂਚ ਵਿਚ 91 ਅੰਕ ਪ੍ਰਾਪਤ ਕੀਤੇ, ਜੋ ਕਿ ਭਾਸ਼ਾਵਾਂ 'ਤੇ ਮਜ਼ਬੂਤ ਪਕੜ ਅਤੇ ਨਿਰੰਤਰ ਅਕਾਦਮਿਕ ਯਤਨਾਂ ਨੂੰ ਦਰਸਾਉਂਦਾ ਹੈ। ਇੱਕ ਹੋਰ ਪ੍ਰਾਪਤੀ ਕਰਨ ਵਾਲੀ ਅਰਸ਼ੀਆ ਹੈ, ਜਿਸ ਨੇ ਸੂਚਨਾ ਤਕਨਾਲੋਜੀ ਵਿਚ 96% ਅੰਕ ਪ੍ਰਾਪਤ ਕੀਤੇ, ਜਿਸ ਨਾਲ ਸਕੂਲ ਦੇ ਵਿਸ਼ੇ ਦੇ ਟਾਪਰਾਂ ਦੀ ਸੂਚੀ ਵਿਚ ਉਸ ਦਾ ਨਾਮ ਸ਼ਾਮਲ ਹੋਇਆ।ਸਕੂਲ ਦੀ ਪ੍ਰਿੰਸੀਪਲ ਡਾ. ਮਨੀਸ਼ਾ ਸਾਹਨੀ ਸਾਰੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਉਨ੍ਹਾਂ ਦੇ ਨਿਰੰਤਰ ਸਮਰਥਨ ਅਤੇ ਵਚਨਬੱਧਤਾ ਲਈ ਵਧਾਈ ਦਿੱਤੀਆਂ। ਉਨ੍ਹਾਂ ਕਿਹਾ ਕਿ ਸ਼ਾਨਦਾਰ ਨਤੀਜੇ ਸਕੂਲ ਦੇ ਅਕਾਦਮਿਕ ਉੱਤਮਤਾ, ਸੰਪੂਰਨ ਵਿਕਾਸ, ਅਤੇ ਵਿਅਕਤੀਗਤ ਸ਼ਕਤੀਆਂ ਦੇ ਪਾਲਣ-ਪੋਸ਼ਣ 'ਤੇ ਧਿਆਨ ਕੇਂਦਰਿਤ ਕਰਨ ਦਾ ਪ੍ਰਤੀਬਿੰਬ ਹਨ।

## 10 ਸਕੂਲਾਂ 'ਚ ਸਾਢੇ 34 ਲੱਖ ਦੀ ਲਾਗਤ ਵਾਲੇ ਵਿਕਾਸ ਕੰਮਾਂ ਦੇ ਉਦਘਾਟਨ



**ਕਪੂਰਥਲਾ/ਫਗਵਾੜਾ (ਜਸਵਿੰਦਰ ਢੱਡਾ)** ਪੰਜਾਬ ਸਰਕਾਰ ਵਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਦੇ ਕਾਇਆਕਲਪ ਲਈ ਕੀਤੇ ਜਾ ਰਹੇ ਵਿਕਾਸ ਕੰਮਾਂ ਤਹਿਤ ਜ਼ਿਲ੍ਹੇ ਭਰ ਦੇ 10 ਹੋਰ ਸਰਕਾਰੀ ਸਕੂਲਾਂ ਅੰਦਰ 34.56 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਹੋਏ।ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ.ਰਾਜ ਕੁਮਾਰ ਚੱਬੇਵਾਲ ਤੇ ਫਗਵਾੜਾ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਵਲੋਂ ਸਰਕਾਰੀ ਹਾਈ ਸਕੂਲ ਪਾਂਸ਼ਟਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਰਾਮਗੜ੍ਹ ਵਿਖੇ ਸਪੋਰਟਸ ਟਰੈਕ ਅਤੇ ਚਾਰਦੀਵਾਰੀ ਦੇ ਵਿਕਾਸ ਕਾਰਜਾਂ ਨੂੰ ਲੋਕ ਅਰਪਿਤ ਕੀਤਾ ਗਿਆ।ਇਸ ਤੋਂ ਇਲਾਵਾ ਡਾਇਰੈਕਟਰ ਜਲ ਸਰੋਤ ਵਿਭਾਗ ਪੰਜਾਬ ਅਤੇ ਮੈਂਬਰ ਪੰਜਾਬ ਕ੍ਰਿਕਟ ਐਸੋਸੀਏਸ਼ਨ ਹਰਸਿਮਰਨ ਸਿੰਘ ਵਲੋਂ 24.06 ਲੱਖ ਰੁਪਏ ਦੀ ਲਾਗਤ ਨਾਲ ਬਲਾਕ ਭੁਲੱਥ ਦੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ ਕੂਕਾ, ਸਰਕਾਰੀ ਮਿਡਲ ਸਕੂਲ ਤਲਵੰਡੀ ਕੂਕਾ, ਸਰਕਾਰੀ ਪ੍ਰਾਇਮਰੀ ਸਕੂਲ ਲੁਬਾਣਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਲੁਬਾਣਾ ਵਿਖੇ ਚਾਰਦੀਵਾਰੀ, ਰਿਪੇਅਰ ਤੇ ਲਾਇਬ੍ਰੇਰੀ ਦੇ ਵਿਕਾਸ ਕੰਮਾਂ ਦੇ ਉਦਘਾਟਨ ਕੀਤੇ ਗਏ।ਕਪੂਰਥਲਾ ਬਲਾਕ ਵਿਖੇ ਚੇਅਰਮੈਨ ਪੰਜਾਬ ਰਾਜ ਬੀ.ਸੀ. ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਸੰਦੀਪ ਸੈਣੀ ਵਲੋਂ 7.3 ਲੱਖ ਰੁਪਏ ਦੀ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਖਾਨੋਵਾਲ, ਸਰਕਾਰੀ ਪ੍ਰਾਇਮਰੀ ਸਕੂਲ ਸਿਧਵਾਂ ਦੋਨਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮਾਛੀਪਾਲ ਵਿਖੇ ਸਕੂਲਾਂ ਦੀ ਚਾਰਦੀਵਾਰ ਤੇ ਰਿਪੇਅਰ ਦੇ ਉਦਘਾਟਨ ਕੀਤੇ ਗਏ।ਇਸ ਮੌਕੇ ਆਮ ਆਦਮੀ ਪਾਰਟੀ ਦੇ ਬੁਲਾਰੇ ਹਰਜੀ ਮਾਨ , ਜੁਆਇੰਟ ਸਕੱਤਰ ਗੁਰਪਾਲ ਸਿੰਘ ਇੰਡੀਅਨ ਤੇ ਹੋਰ ਹਾਜ਼ਰ ਸਨ।

## ਦੀ ਢਾਹੇ ਦੁੱਧ ਉਤਪਾਦਕ ਸਹਿਕਾਰੀ ਸਭਾ ਨੂੰ ਤੋੜਨ ਦੇ ਸੁਪਨੇ ਪੂਰੇ ਨਹੀਂ ਹੋਣਗੇ : ਕਿਸਾਨ ਜਥੇਬੰਦੀਆਂ



**ਰੂਪਨਗਰ (ਨਵਾਂ ਜ਼ਮਾਨਾ ਸਰਵਿਸ)**— ਇਥੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੀ ਇੱਕ ਸਾਂਝੀ ਮੀਟਿੰਗ ਰਣਜੀਤ ਬਾਗ ਵਿਖੇ ਹੋਈ। ਜਿਸ ਵਿੱਚ ਵੇਰਕਾ ਪਲਾਂਟ ਮੋਹਾਲੀ ਦੀ ਮੈਨੇਜਮੈਂਟ ਵੱਲੋਂ ਰੋਪੜ ਜਿਲੇ ਦੀ ਸਭ ਤੋਂ ਵੱਡੀ ਦੀ ਦੁੱਧ ਉਤਪਾਦਕ ਸਹਿਕਾਰੀ ਸਭਾ ਢਾਹੇ ਨੂੰ ਤੰਗ ਪਰੇਸ਼ਾਨ ਕਰਨ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਵੇਰਕਾ ਪਲਾਂਟ ਮੋਹਾਲੀ ਦੀ ਮੈਨੇਜਮੈਂਟ ਰਾਜਨੀਤੀ ਦੇ ਦਬਾਅ ਥੱਲੇ ਆ ਕੇ ਸੁਸਾਇਟੀ ਦਾ ਦੁੱਧ ਚੁੱਕਣਾ ਬੰਦ ਕਰ ਦਿੱਤਾ ਗਿਆ ਹੈ। ਜਿਸ ਕਾਰਨ ਸੁਸਾਇਟੀ ਨੂੰ ਅਤੇ ਮੈਂਬਰਾਂ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 1991 ਤੋਂ ਇਹ ਸੁਸਾਇਟੀ ਹੋਂਦ ਵਿੱਚ ਆਈ ਤੇ ਇਹ ਸੁਸਾਇਟੀ ਵਿੱਚ ਬੀਐਮਸੀ ਪਲਾਂਟ ਵੀ ਲੱਗਿਆ ਹੋਇਆ ਹੈ। ਸਰਕਾਰ ਵੱਲੋਂ ਬਹੁਤੀ ਵਾਰ ਸਨਮਾਨਿਤ ਵੀ ਕੀਤਾ ਗਿਆ ਹੈ। ਸੁਸਾਇਟੀ ਹਰ ਸਾਲ ਆਪਣੇ ਮੈਂਬਰਾਂ ਨੂੰ ਲਾਭ ਦੀ ਵੰਡ ਕਰਦੀ ਆ ਰਹੀ ਹੈ।ਇਲਾਕੇ ਦੀਆਂ ਕਈ ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਇਸ ਸੁਸਾਇਟੀ ਨੂੰ ਦੁੱਧ ਦੀ ਸਪਲਾਈ ਕਰਦੀਆਂ ਹਨ। ਇਹ ਸੁਸਾਇਟੀ ਮੁਨਾਫੇ ਵਿੱਚ ਚੱਲ ਰਹੀ ਹੈ।ਪਰ ਹੁਣ ਕੁਝ ਦਿਨਾਂ ਤੋਂ ਵੇਰਕਾ ਪਲਾਂਟ ਮੋਹਾਲੀ ਦੀ ਮੈਨੇਜਮੈਂਟ ਨੇ ਵਗੈਰ ਕਿਸੇ ਕਾਰਨ ਤੋਂ ਸੁਸਾਇਟੀ ਦਾ ਦੁੱਧ ਚੁੱਕਣਾ ਬੰਦ ਕਰ ਦਿੱਤਾ ਗਿਆ ਹੈ।ਜਿਸ ਕਾਰਨ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਦੀ ਢਾਹੇ ਦੁੱਧ ਦੁੱਧ ਉਤਪਾਦਕ ਸਹਿਕਾਰੀ ਸਭਾ ਦੇ ਮੈਂਬਰਾਂ ਨਾਲ ਚਟਾਨ ਵਾਂਗ ਖੜਾ ਹੈ। ਪੰਜਾਬ ਸਰਕਾਰ ਦੇ ਵੇਰਕਾ ਪਲਾਂਟ ਦੀ ਕੋਈ ਵੀ ਸਾਜਿਸ਼ ਕਾਮਯਾਬ ਨਹੀਂ ਹੋਣ ਦਿੱਤੀ ਜਾਵੇਗੀ। ਕਿਸਾਨ ਆਗੂਆਂ ਨੇ ਕਿਹਾ ਕਿ ਵੇਰਕਾ ਪਲਾਂਟ ਮੋਹਾਲੀ ਦੇ ਖਿਲਾਫ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ ਤੇ ਸਹਿਕਾਰੀ ਸਭਾ ਸੁਸਾਇਟੀ ਦੇ ਮੈਂਬਰਾਂ ਦੇ ਹੱਕਾਂ ਨੂੰ ਬਚਾਉਣ ਲਈ ਹਰ ਸੰਘਰਸ਼ ਵਿੱਚ ਕਿਸਾਨ ਮੋਹਰੀ ਰੋਲ ਅਦਾ ਕਰਨਗੇ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਿੱਲੀ ਦੇ ਇਸ਼ਾਰੇ ਤੇ ਸਰਕਾਰ ਕਿਸਾਨਾਂ ਤੇ ਜਬਰ ਜੁਲਮ ਕਰ ਰਹੀ ਹੈ ਤੇ ਹੁਣ ਆਪਣੇ ਚਹੇਤਿਆਂ ਨੂੰ ਲਾਭ ਦੇਣ ਦੇ ਲਈ ਸਹਿਕਾਰੀ ਸਭਾਵਾਂ ਨੂੰ ਤੋੜਨ ਦੀਆਂ ਕੋਝੀਆਂ ਹਰਕਤਾਂ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ 'ਤੇ ਧਰਮਪਾਲ ਸੈਣੀ, ਗੁਰਨਾਮ ਸਿੰਘ ਔਲਖ, ਕਾਮਰੇਡ ਸੁਰਜੀਤ ਸਿੰਘ ਢੇਰ, ਭਗਤ ਸਿੰਘ ਬਿੱਕੋ, ਰੁਪਿੰਦਰ ਸਿੰਘ ਰੂਪਾ, ਦਵਿੰਦਰ ਨੰਗਲੀ, ਸੁਖਵੀਰ ਸਿੰਘ ਸੁੱਖਾ,ਸ਼ਮਸ਼ੇਰ ਸਿੰਘ ਹਵੇਲੀ, ਸਾਬਕਾ ਐਸਡੀਓ ਜਗਦੀਸ਼ ਚੰਦ, ਪਵਨ ਕੁਮਾਰ ਸ਼ਰਮਾ, ਦਲੀਪ ਸਿੰਘ ਘਨੋਲਾ ,ਜਰਨੈਲ ਸਿੰਘ ਪਟਵਾਰੀ, ਤਰਲੋਚਨ ਸਿੰਘ ਹੁਸੈਨਪੁਰ, ਹਰਜਾਪ ਸਿੰਘ ਬਡਿਆਲ, ਦੀਦਾਰ ਸਿੰਘ ਕੂਨਰ,ਕਾਕਾ ਸਿੰਘ ਸਮੇਤ ਹੋਰ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਵੱਲੋਂ ਅਫਸਰਸ਼ਾਹੀ ਵਿਰੁੱਧ ਸੰਘਰਸ਼ ਦਾ ਐਲਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਸੂਬਾ ਪ੍ਰੈੱਸ ਸਕੱਤਰ ਗੁਰਜੀਤ ਸਿੰਘ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਸ਼ੂ ਪਾਲਣ ਵਿਭਾਗ ਦੀ ਰੀੜ ਦੀ ਹੱਡੀ ਸਮਝੇ ਜਾਂਦੇ ਵੈਟਰਨਰੀ ਇੰਸਪੈਕਟਰ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਜਦੋਂ ਜਹਿਦ ਕਰ ਰਹੇ ਹਨ, ਇਸ ਸਬੰਧੀ ਵਿਭਾਗ ਦੇ ਕੈਬਨਟ ਮੰਤਰੀ ਗੁਰਮੀਤ ਸਿੰਘ ਖੁਡੀਆਂ ਅਤੇ ਵਿਭਾਗ ਦੇ ਡਾਇਰੈਕਟਰ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਐਸੋਸੀਏਸ਼ਨ ਦੇ ਪੱਲੇ ਸਿਵਾਏ ਲਾਰਿਆਂ ਤੋਂ ਹੋਰ ਪੱਲੇ ਕੁਝ ਨਹੀਂ ਪਿਆ, ਆਖਰਕਾਰ ਅੱਕ ਕੇ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਸ਼ਹੀਦ ਨਛੱਤਰ ਸਿੰਘ ਹਾਲ ਮੋਗੇ ਵਿਖੇ ਇੱਕ ਹੰਗਾਮੀ ਮੀਟਿੰਗ ਕੀਤੀ ਜਿਸ ਵਿੱਚ ਇਹ ਫੈਸਲਾ ਲਿਆ ਕਿ ਹੁਣ ਉਹਨਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ, ਹੁਣ ਐਸੋਸੀਏਸ਼ਨ ਕੋਲ ਸਿਵਾਏ ਸੰਘਰਸ਼ ਤੋਂ ਹੋਰ ਕੋਈ ਰਾਹ ਨਹੀਂ ਬਚਿਆ ਵਿਭਾਗ ਦੀ ਅਫਸਰ ਸ਼ਾਹੀ, ਵੈਟਰਨਰੀ ਇੰਸਪੈਕਟਰਾਂ ਦੀਆਂ ਮੰਗਾਂ ਵਿੱਚ ਸਭ ਤੋਂ ਵੱਧ ਰੋੜੇ ਅਟਕਾ ਰਹੀ ਹੈ ਜਦ ਕਿ ਵੈਟਨਰੀ ਇੰਸਪੈਕਟਰਾਂ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ, ਉਹ ਵਿਭਾਗ ਦਾ 90% ਕੰਮ ਕਰਦੇ ਹਨ, ਵੈਕਸੀਨੇਸ਼ਨ, ਡੋਰਮਿੰਗ ਕਪੇਨ,ਸੈਕਸ ਸੀਮਨ, ਰਿਕਾਰਡ ਕੀਪਿੰਗ, ਤੋਂ ਲੈ ਕੇ ਵਿਭਾਗ ਵੱਲੋਂ ਦਿੱਤੇ ਹਰ ਤਰ੍ਹਾਂ ਦੇ ਟੀਚੇ ਵੈਟਰਨਰੀ ਇੰਸਪੈਕਟਰਾਂ ਦੁਆਰਾ ਪੂਰੇ ਕੀਤੇ ਜਾਂਦੇ ਹਨ,ਪਰ ਜਦੋਂ ਮੰਗਾਂ ਦੀ ਗੱਲ ਆਉਂਦੀ ਹੈ ਤਾਂ ਵਿਭਾਗ ਦੀ ਅਫਸਰਸ਼ਾਹੀ ਵੈਟਰਨਰੀ ਇੰਸਪੈਕਟਰਾਂ ਨੂੰ ਨੀਵਾਂ ਵਿਖਾਉਣ ਦਾ ਯਤਨ ਕਰਦੇ ਹਨ ਅਤੇ ਵੈਟਰਨਰੀ ਇੰਸਪੈਕਟਰਾਂ ਵੱਲੋਂ ਕੀਤਾ ਗਿਆ ਕੰਮ ਆਪਣੀ ਝੋਲੀ ਵਿੱਚ ਪਾ ਕੇ ਸਾਰੇ ਲਾਭ ਪ੍ਰਾਪਤ ਕਰ ਲੈਂਦੇ ਹਨ, ਅਫਸਰ ਸ਼ਾਹੀ ਦੇ ਇਹੋ ਜਿਹੇ ਰਵਏ ਤੋਂ ਤੰਗ ਆ ਕੇ ਵੈਟਰਨਰੀ ਇੰਸਪੈਕਟਰਾਂ ਨੇ 20 ਮਈ ਤੋਂ ਲਗਾਤਾਰ ਸੰਘਰਸ਼ ਦਾ ਐਲਾਨ ਕਰ ਦਿੱਤਾ ਹੈ। ਇਸ ਸਮੇਂ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਦੀਪ ਸਿੰਘ ਬਾਸੀ, ਬਿਪਨ ਗੋਇਲ ਰਜੀਬ ਮਲੋਤਰਾ, ਦਲਜੀਤ ਸਿੰਘ ਚਾਹਲ ਗੁਰਪ੍ਰੀਤ ਨਾਭਾ, ਗੁਰਪ੍ਰੀਤ ਸੰਗਰੂਰ, ਦਵਿੰਦਰ ਸਿੰਘ ਧੁੱਗਾ,ਹਰਜੋਤ ਸਿੰਘ ਸੈਣੀ, ਰਕੇਸ਼ ਸੈਣੀ, ਰਾਮ ਲੁਭਾਇਆ, ਪਰਮਜੀਤ ਸਿੰਘ ਸੋਹੀ, ਗੁਰਦੀਪ ਛੰਨਾ ਤੋਂ ਇਲਾਵਾ ਪੂਰੇ ਪੰਜਾਬ ਵਿੱਚੋਂ ਬਹੁਤ ਸਾਰੇ ਸਾਥੀ ਮੌਜੂਦ ਸਨ।



## ਸੀ ਟੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਬੋਰਡ ਪ੍ਰੀਖਿਆਵਾਂ 'ਚ ਮਾਰੀ ਬਾਜ਼ੀ

**ਜਲੰਧਰ (ਸ਼ੈਲੀ ਐਲਬਰਟ)** ਸੀ.ਟੀ. ਪਬਲਿਕ ਸਕੂਲ ਨੇ ਸੀਬੀਐਸਈ ਦੀ 10ਵੀਂ ਅਤੇ 12ਵੀਂ ਕਲਾਸ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਆਪਣੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਕਾਮਯਾਬੀਆਂ ਦਾ ਜਸ਼ਨ ਮਨਾਇਆ ਹੈ। ਇਹ ਸਫਲਤਾ ਸਕੂਲ ਦੀ ਅਕਾਦਮਿਕ ਮਿਆਰੀ ਲਈ ਅਟੁੱਟ ਵਚਨਬੱਧਤਾ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਅਥੱਕ ਪ੍ਰਯਾਸਾਂ ਦਾ ਪ੍ਰਤੀਬਿੰਬ ਹੈ।12ਵੀਂ ਕਲਾਸ ਦੇ ਨਤੀਜੇ:ਕਾਮਰਸ ਸ਼ਾਖਾ ਵਿੱਚ, ਹਰਮਨ ਸਿੰਘ ਪਡਵਾਲ ਨੇ 96.4%, ਤਨਵੀਰ ਸਿੰਘ ਬੱਠ ਨੇ 91%, ਅਤੇ ਗੁਰਨੂਰ ਸਿੰਘ ਨੇ 84.4% ਹਾਸਿਲ ਕੀਤਾ।ਸਾਇੰਸ ਸ਼ਾਖਾ ਵਿੱਚ, ਵੰਸ਼ ਗਰੋਵਰ ਨੇ 85%, ਯੁਵਿਕਾ ਨੇ 83.4%, ਅਤੇ ਆਰਯਨ ਰਾਜ ਨੇ 83% ਸਕੋਰ ਕੀਤਾ।ਹਿਊਮੈਨਿਟੀਜ਼ ਸ਼ਾਖਾ ਵਿੱਚ, ਪ੍ਰਿਆਂਸ਼ੀ ਵੱਧਵਾ ਨੇ 87.2%, ਤਸੇਵਾਂਗ ਯਾਂਗਦੋਲ ਨੇ 74.6%, ਅਤੇ ਵੈਸ਼ਾਲੀ ਰਾਣਾ ਨੇ 74% ਪ੍ਰਾਪਤ ਕੀਤਾ।10ਵੀਂ ਕਲਾਸ ਦੀ ਸ਼ਾਨਦਾਰ ਪ੍ਰਾਪਤੀ:10ਵੀਂ ਕਲਾਸ ਦੇ ਵਿਦਿਆਰਥੀਆਂ ਨੇ 100% ਪਾਸ ਨਤੀਜੇ ਦੇ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਰਬੀਆ ਕਥਪਾਲੀਆ ਨੇ 97.4%, ਸਿਹਾਨਾ ਸਚਦੇਵਾ ਨੇ 96.2%, ਅਤੇ ਸੰਚਿਤ ਓਹਰੀ ਨੇ 95.4% ਸਕੋਰ ਕਰਕੇ ਸਕੂਲ ਨੂੰ ਗੌਰਵਾਨਵਿਤ ਕੀਤਾ। 14 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ। ਸਕੂਲ ਪ੍ਰਬੰਧਨ, ਪ੍ਰਿੰਸੀਪਲ ਡਾ. ਸਰੋਜ ਚੌਹਾਨ, ਵਾਈਸ ਪ੍ਰਿੰਸੀਪਲ ਸੁਖਦੀਪ ਕੌਰ, ਅਤੇ ਹੈੱਡਮਿਸਟ੍ਰੈਸ ਅਰਸ਼ਦੀਪ ਘੁਮਾਨ ਨੇ ਸਾਰੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਦਿਲੋਂ ਵਧਾਈਆਂ ਦਿੱਤੀਆਂ। ਇਹ ਸਾਂਝੀ ਮਿਹਨਤ ਸੀ.ਟੀ. ਪਰਿਵਾਰ ਲਈ ਮਾਣ ਦਾ ਪਲ ਹੈ।

## ਏ ਡੀ ਸੀ ਵੱਲੋਂ ਫਰਮ ਗੁਰੂਕੁਲਮ ਇੰਸਟੀਚਿਊਟ ਦਾ ਲਾਇਸੰਸ ਰੱਦ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ, ਗੁਰਜੀਤ ਬਿੱਲਾ)** ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (1) (ਈ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਫਰਮ ਗੁਰੂਕੁਲਮ ਇੰਸਟੀਚਿਊਟ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਫਰਮ ਗੁਰੂਕੁਲਮ ਇੰਸਟੀਚਿਊਟ ਪਿਛਲੇ ਪਾਸੇ ਡੀ.ਏ.ਵੀ.ਸਕੂਲ, ਆਸ਼ਿਆਨਾ ਕਾਲੋਨੀ, ਨੇੜੇ ਗੁਲਮੋਹਰ ਸਿਟੀ, ਮਾਧੋਪੁਰ, ਡੇਰਾਬਸੀ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਮਾਲਕਣ ਸ੍ਰੀਮਤੀ ਮੀਨਾਕਸ਼ੀ ਪੁੱਤਰੀ ਸ੍ਰੀ ਸਿਵੇਂਦਰ ਵੈਸ਼ਨਵ ਵਾਸੀ ਮਕਾਨ ਨੰ: 990/8 ਹਨੂੰਮਾਨ ਮੰਦਿਰ, ਡੇਰਾਬਸੀ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੋਚਿੰਗ ਇੰਸਟੀਚਿਊਟ ਆਫ ਆਇਲਟਸ ਦੇ ਕੰਮ ਲਈ ਲਾਇਸੰਸ ਨੰ:359/ਆਈ.ਸੀ, ਮਿਤੀ 15.11.2019 ਜਾਰੀ ਕੀਤਾ ਗਿਆ ਸੀ। ਇਸ ਲਾਇਸੰਸ ਦੀ ਮਿਆਦ ਮਿਤੀ 14-11-2024 ਨੂੰ ਖਤਮ ਹੋ ਚੁੱਕੀ ਹੈ। ਨੋਟਿਸ ਜਾਰੀ ਕਰਕੇ ਹੋਏ ਤਹਿਸੀਲਦਾਰ ਡੇਰਾਬਸੀ ਤੋਂ ਤਮੀਲੀ ਰਿਪੋਰਟ ਮੰਗੀ ਗਈ ਸੀ ਪ੍ਰੰਤੂ ਲਾਇਸੰਸੀ ਵੱਲੋਂ ਲਾਇਸੰਸ ਨਵੀਨ ਕਰਵਾਉਣ ਲਈ ਅਪਲਾਈ ਨਹੀਂ ਕੀਤਾ ਗਿਆ।ਇਸ ਲਈ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6(1) (e) ਦੇ ਉਪਬੰਧਾਂ ਤਹਿਤ ਮਿਲੀਆ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਫਰਮ ਗੁਰੂਕੁਲਮ ਇੰਸਟੀਚਿਊਟ ਨੂੰ ਕੋਚਿੰਗ ਇੰਸਟੀਚਿਊਟ ਆਫ ਆਇਲਟਸ ਦੇ ਕੰਮ ਲਈ ਜਾਰੀ ਲਾਇਸੰਸ ਨੰਬਰ 359/ਆਈ.ਸੀ. ਮਿਤੀ 15.11.2019 ਨੂੰ ਤੁਰੰਤ ਪ੍ਰਭਾਵ ਤੋਂ ਰੱਦ/ਕੈਂਸਲ ਕਰ ਦਿੱਤਾ ਗਿਆ ਹੈ।


## ਕਾਸੋ ਆਪ੍ਰੇਸ਼ਨ ਦੌਰਾਨ ਚਾਰ ਗ੍ਰਿਫਤਾਰ

**ਮਹਿਤਪੁਰ (ਰਾਜਾ)**- ਸਪੈਸ਼ਲ ਕਾਸੋ ਆਪ੍ਰੇਸ਼ਨ ਤਹਿਤ ਸਬ.ਇੰਸ ਬਲਬੀਰ ਸਿੰਘ ਮੁੱਖ ਅਫ਼ਸਰ ਥਾਣਾ ਮਹਿਤਪੁਰ ਦੀਆਂ ਵੱਖ ਵੱਖ ਪੁਲਸ ਪਾਰਟੀਆਂ ਵੱਲੋਂ 4 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ।ਉਂਕਾਰ ਸਿੰਘ ਬਰਾੜ ਡੀ.ਐਸ.ਪੀ ਸ਼ਾਹਕੋਟ ਦੀ ਅਗਵਾਈ ਹੇਠ ਸਬ. ਇੰਸਪੈਕਟਰ ਬਲਬੀਰ ਸਿੰਘ ਮੁੱਖ ਅਫ਼ਸਰ ਥਾਣਾ ਮਹਿਤਪੁਰ ਦੀ ਟੀਮ ਐਸ.ਆਈ ਗੁਰਨਾਮ ਸਿੰਘ ਵਲੋਂ ਇਲਾਕਾ ਥਾਣਾ ਮਹਿਤਪੁਰ ਦੇ ਏਰੀਏ ਵਿੱਚ ਇੱਕ ਮੁਲਜ਼ਮ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ ਭਾਰੀ ਮਾਤਰਾ ਵਿੱਚ ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਕੇ ਮੁਕੱਦਮਾ ਦਰਜ ਕੀਤਾ। ਇਸ ਤਰ੍ਹਾਂ ਏ.ਐਸ.ਆਈ ਜਸਪਾਲ ਸਿੰਘ ਨੇ ਮੰਡੀ ਬਘੇਲਾ ਤੋਂ ਹੈਰੋਇਨ ਦਾ ਨਸ਼ਾ ਕਰ ਰਹੇ, ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਦਰਜ ਕੀਤਾ। ਸਬ.ਇੰਸ ਬਲਬੀਰ ਸਿੰਘ ਮੁੱਖ ਅਫ਼ਸਰ ਥਾਣਾ ਮਹਿਤਪੁਰ ਦੀ ਟੀਮ ਪਰਜਿੰਦਰ ਕੌਰ ਥਾਣਾ ਮਹਿਤਪੁਰ ਵਲੋਂ ਇਲਾਕਾ ਗਸ਼ਤ ਨਾਕਾਬੰਦੀ ਕਰਕੇ ਇੱਕ ਔਰਤ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ ਭਾਰੀ ਮਾਤਰਾ ਵਿੱਚ ਨਜਾਇਜ਼ ਸ਼ਰਾਬ ਬ੍ਰਾਮਦ ਕੀਤੀ ਹੈ।



## ਪੁਲਸ ਚੌਕੀ ਦੇ ਨੇੜਿਓਂ ਚਿੱਟੇ ਦਿਨ ਘਰ ਦੇ ਬਾਹਰੋਂ ਐਕਟਿਵਾ ਚੋਰੀ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਪੁਲਸ ਚੌਕੀ ਕਿਸ਼ਨਗੜ੍ਹ ਦੇ ਇਲਾਕੇ 'ਚ ਚੋਰਾਂ ਦਾ ਕਹਿਰ ਲਗਾਤਾਰ ਜਾਰੀ ਹੈ! ਆਏ ਦਿਨ ਲੁੱਟ ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਹੋ ਰਹੀਆਂ ਹਨ!



ਹੁਣ ਫੇਰ ਚਿੱਟੇ ਦਿਨ ਪੁਲਸ ਚੌਂਕੀ ਦੇ ਬਿਲਕੁਲ ਨਜ਼ਦੀਕ ਘਰ ਦੇ ਬਾਹਰ ਖੜੀ ਐਕਟਿਵਾ ਚੋਰੀ ਹੋ ਗਈ! ਜਾਣਕਾਰੀ ਦਿੰਦੇ ਹੋਏ ਜਗਜੀਤ ਸਿੰਘ ਫੁੱਲ ਵਾਸੀ ਕਿਸ਼ਨਗੜ੍ਹ ਨੇ ਦੱਸਿਆ ਕਿ ਉਹ ਕਿਸ਼ਨਗੜ੍ਹ ਵਿਖੇ ਐਸਬੀਆਈ ਬੈਂਕ ਵਿੱਚ ਨੌਕਰੀ ਕਰਦਾ ਹੈ। 12 ਮਈ ਦੁਪਹਿਰ 2 ਵਜੇ ਲੰਚ ਸਮੇਂ ਉਹ ਕਿਸ਼ਨਗੜ੍ਹ 'ਚ ਹੀ ਆਪਣੇ ਘਰ ਨੂੰ ਰੋਟੀ ਖਾਣ ਆਇਆ ਸੀ! ਉਸਨੇ ਗਲੀ ਦੇ ਵਿੱਚ ਆਪਣੇ ਘਰ ਦੇ ਬਾਹਰ ਚਿੱਟੇ ਰੰਗ ਦੀ ਐਕਟਿਵਾ ਨੰਬਰ ਪੀਬੀ 08 ਡੀ ਡਬਲਯੂ 9983 ਲਗਾ ਕੇ ਆਪਣੇ ਘਰ ਚਲਾ ਗਿਆ! ਐਕਟਿਵਾ ਜੋ ਕਿ ਉਸ ਦੀ ਪਤਨੀ ਰਜਿੰਦਰ ਕੌਰ ਦੇ ਨਾਂਅ 'ਤੇ ਹੈ। ਜਦੋਂ ਉਹ ਰੋਟੀ ਖਾ ਕੇ ਬਾਹਰ ਆਇਆ ਤਾਂ ਐਕਟਿਵਾ ਗਾਇਬ ਸੀ! ਇਸ ਸਬੰਧੀ ਉਸ ਨੇ ਪੁਲਸ ਚੌਂਕੀ ਕਿਸ਼ਨਗੜ੍ਹ ਵਿਖੇ ਲਿਖਤੀ ਸ਼ਿਕਾਇਤ ਵੀ ਦਿੱਤੀ ਗਈ ਹੈ । ਪ੍ਰੰਤੂ ਤਿੰਨ ਦਿਨ ਬੀਤਣ ਤੋਂ ਬਾਅਦ ਵੀ ਐਕਟਿਵਾ ਦਾ ਕੁਝ ਵੀ ਪਤਾ ਨਹੀਂ ਚੱਲਿਆ! ਜ਼ਿਕਰਯੋਗ ਹੈ ਕਿ ਕਿਸ਼ਨਗੜ੍ਹ ਵਿੱਚ ਹੀ ਕੁਝ ਦਿਨ ਪਹਿਲਾਂ ਘਰ ਦੇ ਬਾਹਰ ਖੜਾ ਦਿਨ ਦਿਹਾੜੇ ਇੱਕ ਨੌਜਵਾਨ ਦਾ ਮੋਟਰਸਾਈਕਲ ਚੋਰੀ ਹੋ ਗਿਆ ਸੀ! ਇਸ ਸਬੰਧੀ ਜਦੋਂ ਸੋਸ਼ਲ ਮੀਡੀਆ ਤੇ ਸੀਸੀਟੀਵੀ ਕੈਮਰੇ ਦੀ ਫੁਟੇਜ ਤੋਂ ਲਈਆਂ ਗਈਆਂ ਤਸਵੀਰਾਂ ਨੂੰ ਸ਼ੇਅਰ ਕੀਤਾ ਤਾਂ ਚੋਰੀ ਕਰਨ ਵਾਲੇ ਦੋ ਨੌਜਵਾਨਾਂ ਵਿੱਚੋਂ ਇੱਕ ਦੀ ਪਹਿਚਾਣ ਹੋ ਗਈ! ਜੋ ਕਿ ਨਜ਼ਦੀਕੀ ਪਿੰਡ ਨੌਗੱਜੇ ਦਾ ਰਹਿਣ ਵਾਲਾ ਸੀ! ਪਿੰਡ ਦੇ ਨੌਜਵਾਨਾਂ ਵੱਲੋਂ ਆਪ ਹੀ ਚੋਰਾਂ ਨੂੰ ਕਾਬੂ ਕਰਕੇ ਪੁਲਸ ਦੇ ਹਵਾਲੇ ਕੀਤਾ ਸੀ! ਪੁਲਸ ਵੱਲੋਂ ਉਹਨਾਂ ਦੀ ਪੁੱਛਗਿਛ ਉਪਰੰਤ ਉਹਨਾਂ ਕੋਲੋਂ ਦੋ ਐਕਟਿਵਾ ਅਤੇ ਦੋ ਮੋਟਰਸਾਈਕਲ ਬਰਾਮਦ ਕੀਤੇ ਗਏ ਸਨ।

## ਇਫਟੂ 20 ਨੂੰ ਹੜਤਾਲ ਕਰਕੇ ਕਰੇਗੀ ਰੈਲੀਆਂ ਤੇ ਪ੍ਰਦਰਸ਼ਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵਲੋਂ ਟਰੇਡ ਯੂਨੀਅਨਾਂ ਵਲੋਂ 20 ਮਈ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਤੇ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿਚ ਹੜਤਾਲ ਕਰਕੇ ਜ਼ਿਲ੍ਹੇ ਦੇ ਨਵਾਂਸ਼ਹਿਰ ਅਤੇ ਬਲਾਚੌਰ ਸ਼ਹਿਰਾਂ ਵਿਚ ਰੈਲੀਆਂ ਅਤੇ ਮੁਜਾਹਰੇ ਕੀਤੇ ਜਾਣਗੇ।ਇਹ ਫੈਸਲਾ ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ ਦੀ ਪ੍ਰਧਾਨਗੀ ਹੇਠ ਇਫਟੂ ਦੀ ਜਿਲਾ ਕਮੇਟੀ ਦੀ ਨਵਾਂਸ਼ਹਿਰ ਵਿਖੇ ਹੋਈ ਮੀਟਿੰਗ ਵਿਚ ਕੀਤਾ ਗਿਆ।ਜਾਣਕਾਰੀ ਦਿੰਦਿਆਂ ਇਫਟੂ ਦੇ ਜ਼ਿਲ੍ਹਾ ਸਕੱਤਰ ਪਰਵੀਨ ਕੁਮਾਰ ਨਿਰਾਲਾ ਨੇ ਦੱਸਿਆ ਕਿ 20 ਮਈ ਨੂੰ ਬੱਸ ਅੱਡਾ ਨਵਾਂਸ਼ਹਿਰ ਵਿਖੇ ਸਵੇਰੇ 10 ਵਜੇ ਰੈਲੀ ਸ਼ੁਰੂ ਹੋਵੇਗੀ ਜਿਸ ਵਿਚ ਇਫਟੂ ਦੇ ਆਗੂ ਮਜਦੂਰ ਵਰਗ ਦੇ ਮੌਜੂਦਾ ਹਾਲਾਤਾਂ ਉੱਤੇ ਚਾਨਣਾ ਪਾਉਣਗੇ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਇਹ ਹੜਤਾਲ ਚਾਰ ਲੇਬਰ ਕੋਡ ਰੱਦ ਕਰਨ, ਮੌਜੂਦਾ ਮਜ਼ਦੂਰ ਕਾਨੂੰਨਾਂ ਨੂੰ ਲਾਗੂ ਕਰਨ, ਉਦਯੋਗਿਕ ਦੁਰਘਟਨਾਵਾਂ ਨੂੰ ਰੋਕਣ ਲਈ ਪੁਖਤਾ ਸੁਰੱਖਿਆ ਉਪਾਅ ਕਰਨ, ਫੈਕਟਰੀ ਇੰਸਪੈਕਟਰਾਂ ਉੱਤੇ ਸੁਰੱਖਿਆ ਉਲੰਘਣ ਰੋਕਣ 'ਚ ਲਾਪ੍ਰਵਾਹੀ ਵਰਤਣ ਲਈ ਕਾਰਵਾਈ ਕਰਨ, ਪੀ.ਐੱਸ.ਯੂ.ਜ਼ ਦੀ ਨਿੱਜੀਕਰਨ, ਵਿਕਰੀ, ਮੋਨਿਟਾਈਜ਼ੇਸ਼ਨ ਨੂੰ ਬੰਦ ਕਰਨ, ਲੇਬਰ ਵਿਭਾਗਾਂ ਨੂੰ ਮਜ਼ਬੂਤ ਕਰਨ ਅਤੇ ਲੋੜੀਂਦਾ ਸਟਾਫ਼ ਮੁਹੱਈਆ ਕਰਵਾਉਣ, ਲੇਬਰ ਕੋਰਟਾਂ ਅਤੇ ਟ੍ਰਿਬਿਊਨਲ ਨੂੰ ਸਹੀ ਤੌਰ ਤੇ ਚਲਾਉਣ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਨਵੀਂ ਪੈਨਸ਼ਨ ਸਕੀਮ ਰੱਦ ਕਰਨ,ਜੂਟ ਨੂੰ ਕੌਮੀ ਉਦਯੋਗ ਐਲਾਨਣ ਕੇਂਦਰ ਸਰਕਾਰ ਵਲੋਂ ਜੂਟ ਦੇ ਥੈਲਿਆਂ ਦੀ ਵਰਤੋਂ ਲਾਜ਼ਮੀ ਕਰਨ, ਆਸ਼ਾ, ਮਿਡ ਡੇ ਮਿਲ, ਆਂਗਣਵਾੜੀ ਅਤੇ ਹੋਰ ਕੇਂਦਰੀ ਸਕੀਮਾਂ ਹੇਠ ਮਜ਼ਦੂਰਾਂ ਨੂੰ ਸਰਕਾਰੀ ਕਰਮਚਾਰੀ ਦਾ ਦਰਜਾ ਅਤੇ ਹੱਕ ਦੇਣ, ਦੇਸ਼ ਭਰ ਵਿੱਚ ਘੱਟੋ-ਘੱਟ ਮਜ਼ਦੂਰੀ 26,000 ਰੁਪਏ ਮਾਸਿਕ ਕਰਨ,ਠੇਕੇ ਉੱਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਪੱਕਾ ਕਰਨ, 'ਸਮਾਨ ਕੰਮ ਲਈ ਸਮਾਨ ਤਨਖ਼ਾਹ' ਨਿਯਮ ਲਾਗੂ ਕਰਨ,ਸਾਰਿਆਂ ਮਜ਼ਦੂਰਾਂ ਲਈ ਘੱਟੋ-ਘੱਟ ਪੈਨਸ਼ਨ ਘੱਟੋ-ਘੱਟ ਤਨਖ਼ਾਹ ਦੇ ਬਰਾਬਰ ਕਰਨ, ਹਰ ਜ਼ਿਲ੍ਹੇ ਵਿੱਚ ਈ.ਐੱਸ.ਆਈ. ਹਸਪਤਾਲ ਬਣਾਉਣ, ਟਰਾਂਸਪੋਰਟ ਮਜ਼ਦੂਰਾਂ ਲਈ ਬੋਰਡ ਬਣਾਉਣ, ਰਾਜਾਂ ਵਿਚਕਾਰ ਮਾਈਗ੍ਰੈਂਟ ਮਜ਼ਦੂਰ ਕਾਨੂੰਨ ਲਾਗੂ ਕਰਨ,ਵਿਦੇਸ਼ਾਂ ਵਿੱਚ ਕੰਮ ਕਰ ਰਹੇ ਭਾਰਤੀ ਮਜ਼ਦੂਰਾਂ ਦੀ ਲਾਜ਼ਮੀ ਰਜਿਸਟ੍ਰੇਸ਼ਨ ਕਰਨ, ਵਿਦੇਸ਼ੀ ਸਰਕਾਰਾਂ ਨਾਲ ਸਮਝੌਤੇ ਕਰਕੇ ਉਨ੍ਹਾਂ ਦੀ ਤਨਖ਼ਾਹ, ਸੁਰੱਖਿਆ ਨੂੰ ਯਕੀਨੀ ਬਣਾਇਆ ਬਣਾਉਣ ਆਦਿ ਮੰਗਾਂ ਨੂੰ ਲੈਕੇ ਕੀਤੀ ਜਾ ਰਹੀ ਹੈ। ਮੀਟਿੰਗ ਵਿਚ ਅਵਤਾਰ ਸਿੰਘ ਤਾਰੀ,ਬੱਬਲੂ ਕੁਮਾਰ ਸਲੋਹ, ਭਰਤ ਕੁਮਾਰ ਅਤੇ ਜਗੀਰਾ ਬੈਂਸ ਆਗੂ ਵੀ ਮੌਜੂਦ ਸਨ।



## ਲੋਕ ਰਜਿਸਟਰੀਆਂ ਕਰਾਉਣ ਲਈ ਹੋ ਰਹੇ ਨੇ ਖੱਜਲ-ਖੁਆਰ : ਲੋਕ ਇਨਸਾਫ਼ ਮੰਚ



**ਫਿਲੌਰ (ਨਿਰਮਲ)**- ਲੋਕ ਇਨਸਾਫ ਮੰਚ ਤਹਿਸੀਲ ਫਿਲੌਰ ਦੇ ਆਗੂਆਂ ਪ੍ਰਧਾਨ ਜਰਨੈਲ ਫਿਲੌਰ, ਸਕੱਤਰ ਪਰਸ਼ੋਤਮ ਫਿਲੌਰ, ਮੁੱਖ ਬੁਲਾਰੇ ਐਡਵੋਕੇਟ ਸੰਜੀਵ ਭੌਰਾ, ਸੀਨੀਅਰ ਮੀਤ ਪ੍ਰਧਾਨ ਮਾਸਟਰ ਹੰਸ ਰਾਜ ਆਦਿ ਆਗੂਆਂ ਨੇ ਦੋਸ਼ ਲਗਾਇਆ ਕਿ ਤਹਿਸੀਲ ਕੰਪਲੈਕਸ ਫਿਲੌਰ ਵਿੱਚ ਲੋਕ ਰਜਿਸਟਰੀਆਂ ਕਰਾਉਣ ਲਈ ਲਗਾਤਾਰ ਖੱਜਲ ਖੁਆਰ ਹੋ ਰਹੇ ਹਨ, ਮੁੱਖ ਮੰਤਰੀ ਦੇ ਹੁਕਮਾਂ ਦੇ ਬਾਵਜੂਦ ਵੀ ਤਹਿਸੀਲਦਾਰ ਸਾਰਾ ਦਿਨ ਨਹੀਂ ਬੈਠਦੇ ਤੇ ਸ਼ਾਮ ਵੇਲੇ ਹਾਜ਼ਰ ਹੋ ਜਾਂਦੇ ਹਨ। ਆਗੂਆਂ ਨੇ ਹੋਰ ਕਿਹਾ ਕਿ ਸਿਰਫ ਖੇਤੀਬਾੜੀ ਜ਼ਮੀਨ ਦੀਆਂ ਹੀ ਰਜਿਸਟਰੀਆਂ ਹੋ ਰਹੀਆਂ ਹਨ ਪਲਾਟਾਂ ਤੇ ਹੋਰ ਕਮਰਸ਼ੀਅਲ ਥਾਵਾਂ ਦੀਆਂ ਰਜਿਸਟਰੀਆਂ ਲੰਬੇ ਸਮੇਂ ਤੋਂ ਬੰਦ ਹਨ ਜਿਸ ਕਾਰਨ ਲੋਕ ਬਹੁਤ ਪ੍ਰੇਸ਼ਾਨ ਹਨ। ਤਹਿਸੀਲ ਕੰਪਲੈਕਸ ਵਿੱਚ ਲੰਬੇ ਅਰਸੇ ਤੋਂ ਫੀਸ ਕੋਰਟ ਨਹੀਂ ਮਿਲਦੇ ਤੇ ਲੋਕ ਫਗਵਾੜਾ, ਜਲੰਧਰ ਤੇ ਹੋਰ ਥਾਵਾਂ ਤੋਂ ਫੀਸ ਕੋਰਟ ਮਹਿੰਗੇ ਭਾਅ ਤੇ ਲੈਣ ਲਈ ਮਜਬੂਰ ਹਨ। ਅੱਗੇ ਓਹਨਾਂ ਕਿਹਾ ਕਿ ਅਸ਼ਟਾਮਾਂ ਦੀ ਵੀ ਕਈ ਵਾਰ ਘਾਟ ਰਹਿੰਦੀ ਹੈ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਗਰ ਲੋਕਾਂ ਦੀ ਖੱਜਲ ਖੁਆਰੀ ਬੰਦ ਨਾ ਹੋਈ ਤਾਂ ਜਨਤਕ ਜਥੇਬੰਦੀਆਂ ਨੂੰ ਨਾਲ ਲੈਕੇ ਸੰਘਰਸ਼ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਸਥਾਨਿਕ ਪ੍ਰਸ਼ਾਸ਼ਨ ਦੀ ਹੋਵੇਗੀ।ਇਸ ਮੌਕੇ ਕਰਨੈਲ ਫਿਲੌਰ, ਜਸਵੰਤ ਬੋਧ, ਰਾਮਜੀ ਦਾਸ ਗੰਨਾ ਪਿੰਡ, ਹਨੀ ਸੰਤੋਖਪੁਰਾ, ਡਾਕਟਰ ਸੰਦੀਪ ਕੁਮਾਰ, ਲੰਬਰਦਾਰ ਚਰਨਜੀਤ ਸਿੰਘ ਸੇਖੂਪੁਰ, ਰਾਜਿੰਦਰ ਕੁਮਾਰ ਰਾਜੂ, ਸੁਰਿੰਦਰ ਮਹਲਾ, ਸਰੂਪ ਕਲੇਰ, ਵਿਜੇ ਕੁਮਾਰ, ਸੰਦੀਪ ਗੰਨਾ ਪਿੰਡ, ਦੀਪਕ ਰਵਿਦਸਪੁਰਾ, ਜਸਵੀਰ ਸੰਧੂ, ਰਿਤਕ ਰੁਪੋਵਾਲ, ਮਨੋਹਰ ਬਾਲੀ, ਸੁਭਾਸ਼ ਸਾਹਪੁਰ, ਆਦਿ ਹਾਜ਼ਰ ਸਨ।

## ਸੁਨੇਹਾ ਸੁਖੀਜਾ ਨੇ 93.2 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ

**ਕਾਲਾ ਸੰਘਿਆਂ (ਮਨਜੀਤ ਮਾਨ)** ਸੀ ਬੀ ਐਸ ਈ ਦਸਵੀਂ ਕਲਾਸ ਦੇ ਆਏ ਨਤੀਜਿਆਂ ਵਿੱਚੋ ਡਿਪਸ ਸਕੂਲ਼ ਦੀ ਵਿਦਿਆਰਥਣ ਸੁਨੇਹਾ ਸੁਖੀਜਾ ਪੁੱਤਰੀ ਸਵਿੰਦਰ ਪਾਲ ਨੇ 500 ਵਿੱਚੋ 466 ਅੰਕ ਲੈ ਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਮੌਕੇ ਸਵਿੰਦਰ ਪਾਲ ਨੇ ਦੱਸਿਆ ਕਿ ਇਸ ਦਾ ਸਿਹਰਾ ਡਿਪਸ ਸਕੂਲ ਦੇ ਪ੍ਰਿੰਸੀਪਲ ਅਤੇ ਮਿਹਨਤੀ ਸਟਾਫ ਨੂੰ ਜਾਂਦਾ ਹੈ। ਡਿਪਸ ਸਕੂਲ ਢਿਲਵਾਂ ਦੀ ਵਿਦਿਆਰਥਣ ਸੁਨੇਹਾ ਸੁਖੀਜਾ ਨੂੰ 93.2 ਪ੍ਰਤੀਸ਼ਤ ਅੰਕ ਲੈ ਕੇ ਸਕੂਲ, ਮਾਂ ਬਾਪ ਪਿੰਡ ਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ।



## ਭਲਕੇ ਜਲਾਲਪੁਰ 'ਚ ਹੋਵੇਗਾ ਨਸ਼ਾ ਮੁਕਤੀ ਯਾਤਰਾ ਸੰਬੰਧੀ ਸੂਬਾ ਪੱਧਰੀ ਸਮਾਗਮ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਇਕ ਇਤਿਹਾਸਕ ਪਹਿਲ ਕੀਤੀ ਜਾ ਰਹੀ ਹੈ। ਇਸੇ ਲੜੀ ਵਿੱਚ 17 ਮਈ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਟਾਂਡਾ ਦੇ ਪਿੰਡ ਜਲਾਲਪੁਰ ਵਿਚ ਨਸ਼ਾ ਮੁਕਤੀ ਯਾਤਰਾ ਤਹਿਤ ਆਯੋਜਿਤ ਰਾਜ ਪੱਧਰੀ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮਾਗਮ ਦੀਆਂ ਤਿਆਰੀਆਂ ਸਬੰਧੀ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ ਵੀ ਉਨ੍ਹਾਂ ਨਾਲ ਮੌਜੂਦ ਸਨ।ਮੀਟਿੰਗ ਵਿੱਚ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮਾਗਮ ਨਾਲ ਜੁੜੀਆਂ ਤਿਆਰੀਆਂ ਸਮੇਂ ਸਿਰ ਪੂਰੀਆਂ ਕਰਨ ਦੇ ਨਿਰਦੇਸ਼ ਦਿੱਤੇ ਗਏ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ 17 ਮਈ ਨੂੰ ਸਵੇਰੇ 11 ਵਜੇ ਜਲਾਲਪੁਰ ਸਥਿਤ ਸਚਿਨ ਪੈਲੇਸ ਵਿਚ ਲੋਕਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਇਤਿਹਾਸਕ ਸਮਾਗਮ ਨੂੰ ਸਫਲ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਵਿਆਪਕ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਸਾਰੇ ਵਿਭਾਗਾਂ ਨੂੰ ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਅਤੇ ਹਦਾਇਤ ਕੀਤੀ ਕਿ ਤਿਆਰੀਆਂ ਵਿਚ ਕੋਈ ਕਮੀ ਨਾ ਛੱਡੀ ਜਾਵੇ। ਇਸ ਮੌਕੇ ਸਹਾਇਕ ਕਮਿਸ਼ਨਰ ਮੰਡਲ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਐਸ.ਡੀ.ਐਮ ਗੜ੍ਹਸ਼ੰਕਰ ਹਰਬੰਸ ਸਿੰਘ, ਆਰ.ਟੀ.ਓ ਸੰਜੀਵ ਕੁਮਾਰ, ਐਸ.ਪੀ ਮੇਜਰ ਸਿੰਘ, ਐਸ.ਪੀ ਨਵਨੀਤ ਕੌਰ ਗਿੱਲ ਤੋਂ ਇਲਾਵਾ ਹੋਰ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀ ਵੀ ਮੌਜੂਦ ਸਨ।

## ਐਮ ਆਰ ਸਿਟੀ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ



**ਬਲਾਚੌਰ (ਜਸਵਿੰਦਰ ਬੈਂਸ)** ਸੀ.ਬੀ.ਐਸ.ਈ. ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜੇ ਵਿੱਚ ਐਮ. ਆਰ. ਸਿਟੀ ਪਬਲਿਕ ਸਕੂਲ, ਬਲਾਚੌਰ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਪ੍ਰਿੰਸੀਪਲ ਰਿਤੂ ਬੱਤਰਾ ਨੇ ਦੱਸਿਆ ਕਿ ਇਸ ਵਾਰ ਸਕੂਲ ਦੇ ਦਸਵੀਂ ਜਮਾਤ ਦੇ 206 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ. ਜਿਸ ਵਿੱਚ 4 ਵਿਦਿਆਰਥੀਆਂ ਨੇ 95% ਤੋਂ ਵੱਧ ਅੰਕ, 13 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਅਤੇ 15 ਵਿਦਿਆਰਥੀਆਂ ਨੇ 85% ਤੋਂ ਵੱਧ ਅੰਕ, 28 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ, 72 ਵਿਦਿਆਰਥੀਆਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕੀਤੇ। ਉਹਨਾਂ ਨੇ ਇਸ ਮੌਕੇ ਤੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਕਾਮਨਾ ਕੀਤੀ।ਉਨ੍ਹਾਂ ਨੇ ਦੱਸਿਆ ਕਿ ਸ਼ਗੁਨ ਨੇ 96% ਅੰਕ ਲੈ ਕੇ ਪਹਿਲਾ ਸਥਾਨ, ਜਸਮੀਤ ਕੌਰ ਨੇ 95.2% ਅੰਕ ਲੈ ਕੇ ਦੂਜਾ ਸਥਾਨ ਅਤੇ ਮਨਦੀਪ ਕੌਰ ਨੇ 95% ਅੰਕ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ। ਜਸਮੀਤ ਕੌਰ, ਨਵਪ੍ਰੀਤ ਕੌਰ, ਹਰਮਨਪ੍ਰੀਤ ਕੌਰ, ਤਨਵੀਰ ਕੌਰ, ਅਮੀਸ਼ਾ ਦੇਵੀ, ਜੈਦੀਪ ਕੌਰ, ਦਿਵਾਂਸ਼ੀ ਚੌਧਰੀ, ਰਮਾ ਲੀਲ, ਜਸਮੀਨ ਕੌਰ, ਹਰਕੀਰਤ ਸੈਣੀ, ਜਸਮੀਤ ਕੌਰ, ਮੰਨਤ ਚੌਧਰੀ, ਨਵਜੋਤ ਚੌਧਰੀ, ਸੁਪਨਦੀਪ ਕੌਰ ਤੇ ਯੁਵਰਾਜ ਚੌਧਰੀ ਨੇ ਪੰਜਾਬੀ ਵਿਸ਼ੇ ਵਿੱਚੋਂ 100 ਵਿੱਚੋਂ 100 ਅੰਕ, ਅੰਕ ਪ੍ਰਾਪਤ ਕੀਤੇ।ਸਕੂਲ ਦੇ ਚੇਅਰਮੈਨ ਰਾਮਜੀ ਦਾਸ ਭੁੰਬਲਾ, ਡਾਇਰੈਕਟਰ ਸੁਮਿਤ ਚੌਧਰੀ ਅਤੇ ਪ੍ਰਿੰਸੀਪਲ ਸ੍ਰੀਮਤੀ ਰਿਤੂ ਬਤਰਾ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅਧਿਆਪਕਾਂ ਦੀ ਸਖਤ ਮਿਹਨਤ ਲਈ ਉਹਨਾਂ ਦੀ ਪ੍ਰਸ਼ੰਸ਼ਾ ਕੀਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਅਤੇ ਸਕੂਲ ਦਾ ਨਾਂ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੂਨਮ ਠਾਕੁਰ, ਨੀਰੂ ਸ਼ਰਮਾ, ਜਸਪ੍ਰੀਤ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਸੂਬੇ ਦੀਆਂ ਮੰਡੀਆਂ 'ਚ 128.91 ਲੱਖ ਮੀਟ੍ਰਿਕ ਟਨ ਕਣਕ ਦੀ ਹੋਈ ਖਰੀਦ : ਬਰਸਟ

**ਮੋਹਾਲੀ (ਗੁਰਜੀਤ ਬਿੱਲਾ)**- ਹਾੜੀ ਸੀਜਨ 2025-26 ਆਖਰੀ ਪੜਾਅ ਵਿੱਚ ਪਹੁੰਚ ਗਿਆ ਹੈ ਅਤੇ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਦੇ ਕਾਰਜ ਤੇਜੀ ਨਾਲ ਨੇਪਰੇ ਚਾੜ੍ਹੇ ਜਾ ਰਹੇ ਹਨ। ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਹੁਣ ਤੱਕ 128.91 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ ਅਤੇ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਨਾਲੋਂ-ਨਾਲ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਕੀਤਾ ਗਿਆ। ਬਰਸਟ ਨੇ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 129.17 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 128.91 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਸਰਕਾਰੀ ਏਜੰਸੀਆਂ ਵੱਲੋਂ 118.31 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ, ਜਿਸਦੇ ਤਹਿਤ ਪਨਗ੍ਰੇਨ ਵੱਲੋਂ 37,92,512 ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ 2,98,637 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 31,06,814 ਮੀਟ੍ਰਿਕ ਟਨ, ਪਨਸਪ ਵੱਲੋਂ 27,91,587 ਮੀਟ੍ਰਿਕ ਟਨ, ਵੇਅਰ ਹਾਊਸ ਵੱਲੋਂ 18,41,144 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਸਦੇ ਨਾਲ ਹੀ ਪ੍ਰਾਈਵੇਟ ਪੱਧਰ ਤੇ 10,60,626 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਚੇਅਰਮੈਨ ਨੇ ਦੱਸਿਆ ਕਿ ਮੰਡੀਆਂ ਵਿੱਚੋਂ 109.75 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ, ਜਦਕਿ 19.16 ਲੱਖ ਮੀਟ੍ਰਿਕ ਟਨ ਦੀ ਲਿਫਟਿੰਗ ਹੋਣੀ ਬਾਕੀ ਹੈ। ਕਿਸਾਨਾਂ ਨੂੰ 27573.83 ਕਰੋੜ ਦੀ ਅਦਾਇਗੀ ਕੀਤੀ ਜਾ ਚੁਕੀ ਹੈ। ਉਨ੍ਹਾਂ ਦੱਸਿਆ ਕਿ 13 ਮਈ ਨੂੰ ਸੂਬੇ ਦੀਆਂ ਮੰਡੀਆਂ ਵਿੱਚ 44,184 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ ਅਤੇ 46,319 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ, ਜਦਕਿ 3.12 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਖੜੀ ਹੈ ਅਤੇ ਸੀਜਨ ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਮੰਡੀਆਂ ਵਿੱਚ ਸਾਫ਼-ਸਫਾਈ, ਪੀਣ ਯੋਗ ਪਾਣੀ, ਬਾਥਰੂਮ, ਛਾਂ, ਬੈਠਣ ਆਦਿ ਦੇ ਪੂਰੇ ਪ੍ਰਬੰਧ ਕੀਤੇ ਹਨ, ਤਾਂ ਜੋ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆਂ ਦਾ ਸਾਹਮਣਾ ਨਾ ਕਰਨਾ ਪਵੇ। ਮੰਡੀ ਬੋਰਡ ਵੱਲੋਂ ਕਣਕ ਦੀ ਖਰੀਦ ਕਰਵਾਉਣ ਲਈ ਕੁੱਲ 1865 ਪੱਕੀਆਂ ਮੰਡੀਆਂ ਘੋਸ਼ਿਤ ਕੀਤੀਆਂ ਗਈਆਂ ਹਨ। ਜਿਨ੍ਹਾਂ ਵਿੱਚ 152 ਮੁੱਖ ਯਾਰਡ, 285 ਸਬ-ਯਾਰਡ ਅਤੇ 1428 ਖਰੀਦ ਕੇਂਦਰ ਆਉਂਦੇ ਹਨ। ਇਸ ਦੇ ਨਾਲ ਹੀ ਕਣਕ ਦੀ ਫਸਲ ਦੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ 1028 ਆਰਜੀ ਮੰਡੀਆਂ ਬਣਾਈਆ ਗਈਆਂ ਸਨ। ਸ. ਹਰਚੰਦ ਸਿੰਘ ਬਰਸਟ ਨੇ ਆੜ੍ਹਤੀਆਂ, ਮਜਦੂਰਾਂ, ਕਿਸਾਨਾਂ, ਮੰਡੀ ਬੋਰਡ/ਮਾਰਕਿਟ ਕਮੇਟੀਆਂ, ਵੱਖ-ਵੱਖ ਏਜੰਸੀਆਂ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮੰਡੀਆਂ ਵਿੱਚ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ।

## ਜਨਮ ਦਿਨ ਮੁਬਾਰਕ



ਹਰਸਮੀਤ ਸਿੰਘ ਪਰਮਾਰ
ਪਿਤਾ : ਗੁਰਮੇਲ ਸਿੰਘ ਪਰਮਾਰ
ਮਾਤਾ : ਸਨਦੀਪ ਪਾਲ ਕੌਰ
ਵਾਸੀ : ਹੁਸ਼ਿਆਰਪੁਰ

## ਵਰ੍ਹੇਗੰਢ ਮੁਬਾਰਕ



ਸੰਨੀ ਸ਼ਰਮਾ ਤੇ ਰੀਚਾ ਠਾਂਗਰੀ ਵਾਸੀ ਢਿਲਵਾਂ ਨੂੰ ਵਿਆਹ ਦੀ ਤੀਸਰੀ ਵਰ੍ਹੇਗੰਢ ਦੀਆਂ ਮੁਬਾਰਕਾਂ।

## ਅਮਰਦੀਪ ਸਿੰਘ ਤੇ ਦੀਪਕ ਰਾਣਾ ਸਾਥੀਆਂ ਸਮੇਤ ਡੀ ਟੀ ਐੱਫ 'ਚ ਸ਼ਾਮਲ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਅਧਿਆਪਕ ਏਕਤਾ ਦੀ ਮੁੱਦਈ ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ ਸਾਲ 2020 ਦੇ ਵਿੱਚ ਵੱਖ-ਵੱਖ ਕਾਡਰ ਅਧਾਰਿਤ ਅਧਿਆਪਕ ਜਥੇਬੰਦੀਆਂ ਨਾਲ ਕੀਤੀ ਏਕਤਾ ਦੌਰਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਪੰਜਾਬ ਭਰ 'ਚੋਂ ਡੀਟੀਐੱਫ ਵਿੱਚ ਸ਼ਮੂਲੀਅਤ ਕੀਤੀ ਗਈ ਸੀ। ਉਸੇ ਲੜੀ ਦੇ ਵਿੱਚ ਐੱਸ.ਐੱਸ.ਏ. ਰਮਸਾ ਅਧਿਆਪਕ ਯੂਨੀਅਨ ਰੂਪਨਗਰ ਵਿੱਚ ਸਰਗਰਮ ਰਹੇ ਸਾਥੀਆਂ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਡੀਟੀਐੱਫ ਨਾਲ ਇਸ ਏਕਤਾ ਨੂੰ ਅੱਗੇ ਵਧਾਇਆ ਜਾਵੇਗਾ, ਜਿਸ ਦੀ ਕੜੀ ਵਜੋਂ ਅੱਜ ਐਸ ਐਸ ਏ / ਰਮਸਾ ਅਧਿਆਪਕ ਆਪਣੇ ਵੱਡੀ ਗਿਣਤੀ ਸਾਥੀਆਂ ਨਾਲ ਡੀਟੀਐੱਫ ਵਿੱਚ ਸ਼ਾਮਿਲ ਹੋਏ ਹਨ। ਇਸ ਤੋ ਬਿਨਾਂ ਫੀਜੀਕਲ ਲੈਕਚਰਾਰ ਸੁਖਪ੍ਰੀਤ ਸਿੰਘ, ਹਰਭਜਨ ਸਿੰਘ ਅਤੇ ਹੋਰ ਨਵ ਨਿਯੁਕਤ ਅਧਿਆਪਕਾਂ ਵੱਲੋਂ ਵੀ ਡੀ.ਟੀ.ਐੱਫ. ਰੂਪਨਗਰ ਵਿੱਚ ਸ਼ਾਮਿਲ ਹੁੰਦਿਆਂ ਇਸ ਦੇ ਕਾਫ਼ਲੇ ਵਿੱਚ ਵਾਧਾ ਕੀਤਾ ਹੈ।ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਗਿਆਨ ਚੰਦ, ਜ਼ਿਲ੍ਹਾ ਸਕੱਤਰ ਰਮੇਸ਼ ਲਾਲ ਨੇ ਜੱਥੇਬੰਦੀ ਵਿੱਚ ਸ਼ਾਮਲ ਹੋਏ। ਇਨ੍ਹਾਂ ਸਾਥੀਆਂ ਦਾ ਸਵਾਗਤ ਕਰਦਿਆਂ ਜੱਥੇਬੰਦੀ ਦਾ ਝੰਡਾ ਸੌਂਪਿਆ ਗਿਆ। ਇਸ ਉਪਰੰਤ ਜਿਲ੍ਹਾ ਕਮੇਟੀ ਦੀ ਮੀਟਿੰਗ ਕਰਕੇ ਡੀਟੀਐੱਫ ਰੂਪਨਗਰ ਵਿੱਚ ਦੀਪਕ ਰਾਣਾ ਨੂੰ ਸੀਨੀਅਰ ਮੀਤ ਪ੍ਰਧਾਨ, ਜਸਵੀਰ ਰਾਣਾ ਨੂੰ ਬਲਾਕ ਪ੍ਰਧਾਨ ਝੱਜ, ਸੁੱਖਪ੍ਰੀਤ ਸਿੰਘ ਨੂੰ ਬਲਾਕ ਸਕੱਤਰ ਝੱਜ ਅਤੇ ਬਲਜੀਤ ਸਿੰਘ ਨੂੰ ਜ਼ਿਲ੍ਹਾ ਕਮੇਟੀ ਮੈਂਬਰ ਵਜੋਂ ਸ਼ਾਮਿਲ ਕੀਤਾ ਗਿਆ। ਨਵੇਂ ਸ਼ਾਮਿਲ ਹੋਏ ਆਗੂਆਂ ਵੱਲੋਂ ਸੰਘਰਸ਼ੀ ਜਥੇਬੰਦੀ ਡੀਟੀਐੱਫ ਨੂੰ ਹੋਰ ਮਜਬੂਤ ਕਰਨ ਅਤੇ ਸੰਘਰਸ਼ੀ ਅਧਿਆਪਕ ਲਹਿਰ ਨੂੰ ਅੱਗੇ ਵਧਾਉਣ ਲਈ ਅਹਿਮ ਸਰਗਰਮ ਭੂਮਿਕਾ ਅਦਾ ਕਰਨ ਦਾ ਪ੍ਰਣ ਲਿਆ ਗਿਆ।ਇਸ ਮੌਕੇ ਵਿਪਨ ਕੁਮਾਰ,ਮਹਿੰਦਰ ਸਿੰਘ ਚਾਹਲ, ਸੁਖਪ੍ਰੀਤ ਸਿੰਘ, ਸਤੀਸ਼ ਕੁਮਾਰ ਵੀ ਹਾਜਰ ਸਨ। ਇਸ ਤੋਂ ਇਲਾਵਾ ਈ ਟੀ ਟੀ 6635 ਅਧਿਆਪਕ ਯੂਨੀਅਨ ਦੇ ਗੁਰਪ੍ਰੀਤ ਸਿੰਘ ਅਤੇ ਹੈੱਡਮਾਸਟਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮੇਸ਼ ਸਿੰਘ ਨੇ ਡੀ ਟੀ ਐੱਫ ਰੂਪਨਗਰ ਨਾਲ ਹਰੇਕ ਸੰਘਰਸ਼ ਵਿੱਚ ਭਰਾਤਰੀ ਤੌਰ 'ਤੇ ਸਾਥ ਦੇਣ ਦਾ ਭਰੋਸਾ ਦਿੱਤਾ।

## ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ




**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਗੁਰੂ ਨਾਨਕ ਮਿਸ਼ਨ ਪਬਲਿਕ ਸਕੂਲ ਡੱਲਾ ਦੇ ਵਿਦਿਆਰਥੀਆਂ ਨੇ ਸੀਬੀਐਸਈ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਨਮਨ ਅਰੋੜਾ ਨਾਨ ਮੈਡੀਕਲ ਦੇ ਵਿਦਿਆਰਥੀ ਨੇ 91 27% ਨੰਬਰ ਲੈ ਕੇ ਪਲੱਸ ਟੂ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਤੇ ਤ੍ਰਿਸ਼ਿਆ ਕਪੂਰ ਨੇ 92% ਪਰਮਿੰਦਰ ਕੌਰ ਨੇ 90% ਨੰਬਰ ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਦਸਵੀਂ ਦੇ ਵਿਦਿਆਰਥੀ ਹਰ ਕੀਰਤ ਸਿੰਘ ਨੇ 94:6 ਪਰਮਜੀਤ ਸਿੰਘ ਨੇ93%8 ਹਰਮਨ ਪ੍ਰੀਤ ਸਿੰਘ ਨੇ 93%8 ਹਰਪ੍ਰੀਤ ਕੌਰ ਨੇ92%2 ਪ੍ਰਭ ਨੂਰ ਕੌਰ ਨੇ 91% ਨੰਬਰ ਲੈ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲਰ ਬਿਕਰਮ ਸਿੰਘ ਸੈਣੀ ਨੇ ਸ਼ਾਨਦਾਰ ਨਤੀਜੇ ਆਉਣ ਤੇ ਬੱਚਿਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਸ਼ਾਨਦਾਰ ਭਵਿੱਖ ਦੀ ਕਾਮਨਾ ਕੀਤੀ।

## ਜਨਮ ਦਿਨ ਮੁਬਾਰਕ



ਅਮਨਪ੍ਰੀਤ ਸਿੰਘ ਪੁੱਤਰ ਸ੍ਰੀ ਗੁਰਚਰਨ ਸਿੰਘ ਜ਼ਿਲ੍ਹਾ ਫਰੀਦਕੋਟ ਨੇ ਆਪਣੀ ਬੇਟੀ **ਅਰਲੀਨ ਕੌਰ** ਦੇ ਜਨਮ ਦਿਨ ਮੌਕੇ 'ਨਵਾਂ ਜ਼ਮਾਨਾ' ਨੂੰ 2000 ਰੁਪਏ ਸਹਾਇਤਾ ਭੇਜੀ ਹੈ। ਅਦਾਰਾ ਉਨ੍ਹਾ ਦਾ ਧੰਨਵਾਦੀ ਹੈ।